ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

**ਸਾਲ : 21 ਪੂ : ਲੜੀ : 85 ਜਨਵਰੀ-ਮਾਰਚ, 2019**

*ਮੁੱਖ ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726 e mail: harjeetatwal@yahoo.co.uk

**ਪ੍ਰੇਮ ਮਾਨ**

44 Rock Spring Road, West Orange, NJ0 7052, America

Ph. 001-860-983-5002 Email:premmann@yahoo.com

**ਸੁਰਿੰਦਰ ਸੀਹਰਾ**

61-Alers Road, Bexleyhealth,Kent, U.K. DA6 8HR

Ph. 0044-79565-71507 Email:surindersehra@hotmail.com

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239 Email : Chahals57@Yahoo.com

*ਸੰਪਾਦਕ*

**ਜਿੰਦਰ**

[illegible]

[illegible]

[illegible]

[illegible]

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ [illegible] ਦੇ ਨਾਂ ਭੇਜੀ ਜਾਵੇ।

[illegible]

[illegible]

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ [illegible] ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

## ਤਤਕਰਾ

- ਕਹਾਣੀਆਂ
- **ਲਾਈਫ ਲਾਈਨ**/ ਮਨੋਜ ਰੂਪੜਾ/5
- **ਜਗ੍ਹਾ**/ ਸਿਤਾਰਾ ਐਸ/30
- **ਡੇਢ ਗੱਠ**/ ਵਾਸਦੇਵ ਮੋਹੀ/33
- **ਈਸ਼ਵਰ**/ ਪ੍ਰਤਿਭਾ ਰਾਏ/39
- **ਬਾਲਕੋਨੀ**/ ਸ਼ੀਰਸ਼ੇਂਦੂ ਮੁਖੋਪਾਧਿਯਾਏ/46
- **ਚੂਹੇ** / ਅਸ਼ੋਕ ਮਿੱਤਰਨ/61
- **ਸਮਾਜ ਸੇਵਾ**/ ਰਤਨ ਤਲਾਸ਼ੀ/64
- **ਮਨ ਦੀ ਮਾਇਆ**/ ਡਾ. ਨਾ. ਮੋਗਸਾਲੇ/67
- **ਹਲਾਲ**/ ਚਰਣ ਸਿੰਘ ਪਥਿਕ/75
- **ਤਲਾਕ**/ ਕਿਰਪਾਲ ਕਜ਼ਾਕ/82
- **ਇਨਸਾਨੀਅਤ ਦਾ ਰਸਾਇਣ** /ਸੁਬੋਧ ਜਾਵੜੇਕਰ/105
- **ਇਕ ਰਾਤ**/ ਕੇਸ਼ਮ ਪ੍ਰੀਓਕੁਮਾਰ/122
- **ਨੌਸ਼ਦਾਰੂ**/ ਨਈਅਰ ਮਸੂਦ/127
- **ਮੁਸਕਾਨ ਦੀ ਲਕੀਰ**/ ਰਾਧਾਵੱਲਭ ਤ੍ਰਿਪਾਠੀ/136
- **ਗੱਲਾਂ-ਗੱਲਾਂ 'ਚ**/ ਨਾਸਿਰਾ ਸ਼ਰਮਾ/142

## ਮੇਰਾ ਪੰਨਾ

ਹਿੰਦੀ ਦੇ ਮੈਗਜ਼ੀਨ 'ਬਹੁਬਚਨ' ਦੇ ਕਹਾਣੀ ਵਿਸ਼ੇਸ਼ ਅੰਕ ਦੀ ਸੰਪਾਦਕੀ ਅਸ਼ੋਕ ਮਿੱਤਰ ਨੇ ਲਿਖੀ ਹੈ। ਉਹ ਕਹਿੰਦੇ ਹਨ ਕਿ ਅੱਜ ਕਹਾਣੀਕਾਰ ਅੱਗੇ ਉਪਭੋਗਤਾਵਾਦ, ਬਾਜ਼ਾਰੀਕਰਨ, ਇਸ਼ਤਿਹਾਰਬਾਜ਼ੀ, ਸੂਚਨਾ ਤੰਤਰ ਦਾ ਜਾਲ ਹੈ ਤਾਂ ਜੀਵਨ ਵੀ ਥਕਾਉਣ, ਖਿਝਾਉਣ ਵਾਲਾ ਹੁੰਦਾ ਜਾ ਰਿਹਾ ਹੈ। ਬਹੁਤ ਕੁਝ ਬਦਲਿਆ ਹੈ। ਭੁੱਖ, ਅਨਿਆਂ, ਸ਼ੋਸ਼ਣ, ਬੇਰੁਜ਼ਗਾਰੀ, ਅੰਧ-ਵਿਸ਼ਵਾਸ, ਸਮਾਜਿਕ ਭੇਦਭਾਵ ਅਜੇ ਵੀ ਘੱਟ ਨਹੀਂ ਹੋਇਆ। ਪਿੰਡਾਂ, ਕਸਬਿਆਂ ਤੇ ਵੱਡੇ ਸ਼ਹਿਰਾਂ 'ਤੇ ਮੈਟਰੋ ਸਭਿਆਚਾਰ ਅਸਰ ਪਾ ਰਿਹਾ ਹੈ। ਸਾਂਝੇ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ ਤੇ ਰਿਸ਼ਤੇਦਾਰਾਂ 'ਚ ਵੀ ਬੇਯਕੀਨੀ ਵੱਧ ਰਹੀ ਹੈ। ਕੁੱਲ ਮਿਲਾ ਕੇ ਅੱਜ ਰਚਨਾਕਾਰਾਂ ਅੱਗੇ ਵੱਖਰੇ ਕਿਸਮ ਦਾ ਮੰਜਰ ਉਭਰ ਰਿਹਾ ਹੈ। ਵਰਤਮਾਨ 'ਚ ਅਸੀਂ ਉਪਭੋਗਤਾਵਾਦੀ ਸਮਾਜ ਬਣ ਰਹੇ ਹਾਂ। ਰਹਿਣ-ਸਹਿਣ, ਪਹਿਰਾਵੇ ਤੋਂ ਲੈ ਕੇ ਆਚਰਣ ਤੇ ਵਰਤਾਓ ਦੇ ਪੱਧਰ 'ਤੇ ਬਾਜ਼ਾਰ ਭਾਰੂ ਹੋ ਚੱਲਿਆ ਹੈ। ਉਪਭੋਗਤਾਵਾਦੀ ਪੀੜ੍ਹੀ ਮਾਲ ਕਲਚਰ 'ਚ ਰੰਗਦੀ ਜਾ ਰਹੀ ਹੈ। ਵੱਡੇ ਸ਼ਹਿਰ ਦੀ ਚਮਕ-ਦਮਕ ਦੇ ਨਾਲ ਆਮ ਆਦਮੀ ਦੋ ਵੇਲਿਆਂ ਦੀ ਰੋਟੀ ਲਈ ਬਾਰ੍ਹਾਂ-ਤੇਰ੍ਹਾਂ ਘੰਟੇ ਕੰਮ ਕਰਦਾ ਹੈ। ਅੱਜ ਸਰਕਾਰ ਤੋਂ ਲੈ ਕੇ ਪ੍ਰਾਈਵੇਟ ਖੇਤਰ ਤੱਕ ਨੌਕਰੀਆਂ ਦੀ ਘਾਟ ਯੁਵਾ ਪੀੜ੍ਹੀ ਨੂੰ ਨਿਰਾਸ਼ ਕਰ ਰਹੀ ਹੈ। ਤਕਨੀਕ ਨੇ ਮਨੁੱਖ ਦਾ ਜੀਵਨ ਸਰਲ ਕੀਤਾ ਹੈ, ਪਰ ਇਕੱਲਾਪਣ ਵੀ ਵਧਿਆ ਹੈ। ਮੱਧ ਪ੍ਰਦੇਸ਼, ਛੱਤੀਸ਼ਗੜ੍ਹ, ਰਾਜਸਥਾਨ, ਮਹਾਰਾਸ਼ਟਰ, ਤੇਲੰਗਾਨਾ, ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਕਿਸਾਨਾਂ ਨੇ ਵੱਡੀ ਗਿਣਤੀ 'ਚ ਖੇਤੀ 'ਚ ਕਰਜ਼ੇ ਤੋਂ ਮੁਕਤੀ ਨਾ ਪਾਉਣ 'ਤੇ ਆਤਮ-ਹੱਤਿਆਵਾਂ ਕੀਤੀਆਂ ਹਨ। ਅੱਜ ਦੀ ਕਹਾਣੀ ਮਨੁੱਖ ਦੇ ਜੀਵਨ-ਸੰਘਰਸ਼ਾਂ, ਉਸ ਦੇ ਇਕੱਲੇਪਣ, ਪੀੜਾ ਤੇ ਸਮੇਂ ਦੇ ਜਟਿਲ ਯਥਾਰਥ 'ਤੇ ਪੈਨੀ ਨਜ਼ਰ ਰੱਖੀ ਹੋਈ ਹੈ। ਕਹਾਣੀਆਂ 'ਚ ਸਭ ਕੁਝ ਦਰਜ ਹੋ ਰਿਹਾ ਹੈ। ਦੂਜੇ ਪਾਸੇ ਛਪਣ ਦੀ ਬਦਲਦੀ ਸਥਿਤੀ ਕਹਾਣੀਆਂ ਨੂੰ ਲੈ ਕੇ ਕੁੱਝ ਸੁਆਲ ਵੀ ਖੜ੍ਹੀ ਕਰ ਰਹੀ ਹੈ। ਕੀ ਕਹਾਣੀ ਆਪਣੀ ਪੜ੍ਹਨਯੋਗਤਾ ਗੁਆ ਰਹੀ ਹੈ ਜਾਂ ਫੇਰ ਕਹਾਣੀ 'ਚ ਵੇਰਵਿਆਂ ਦੀ ਭਰਮਾਰ ਹੈ? ਅੱਜ ਅਖ਼ਬਾਰੀ ਘਟਨਾਵਾਂ ਦੇ ਆਧਾਰ 'ਤੇ ਵੇਰਵਿਆਂ 'ਚ ਡੁੱਬੀ ਸੰਵੇਦਨਹੀਣ, ਬਿਨਾਂ ਪਾਤਰ ਦੇ ਕਹਾਣੀਆਂ ਵੀ ਲਿਖੀਆਂ ਜਾ ਰਹੀਆਂ ਹਨ, ਜਿਨ੍ਹਾਂ 'ਚ ਕਹਾਣੀਪਣ ਦੀ ਘਾਟ ਰੜਕਦੀ ਹੈ। ਇਸ ਦੇ ਨਾਲ ਹੀ ਕਹਾਣੀ ਦੇ ਸ਼ਿਲਪ 'ਚ ਵੀ ਛੇੜਛਾੜ ਕੀਤੀ ਜਾ ਰਹੀ ਹੈ। ਅਜਿਹੀਆਂ ਹੀ ਕਹਾਣੀਆਂ ਛਪ ਰਹੀਆਂ ਹਨ, ਜਿਨ੍ਹਾਂ 'ਚ ਵਿਮਰਸ਼ ਨੂੰ ਜਬਰਦਸਤੀ ਕਹਾਣੀ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ 'ਚ ਇਹ ਕੁਝ ਜ਼ਿਆਦਾ ਹੀ ਨਜ਼ਰ ਆ ਰਿਹਾ ਹੈ। ਭਾਸ਼ਾ ਤੇ ਤਕਨੀਕ ਦੀ ਚਮਕ-ਦਮਕ 'ਚ ਸੰਵੇਦਨਾ ਦਾ ਸਿਰਾ ਗਾਇਬ ਹੈ।

ਨਿਸਚੈ ਹੀ ਇਹ ਸਵਾਲ ਪੈਦਾ ਹੁੰਦਾ ਹੈ ਕਿ ਅੱਜ ਇਹ ਸਭ ਕਿਉਂ ਹੋ ਰਿਹਾ ਹੈ? ਜੋ ਅੱਜ ਕਹਾਣੀਆਂ ਦੇ ਵਸਤੂ ਅਤੇ ਸ਼ੈਲੀ ਵਿੱਚ ਵਾਪਰ ਰਿਹਾ ਹੈ ਇਸ ਦਾ ਜ਼ਿੰਮੇਵਾਰ ਅੱਜ ਦਾ ਉਪਭੋਗਤਾਵਾਦੀ ਦੁਨੀਆਵੀ ਮਹੌਲ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਕਿ ਹਰ ਸਮੇਂ, ਹਰ ਕਾਲ ਵਿੱਚ ਲੇਖਕ ਸਾਹਮਣੇ ਸਮਾਜਕ, ਆਰਥਿਕ ਤੇ ਰਾਜਨੀਤਕ ਚੁਣੌਤੀਆਂ ਰਹੀਆਂ ਹਨ। ਸਿਰਫ ਉਹਨਾਂ ਚੁਣੌਤੀਆਂ ਜਾਂ ਚੈਲੰਜਾਂ ਦੇ ਰੂਪ ਬਦਲ ਗਏ ਹਨ। ਲੇਖਕ ਦਾ ਕੰਮ ਇਹਨਾਂ ਚਣੌਤੀਆਂ ਨਾਲ ਸਾਹਿਤਕ ਪੱਧਰ 'ਤੇ ਨਿਜੱਠਣਾ ਹੁੰਦਾ ਹੈ। ਅੱਜ ਦੀ ਕਹਾਣੀ ਦਾ ਅੱਜ ਦੇ ਸਾਹਿਤ ਵਿੱਚੋਂ ਸਾਹਿਤਕ ਨਿਆਂ ਲੁਪਤ ਹੋ ਰਿਹਾ ਹੈ। ਸਾਹਿਤਕ ਨਿਆਂ ਦਾ ਸੰਬੰਧ ਲੇਖਕ ਦੀ ਦੂਰ-ਦ੍ਰਿਸ਼ਟੀ, ਉਸ ਦੀ ਵਿਚਾਰਧਾਰਾ ਨਾਲ ਹੁੰਦਾ ਹੈ। ਇਕ ਤੱਥ ਲੇਖਕ ਦੇ ਸਾਹਮਣੇ ਸਮਾਜ ਹੁੰਦਾ ਹੈ, ਉਸ ਦੇ ਤਣਾਓ, ਆਸ਼ੰਕਾਵਾਂ, ਸਮੱਸਿਆਵਾਂ ਹੁੰਦੀਆਂ ਹਨ ਜਿਹਨਾਂ ਵਿੱਚ ਪਾਤਰ ਲਿਪਤ ਹੁੰਦੇ ਹਨ। ਪਰ ਇਹਨਾਂ ਪਾਤਰਾਂ ਨੇ ਹਾਲਾਤ ਨਾਲ



ਜੂਝਣਾ ਕਿਵੇਂ ਹੈ, ਇਸ ਨੂੰ ਪੇਸ਼ ਕਰਨ ਲਈ ਲੇਖਕ ਕੋਲ ਸਾਹਿਤਕ ਨਿਆਂ ਦੀ ਵਰਤੋਂ ਕਰ ਸਕਣ ਦੀ ਯੋਗਤਾ ਹੋਣੀ ਜ਼ਰੂਰੀ ਹੁੰਦੀ ਹੈ। ਅੱਜ ਦਾ ਲੇਖਕ ਇਸ ਸਾਹਿਤਕ ਨਿਆਂ ਦੀ ਵਰਤੋਂ ਕਰਨ ਦੀ ਥਾਂ ਰਚਨਾ ਦੀ ਵਸਤੂ-ਸਮਗਰੀ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ ਜਿਸ ਤਰ੍ਹਾਂ ਵਸਤੂ-ਯਥਾਰਥ ਵਿੱਚ ਪਈ ਹੁੰਦੀ ਹੈ। ਅੱਜ ਦਾ ਯੁੱਗ ਸੂਚਨਾ ਦਾ ਯੁੱਗ ਹੈ, ਜਾਣਕਾਰੀ ਦਾ ਯੁੱਗ ਹੈ। ਜਾਣਕਾਰੀ ਦਾ ਫੈਲਾਓ ਵੀ ਇੰਟਰਨੈੱਟ 'ਤੇ ਇਵੇਂ ਫੈਲਿਆ ਹੋਇਆ ਹੈ ਕਿ ਇਸ ਦੀ ਪ੍ਰਮਾਣਿਕਤਾ ਉੱਪਰ ਕਈ ਵਾਰ ਸਵਾਲੀਆ ਨਿਸ਼ਾਨ ਲੱਗ ਜਾਂਦੇ ਹਨ। ਇਸ ਸਾਰੇ ਮਹੌਲ ਵਿੱਚ ਸਾਡਾ ਅੱਜ ਦਾ ਲੇਖਕ ਵੀ ਲਿਪਤ ਹੋਇਆ ਹੀ ਨਜ਼ਰ ਆਉਂਦਾ ਹੈ। ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਨੇ ਲੇਖਕ ਅੰਦਰ ਇਕ ਕਾਹਲ ਪੈਦਾ ਕਰ ਦਿੱਤੀ ਹੋਈ ਹੈ ਜਿਸ ਨੇ ਲੇਖਕ ਦੀਆਂ ਸੀਮਾਵਾਂ ਉੱਪਰ ਰੋਕ ਲਾ ਦਿੱਤੀ ਹੋਈ ਹੈ ਜੋ ਭਵਿੱਖ ਵਿੱਚ ਜਾ ਕੇ ਹੋਰ ਵੀ ਖਤਰਨਾਕ ਸਿੱਧ ਹੋ ਸਕਦੀ। ਸਾਰੀ ਸਥਿੱਤੀ ਉਲਝ ਰਹੀ ਹੈ ਜਾਂ ਕੁਰਾਹੇ ਪੈ ਰਹੀ ਹੈ, ਇਸ ਵਿੱਚੋਂ ਰਾਹ ਲੱਭਣ ਲਈ ਜਿਸ ਦਿੱਬ-ਦ੍ਰਿਸ਼ਟੀ ਅਤੇ ਵਿਚਾਰਧਾਰਾ ਦੀ ਲੋੜ ਹੈ ਉਹ ਵੀ ਅੱਜ ਦੇ ਕਾਹਲੀ ਵਿੱਚ ਬਦਲੇ ਸਮੇਂ ਨੇ ਖੋਹ ਲਈ ਹੈ। ਇਸ ਲਈ ਹਰ ਪਾਸੇ ਘਚੌਲਾ ਹੀ ਘਚੌਲਾ ਹੈ। ਇਸ ਘਚੌਲੇ ਦਾ ਭਵਿੱਖ ਕਿਹੋ ਜਿਹਾ ਹੋਵੇਗਾ? ਇਹ ਸਵਾਲ ਅੱਜ ਦੇ ਆਮ ਮਨੁੱਖ ਦੇ ਸਾਹਮਣੇ ਵੀ ਤੇ ਲੇਖਕ ਦੇ ਸਾਹਮਣੇ ਵੀ ਬਣਿਆਂ ਹੋਇਆ ਹੈ।

'ਸ਼ਬਦ' ਦੇ ਇਸ ਵਿਸ਼ੇਸ਼ ਅੰਕ ਵਿੱਚ ਅਸੀਂ ਵੱਖ-ਵੱਖ ਭਾਸ਼ਾਵਾਂ, ਵੱਖ-ਵੱਖ ਇਲਾਕਿਆਂ ਨਾਲ ਸੰਬੰਧਤ ਕਹਾਣੀਆਂ ਲਈਆਂ ਹਨ। ਇਹਨਾਂ ਸਾਰੀਆਂ ਕਹਾਣੀਆਂ ਦੀ ਖਾਸੀਅਤ ਇਹ ਹੈ ਕਿ ਇਹਨਾਂ ਦੇ ਵਿਸ਼ੇ ਹਰ ਇਲਾਕੇ ਅਤੇ ਹਰ ਪਾਠਕ ਤਕ ਸੰਚਾਰ ਕਰਦੇ ਹਨ। ਇਹ ਆਂਚਲਿਕ ਜਾਂ ਸਥਾਨਕ ਕਹਾਣੀਆਂ ਹੋਣ ਦੇ ਬਾਵਜੂਦ ਸਥਾਨਕਤਾ ਤੋਂ ਮੁਕਤ ਹਨ। ਹਰ ਵਰਗ, ਜਗਾਹ ਤੇ ਬੋਲੀ ਦਾ ਪਾਠਕ ਇਹਨਾਂ ਨਾਲ ਜੁੜਦਾ ਹੈ। ਸਫਲ ਲੇਖਕ ਦਾ ਗੁਣ ਇਹੀ ਹੁੰਦਾ ਹੈ ਕਿ ਉਸ ਦੀ ਰਚਨਾ ਸਥਾਨਕਤਾ ਦੀ ਕੈਦ ਵਿੱਚ ਨਾ ਹੋਵੇ। ਇਹ ਗੱਲ ਫਿਕਰ ਵਾਲੀ ਹੈ ਕਿ ਅੱਜ ਦੇ ਲੇਖਕ ਦਾ ਦੁਖਾਂਤ ਹੈ ਕਿ ਉਹ ਮਿਹਨਤ ਤੋਂ ਭੱਜਦਾ ਹੈ। ਮਿਹਨਤ ਤੋਂ ਭੱਜਣ ਦਾ ਨਤੀਜਾ ਨਿਕਲਦਾ ਹੈ ਕਿ ਅੱਜ ਦੇ ਲੇਖਕ ਦਾ ਗਿਆਨ ਬਹੁਤ ਸੀਮਤ ਹੈ। ਗਿਆਨ ਤੋਂ ਵਾਂਝਾ ਲੇਖਕ ਪਾਠਕ ਨੂੰ ਕੀ ਦੇਵੇਗਾ। ਅਜਿਹੇ ਲੇਖਕਾਂ ਦੀਆਂ ਰਚਨਾਵਾਂ ਨਾਲ ਪਾਠਕ ਦਾ ਜੁੜ ਸਕਣਾ ਮੁਸ਼ਕਲ ਹੋ ਜਾਂਦਾ ਹੈ। ਜਿਵੇਂ ਪਹਿਲਾਂ ਵੀ ਕਿਹਾ ਕਿ ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਦੀ ਸਵਾਰੀ ਕਰਦਿਆਂ ਨਵੇਂ ਲੇਖਕ ਨੂੰ ਨਾ ਆਪਣੀ ਜ਼ਿੰਮੇਵਾਰੀ ਦਾ ਪਤਾ ਹੈ ਅਤੇ ਨਾ ਹੀ ਸਾਹਿਤ ਦੀ ਮਹੱਤਤਾ ਦਾ। ਨਵੇਂ ਲੇਖਕਾਂ ਨੂੰ ਸਾਡੀ ਸਲਾਹ ਹੈ ਕਿ ਸੋਸ਼ਲ ਮੀਡੀਆ ਦੀ ਦੁਨੀਆਂ ਵਿੱਚ ਵੀ ਵਿਚਰਣ ਪਰ ਉਸ ਤੋਂ ਬਾਹਰ ਦੀ ਦੁਨੀਆਂ ਦੇ ਸੱਚ ਵਿੱਚ ਵੀ ਜੀਊਣ।

ਕਹਾਣੀ ਉਹ ਸਥਾਨ ਕਦੇ ਵੀ ਹਾਸਲ ਨਹੀਂ ਕਰ ਸਕੀ ਪਰ ਪੰਜਾਬੀ ਸਾਹਿਤ ਵਿੱਚ ਕਹਾਣੀ ਦਾ ਸਦਾ ਹੀ ਬੋਲਬਾਲਾ ਰਿਹਾ ਹੈ। ਇਸ ਵੇਲੇ ਪੰਜਾਬੀ ਕਹਾਣੀ ਨਿਵਾਣ ਵੱਲ ਜਾ ਰਹੀ ਹੈ। ਪੰਜਾਬੀ ਕਹਾਣੀ ਦੇ ਪੱਤਣ ਦੇ ਪਿੱਛੇ ਕੁਝ ਅਜਿਹੇ ਸੰਪਾਦਕ/ਆਲੋਚਕ ਬੈਠੇ ਹਨ ਜਿਹਨਾਂ ਨੇ ਆਪਣੇ ਚਹੇਤਿਆਂ ਨੂੰ ਗਲਤ ਢੰਗ ਨਾਲ ਬਿਨਾਂ ਵਜਾਹ ਚੁੱਕਦੇ ਰਹੇ ਹਨ ਅਤੇ ਵਧੀਆ ਕਹਾਣੀਕਾਰਾਂ ਨੂੰ ਪਿੱਛੇ ਧੱਕਦੇ ਰਹੇ ਹਨ। ਇਹ ਰੁਝਾਨ ਕਹਾਣੀ ਨੂੰ ਹੀ ਨਹੀਂ ਸਮੁੱਚੇ ਸਾਹਿਤ ਨੂੰ ਹੀ ਢਾਅ ਲਾ ਰਿਹਾ ਹੈ।

ਹਿੰਦੀ ਕਹਾਣੀ

# ਲਾਈਫ ਲਾਈਨ

**—ਮਨੋਜ ਰੂਪੜਾ**

ਜਿਹੜੇ ਫਲੈਟ ਵਿੱਚ ਉਹ ਦੋਵੇਂ ਰਹਿੰਦੀਆਂ ਸਨ ਉਸ ਫਲੈਟ ਦਾ ਬੂਹਾ ਪਿਛਲੇ ਕਈ ਦਿਨਾਂ ਤੋਂ ਖੁੱਲ੍ਹਿਆ ਨਹੀਂ ਸੀ। ਇਸ ਲਈ ਨਹੀਂ ਕਿ ਉਹ ਬੂਹਾ ਬੰਦ ਕਰਕੇ ਕਿਧਰੇ ਚਲੇ ਗਈਆਂ ਸਨ ਸਗੋਂ ਇਸ ਕਰਕੇ ਕਿ ਉਹ ਬਾਹਰ ਹੀ ਨਹੀਂ ਸਨ ਨਿਕਲੀਆਂ।

ਬਾਰਾਂ ਮੰਜ਼ਿਲੀ ਇਹ ਇਮਾਰਤ ਤੇ ਹਰ ਮੰਜ਼ਿਲ ’ਤੇ ਬਾਰਾਂ ਫਲੈਟ ਪਰ ਤੀਜੀ ਮੰਜ਼ਿਲ ਉਪਰਲੇ 32 ਨੰਬਰ ਫਲੈਟ ਬਾਰੇ ਬਿਲਡਿੰਗ ਦੇ ਹੋਰਨਾਂ ਵਾਸੀਆਂ ਨੂੰ ਕੋਈ ਜਾਣਕਾਰੀ ਨਹੀਂ ਸੀ। ਕਿਸੇ ਦਾ ਇਸ ਪਾਸੇ ਧਿਆਨ ਹੀ ਨਹੀਂ ਸੀ ਗਿਆ ਕਿ 144 ਬੂਹਿਆਂ ਵਿੱਚੋਂ ਇਕ ਬੂਹਾ ਅਜਿਹਾ ਵੀ ਸੀ ਜਿਸ ਨੇ ਆਪਣਾ ਪੂਰਾ ਜੀਵਨ ਜੀਅ ਲਿਆ ਸੀ ਤੇ ਹੁਣ ਉਸ ਨੂੰ ਅੰਦਰੋਂ ਹਮੇਸ਼ਾ ਲਈ ਬੰਦ ਕਰ ਦਿੱਤਾ ਗਿਆ ਸੀ।

ਹਾਲੇ ਪਿਛਲੇ ਸਾਲ ਹੀ ਭੈਣਾਂ ਨੇ ਇਹ ਫਲੈਟ ਕਿਰਾਏ ’ਤੇ ਲਿਆ ਸੀ। ਦੋਵੇਂ ਇਕ ਹੀ ਕੰਪਨੀ ਵਿੱਚ ਕੰਮ ਕਰਦੀਆਂ ਸਨ ਸੋ ਦੋਵਾਂ ਦੀ ਰੁਟੀਨ ਵੀ ਇਕੋ ਜਿਹੀ ਸੀ। ਦੋਵਾਂ ਦੇ ਸੁਭਾਵਾਂ ਤੇ ਰੁਚੀਆਂ ਵਿੱਚ ਵੀ ਬਹੁਤਾ ਅੰਤਰ ਨਹੀਂ ਸੀ। ਉਹਨਾਂ ਦੇ ਘਰੇਲੂ ਕੰਮ ਕਾਜ ਬਿਨਾਂ ਕਿਸੇ ਪਰੇਸ਼ਾਨੀ ਦੇ ਸਹਿਜਤਾ ਨਾਲ ਨਿਪਟ ਜਾਂਦੇ ਸਨ। ਸਮੇਂ ਦਾ ਇਕ ਇਕ ਪਲ ਇਕੱਠੇ ਜੀਉਣ ਵਿੱਚ ਉਹ ਮਜਬੂਰ ਜਾਂ ਲੋੜਵੰਦ ਜਿਹੀਆਂ ਸਨ।

ਬਚਪਨ ਵਿੱਚ ਇਕ ਦੂਜੇ ਦੀਆਂ ਬਾਹਾਂ ਵਿੱਚ ਬਾਹਾਂ ਪਾ ਕੇ ਸੌਣ ਦੀ ਆਦਤ ਹਾਲੇ ਵੀ ਕਾਇਮ ਸੀ। ਇਕ ਦੂਜੇ ਦੇ ਵਾਲਾਂ ਨੂੰ ਤੇਲ ਲਾਉਣਾ, ਕੰਘੀ ਕਰਨਾ, ਇਕ ਦੂਜੇ ਦੇ ਵਾਲਾਂ ਨੂੰ ਸ਼ੈਂਪੂ ਕਰਨਾ, ਇਕ ਦੂਜੇ ਨੂੰ ਨਹਿਲਾਉਣਾ-ਸੁਕਾਉਣਾ, ਇਕ ਦੂਜੇ ਦੇ ਵੈਕਸ ਕਰਨਾ, ਮਸਾਜ ਦੇਣਾ, ਇਹਨਾਂ ਸਾਰੀਆਂ ਕਿਰਿਆਵਾਂ ਵੇਲੇ ਉਹ ਇਵੇਂ ਸਹਿਜ ਰਹਿੰਦੀਆਂ ਜਿੱਦਾਂ ਮਾਂ ਆਪਣੇ ਬੱਚੇ ਦੀ ਦੇਖ-ਭਾਲ ਤੇ ਲਾਲਨ-ਪਾਲਨ ਕਰਨ ਸਮੇਂ ਰਹਿੰਦੀ ਹੈ।

ਕੁਦਰਤੀ ਹੈ ਕਿ ਇਕ ਦੂਜੇ ਨਾਲ ਬਹੁਤ ਹੀ ਨੇੜੇ ਦਾ ਰਿਸ਼ਤਾ ਤੇ ਇਕ ਦੂਜੇ ਲਈ ਉਹ ਜਜ਼ਬਾਤੀ ਸਨ। ਉਹਨਾਂ ਦੀ ਆਪਸੀ ਛੋਹ ਵਿੱਚ ਕੋਈ ਅਜਿਹੀ ਖਾਸ ਗੱਲ ਜਾਂ ਵਿਸ਼ੇਸ਼ਤਾ ਸੀ ਜਿਸ ਨੂੰ ਕਿਸੇ ਹੋਰ ਨਾਲ ਤੁਲਨਾ ਕਰਨ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਇਹਨਾਂ ਡੂੰਘੇ ਜਜ਼ਬਾਤੀ ਸੰਬੰਧ ਜਿਉਂਦਿਆਂ ਰੂਹਾਨੀ ਤੇ ਸਰੀਰਕ ਆਭਾਮੰਡਲ ਵਿੱਚ ਰਹਿੰਦੇ ਹੋਏ ਇਕ ਦੂਜੇ ਬਿਨਾਂ ਜੀਉਣਾ ਉਹਨਾਂ ਨੂੰ ਇਕ ਪਲ ਵੀ ਗਵਾਰਾ ਨਹੀਂ ਸੀ।

ਪਰ ਇਕ ਦਿਨ ਕਿਸੇ ਇਕ ਪਲ ਵਿੱਚ ਆਪਸੀ ਨੇੜਤਾ ਦਾ ਉਹ ਸੂਤਰ ਟੁੱਟ ਗਿਆ। ਅਜਿਹੇ ਅਣਜਾਣੇ ਤਰੀਕੇ ਨਾਲ ਕਿ ਪਤਾ ਹੀ ਨਾ ਲੱਗਾ ਕਿ ਉਹ ਕਿੱਦਾਂ ਟੁੱਟ ਗਿਆ।

ਉਸ ਦਿਨ ਜਦ ਛੋਟੀ ਭੈਣ ਦੀ ਨੀਂਦ ਖੁੱਲ੍ਹੀ ਤਾਂ ਉਹਨੇ ਦੇਖਿਆ ਕਿ ਵੱਡੀ ਭੈਣ ਬਿਸਤਰ ਵਿੱਚ ਨਹੀਂ ਸੀ। ਹਰ ਸਵੇਰ ਵੱਡੀ ਭੈਣ ਜਾਗਣ ਤੋਂ ਬਾਅਦ ਛੋਟੀ ਭੈਣ ਦੇ ਵਾਲਾਂ ਵਿੱਚ ਉਂਗਲਾਂ ਫੇਰਦੀ ਉਸ ਨੂੰ ਜਗਾਉਂਦੀ, ਫਿਰ ਉਸ ਦੀ ਗੱਲ੍ਹ ’ਤੇ ਵੱਡਾ ਸਾਰਾ ਚੁੰਮਣ ਦਿੰਦੀ ਤੇ ਫਿਰ ਬਿਸਤਰ ਤੋਂ ਉੱਠਦੀ ਪਰ ਉਸ ਦਿਨ ਅਜਿਹਾ ਕੁਝ ਵੀ ਨਾ ਹੋਇਆ।

ਛੋਟੀ ਭੈਣ ਬੈੱਡ ਰੂਮ ਵਿੱਚੋਂ ਬਾਹਰ ਆਈ ਤਾਂ ਦੇਖਿਆ ਕਿ ਵੱਡੀ ਭੈਣ ਡਰਾਇੰਗ ਰੂਮ ਵਿੱਚ ਖੜੀ ਸੀ, ਬਿਲਕੁਲ ਅਹਿੱਲ। ਉਹ ਹੌਲੀ ਹੌਲੀ ਤੁਰਦੀ ਉਸ ਕੋਲ ਆਈ ਤੇ ਉਸ ਨੂੰ



ਪਿੱਛਿਓਂ ਦੀ ਜੱਫੀ ਪਾ ਲਈ ਤੇ ਆਪਣੀ ਸੱਜੀ ਗੱਲ੍ਹ ਉਸ ਦੇ ਪਿੱਠ ’ਤੇ ਰੱਖ ਦਿੱਤੀ।

ਕੁਝ ਦੇਰ ਇਵੇਂ ਹੀ ਨਿਕਲ ਗਈ। ਵੱਡੀ ਭੈਣ ਨੇ ਨਾ ਤਾਂ ਛੋਟੀ ਭੈਣ ਦੇ ਹੱਥਾਂ ਉਪਰ ਆਪਣੇ ਹੱਥ ਰੱਖੇ ਤੇ ਨਾ ਹੀ ਉਸ ਦੀ ਜੱਫੀ ਬਾਰੇ ਕੋਈ ਪ੍ਰਤੀਕਰਮ ਦਿੱਤਾ। ਉਸ ਦੀ ਇਸ ਬੇਰੁਖੀ ਕਾਰਨ ਛੋਟੀ ਭੈਣ ਨੂੰ ਕੁਝ ਗੁੱਸਾ ਆਇਆ ਤੇ ਉਹ ਤਰੁੰਤ ਵੱਡੀ ਭੈਣ ਦੇ ਮੂਹਰੇ ਜਾ ਖੜੀ ਹੋਈ। ਉਸ ਦੇ ਝੁਕੇ ਹੋਏ ਚਿਹਰੇ ਨੂੰ ਉਸਨੇ ਆਪਣੀਆਂ ਉਂਗਲਾਂ ਨਾਲ ਉਪਰ ਉਠਾਇਆ। ਭੈਣ ਦੀਆਂ ਅੱਖਾਂ ਲਾਲ ਸਨ। ਉਹ ਬੋਲੀ,

“ਕਿਉਂ, ਸਿਹਤ ਠੀਕ ਨਹੀਂ ?”

ਵੱਡੀ ਭੈਣ ਹਾਲੇ ਵੀ ਚੁੱਪ ਸੀ। ਉਸ ਦੇ ਸੱਜੇ ਹੱਥ ਦੀਆਂ ਉਂਗਲਾਂ ਹੋਰ ਕੱਸੀਆਂ ਗਈਆਂ ਜਿਹਨਾਂ ਵਿੱਚ ਉਸ ਨੇ ਫੋਨ ਫੜਿਆ ਹੋਇਆ ਸੀ ਕਿ ਇਹ ਫੋਨ ਕੋਈ ਖੋਹ ਹੀ ਨਾ ਲਵੇ।

ਛੋਟੀ ਭੈਣ ਨੇ ਉਸ ਨੂੰ ਬਾਹੋਂ ਫੜਿਆ ਤੇ ਸੋਫੇ ’ਤੇ ਲੈ ਆਈ ਤੇ ਬੈਠਾ ਦਿੱਤਾ। ਦੋਵੇਂ ਹੱਥ ਉਸ ਦੇ ਮੋਢਿਆਂ ’ਤੇ ਰੱਖ ਦਿੱਤੇ ਤੇ ਚਿਹਰਾ ਉਸ ਦੇ ਚਿਹਰੇ ਵੱਲ ਝੁਕਾਉਂਦੀ ਬੋਲੀ,

“ਦੱਸ ਕੀ ਗੱਲ ਏ ? ਕੋਈ ਔਫੀਸ਼ੀਅਲ ਪਰੌਬਲਮ ਜਾਂ ਫਿਰ ਮਾਂ ਬਾਰੇ ਕੋਈ ਖ਼ਬਰ ਆਈ ਏ ?”

ਛੋਟੀ ਭੈਣ ਨੂੰ ਪਤਾ ਹੈ ਕਿ ਉਹਨਾਂ ਦੀਆਂ ਬੇਹਿਸਾਬ ਤਕਲੀਫਾਂ ਵਿੱਚ ਦੋ ਤਕਲੀਫਾਂ ਪ੍ਰਮੁੱਖ ਸਨ; ਇਕ ਤਾਂ ਉਹਨਾਂ ਦੀ ਮਾਂ ਜੋ ਮਾਨਸਿਕ ਰੋਗੀ ਸੀ, ਬਿਮਾਰੀ ਦੇ ਕਈ ਪੜਾਅ ਪਾਰ ਕਰਦੀ ਪਿਛਲੇ ਪੰਦਰਾਂ ਕੁ ਦਿਨ ਤੋਂ ਇਸੇ ਸ਼ਹਿਰ ਦੇ ਇਕ ਹਸਪਤਾਲ ਵਿੱਚ ਭਰਤੀ ਸੀ। ਦੂਜੇ ਕੰਪਨੀ ਦਾ ਦਫਤਰ ਜਿਥੇ ਕੰਮ ਦੀ ਕੋਈ ਸੀਮਾ ਹੀ ਨਹੀਂ ਸੀ, ਹਰ ਨਵਾਂ ਕੰਮ ਦਿਮਾਗੀ ਮੁਸ਼ੱਕਤ ਦੀ ਇੰਤਹਾ ’ਤੇ ਜਾ ਕੇ ਖਤਮ ਹੁੰਦਾ।

ਉਹ ਦੇਖਦੀ ਜਾ ਰਹੀ ਸੀ ਕਿ ਸਪੱਸ਼ਟ ਇਹੋ ਹੀ ਕਾਰਨ ਸਨ ਜੋ ਬਹੁਤ ਤਕਲੀਫ ਦੇਹ ਸਨ ਤੇ ਦੋਨੋਂ ਹੀ ਕਾਰਨ ਆਪਸ ਵਿੱਚ ਉਲਝੇ ਹੋਏ ਸਨ। ਇਕ ਪਾਸੇ ਦਫਤਰ ਦੀਆਂ ਵਧਦੀਆਂ ਜ਼ਿੰਮੇਵਾਰੀਆਂ ਕਾਰਨ ਉਹ ਮਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨਹੀਂ ਸੀ ਨਿਭਾ ਰਹੀ ਤੇ ਦੂਜੇ ਪਾਸੇ ਮਾਂ ਨੂੰ ਲੈ ਕੇ ਉਪਜਦੀਆਂ ਚਿੰਤਾਵਾਂ ਦਫਤਰ ਦੇ ਕੁਝ ਕਾਹਲੀ ਵਾਲੇ ਕੰਮਾਂ ਉਪਰ ਅਸਰ ਪੈਂਦਾ ਸੀ ਤੇ ਸਮੇਂ ’ਤੇ ਕੰਮ ਪੂਰੇ ਨਹੀਂ ਸਨ ਹੁੰਦੇ।

ਪਿਛਲੇ ਛੇ ਮਹੀਨਿਆਂ ਵਿੱਚ ਇਹ ਦੋਹਰੀ ਸਮੱਸਿਆ ਚਲਦੀ ਆ ਰਹੀ ਸੀ। ਮਾਂ ਦੀ ਦੇਖਭਾਲ ਦੇ ਕੰਪਨੀ ਦੇ ਟਾਰਗੇਟ ਵਿੱਚ ਤਾਲਮੇਲ ਰੱਖਣਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਸੀ। ਖਾਸ ਤੌਰ ’ਤੇ ਹਰ ਤਿਮਾਹੀ ਦੇ ਸਪਤਾਹਅੰਤ ’ਤੇ ਹੋਰ ਵੀ ਵੱਧ ਜਾਂਦਾ ਜਦ ਮਾਰਕੀਟਿੰਗ ਅਪਰੇਸ਼ਨ ਸੇਲਜ਼ ਦੇ ਨਤੀਜਿਆਂ ਨੂੰ ਨਿਚੋੜਿਆ ਜਾਂਦਾ।

ਵੱਡੀ ਭੈਣ ਜਿਥੇ ਆਹੁਦੇ ’ਤੇ ਇਕ ਪਾਸੇ ‘ਵੱਡੀ ਭੈਣ’ ਜਾਂ ‘ਵੱਡੀ ਧੀ’ ਸੀ, ਉਥੇ ਉਹ ਕੰਪਨੀ ਵਿੱਚ ਵੀ ਮੈਨੇਜਰ ਸੀ। ਇਹਨਾਂ ਦੋਵਾਂ ਪਾਸਿਆਂ ਤੋਂ ਉਹ ‘ਵੱਡੀ’ ਸੀ ਤੇ ਆਪਸ-ਵਿਰੋਧੀ ਜ਼ਿਮੇਵਾਰੀਆਂ ਨੇ ਉਸ ਦੇ ਦਿਲੋ-ਦਿਮਾਗ ਨੂੰ ਉਲਝਾ ਕੇ ਰੱਖਿਆ ਪਿਆ ਸੀ। ਕਦੇ ਉਹ ਆਪਣੀ ਟੀਮ ਦੀ ਖ਼ਰਾਬ ਪਰਫੋਰਮੈਂਸ ਕਾਰਨ ਤਣਾਉਗ੍ਰਸਤ ਹੋ ਜਾਂਦੀ ਤੇ ਕਦੇ ਮਾਂ ਦੀ ਰਿਪ੍ਰੋਟ ਉਸ ਨੂੰ ਦੁਖੀ ਕਰ ਜਾਂਦੀ।

ਕਾਰਪੋਰੇਟ ਦੇ ਕੰਮਕਾਜ ਦੇ ਡੈਟਾ ਵਿੱਚ ਕਿਸੇ ਨੂੰ ਆਪਣੇ ਹੰਝੂਆਂ ਨੂੰ ਦਰਜ ਕਰਨ ਦੀ ਕੋਈ ਔਪਸ਼ਨ ਨਹੀਂ ਹੁੰਦੀ ਤੇ ਦੁੱਖ ਨਾਲ ਭਰੇ ਦਿਲਾਂ ਵਿੱਚ ਕਿਸੇ ਫੀਡਬੈਕ ਲਈ ਕੋਈ ਜਗਾਹ ਨਹੀਂ ਹੁੰਦੀ।

ਛੋਟੀ ਭੈਣ ਦੇਖ ਰਹੀ ਸੀ ਵਕਤ ਨੇ ਵੱਡੀ ਭੈਣ ਦੇ ਵਜੂਦ ਦੁਆਲੇ ਇਕ ਜਟਿਲ ਤਾਣਾ ਬਾਣਾ ਬੁਣਨਾ ਸ਼ੁਰੂ ਕਰ ਦਿੱਤਾ ਹੋਇਆ ਸੀ। ਸਿਰਫ ਭੈਣ ਹੀ ਨਹੀਂ ਕੰਪਨੀ ਵਿੱਚ ਹੋਰ ਵੀ ਬਹੁਤ ਸਾਰੇ ਲੋਕ ਸਨ ਜੋ ਪਰਿਵਾਰ ਦੇ ਕਿਸੇ ਵਿਸ਼ੇਸ਼ ਪਹਿਲੂ ਅਤੇ ਕੰਮ ਉਪਰਲੀਆਂ ਉਹਨਾਂ ਦੀਆਂ ਵਿਸ਼ੇਸ਼ ਲੋੜਾਂ ਜਾਂ ਸ਼ਰਤਾਂ ਵਿਚਕਾਰ ਸੰਤੁਲਨ ਨਹੀਂ ਸਨ ਰੱਖ ਪਾ ਰਹੇ।

ਇਹਨਾਂ ਵਿੱਚੋਂ ਬਹੁਤ ਸਾਰੇ ਲੋਕ ਸਮੇਂ ਸਮੇਂ ਕਿਸੇ ਨਾ ਕਿਸੇ ਕਾਊਂਸਲਰ ਕੋਲ ਜਾਂਦੇ ਸਨ ਤੇ ਉਹਨਾਂ ਦੀ ਕੌਂਸਲਿੰਗ ਸਹਾਰੇ ਆਪਣਾ ਬੈਲੈਂਸ ਬਣਾਈ ਰੱਖੇ ਹੋਏ ਸਨ। ਕੁਝ ਅਜਿਹੇ ਵੀ ਸਨ ਜਿਹਨਾਂ ਨੂੰ ਕਾਊਂਸਲਿੰਗ ਦੀ ਲੰਮੀ ਉਕਤਾਊ ਪ੍ਰਕਿਰਿਆ ਵਿੱਚ ਦੀ ਲੰਘਦਿਆਂ ਕਈ ਕਿਸਮ ਦੀਆਂ ਨਾ ਛੱਡੀਆਂ ਜਾ ਸਕਣ ਵਾਲੀਆਂ ਦਵਾਈਆਂ ਲਗਵਾ ਲਈਆਂ ਹੋਈਆਂ ਸਨ।

ਵੱਡੀ ਭੈਣ ਲਈ ਕਿਸੇ ਮਾਨਸਿਕ ਕਸ਼ਟ ਵਿੱਚ ਦੀ ਲੰਘਣਾ ਬਹੁਤ ਮੁਸ਼ਕਲ ਸੀ ਪਰ ਛੋਟੀ ਹਰ ਕੰਮ ਨੂੰ ਇਕ ਯੋਯਨਾਬੱਧ ਤਰੀਕੇ ਨਾਲ ਕਰਦੀ ਤੇ ਉਸ ਦੇ ਸੁਭਾਅ ਵਿੱਚ ਇਕ ਅਜਿਹੀ ਲੱਚਕਤਾ ਘੁਲ਼ੀ ਹੋਈ ਸੀ ਕਿ ਉਹ ਬਿਨਾਂ ਕਿਸੇ ਤਰਕ ਤੋਂ ਤਣਾਅਪੂਰਨ ਜਾਂ ਦੁਖਦ ਹਾਲਾਤ ਨੂੰ ਬਿਨਾਂ ਕਿਸੇ ਵੀ ਤਰ੍ਹਾਂ ਦੇ ਬਦਹਵਾਸੀ ਤੇ ਬੌਖਲਾਹਟ ਦੇ ਆਪਣੇ ਕੋਮਲ ਘੇਰੇ ਵਿੱਚ ਲੈ ਆਉਂਦੀ ਸੀ।

ਓਪਰੀ ਤੌਰ 'ਤੇ ਜਾਪਦਾ ਸੀ ਕਿ ਛੋਟੀ ਭੈਣ ਵੱਡੀ ਭੈਣ ਤੋਂ ਮਾਨਸਿਕ ਤੌਰ 'ਤੇ ਜ਼ਿਆਦਾ ਮਜ਼ਬੂਤ ਹੈ ਤੇ ਦਫਤਰ ਤੇ ਘਰੇਲੂ ਤਣਾਉ ਉਸ ਨੂੰ ਘੱਟ ਤਰੀਕੇ ਨਾਲ ਮਹਿਸੂਸ ਕਰਦੇ ਹਨ ਪਰ ਇਹ ਗੱਲ ਉਹ ਵੀ ਨਹੀਂ ਸੀ ਜਾਣਦੀ ਕਿ ਇਕ ਕਿਸਮ ਨਾਲ ਉਹ ਦੋਹਰੇ ਦੁੱਖ, ਦੋਹਰੇ ਤਣਾਉ ਵਿੱਚ ਦੀ ਲੰਘ ਰਹੀ ਹੈ।

ਦਫਤਰ ਵਿੱਚ ਉਹ ਵੱਡੀ ਭੈਣ ਨੂੰ ਉਹਨਾਂ ਗੜਬੜੀਆਂ ਤੇ ਗਲਤੀਆਂ ਤੋਂ ਬਚਾਉਣ ਦੀ ਕੋਸ਼ਿਸ਼ ਕਰਦੀ ਰਹਿੰਦੀ ਜਿਹਨਾਂ ਕਾਰਨ ਕੰਪਨੀ ਨੂੰ ਆਰਥਿਕ ਨੁਕਸਾਨ ਹੋ ਸਕਦਾ ਸੀ ਤੇ ਘਰ ਆ ਕੇ ਵੱਡੀ ਭੈਣ ਦੁਆਲੇ ਮੰਡਰਾਉਂਦੀਆਂ ਉਹਨਾਂ ਨਿਸ਼ਾਨੀਆਂ ਨੂੰ ਪਰ੍ਹੇ ਹਟਾਉਣ ਦੀ ਕੋਸ਼ਿਸ਼ ਕਰਦੀ ਰਹਿੰਦੀ ਜਿਹੜੀਆਂ ਨਿਸ਼ਾਨੀਆਂ ਚਾਰ ਸਾਲ ਪਹਿਲਾਂ ਮਾਂ ਦੇ ਦੁਆਲੇ ਮੰਡਲਾਉਣ ਲੱਗੀਆਂ ਸਨ। ਤੇ ਜਿਹਨਾਂ ਨਿਸ਼ਾਨੀਆਂ ਦੀ ਨਿਸ਼ਾਨਦੇਹੀ ਚੰਗੀ ਤਰ੍ਹਾਂ ਨਾ ਹੋਣ ਨਾਲ ਮਾਂ ਮੈਂਟਲ ਹਸਪਤਾਲ ਜਾ ਪੁੱਜੀ ਸੀ।

ਥੋੜ੍ਹੀਆਂ ਜਿਹੀਆਂ ਮੁਸ਼ਕਲਾਂ ਦੇ ਨਾਲ ਉਹ ਆਪਸ-ਵਿਰੋਧੀ ਚੀਜ਼ਾਂ ਨੂੰ ਅਲੱਗ ਅਲੱਗ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਸੀ। ਉਸ ਦੀ ਕੋਸ਼ਿਸ਼ ਹੁੰਦੀ ਕਿ ਉਹਨਾਂ ਦੀਆਂ ਪਰਿਵਾਰਕ ਮੁਸ਼ਕਲਾਂ ਤੇ ਪ੍ਰੋਫੈਸ਼ਨਲ ਚਣੌਤੀਆਂ ਆਪਸ ਵਿੱਚ ਟਕਰਾ ਨਾ ਜਾਣ। ਇਹਨਾਂ ਦੋਨਾਂ ਚੀਜ਼ਾਂ ਵਿੱਚ ਦੂਰੀ ਤੈਅ ਕਰਨ ਤੇ ਦੂਰੀ ਬਣਾਈ ਰੱਖਣ ਵਿੱਚ ਇਕ ਵੱਡੀ ਤਾਕਤ ਦੀ ਜ਼ਰੂਰਤ ਸੀ ਜੋ ਉਸ ਵਿੱਚ ਹੈ ਨਹੀਂ ਸੀ। ਉਸ ਦੇ ਕੋਲ ਸਿਰਫ ਇਕ ਸਹਿਜ ਗਿਆਨ ਸੀ ਜੋ ਉਸ ਨੂੰ ਬਹੁਤੀ ਦੂਰ ਦੀ ਚਿੰਤਾ ਕਰਨ ਦੀ ਵਜਾਏ ਨੇੜੇ ਦੇ ਭਵਿੱਖ ਬਾਰੇ ਹੀ ਸੋਚਣਾ ਸਿਖਾਉਂਦਾ ਸੀ ਤੇ ਵਿਆਪਕਤਾ ਦੀ ਵਜਾਏ ਸੀਮਤ ਦ੍ਰਿਸ਼ਟੀ ਨਾਲ ਦੇਖਣ ਦੀ ਸਿੱਖਿਆ ਦਿੰਦਾ ਸੀ। ਉਹ ਅਲਪਦ੍ਰਿਸ਼ਟੀ ਤੋਂ ਕੰਮ ਲੈਂਦੀ ਹੋਈ ਦੂਰਗਾਮੀ ਨਤੀਜਿਆਂ ਦੀ ਉਡੀਕ ਕੀਤੇ ਬਿਨਾਂ ਤੁਰੰਤ ਹਾਸਿਲ ਕੀਤੇ ਜਾ ਸਕਣ ਵਾਲੇ ਸਿੱਟਿਆਂ ਨੂੰ ਕੱਢਣ ਦੀ ਕੋਸ਼ਿਸ਼ ਕਰਦੀ। ਉਸ ਨੇ ਆਪਣੇ ਮਿੱਠੇ ਸੁਭਾਅ ਕਾਰਨ ਸੇਲਜ਼ ਦੀਆਂ ਅਲੱਗ ਅਲੱਗ ਟੀਮਾਂ ਵਿੱਚਕਾਰ ਬਹੁਤ ਹੀ ਸੁਖਾਵਾਂ ਮਹੌਲ ਬਣਾਇਆ ਹੋਇਆ ਸੀ। ਆਪੋ ਆਪਣੇ ਤਜਰਬਿਆਂ ਤੇ ਜਾਣਕਾਰੀਆਂ ਦੇ ਆਪਸੀ ਆਦਾਨ-ਪ੍ਰਦਾਨ ਕਰਨੇ ਤੇ ਇਕ ਦੂਜੇ ਦੇ ਕਮਜ਼ੋਰ ਪਹਿਲੂਆਂ ਨੂੰ ਸਪੋਰਟ ਦੇਣ ਤੇ ਇਕ ਦੂਜੇ ਦੇ ਟਾਰਗੇਟ ਦੀ ਸੰਭਾਲ ਲੈਣ ਦਾ ਜਿਹੜਾ



ਕਲਚਰ ਉਸ ਨੇ ਬਣਾਇਆ ਹੋਇਆ ਸੀ, ਉਹ ਕਈ ਵਾਰ ਕਾਰਗਰ ਸਾਬਿਤ ਹੋਇਆ ਸੀ। ਜੇਕਰ ਉਹਨੇ ਦੂਜੀ ਸੇਲਜ਼ ਟੀਮਾਂ ਦੇ ਮੈਂਬਰਾਂ ਦੀ ਆਪਣੀ ਵੱਡੀ ਭੈਣ ਦੇ ਏਰੀਏ ਵਿੱਚ ਸਮੇਂ ਸਿਰ ਮੱਦਦ ਨਾ ਲਈ ਹੁੰਦੀ ਤਾਂ ਪਿਛਲੀ ਤਿਮਾਹੀ ਦੇ ਨਤੀਜੇ ਹੋਰ ਵੀ ਨਿਰਾਸ਼ਾਜਨਕ ਹੋ ਸਕਦੇ ਸੀ।

ਇਸ ਵਾਰ ਵੀ ਮੁਸ਼ਕਲਾਂ ਘਟੀਆਂ ਨਹੀਂ ਸਨ ਤੇ ਉਹਨਾਂ ਮੁਸ਼ਕਲਾਂ ਨਾਲ ਲੜਨ ਦੇ ਯਤਨ ਵੀ ਘਟਾਏ ਨਹੀਂ ਸਨ ਪਰ ਹਰ ਵਾਰ ਦੀ ਜੱਦੋਜ਼ਹਿਦ ਵਾਂਗ ਇਕ ਦਿਨ ਅਜਿਹਾ ਆ ਹੀ ਗਿਆ ਜਦ ਦੋਵੇਂ ਮੁਸ਼ਕਲਾਂ ਆਪਸ ਵਿੱਚ ਉਲਝ ਗਈਆਂ। ਉਹਨਾਂ ਨੂੰ ਸੁਲਝਾਉਂਦੀ ਸੁਲਝਾਉਂਦੀ ਉਹ ਆਪ ਵੀ ਉਲਝ ਗਈ ਤੇ ਇਸ ਉਲਝਣ ਮੂਹਰੇ ਉਸ ਦਾ ਸਹਿਜ ਗਿਆਨ ਉਸ ਦਾ ਸਾਥ ਛੱਡ ਗਿਆ।

ਉਸ ਦਿਨ ਸਵੇਰੇ ਸਵੇਰੇ ਜਦ ਵੱਡੀ ਭੈਣ ਨੂੰ ਚੁੱਪ ਦਾ ਦੌਰਾ ਪੈ ਗਿਆ ਸੀ ਤਾਂ ਇਕ ਘੰਟੇ ਦੀ ਮਗਜ਼ਮਾਰੀ ਕਰਨ ਤੋਂ ਬਾਅਦ ਵੀ ਉਸ ਨੇ ਕੋਈ ਜਵਾਬ ਨਾ ਦਿੱਤਾ ਤਾਂ ਉਸ ਨੇ ਵੱਡੀ ਭੈਣ ਦੇ ਹੱਥ ਵਿੱਚੋਂ ਸੈਲਫੋਨ ਲੈਣ ਦੀ ਕੋਸ਼ਿਸ਼ ਕੀਤੀ ਤਾਂ ਕਿ ਲਾਸਟ ਕਾਲਿੰਗ ਤੋਂ ਜਾਂ ਮੈਸੇਜ ਬੌਕਸ ਵਿੱਚੋਂ ਜਾਂ ਮੇਲ ਬੌਕਸ ਤੋਂ ਇਸ ਗੱਲ ਦਾ ਪਤਾ ਲੱਗ ਸਕੇ ਕਿ ਆਖਿਰ ਉਹ ਕਿਹੜਾ ਸੁਨੇਹਾ ਸੀ ਜਿਸ ਨੇ ਭੈਣ ਨੂੰ ਸ਼ੌਕ ਦਿੱਤਾ ਸੀ ਪਰ ਭੈਣ ਨੇ ਫੋਨ ਨੂੰ ਹੋਰ ਘੁੱਟ ਕੇ ਫੜ ਲਿਆ।

ਤੇ ਉਸ ਦੇ ਇਸ ਅਸਹਿਯੋਗ ਕਾਰਨ ਛੋਟੀ ਭੈਣ ਰੁੱਸ ਗਈ, ਉਹ ਸਾਹਮਣੇ ਦੀਵਾਰ ਨਾਲ ਪਏ ਦੀਵਾਨ ਉਪਰ ਜਾ ਲੰਮੀ ਪਈ ਤੇ ਪਿੱਠ ਭੈਣ ਵੱਲ ਕਰ ਲਈ। ਉਸ ਨੇ ਇਕ ਸਰਾਹਣਾ ਬਾਹਾਂ ਵਿੱਚ ਲੈ ਲਿਆ ਤੇ ਫਿਰ ਉਹਦੇ ਵਿੱਚ ਆਪਣਾ ਚਿਹਰਾ ਛੁਪਾ ਲਿਆ।

ਜੇ ਉਹ ਇਸ ਅਜੀਬੋ-ਗਰੀਬ ਜਿਹੀ ਸਥਿਤੀ ਵਿੱਚ ਦੀ ਨਾ ਲੰਘ ਰਹੀ ਹੁੰਦੀ ਜੋ ਕਿ ਇਕ ਦੌਰੇ ਵਾਂਗ ਹੀ ਸੀ ਤਾਂ ਜ਼ਰੂਰ ਉਸ ਨੇ ਆਪਣੇ ਕਿਸੇ ਕੁਲੀਗ ਨੂੰ ਫੋਨ ਕਰ ਲਿਆ ਹੁੰਦਾ ਜਾਂ ਫਿਰ ਅਲਾਮਤਾਂ ਦੱਸ ਕੇ ਉਸ ਸਾਈਕੇਟ੍ਰਿਸਟ ਨਾਲ ਹੀ ਕੋਈ ਸਲਾਹ ਕਰ ਲਈ ਹੁੰਦੀ ਜੋ ਪਿਛਲੇ ਤਿੰਨ ਮਹੀਨੇ ਤੋਂ ਉਸ ਦਾ ਕੇਸ ਦੇਖ ਰਿਹਾ ਸੀ। ਪਰ ਇਹ ਸਭ ਕਰਨ ਦੀ ਵਜਾਏ ਉਹ ਇਕ ਨਾਸਮਝੀ ਭਰੀ ਜ਼ਿੱਦ ਤਹਿਤ ਪਿੱਠ ਫੇਰੇ ਪਈ ਰਹੀ ਸੀ ਹਾਲਾਂਕਿ ਉਹ ਜ਼ਿੱਦੀ ਸੁਭਾਅ ਦੀ ਨਹੀਂ ਸੀ ਪਰ ਨਾ ਜਾਣੇ ਕਿਉਂ ਉਹਨਾਂ ਨਾਜ਼ੁਕ ਪਲਾਂ ਵਿੱਚ ਇਕ ਅਜੀਬ ਜਿਹਾ ਮਿਜ਼ਾਜ ਉਸ ਉਪਰ ਕਾਫੂਰ ਹੋ ਗਿਆ ਸੀ। ਉਸ ਦੀ ਹੋਸ਼ ਨੇ ਉਸ ਦਾ ਸਾਥ ਛੱਡ ਦਿੱਤਾ ਸੀ, ਇਹੀ ਤਾਂ ਉਹ 'ਡਿਸਆਰਡਰ' ਸੀ ਜਿਹਦੇ ਕਾਰਨ ਦੋਨਾਂ ਭੈਣਾਂ ਦੇ ਜੀਵਨ ਨੇ ਇਕ ਘਾਤਕ ਮੋੜ ਲੈ ਲਿਆ ਸੀ।

ਉਸ ਦਿਨ ਸਵੇਰ ਤੋਂ ਲੈ ਕੇ ਸ਼ਾਮ ਤਕ ਬਿਨਾਂ ਹਿਲੇ-ਜੁਲੇ ਉਵੇਂ ਹੀ ਪਈਆਂ ਰਹੀਆਂ। ਵੱਡੀ ਭੈਣ ਏਨੇ ਜੋਗੀ ਨਹੀਂ ਸੀ ਕਿ ਛੋਟੀ ਨੂੰ ਕੁਝ ਸਮਝਾ ਸਕੇ। ਦਰਅਸਲ ਉਹਨੂੰ ਤਾਂ ਕੁਝ ਪਤਾ ਹੀ ਨਹੀਂ ਸੀ ਕਿ ਛੋਟੀ ਨੂੰ ਕੁਝ ਹੋ ਗਿਆ ਹੈ। ਉਹ ਉਸ ਵਕਤ ਆਪ ਬੇਹੋਸ਼ੀ ਦੇ ਆਲਮ ਵਿੱਚ ਸੀ। ਜਦ ਉਸ ਨੂੰ ਆਪਣਾ ਹੀ ਕੋਈ ਖਿਆਲ ਨਹੀਂ ਸੀ ਤਾਂ ਕਿਸੇ ਹੋਰ ਦਾ ਖਿਆਲ ਕਿੱਦਾਂ ਆਉਂਦਾ ? ਓਧਰ ਛੋਟੀ ਭੈਣ ਉਪਰ ਵੀ ਇਹ ਜ਼ਿੱਦ ਸਵਾਰ ਹੋ ਗਈ ਸੀ ਕਿ ਜਦ ਤਕ ਵੱਡੀ ਭੈਣ ਕੁਝ ਬੋਲੇਗੀ ਨਹੀਂ ਤਦ ਤਕ ਉਹ ਵੀ ਕੁਝ ਨਹੀਂ ਬੋਲੇਗੀ। ਜਦ ਤਕ ਉਹ ਆਪਣੀ ਜਗ੍ਹਾ ਤੋਂ ਨਹੀਂ ਹਿੱਲੇਗੀ ਤਦ ਤਕ ਉਹ ਵੀ ਨਹੀਂ ਹਿੱਲੇਗੀ। ਜਦ ਤਕ ਉਹ ਕੁਝ ਖਾਏਗੀ ਪੀਏਗੀ ਨਹੀਂ ਤਦ ਤਕ ਉਹ ਵੀ ਕਿਸੇ ਚੀਜ਼ ਨੂੰ ਹੱਥ ਨਹੀਂ ਲਗਾਏਗੀ।

ਹਰ ਘਟਨਾ ਤੇ ਇਕੋ ਵੇਲੇ ਕਈ ਸਮੱਸਿਆਵਾਂ ਨਾਲ ਜੂਝਣ ਵਾਲੀ ਤੇ ਵੱਡੇ ਤੋਂ ਵੱਡੇ ਮਸਲੇ ਨੂੰ ਸੰਭਾਲ ਲੈਣ ਵਾਲੀ ਇਹ ਕੁੜੀ ਅਚਾਨਕ ਹੱਠਧਰਮੀ ਦਾ ਸ਼ਿਕਾਰ ਹੋ ਗਈ ਸੀ।

ਦਿਨ ਭਰ ਦੋਨਾਂ ਦੇ ਸੈਲਫੋਨਾਂ ਦੀਆਂ ਘੰਟੀਆਂ ਵੱਜਦੀਆਂ ਰਹੀਆਂ ਪਰ ਦੋਨਾਂ ਨੇ ਇਕ ਵੀ ਕਾਲ ਰਿਸੀਵ ਨਹੀਂ ਕੀਤੀ। ਸਵੇਰ ਤੋਂ ਦੁਪਹਿਰ ਤੇ ਦੁਪਹਿਰ ਤੋਂ ਸ਼ਾਮ ਹੋ ਗਈ। ਫਿਰ ਹਨੇਰਾ ਫੈਲਣ ਲੱਗਾ ਪਰ ਕਿਸੇ ਨੇ ਉੱਠ ਕੇ ਬੱਤੀ ਨਾ ਜਗਾਈ, ਰਾਤ ਬੀਤਦੀ ਰਹੀ, ਸੰਨਾਟਾ ਗਹਿਰਾ ਹੁੰਦਾ ਰਿਹਾ। ਖਿੜਕੀ ਦੇ ਸ਼ੀਸ਼ਿਆਂ ਰਾਹੀਂ ਛਣ ਕੇ ਆਉਂਦੀ ਸਟਰੀਟ ਲਾਈਟ ਦੀ ਰੌਸ਼ਨੀ ਏਨੀ ਘੱਟ ਸੀ ਕਿ ਡਰਾਇੰਗ-ਰੂਮ ਦੀਆਂ ਸਾਰੀਆਂ ਚੀਜ਼ਾਂ ਭਿਆਨਕ ਜਿਹੀਆਂ ਸ਼ਕਲਾਂ ਇਖਤਿਆਰ ਕਰਨ ਲੱਗੀਆਂ।

ਕੁਝ ਦੇਰ ਬਾਅਦ ਛੋਟੀ ਭੈਣ ਦੇ ਸੈਲਫੋਨ ਤੋਂ ਬੀਪ-ਬੀਪ ਦੀ ਆਵਾਜ਼ ਆਉਣ ਲੱਗੀ। ਛੋਟੀ ਭੈਣ ਦੇ ਫੋਨ ਦੀ ਸਕਰੀਨ ਦੁਧੀਆ ਰੌਸ਼ਨੀ ਨਾਲ ਚਮਕ ਉਠੀ ਤੇ ਸਕਰੀਨ ਉਪਰ ਸੁਨੇਹਾ ਆਇਆ-ਬੈਟਰੀ ਇਜ਼ ਕਰਿਟੀਕਲ ਲੋਅ। ਫਿਰ ਉਹੀ ਦੁਧੀਆ ਰੌਸ਼ਨੀ ਤੇ ਉਹੀ ਸੁਨੇਹਾ ਵੱਡੀ ਭੈਣ ਦੇ ਫੋਨ ਦੀ ਸਕਰੀਨ ਉਪਰ ਵੀ ਆਇਆ।

ਫਿਰ ਇਕ ਦਿਨ ਬਾਅਦ ਦੋਨਾਂ ਫੋਨਾਂ ਦੀ ਸਕਰੀਨ ਉਪਰ ਚਮਕਦੀ ਲੋਅ ਪਹਿਲਾਂ ਥੋੜੀ ਮੰਦ ਹੋਈ ਤੇ ਫਿਰ ਬੁਝ ਗਈ ਤੇ ਬਾਹਰੀ ਦੁਨੀਆਂ ਨਾਲੋਂ ਉਹਨਾਂ ਦਾ ਸੰਪਰਕ ਟੁੱਟ ਗਿਆ।

* * *

ਸਵੇਰ ਦੀ ਪਹਿਲੀ ਕਿਰਨ ਖਿੜਕੀ ਦੇ ਸ਼ੀਸ਼ੇ ਤੋਂ ਵਿੱਚ ਦੀ ਲੰਘ ਕੇ ਉਸ ਫਲੈਟ ਦੀ ਬੈਠਕ ਵਿੱਚ ਦਾਖਿਲ ਹੁੰਦੀ ਹੈ ਤੇ ਉਸ ਸੁੰਦਰ ਸਜਾਵਟ ਦੇ ਦਰਸ਼ਨ ਕਰਵਾਉਂਦੀ ਹੈ ਜੋ ਦੋਨਾਂ ਭੈਣਾਂ ਨੇ ਆਪਣੀਆਂ ਰੁਚੀਆਂ ਅਨੁਸਾਰ ਉਹਨਾਂ ਦੇ ਉੱਚੇ ਸੁਹਜ ਦਾ ਸਬੂਤ ਹੈ। ਸੁੰਦਰ ਅਤੇ ਕਲਾਤਮਿਕ ਚੀਜ਼ਾਂ ਦਾ ਇਹ ਮੇਲ ਸੁਨਹਿਰੀ ਧੁੱਪ ਨਾਲ ਹੋਰ ਵੀ ਖ਼ੂਬਸੂਰਤ ਹੋ ਉੱਠਿਆ ਪਰ ਉਹਨਾਂ ਦੋਨਾਂ ਭੈਣਾਂ ਦਾ ਉਸ ਦ੍ਰਿਸ਼ ਉਪਰ ਕੋਈ ਪ੍ਰਭਾਵ ਨਾ ਪਿਆ। ਹੁਣ ਦੋਵੇਂ ਇਵੇਂ ਪਈਆਂ ਸਨ ਜਿੱਦਾਂ ਸੂਰਜ ਦੇ ਚੜ੍ਹਨ ਦਾ ਉਹਨਾਂ ਲਈ ਕੋਈ ਅਰਥ ਹੀ ਨਾ ਹੋਵੇ। ਤੀਜੀ ਮੰਜ਼ਿਲ ਦੇ ਉਸ ਫਲੈਟ ਬਿਨਾਂ ਸਾਰੇ ਪਾਸੇ ਜ਼ਿੰਦਗੀ ਨੇ ਧੜਕਣਾ ਸ਼ੁਰੂ ਕਰ ਦਿੱਤਾ ਸੀ। ਰੋਜ਼-ਮਰਾਹ ਦੀਆਂ ਜ਼ਰੂਰਤਾਂ ਨੇ ਜੀਵਨ ਨੂੰ ਨਿਰਦੇਸ਼ ਦੇਣਾ ਆਰੰਭ ਕਰ ਦਿੱਤਾ ਸੀ। ਖਿੜਕੀਆਂ ਦੇ ਛੱਜਿਆਂ ’ਤੇ ਅਤੇ ਆਲੇ ਦੁਆਲੇ ਦੇ ਦਰੱਖਤਾਂ ’ਤੇ ਬੈਠੀਆਂ ਇੱਕਾ-ਦੁੱਕਾ ਚਿੜੀਆਂ ਦੀ ਚਹਿਚਹਾਟ ਹੋਰ ਵੀ ਸਾਫ ਸੁਣਾਈ ਦਿੰਦੀ ਪਰ ਫਿਰ ਸੜਕ ’ਤੇ ਵਾਹਨਾਂ ਦੀ ਪਾਂ-ਪਾਂ, ਟੀਂ-ਟੀਂ ਉਹਨਾਂ ਨੂੰ ਦੱਬ ਲੈਂਦੀ। ਹੌਲੀ ਹੌਲੀ ਉਹ ਮਾਧੁਰ ਸੰਗੀਤ ਜਿਹਾ ਦਿਨ ਸ਼ੋਰ ਸ਼ਰਾਬੇ ਵਿੱਚ ਵਿਲੀਨ ਹੋ ਗਿਆ।

ਪਹਿਲਾਂ ਛੋਟੀ ਭੈਣ ਦੀ ਅੱਖ ਖੁੱਲ੍ਹੀ। ਅਣਜਾਣੇ ਵਿੱਚ ਲਈ ਪਰਤ ਕਾਰਨ ਉਸ ਵੱਡੀ ਭੈਣ ਦਾ ਚਿਹਰਾ ਅਜਿਹੇ ਕੋਨ ਤੋਂ ਦਿੱਸਣ ਲੱਗਾ ਕਿ ਉਸ ਦਾ ਸਿਰ ਸੋਫੇ ਦੀ ਬਾਹੀ ਤੋਂ ਸੱਜੇ ਪਾਸੇ ਨੂੰ ਡਿਗ ਜਿਹਾ ਰਿਹਾ ਸੀ। ਅੱਖਾਂ ਬੰਦ ਸਨ। ਖਿਲਰੇ ਹੋਏ ਵਾਲ ਹੇਠਾਂ ਫਰਸ਼ ਤਕ ਬਿਖਰੇ ਹੋਏ ਸਨ। ਫਰਸ਼ ’ਤੇ ਕੁਝ ਕੁ ਖ਼ੂਨ ਦੀਆਂ ਬੂੰਦਾਂ ਵੀ ਸਨ। ਖ਼ੂਨ ਉਸ ਦੇ ਨੱਕ ਵਿੱਚੋਂ ਵਹਿ ਰਿਹਾ ਸੀ।

ਅਜਿਹਾ ਪਹਿਲਾਂ ਵੀ ਦੋ-ਤਿੰਨ ਵਾਰ ਹੋ ਚੁੱਕਾ ਸੀ ਪਰ ਇਸ ਦੀ ਸੰਭਾਵਨਾ ਤਿਮਾਹੀ ਦੇ ਆਖਰੀ ਸਪਤਾਹਅੰਤ ’ਤੇ ਬਣੀ ਰਹਿੰਦੀ।

ਬਲੱਡ ਪ੍ਰੈਸ਼ਰ ਦਾ ਏਨਾ ਵੱਧ ਜਾਣਾ ਤੇ ਖ਼ੂਨ ਦਾ ਨੱਕ ਰਾਹੀਂ ਵਗ ਜਾਣਾ, ਵਕਿਆ ਹੀ ਚਿੰਤਾ ਦਾ ਵਿਸ਼ਾ ਸੀ ਪਰ ਸਵਾਲ ਇਹ ਸੀ ਕਿ ਚਿੰਤਾ ਕੌਣ ਕਰੇ ? ਜਿਹਦੇ ਨੱਕ ਵਿੱਚੋਂ ਖ਼ੂਨ ਵਹਿ ਰਿਹਾ ਸੀ ਉਸ ਨੂੰ ਇਸ ਦਾ ਅਹਿਸਾਸ ਹੀ ਨਹੀਂ ਸੀ ਕਿ ਉਹਦੇ ਨਾਲ ਕੀ ਹੋ ਗਿਆ ਹੈ ਤੇ ਜਿਸ ਨੂੰ ਇਹ ਦਿੱਸ ਰਿਹਾ ਸੀ ਉਸ ਨੂੰ ਵੀ ਨਹੀਂ ਸੀ ਪਤਾ ਕਿ ਉਹਦੇ ਨਾਲ ਕੀ ਹੋ ਰਿਹਾ ਹੈ।

ਇਹ ਇਕ ਤਰੀਕੇ ਦੇ ਨਵੇਂ ਜੀਵਨ ਦੇ ਗੁਪਤ ਅਰਥ ਹਨ ਜਿਹਨਾਂ ਉਪਰ ਤਰਕ ਕਰਨ ਵਾਲੀ ਸੋਚ ਦਾ ਕੋਈ ਕਾਬੂ ਨਹੀਂ ਹੈ।



ਕੁਝ ਹੀ ਪਲਾਂ ਵਿੱਚ ਕਿਸੇ ਅਣਜਾਣ ਚੀਜ਼ ਨੇ ਉਹਨਾਂ ਦੀ ਚੇਤਨਾ ਇਕ ਐਸੀ ਕਲਾ ਵਿੱਚ ਤਬਦੀਲ ਕਰ ਦਿੱਤੀ, ਜਿਥੇ ਗਰੂਤਾ-ਖਿੱਚ-ਕੋਣਾਂ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਟਾਈਮ ਸਪੇਸ ਕੋਈ ਗਿਣਤੀ ਨਹੀਂ ਰੱਖਦੀ।

ਦੇਖਦੇ ਹੀ ਦੇਖਦੇ ਸੱਤ ਦਿਨ ਗੁਜ਼ਰ ਗਏ। ਇਹਨਾਂ ਸੱਤਾਂ ਦਿਨਾਂ ਵਿੱਚ ਨਾ ਹੀ ਤਾਂ ਆਪਸ ਵਿੱਚ ਕੋਈ ਗੱਲਬਾਤ ਕੀਤੀ ਤੇ ਨਾ ਹੀ ਕੋਈ ਅਜਿਹਾ ਕੰਮ ਕੀਤਾ ਜਿਸ ਦੀ ਆਸ ਜਿਉਂਦੇ-ਜਾਗਦੇ ਪ੍ਰਾਣੀ ਤੋਂ ਕੀਤੀ ਜਾ ਸਕੇ।

ਸ਼ੁਰੂਆਤ ਦੇ ਤਿੰਨ-ਚਾਰ ਦਿਨ ਤਾਂ ਬੰਦ ਬੂਹੇ ਉਪਰ ਕਦੇ ਦੁੱਧ ਵਾਲੇ ਦੀ, ਕਦੇ ਜਨਰਲ ਸਟੋਰ ਦੇ ਡਿਲਿਵਰੀ ਬੁਆਏਜ਼ ਦੀ, ਕਦੇ ਮੇਡ ਸਰਵੈਂਟ ਦੀ ਦਸਤਕ ਹੁੰਦੀ ਰਹੀ। ਪਰ ਜਦ ਪੰਜਵੇਂ ਦਿਨ ਵੀ ਦਰਵਾਜ਼ਾ ਨਾ ਖੁੱਲ੍ਹਿਆ ਤਾਂ ਆਂਢ-ਗੁਆਂਢ ਦੇ ਬੂਹੇ ਇਸ ਲਈ ਖੜਕਾਏ ਗਏ ਇਸ ਉਮੀਦ ਵਿੱਚ ਕਿ ਸ਼ਾਇਦ 32 ਨੰਬਰ ਵਿੱਚ ਰਹਿਣ ਵਾਲੀਆਂ ਭੈਣਾਂ ਬਾਰੇ ਕੁਝ ਪਤਾ ਲੱਗ ਸਕੇ। ਗੁਆਂਢੀਆਂ ਨੇ ਵੀ ਦੋਵਾਂ ਭੈਣਾਂ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਦੀ ਅਣਹੋਂਦ ਦਿਖਾ ਦਿੱਤੀ ਤੇ ਇਹੋ ਮੰਨ ਲਿਆ ਕਿ ਫਲੈਟ ਵਿੱਚ ਕੋਈ ਨਹੀਂ ਹੈ।

ਉਸ ਫਲੈਟ ਦੀਆਂ ਸਾਰੀਆਂ ਖਿੜਕੀਆਂ ਬੰਦ ਸਨ, ਸਿਰਫ ਇਕ ਰਸੋਈ ਦੀ ਖਿੜਕੀ ਖੁੱਲ੍ਹੀ ਰਹਿ ਗਈ ਸੀ। ਇਸੇ ਖਿੜਕੀ ਰਾਹੀਂ, ਧੁੱਪ, ਹਵਾ, ਚਾਂਦਨੀ, ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਤੇ ਨਾਲਦੀਆਂ ਰਸੋਈਆਂ ਵਿੱਚੋਂ ਉੱਠਦੇ ਖਾਣਿਆਂ ਦੀਆਂ ਖ਼ੁਸ਼ਬੋਈਆਂ ਦਾ ਆਉਣਾ ਜਾਣਾ ਸੀ। ਕਦੇ ਕਦੇ ਚਿੜੀਆਂ ਵੀ ਅੰਦਰ ਆ ਜਾਂਦੀਆਂ। ਉਹ ਚੀਂ-ਚੀਂ ਕਰਦੀਆਂ ਕਮਰੇ ਦਾ ਚੱਕਰ ਲਾਉਂਦੀਆਂ ਤੇ ਵਾਪਸ ਖਿੜਕੀ ਰਾਹੀਂ ਬਾਹਰ ਜਾ ਕੇ ਖੁੱਲ੍ਹੇ ਅਸਮਾਨ ਵਿੱਚ ਗੁੰਮ ਹੋ ਜਾਂਦੀਆਂ।

ਜਿਹੜਾ ਕਮਰਾ ਸੱਤ ਦਿਨ ਪਹਿਲਾਂ ਕਿਸੇ ਮੰਦਿਰ ਜਿਹਾ ਸਾਫ-ਸੁਥਰਾ ਜਾਪਦਾ ਸੀ, ਉਸ ਦੀ ਹਰ ਚੀਜ਼ ਉਪਰ ਧੂੜ ਜੰਮਣੀ ਸ਼ੁਰੂ ਹੋ ਗਈ ਸੀ। ਫਰਸ਼ ’ਤੇ ਜੰਮੀ ਧੂੜ ਉਪਰ ਵਾਸ਼ ਰੂਮ ਨੂੰ ਜਾਂਦੇ ਆਉਂਦੇ ਪੈਰਾਂ ਦੇ ਨਿਸ਼ਾਨਾਂ ਤੋਂ ਇਹ ਸਾਬਤ ਹੁੰਦਾ ਸੀ ਕਿ ਕੁਝ ਅਜਿਹੀਆਂ ਜ਼ਰੂਰਤਾਂ ਵੀ ਰਹਿ ਗਈਆਂ ਸਨ ਜੋ ਉਹਨਾਂ ਨੂੰ ਵਾਸ਼ਰੂਮ ਤਕ ਲੈ ਜਾਂਦੀਆਂ ਸਨ।

ਇਹ ਵੀ ਚੰਗੀ ਗੱਲ ਸੀ ਕਿ ਵਾਸ਼ ਰੂਮ ਦਾ ਪਾਣੀ ਤੇ ਪੀਣ ਵਾਲਾ ਪਾਣੀ ਖੋਲ੍ਹਣ ਤੋਂ ਬਾਅਦ ਇਸ ਨੂੰ ਬੰਦ ਕਰਨਾ ਨਹੀਂ ਸਨ ਭੁੱਲਦੀਆਂ, ਤੇ ਮੂਤਰ-ਤਿਆਗ ਤੋਂ ਬਾਅਦ ਫਲੱਸ਼ ਕਰਨਾ ਵੀ। ਪਰ ਇਹ ਕਿਰਿਆਵਾਂ ਕਿਸੇ ਚੇਤਨਾ ਨਾਲ ਨਹੀਂ ਜੁੜੀਆਂ ਹੁੰਦੀਆਂ, ਇਹ ਸਹਿਜ ਪ੍ਰਵਿਰਤੀਆਂ ਸਨ ਜੋ ਆਪਣਾ ਕੰਮ ਕਰੀ ਜਾ ਰਹੀਆਂ ਸਨ। ਮਨੁੱਖ ਇਹਨਾਂ ਕੰਮਾਂ ਵਿੱਚ ਹੌਲੀ ਹੌਲੀ ਆਪਣੀ ਬੁੱਧੀ ਉਪਰ ਨਹੀਂ ਸਗੋਂ ਆਪਣੀਆਂ ਇੰਦਰੀਆਂ ਉਪਰ ਨਿਰਭਰ ਹੁੰਦਾ ਹੈ।

ਦੇਖਦੇ ਹੀ ਦੇਖਦੇ ਮਹੀਨਾ ਗੁਜ਼ਰ ਗਿਆ। ਉਹ ਫਲੈਟ ਗਿਆਰਾਂ ਮਹੀਨੇ ਦਾ ਅਗਾਮੀ ਭਗਤਾਨ ਕਰ ਕੇ ਕਿਰਾਏ ’ਤੇ ਲਿਆ ਹੋਇਆ ਸੀ। ਇਸ ਲਈ ਮਕਾਨ ਮਾਲਕਨ ਨੂੰ ਵੀ ਉਹਨਾਂ ਦਾ ਬੂਹਾ ਖੜਕਾਉਣ ਦੀ ਲੋੜ ਨਹੀਂ ਸੀ ਪਰ ਮੇਨਟੇਨੇਂਸ ਨਾ ਮਿਲਣ ਕਾਰਨ ਸੋਸਾਇਟੀ ਨੇ ਉਸ ਫਲੈਟ ਦੀ ਬਿਜਲੀ ‘ਤੇ ਪਾਣੀ ਦੀ ਸਪਲਾਈ ਰੋਕ ਦਿੱਤੀ।

ਹੁਣ ਫਲੈਟ ਵਿੱਚ ਭੁੱਖ ਤੇ ਪਿਆਸ ਨੇ ਆਪਣਾ ਘਰ ਬਣਾ ਲਿਆ ਸੀ ਪਰ ਇਸ ਭੁੱਖ-ਪਿਆਸ ਦੀ ਸ਼ਕਲ ਕੁਝ ਅਲੱਗ ਤਰ੍ਹਾਂ ਦੀ ਸੀ। ਉਸ ਦਾ ਸੰਬੰਧ ਕਿਸੇ ਚੀਜ਼ ਦੀ ਘਾਟ ਨਾਲ ਨਹੀਂ ਸੀ। ਫਰਿੱਜ ਵਿੱਚ ਤਰ੍ਹਾਂ ਤਰ੍ਹਾਂ ਦੇ ਫਲਾਂ, ਮੇਵਿਆਂ, ਸਬਜ਼ੀਆਂ, ਦੁੱਧ-ਮੱਖਣ, ਪਨੀਰ, ਬ੍ਰੈੱਡ ਜੈਮ-ਸੋਸ ਤੇ ਸਾਫਟ ਡਰਿੰਕਸ ਤੇ ਅਨੈਰਜੀ ਡਰਿੰਕਸ ਤੇ ਜੂਸ ਦੇ ਕੈਨ ਭਰੇ ਪਏ ਸਨ। ਰਸੋਈ ਦੇ ਪਲੇਟਫਾਰਮ ਦੇ ਥੱਲੇ ਲੋਹੇ ਦੇ ਡੱਬਿਆਂ ਵਿੱਚ ਆਟਾ, ਦਾਲਾਂ ਤੇ ਮਸਾਲਿਆਂ ਦੇ ਪੈਕਟ ਪਏ ਸਨ।

ਇਕ ਹਾਈਟਰੈਕ ਸ਼ਹਿਰ ਦੇ ਆਈ. ਟੀ. ਹੱਬ ਵਿੱਚ ਕਿਸੇ ਅਜਿਹੇ ਫਲੈਟ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ ਜਿਸ ਵਿੱਚ ਰਹਿਣ ਵਾਲੇ ਦੋ ਪ੍ਰਾਣੀਆਂ ਦੇ ਪੇਟ ਇਕ ਮਹੀਨੇ ਤੋਂ ਖਾਲੀ ਹੋਣ।

ਇਕ ਮਹੀਨੇ ਦੀ ਭੁੱਖ ਤੇ ਮੌਨ ਨਾਲ ਉਹਨਾਂ ਦੇ ਅੰਦਰ ਜੋ ਤਬਦੀਲੀਆਂ ਆਈਆਂ ਉਹਦੇ ਨਾਲ ਉਹਨਾਂ ਦੇ ਸੋਚਣ ਤੇ ਕੰਮ ਕਰਨ ਦਾ ਸਿਲਸਿਲਾ ਟੁੱਟ ਗਿਆ ਸੀ। ਹੁਣ ਅੰਦਰਲੀਆਂ ਗ੍ਰੰਥੀਆਂ ਕੁਝ ਨਵੇਂ ਸੁਨੇਹੇ ਦੇਣ ਲੱਗੀਆਂ ਸਨ। ਇਹ ਸੁਨੇਹੇ ਅਰਥਹੀਣ ਵੀ ਹੋ ਸਕਦੇ ਸਨ ਤੇ ਬਹੁਤ-ਅਰਥੀ ਮਾਇਨਿਆਂ ਵਾਲੇ ਵੀ। ਪਰ ਉਹਨਾਂ ਨਤੀਜਿਆਂ ਨੂੰ ਕਿਸੇ ਫੈਸਲੇ ਦੇ ਫੋਕਸ ਵਿੱਚ ਰੱਖਣਾ ਸੰਭਵ ਨਹੀਂ ਸੀ। ਹੁਣ ਉਹਨਾਂ ਦੀਆਂ ਗਤੀਵਿਧੀਆਂ ਨੂੰ ਦੇਖ ਕੇ ਕਈ ਅੰਦਾਜ਼ੇ ਲਗਾਏ ਜਾ ਸਕਦੇ ਸਨ ਪਰ ਕੋਈ ਅਰਥ ਕੱਢਣੇ ਜਾਂ ਕਿਸੇ ਫੈਸਲੇ ਤਕ ਪੁੱਜਣਾ ਬਹੁਤ ਮੁਸ਼ਕਿਲ ਸੀ।

ਇਕ ਮਹੀਨੇ ਦੀ ਖਾਮੋਸ਼ੀ ਤੋਂ ਬਾਅਦ ਇਕ ਦਿਨ ਵੱਡੀ ਭੈਣ ਅਚਾਨਕ ਚੌਂਕ ਪਈ ਤੇ ਉਸ ਨੇ ਫਰਸ਼ 'ਤੇ ਪਿਆ ਆਪਣਾ ਫੋਨ ਚੁੱਕ ਲਿਆ। ਜਿੰਦਾਂ ਹੁਣੇ ਹੁਣੇ ਕਿਸੇ ਦੀ ਕਾਲ ਆਈ ਹੋਵੇ। ਇਕ ਅਜਿਹੀ ਕਾਲ ਜਿਸ ਦੀ ਡਾਇਲਰ ਟੋਨ ਸਿਰਫ ਉਸੇ ਨੂੰ ਸੁਣਾਈ ਦੇ ਰਹੀ ਸੀ। ਜਦ ਕਿ ਉਸ ਫੋਨ ਦੀ ਬੈਟਰੀ ਇਕ ਮਹੀਨਾ ਪਹਿਲਾਂ ਹੀ ਡਿਸਚਾਰਜ ਹੋਰ ਚੁੱਕੀ ਸੀ। ਪਰ ਫਿਰ ਵੀ ਉਸ ਨੇ ਉਸ ਅਭੌਤਿਕ ਕਾਲ ਨੂੰ ਰਿਸੀਵ ਕੀਤਾ ਤੇ ਗੱਲ ਕਰਨ ਲੱਗੀ।

ਉਸ ਬੇਜਾਨ ਫੋਨ ਦੇ ਦੂਜੇ ਸਿਰੇ 'ਤੇ ਹਾਲਾਂਕਿ ਕੋਈ ਨਹੀਂ ਸੀ ਪਰ ਉਸ ਨਾਲ ਗੱਲ ਕਰਦੇ ਸਮੇਂ ਉਸ ਦਾ ਸੁਰ ਕੁਝ ਦੱਬਵਾਂ ਸੀ। ਜਿੰਦਾਂ ਉਹ ਕਿਸੇ ਗੱਲ ਦੀ ਸਫਾਈ ਦੇ ਰਹੀ ਹੋਵੇ ਪਰ ਕੁਝ ਬਾਅਦ ਉਸ ਦਾ ਰੁਖ ਬਦਲ ਗਿਆ। ਉਹ ਉੱਚੀ ਆਵਾਜ਼ ਵਿੱਚ ਬੋਲੀ,

"ਮੇਰੇ ਏਰੀਏ ਵਿੱਚ ਕੰਪਨੀ ਦੇ ਪ੍ਰੋਡੱਕਟ ਜੇ ਪਰਫੌਰਮ ਨ੍ਹੀਂ ਕਰ ਪਾ ਰਹੇ ਤਾਂ ਉਸ ਦੀ ਜ਼ਿੰਮੇਵਾਰੀ ਮੇਰੀ ਜਾਂ ਮੇਰੀ ਟੀਮ ਦੀ ਨ੍ਹੀਂ ਏ, ਅਸੀਂ ਦਿਨ-ਰਾਤ ਮਿਹਨਤ ਕੀਤੀ ਏ। ਆਪਣੀਆਂ ਹਰ ਤਰ੍ਹਾਂ ਦੀਆਂ ਪਰਸਨਲ ਪ੍ਰੌਬਲਮਾਂ ਨੂੰ ਭੁਲਾ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਕੰਮ ਨੂੰ ਸਮਰਪਿਤ ਕਰ ਦਿੱਤਾ ਸੀ, ਪਰ ਜਦ ਜੀ.ਡੀ.ਪੀ. ਲਗਾਤਾਰ ਤਿੰਨ ਤਿਮਾਹੀ ਡਿਗਦਾ ਏ ਤੇ ਸਟੌਕ ਮਾਰਕੀਟ ਵਿੱਚ ਵੀ ਲਗਾਤਾਰ ਗਿਰਾਵਟ ਆ ਰਹੀ ਏ ਤਾਂ ਕੋਈ ਕੀ ਕਰ ਸਕਦਾ ਏ? ਤੁਸੀਂ ਸਿਰਫ ਕੰਪਨੀ ਦੀ ਬੌਟਿਮ ਲਾਈਨ ਤੇ ਟੌਪ ਲਾਈਨ ਦੇਖ ਰਹੇ ਓ, ਸਾਡੀ ਸਟਰੱਗਲ ਤੁਹਾਨੂੰ ਦਿਖਾਈ ਹੀ ਨਹੀਂ ਦੇ ਰਹੀ। ਕੀ ਤੁਸੀਂ ਇਹ ਉਮੀਦ ਕਰਦੇ ਹੋ ਕਿ ਮੈਂ ਆਪਣਾ ਇਕ ਹੱਥ ਕੱਟ ਕੇ ਡੈਸਕਟੌਪ ਉਪਰ ਰੱਖ ਆਇਆ ਕਰਾਂ ਤਾਂ ਮਾਰਕੀਟ ਵਿੱਚ ਬੂਮ ਆ ਜਾਵੇਗੀ?"

ਉਸ ਤੋਂ ਬਾਅਦ ਕਾਫੀ ਦੇਰ ਤਕ ਤਿੱਖੀ ਨੋਂਕ-ਝੋਂਕ ਚਲਦੀ ਰਹੀ। ਉਹ ਵਾਰ ਵਾਰ ਇਹੀ ਦੁਹਰਾਉਂਦੀ ਜਾ ਰਹੀ ਸੀ ਕਿ ਗਲਤੀ ਸੇਲਜ਼ ਦੀ ਨਹੀਂ, ਮਾਰਕੀਟਿੰਗ ਓਪਰੇਸ਼ਨ ਦੀ ਹੈ। ਉਸ ਨੇ ਵਕਤ ਰਹਿੰਦਿਆਂ ਪਰੋਡੱਕਸ਼ਨ ਨਹੀਂ ਰੁਕਵਾਈ ਤੇ ਹੁਣ ਗੁਦਾਮਾਂ ਵਿੱਚ ਜਮ੍ਹਾਂ ਹੋ ਗਏ ਮਾਲ ਨੂੰ ਸੇਲਜ਼ ਦੇ ਮੱਥੇ ਮੜ੍ਹ ਰਹੇ ਹੋ।

ਕੁਝ ਦੇਰ ਹੋਰ ਬਹਿਸ ਚੱਲੀ। ਫਿਰ ਵੱਡੀ ਭੈਣ ਨੇ ਫੈਸਲਾਕੁੰਨ ਗੱਲ ਆਖਦਿਆਂ ਅਜੀਬ ਜਿਹੀ ਨਫਰਤ ਨਾਲ ਭਰੀ ਫੁੰਕਾਰ ਛੱਡੀ ਤੇ ਸਿਰ ਹਿਲਾਉਂਦੀ ਬੋਲੀ, "ਕੁਲ ਮਿਲਾ ਕੇ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਅਸੀਂ ਇਨਸਾਨ ਨਹੀਂ ਹਾਂ, ਅਸੀਂ ਸਿਰਫ ਆਈਆਈਟੀਯਨ ਹਾਂ, ਤੇ ਇਕ ਆਈਆਈਟੀਯਨ ਨੂੰ ਆਪਣੇ ਪਾਵਰ ਪੁਆਇੰਟ ਪ੍ਰਫੌਰਮੈਂਸ ਬਿਨਾਂ ਕੁਝ ਹੋਰ ਸੋਚਣਾ ਨਹੀਂ ਚਾਹੀਦਾ। ਸਾਨੂੰ ਆਪਣੇ ਮਾਂ-ਬਾਪ, ਭੈਣ ਭਰਾ ਤੇ ਰਿਸ਼ਤੇਦਾਰਾਂ ਬਾਰੇ ਇਹ ਧਾਰਣਾ ਬਣਾ ਲੈਣੀ ਚਾਹੀਦੀ ਏ ਕਿ ਉਹ ਸਾਡੇ ਕਿਸੇ ਕੰਮ ਦੇ ਨਹੀਂ ਨੇ। ਉਹਨਾਂ ਨਾਲ ਜੁੜੀਆਂ ਸਾਰੀਆਂ



ਭਾਵਨਾਵਾਂ ਨੂੰ ਕੂੜੇ ਵਿੱਚ ਸੁੱਟ ਦੇਣਾ ਚਾਹੀਦਾ ਏ। ਕਿਉਂਕਿ ਜੇ ਅਸੀਂ ਉਹਨਾਂ ਦਾ ਧਿਆਨ ਰੱਖਾਂਗੇ ਤਾਂ ਕੰਪਨੀ ਦੇ ਬੱਫਰ ਸਟੌਕ ਨੂੰ ਬੁਲਿਇੰਗ ਕਰਨ ਦੀ ਸਾਡੇ ਵਿੱਚ ਹਿੰਮਤ ਨਹੀਂ ਰਹੇਗੀ।"

ਵੱਡੀ ਭੈਣ ਦੀ ਇਸ ਬੁੜਬੁੜਾਹਟ ਨੂੰ ਸੁਣ ਕੇ ਛੋਟੀ ਭੈਣ ਪਹਿਲਾਂ ਹੀ ਜਾਗ ਚੁੱਕੀ ਸੀ। ਉਸ ਨੂੰ ਕੁਝ ਸਮਝ ਨਹੀਂ ਪੈ ਰਹੀ ਕਿ ਉਹ ਕੀ ਕਰ ਰਹੀ ਹੈ। ਪਰ ਉਹ ਫਰਸ਼ 'ਤੇ ਬੈਠੀ ਆਪਣੇ ਹੱਥਾਂ ਦੇ ਦੋਵਾਂ ਪੰਜਿਆਂ ਉਪਰ ਝੁਕੀ ਕਮਲ਼ਿਆਂ ਵਾਂਗ ਟਿਕਟਿਕੀ ਲਾ ਕੇ ਉਸ ਵੱਲ ਦੇਖਦੀ ਰਹੀ।

ਉਸ ਫਲੈਟ ਵਿੱਚ ਇਕ ਮਹੀਨੇ ਬਾਅਦ ਇਨਸਾਨੀ ਆਵਾਜ਼ ਆਈ ਸੀ ਪਰ ਜਿਹਨੂੰ ਇਹ ਸੁਣਾਈ ਦਿੱਤੀ ਸੀ ਸਿਰਫ ਸਵੱਰ ਹੀ ਸੁਣਾਈ ਦਿੱਤਾ ਸੀ ਵਿਅੰਜਨ ਨਹੀਂ। ਸਿਰਫ ਸ਼ਬਦ ਸੁਣਾਈ ਦੇ ਰਹੇ ਸਨ ਪਰ ਇਹ ਸ਼ਬਦ ਆਪਣੇ ਅਰਥਾਂ ਦਾ ਸੰਚਾਰ ਨਹੀਂ ਸਨ ਕਰ ਪਾ ਰਹੇ।

ਕਿਸੇ 'ਚੀਜ਼' ਨੇ ਉਸ ਦੇ ਮਸਤਕ ਦੇ ਉਸ ਹਿੱਸੇ ਨੂੰ ਜੋ ਇੰਦਰੀਆਂ ਨੂੰ ਸੰਸਾਰਿਕ ਜਾਂ ਭੌਤਿਕ ਮਾਇਨੇ ਦਿੰਦਾ ਹੈ, ਬਿਲਕੁਲ ਸੁਲਾ ਦਿੱਤਾ ਸੀ। ਹੁਣ ਉਹਦੇ ਲਈ ਸ਼ਬਦਾਂ ਦਾ ਕੋਈ ਅਰਥ ਨਹੀਂ ਸਨ ਰਹਿ ਗਿਆ।

ਕੁਝ ਦੇਰ ਉਹ ਉਵੇਂ ਹੀ ਹੱਥ ਫਰਸ਼ 'ਤੇ ਰੱਖੇ ਬੈਠੀ ਰਹੀ। ਫਿਰ ਉਹਨੇ ਉੱਠਣ ਦੀ ਕੋਸ਼ਿਸ਼ ਕੀਤੀ। ਇਕ ਦੋ ਵਾਰ ਲੜਖੜਾ ਕੇ ਉਹ ਉੱਠ ਖੜੀ ਤੇ ਡਗਮਗਾਉਂਦੇ ਕਦਮਾਂ ਨਾਲ ਖਿੜਕੀ ਦੇ ਨੇੜੇ ਆ ਗਈ। ਆਪਣੇ ਕਮਜ਼ੋਰ ਪੈ ਚੁੱਕੇ ਹੱਥ ਨਾਲ ਖਿੜਕੀ ਦਾ ਪੈਨਲ ਦਬਾ ਕੇ ਖਿੜਕੀ ਜ਼ਰਾ ਕੁ ਖੋਲ੍ਹੀ। ਜਿੰਦਾਂ ਹੀ ਅੱਧੀ ਕੁ ਖਿੜਕੀ ਖੁੱਲ੍ਹੀ ਤਾਂ ਬਾਹਰੀ ਦੁਨੀਆ ਦਾ ਸਭ-ਕੁਝ ਜਿੰਦਾਂ ਇਕ ਰੇਲੇ ਵਾਂਗ ਉਸ ਦੇ ਅੰਦਰ ਆ ਵੜਨ ਲੱਗਾ ਹੋਵੇ।

ਉਸ ਦੇ ਉਲਝੇ ਤੇ ਉਖੜੇ ਵਾਲ ਹਵਾ ਵਿੱਚ ਲਹਿਰਾਉਣ ਦੇ ਕਾਬਲ ਵੀ ਨਹੀਂ ਸਨ ਰਹੇ। ਉਹ ਆਪਸ ਵਿੱਚ ਏਨੇ ਚਿਪਕ ਗਏ ਸਨ ਕਿ ਕਿਸੇ ਕਾਂ ਦੇ ਖੰਭਾਂ ਵਾਂਗ ਜਾਪਦੇ ਸਨ।

ਕੁਝ ਦੇਰ ਉਹ ਉਵੇਂ ਹੀ ਸਿਰ ਝੁਕਾਈ ਖੜੀ ਰਹੀ। ਫਿਰ ਉਸ ਨੇ ਹੌਲੇ ਹੌਲੇ ਸਿਰ ਉਪਰ ਚੁੱਕਿਆ ਤਾਂ ਉਸ ਦੀਆਂ ਅੱਖਾਂ ਦਾ ਖਾਲੀਪਨ ਜਿੰਦਾਂ ਗਾਇਬ ਹੋ ਰਿਹਾ ਹੋਵੇ। ਉਸ ਦੀ ਦ੍ਰਿਸ਼ਟੀ ਵਿੱਚ ਇਕ ਖਾਸ ਕਿਸਮ ਦੀ ਇਗਾਰਤਾ ਤੇ ਸੁਜਗਤਾ ਆ ਗਈ ਸੀ ਜਿੰਦਾਂ ਉਹ ਕਿਸੇ ਇਕ ਚੀਜ਼ ਨੂੰ ਨਹੀਂ, ਪੂਰੀ ਕਾਇਨਾਤ ਨੂੰ ਦੇਖ ਰਹੀ ਹੋਵੇ।

ਤੇ ਉਸ ਦੇ ਚਿਹਰੇ 'ਤੇ ਮੁਸਕਰਾਹਟ ਆ ਗਈ, ਇਕ ਠੋਸ ਮੁਸਕਰਾਹਟ। ਇਕ ਹਲਕੀ ਜਿਹੀ ਜੁੰਬਸ਼ ਨੇ ਉਸ ਦੇ ਚਿਹਰੇ ਦੀਆਂ ਹੱਡੀਆਂ ਨੂੰ ਉਭਾਰ ਕੇ ਚਿਹਰੇ ਨੂੰ ਕੁਝ ਕੁ ਅਜੀਬ ਬਣਾ ਦਿੱਤਾ ਸੀ।

ਕੁਝ ਦੇਰ ਬਾਅਦ ਉਸ ਨੂੰ ਫਿਰ ਇਕ ਉਨੀਂਦੀ ਜਿਹੀ, ਸ਼ਾਂਤੀ ਜਿਹੀ ਮਹਿਸੂਸ ਹੋਈ ਤੇ ਪਿਆਰੀ ਜਿਹੀ ਥਕਾਵਟ ਵੀ ਜੋ ਉਸ ਨੂੰ ਜੀਵਨ ਤੇ ਜੀਵਨ ਦੇ ਦੁੱਖਾਂ ਵਿੱਚੋਂ ਬਾਹਰ ਲੈ ਆਈ ਸੀ।

ਹਾਂ, ਇਹ ਉਹੀ ਥਕਾਵਟ ਸੀ ਜਿਹਨੇ ਫੂਕ ਮਾਰ ਮਾਰ ਕੇ ਉਸ ਦੇ ਸਿਰ ਨੂੰ ਖਾਲੀ ਕਰ ਦਿੱਤਾ ਸੀ। ਹੁਣ ਇਹ ਥਕਾਵਟ ਸਥਾਈ ਰੂਪ ਵਿੱਚ ਉਸ ਦੇ ਅੰਦਰ ਵਸ ਗਈ ਸੀ ਤੇ ਇਕ ਮਿੱਠੇ ਨਸ਼ੇ ਵਿੱਚ ਬਦਲ ਗਈ ਸੀ।

ਉਹ ਉਸੇ ਨਸ਼ੇ ਦਾ ਹੋਰ ਲੁਤਫ ਲੈਣ ਲਈ ਫਲੈਟ ਵਿੱਚ ਇੱਧਰ ਉੱਧਰ ਟਹਿਲਣ ਲੱਗੀ। ਉਹ ਕੁਝ ਚੀਜ਼ਾਂ ਨੂੰ ਛੂਹਣ ਤੇ ਸਹਿਲਾਉਣ ਲੱਗੀ। ਉਹਨਾਂ ਨੂੰ ਆਪਸ ਵਿੱਚ ਟਕਰਾ ਰਹੀ ਸੀ ਜਾਂ ਸਹਿਮਿਲਨ ਲਈ ਸੁਵਿਧਾ ਬਣਾ ਰਹੀ ਸੀ। ਉਸ ਦਾ ਇਰਾਦਾ 'ਟਕਰਾਅ' ਜਾਂ 'ਵਿਲਯਨ' ਵਿੱਚੋਂ ਕੁਝ ਵੀ ਹੋਵੇ ਪਰ ਇਹ ਵਿਸ਼ਲੇਸ਼ਣ ਦੇ ਦਾਇਰੇ ਤੋਂ ਬਾਹਰ ਸੀ।

ਕੁਝ ਦੇਰ ਬਾਅਦ ਉਹ ਕਿਚਨ ਵਿੱਚ ਚਲੇ ਗਈ। ਫਰਿੱਜ ਵਿੱਚੋਂ ਚੀਜ਼ਾਂ ਚੁੱਕ ਚੁੱਕ ਕੇ ਲਿਆਉਣ ਲੱਗੀ। ਫਰਿੱਜ ਖਾਲੀ ਕਰਨ ਤੋਂ ਬਾਅਦ ਮਾਡਲਯੂਅਰ ਕਿੱਚਨ ਦੀਆਂ ਟਰਾਲੀਆਂ ਵਿੱਚੋਂ ਉਹ ਅਨਾਜ ਤੇ ਦਾਲ-ਆਟੇ ਦੇ ਪੈਕਟ ਚੁੱਕ ਲਿਆਈ ਤੇ ਡਰਾਇੰਗ ਰੂਮ ਦੇ ਵਿੱਚ ਵਿਚਕਾਰ ਢੇਰ ਲਾ ਦਿੱਤਾ।

ਫਿਰ ਉਹ ਉਹਨਾਂ ਚੀਜ਼ਾਂ ਦੁਆਲੇ ਚੱਕਰ ਲਾਉਣ ਲੱਗੀ। ਹਾਲੇ ਵੀ ਉਹ ਸਾਰੀਆਂ ਚੀਜ਼ਾਂ ਨੂੰ ਬਹੁਤ ਧਿਆਨ ਨਾਲ ਦੇਖਦੀ ਜਾ ਰਹੀ ਸੀ ਪਰ ਉਸ ਦੀ ਦ੍ਰਿਸ਼ਟੀ ਤੋਂ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਇਹਨਾਂ ਚੀਜ਼ਾਂ ਨੂੰ ਪਰਖ ਰਹੀ ਸੀ ਜਾਂ ਇਹਨਾਂ ਦੀ ਉਪਯੋਗਤਾ ਬਾਰੇ ਸੋਚ ਰਹੀ ਸੀ। ਉਸ ਦੇ ਮਨ ਵਿੱਚ ਇਹਨਾਂ ਚੀਜ਼ਾਂ ਦਾ ਕੋਈ ਮਹੱਤਵ ਨਹੀਂ ਸੀ ਰਹਿ ਗਿਆ ਜੋ ਕਿ ਪਹਿਲਾਂ ਬਹੁਤ ਸੀ, ਇਸ ਲਈ ਉਹ ਜਾਨੀ ਵੀ ਜਾਂਦੀ ਸੀ। ਉਹ ਸਾਰੀਆਂ ਚੀਜ਼ਾਂ ਆਪਣਾ ਅਲੱਗ ਅਲੱਗ ਰੰਗ-ਰੂਪ, ਗੰਧ-ਸਵਾਦ, ਤੇ ਹੋਰ ਗੁਣ ਵੀ ਗੁਆ ਚੁੱਕੀਆਂ ਸਨ।

ਆਖੀਰ ਉਸ ਦੀ ਥਕਾਨ ਨੇ ਉਸ ਨੂੰ ਪਸਤ ਕਰ ਦਿੱਤਾ ਤੇ ਉਹ ਉਸ ਢੇਰ ਕੋਲ ਬਹਿ ਗਈ ਤੇ ਫਿਰ ਲੰਮੀ ਪੈ ਗਈ।

ਵੱਡੀ ਭੈਣ ਛੋਟੀ ਭੈਣ ਦੀਆਂ ਇਹਨਾਂ ਗਤੀਵਿਧੀਆਂ ਤੋਂ ਬੇਖ਼ਬਰ ਹਾਲੇ ਤਕ ਆਪਣੀ ਗੱਲਬਾਤ ਵਿੱਚ ਮਗਨ ਸੀ। ਉਹ ਕਿਸੇ ਅਵੇਗ ਵਿੱਚ ਆਈ ਮੁੱਠੀਆਂ ਮੀਚ ਕੇ ਇੱਧਰ ਉੱਧਰ ਘੁੰਮ ਰਹੀ ਸੀ। ਫਿਰ ਉਹ ਸੋਫੇ ਉਪਰ ਪਸਰ ਗਈ। ਹੁਣ ਉਹ ਆਪਣੀ ਮਾਂ ਨਾਲ ਗੱਲਾਂ ਕਰ ਰਹੀ ਸੀ। ਉਹ ਹਾਲੇ ਵੀ ਉਸ ਨੂੰ ਕੁਝ ਸਮਝਾ ਰਹੀ ਸੀ, ਹਿਦਾਇਤਾਂ ਦੇ ਰਹੀ ਸੀ। ਤੇ ਪੂਰੇ ਅਧਿਕਾਰ ਨਾਲ ਡਾਂਟ ਰਹੀ ਸੀ। ਪਰ ਮਾਂ ਵੀ ਪਤਾ ਨਹੀਂ ਕਿਸ ਮਿੱਟੀ ਦੀ ਬਣੀ ਸੀ, ਉਹ ਆਪਣੀ ਧੀ ਦੀ ਇਕ ਵੀ ਗੱਲ ਨਹੀਂ ਸੀ ਮੰਨ ਰਹੀ।

* * *

ਮਾਂ ਪਹਿਲਾਂ ਅਜਿਹੀ ਨਹੀਂ ਸੀ ਹੁੰਦੀ, ਬਹੁਤ ਹੀ ਸਾਧਾਰਣ ਸੁਭਾਅ ਵਾਲੀ ਹੱਸਮੁਖ ਔਰਤ ਸੀ। ਪਿਤਾ ਦੀ ਅਚਾਨਕ ਮੌਤ ਤੋਂ ਬਾਅਦ ਮਾਂ ਆਪਣੀਆਂ ਦੋਨਾਂ ਧੀਆਂ ਵੱਲ ਜ਼ਿਆਦਾ ਜ਼ਿੰਮੇਵਾਰ ਹੋ ਗਈ ਤੇ ਆਪਣੇ ਆਪ ਵੱਲੋਂ ਅਵੇਸਲੀ ਤੇ ਲਾਪਰਵਾਹ।

ਕੁਝ ਗ੍ਰੰਥੀਆਂ ਨੇ ਮਾਂ ਦੇ ਅੰਦਰ ਸਥਾਈ ਤੌਰ ’ਤੇ ਘਰ ਬਣਾ ਲਿਆ ਸੀ। ਮਾਂ ਦੇ ਅਵਚੇਤਨ ਵਿੱਚ ਸਥਾਈ ਭਾਵ ਸੀ-ਧਰਮ ਤੇ ਕਰਮ। ਪਿਤਾ ਦੀ ਲੰਮੀ ਬਿਮਾਰੀ ਤੇ ਉਹਨਾਂ ਦੇ ਅੰਤਿਮ ਸਸਕਾਰ ਤੇ ਮੌਤ ਤੋਂ ਬਾਅਦ ਵਾਲੇ ਕਿਰਿਆਕ੍ਰਮ ਨੇ ਉਹਨਾਂ ਨੂੰ ਕਰਜ਼ਾ ਲੈਣ ਲਈ ਮਜਬੂਰ ਕਰ ਦਿੱਤਾ ਸੀ। ਉਹਨਾਂ ਕਰਜ਼ਿਆਂ ਨੂੰ ਲਾਹੁਣ ਲਈ ਤੇ ਬੱਚਿਆਂ ਦੇ ਪਾਲਣ ਪੋਸਣ ਦੀ ਦੋਹਰੀ ਜ਼ਿੰਮੇਵਾਰੀ ਪੂਰੀ ਕਰਨ ਲਈ ਉਹਨੇ ਆਪਣੇ ਆਪ ਨੂੰ ਇਕੋ ਸਮੇਂ ਕਈ ਕੰਮਾਂ ਵਿੱਚ ਲਾ ਦਿੱਤਾ। ਤੇ ਨਾਲ ਦੀ ਨਾਲ ਇਹਨਾਂ ਮੁਸ਼ਕਲਾਂ ਭਰੇ ਦਿਨਾਂ ਨੇ ਉਹਨੂੰ ਧਰਮ ਵਲ ਵੀ ਮੋੜ ਦਿੱਤਾ ਸੀ। ਉਹ ਆਏ ਦਿਨ ਵਰਤ ਰੱਖਣ ਲਗੀ ਸੀ। ਜਿੰਦਾਂ ਜਿੰਦਾਂ ਦਿਨ ਬੀਤਦੇ ਗਏ, ਵਰਤ ਤੇ ਪ੍ਰਾਰਥਨਾ ਦਾ ਨਸ਼ਾ ਉਸ ਉਪਰ ਹਾਵੀ ਹੁੰਦਾ ਗਿਆ।

ਉਹ ਸਵੇਰੇ ਛੇ ਵਜੇ ਮੰਦਿਰ ਪੁੱਜ ਜਾਂਦੀ। ਅੱਧੇ ਘੰਟੇ ਦੀ ਪੂਜਾ ਤੇ ਪ੍ਰਾਰਥਨਾ ਤੇ ਯਾਚਨ ਤੋ ਬਾਅਦ ਉਹ ਘਰ ਪੁੱਜਦਿਆਂ ਹੀ ਬੱਚਿਆਂ ਨੂੰ ਸਕੂਲ ਲਈ ਤਿਆਰ ਕਰਨ ਲੱਗਦੀ। ਬੱਚੇ ਸਕੂਲ ਚਲੇ ਜਾਂਦੇ ਤਾਂ ਉਹ ਸਿੱਧੀ ਸਿਲਾਈ ਮਸ਼ੀਨ ਉਪਰ ਬਹਿ ਜਾਂਦੀ। ਇਕ ਗਾਰਮੈਂਟ ਕੰਪਨੀ ਦਾ ਡਿਲਿਵਰੀ ਬੁਆਏ ਰੋਜ਼ਾਨ ਪੰਜਾਹ ਸਲਵਾਰਾਂ ਦਾ ਕੱਪੜਾ ਛੱਡ ਜਾਇਆ ਕਰਦਾ ਸੀ।



ਸਲਵਾਰ ਦੇ ਡਿਜ਼ਾਇਨ ਪਹਿਲਾਂ ਹੀ ਕੱਟੇ ਹੋਏ ਮਿਲਦੇ ਇਸ ਲਈ ਸੀਓਣ ਵਿੱਚ ਜ਼ਿਆਦਾ ਵਕਤ ਨਹੀਂ ਸੀ ਲਗਦਾ। ਪਰ ਮਾਂ ਕੋਲ ਸਿਲਾਈ ਦੇ ਇਲਾਵਾ ਹੋਰ ਵੀ ਕਈ ਕੰਮ ਸਨ। ਸਿਲਾਈ ਵਾਲਾ ਕੰਮ ਵਿਚਕਾਰ ਹੀ ਛੱਡ ਉਹ ਚੁਲ੍ਹਾ-ਚੌਂਕਾ, ਕੱਪੜਾ-ਵਰਤਨ ਤੇ ਝਾੜੂ-ਪੋਚੇ ਦੇ ਕੰਮਾਂ ਨਾਲ ਭਿੜ ਜਾਂਦੀ। ਫਿਰ ਜਲਦਬਾਜ਼ੀ ਵਿਚ ਇਕ ਅੱਧੀ ਬੁਰਕੀ ਮੂੰਹ ਵਿੱਚ ਪਾ ਕੇ ਘਰੋਂ ਤੁਰ ਪੈਂਦੀ। ਦੁਪਹਿਰ ਤਿੰਨ ਵਜੇ ਤੋਂ ਸ਼ਾਮ ਦੇ ਛੇ ਵਜੇ ਤਕ ਉਹ ਫੇਰੀ ਦਾ ਕੰਮ ਕਰਦੀ। ਘਰ ਘਰ ਜਾ ਕੇ ਸਾਮਾਨ ਵੇਚਣ ਵਾਲੀ ਸਕੀਮ ਚਲਾਉਣ ਵਾਲੀ ਇਕ ਸੇਲਜ਼ ਏਜੰਸੀ ਦੇ ਗੁਦਾਮ ਵਿੱਚ ਉਹ ਤਿੰਨ ਵਜੇ ਪੁੱਜ ਜਾਂਦੀ। ਛੋਟੇ ਵੱਡੇ ਘਰੇਲੂ ਸਮਾਨ ਦਾ ਭਰਿਆ ਥੈਲਾ ਉਥੋਂ ਲੈ ਕੇ ਸ਼ਹਿਰ ਦੀਆਂ ਕਾਲੋਨੀਆਂ ਵਿੱਚ ਪੈਦਲ-ਪੈਦਲ ਨਿਕਲ ਤੁਰਦੀ। ਤਿੰਨ ਘੰਟੇ ਵਿੱਚ ਮੁਸ਼ਕਿਲ ਨਾਲ ਇਕ ਜਾਂ ਦੋ ਚੀਜ਼ਾਂ ਹੀ ਵੇਚ ਹੁੰਦੀਆਂ, ਇਹਨਾਂ ਵਿੱਚੋਂ ਹੋਣ ਵਾਲੀ ਆਮਦਨੀ ਇੰਨੀ ਨਹੀਂ ਸੀ ਹੁੰਦੀ ਕਿ ਇਹਦੇ ਆਸਰੇ ਹੀ ਬੈਠੀ ਰਹਿੰਦੀ।

ਤੇ ਉਦੋਂ ਉਸ ਨੇ ਇਕ ਹੋਰ ਤਰੀਕਾ ਅਪਣਾਇਆ। ਉਹ ਮਹਿਲਾ ਗ੍ਰਹਿ ਉਦਯੋਗ ਦੀ ਇਕ ਸ਼ਾਖਾ ਨਾਲ ਜੁੜ ਗਈ ਤੇ ਘਰੇਲੂ ਵਰਤੋਂ ਦੀਆਂ ਚੀਜ਼ਾਂ ਦੀ ਸਪਲਾਈ ਸ਼ੁਰੂ ਕਰ ਦਿੱਤੀ।

ਉਸ ਦੇ ਮੋਢਿਆਂ ’ਤੇ ਦੋ ਥੈਲੇ ਹੁੰਦੇ। ਇਕ ਥੈਲੇ ਵਿੱਚ ਲਿਕਿਉਡੇਟਰ, ਰੂਮ ਫਰੈਸ਼ਨਰ, ਵੈਜੀਟੇਬਲ ਕੱਟਰ, ਫੂਡ ਪਰੋਸੈਸਰ, ਜੂਸਰ, ਹੈਂਡ ਮਸਾਜਰ, ਹੇਅਰ ਡਾਇਰ ਤੇ ਵੈਕਟਸ ਜਵੈਲਰੀ ਅਤੇ ਦੂਜੇ ਥੈਲੇ ਵਿੱਚ ਇਡਲੀ, ਵੜਾ ਸਾਂਭਰ, ਢੋਲਕਾ ਕੇ ਇੰਸਟੈਂਟ ਪਾਊਡਰ, ਨਮਕੀਨ ਦੇ ਪੈਕਸਟਸ, ਪਾਪੜ-ਬੜੀ, ਆਚਾਰ-ਮੁਰੱਬਾ ਤੇ ਠੰਢੇ ਸ਼ਰਬਤ, ਸਾਸ ਤੇ ਜੈਮ ਦੀਆਂ ਬੋਤਲਾਂ...

ਇਹ ਚੀਜ਼ਾਂ ਆਸਾਨੀ ਨਾਲ ਨਹੀਂ ਸਨ ਵਿਕਦੀਆਂ। ਗ੍ਰਹਿਣੀਆਂ ਨੂੰ ਆਪਣੀਆਂ ਚੀਜ਼ਾਂ ਵੇਚਣ ਲਈ ਬਹੁਤ ਸਮਝਾਉਣਾ ਪੈਂਦਾ ਸੀ। ਖੁਸ਼ਾਮਦ ਕਰਨੀ ਪੈਂਦੀ ਸੀ, ਕਦੇ ਕਦੇ ਤਾਂ ਉਹ ਮਿੰਨਤਾਂ ਤਰਲੇ ਵੀ ਕਰਨ ਲੱਗਦੀ ਸੀ।

ਏਨਾ ਸਭ ਕਰਨ ਤੋਂ ਬਾਅਦ ਸ਼ਾਮ ਨੂੰ ਉਹ ਸਿੱਧਾ ਘਰ ਆਉਣ ਦੀ ਵਜਾਏ ਕਿਸੇ ਧਾਰਮਿਕ ਪ੍ਰਵਚਨ ਵਿੱਚ ਜਾ ਬਹਿੰਦੀ, ਆਪਣੀ ਥਕਾਵਟ, ਅਕੇਵਾਂ ਤੇ ਉਦਾਸੀ ਦੂਰ ਕਰਨ ਲਈ ਉਹ ਇਕ ਘੰਟਾ ਉਥੇ ਬੈਠੀ ਰਹਿੰਦੀ। ਧਾਰਮਿਕ ਸਭਾ ਦੇ ਪੂਰੇ ਹੁੰਦਿਆਂ ਹੀ ਉਹ ਘਰ ਆ ਕੇ ਘਰ ਦੇ ਕੰਮਾਂ ਨੂੰ ਜੁੱਟ ਜਾਂਦੀ। ਬੱਚਿਆਂ ਨੂੰ ਖਾਣ ਪਰੋਸਣ ਤੋਂ ਬਾਅਦ ਉਹ ਫਿਰ ਸਿਲਾਈ ਮਸ਼ੀਨ ਉਪਰ ਜਾ ਬਹਿੰਦੀ ਤੇ ਦਿਨ ਦੇ ਅਧੂਰੇ ਕੰਮ ਨੂੰ ਉਹ ਰਾਤ ਤਕ ਨਿਪਟਾ ਦਿੰਦੀ। ਹੁਣ ਉਹ ਪਹਿਲਾਂ ਨਾਲੋਂ ਜ਼ਿਆਦਾ ਸਲਵਾਰਾਂ ਸੀਉਣ ਲੱਗੀ ਸੀ। ਬਲਬ ਦੀ ਪੀਲੀ ਰੌਸ਼ਨੀ ਵਿੱਚ ਉਸ ਦਾ ਚਿਹਰਾ ਝੁਕਿਆ ਰਹਿੰਦਾ। ਉਸ ਦੇ ਬੁੱਲ੍ਹ ਦੁੱਖ, ਤਣਾਉ ਤੇ ਥਕਾਵਟ ਕਾਰਨ ਮੀਟੇ ਰਹਿੰਦੇ ਪਰ ਉਹ ਆਪਣੀ ਮਸ਼ੀਨ ਭਜਾਈ ਰੱਖਦੀ। ਉਸ ਵਕਤ ਉਸ ਦੇ ਸਾਹਮਣੇ ਸਲਵਾਰ ਦਾ ਕੱਪੜਾ ਜਾਂ ਸੂਈ ਧਾਗਾ ਨਹੀਂ ਸੀ ਹੁੰਦੇ ਸਗੋਂ ਆਪਣੇ ਕਰਜ਼ੇ ਦੀ ਅਗਲੀ ਕਿਸ਼ਤ ਜਾਣ ਦੀ ਤਾਰੀਕ ਹੁੰਦੀ ਸੀ।

ਹਫਤੇ ਦੀਆਂ ਤਿੰਨ ਸੌ ਸਲਵਾਰਾਂ ਸੀਉਣ ਦਾ ਰਿਕਾਰਡ ਸੀ ਮਾਂ ਦਾ, ਜਿਸ ਨਾਲ ਨੌਂ ਹਜ਼ਾਰ ਰੁਪਏ ਮਹੀਨਾ ਕਮਾਈ ਹੋ ਜਾਂਦੀ। ਪਰ ਬਾਅਦ ਵਿੱਚ ਮੁਹੱਲੇ ਦੀਆਂ ਹੋਰ ਔਰਤਾਂ ਨੇ ਵੀ ਇਹ ਪੇਸ਼ਾ ਅਪਨਾ ਲਿਆ। ਗਾਰਮੈਂਟ ਕੰਪਨੀ ਨੇ ਆਪਣਾ ਮੈਨੂਫੈਕਚਰਰ ਯੂਨਿਟ ਚਲਦੇ ਰੱਖਣ ਲਈ, ਲੇਬਰ ਐਕਟ ਤੇ ਹੋਰ ਨਿੱਕੇ ਨਿੱਕੇ ਖਰਚਿਆਂ ਤੋਂ ਬਚਣ ਲਈ ਆਪਣਾ ਕੰਮ ਜ਼ਿਆਦਾ ਹੱਥਾਂ ਵਿੱਚ ਵੰਡ ਦਿੱਤਾ। ਤੇ ਇਸ ਬਦਲੇ ਮੌਕੇ ਦਾ ਫਾਇਦਾ ਉਠਾਉਣ ਲਈ ਕੰਪਨੀ ਨੇ ਨਵੀਆਂ ਦਰਜਨਾਂ ਔਰਤਾਂ ਵਿੱਚ ਕੰਪੀਟੀਸ਼ਨ ਵਧਾ ਦਿੱਤਾ।

ਮਾਂ ਹੁਣ ਪਹਿਲਾਂ ਨਾਲੋਂ ਅੱਧੀ ਕੀਮਤ ’ਤੇ ਸਲਵਾਰ ਸੀਉਣ ਲਈ ਮਜਬੂਰ ਸੀ। ਉਧਰ

ਛੋਟੀਆਂ ਛੋਟੀਆਂ ਸੇਲਜ਼ ਏਜੰਸੀਆਂ ਨੇ ਵੀ ਆਪਣਾ ਗ੍ਰਹਿ-ਉਦਯੋਗ ਸਮੇਟਣਾ ਸ਼ੁਰੂ ਕਰ ਦਿੱਤਾ। ਓਨ ਲਾਈਨ ਟਰੇਡਿੰਗ ਕਰਨ ਵਾਲੀਆਂ ਸਰਵਿਸ ਪਰੋਵਾਈਡਰ ਕੰਪਨੀਆਂ ਨੇ ਘਰ ਘਰ ਰੋਜ਼ਮਰਾਹ ਦੀਆਂ ਚੀਜ਼ਾਂ ਪੁੱਜਦੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇੰਡੀਆ ਮੇਡ ਉਪਰਕਣਾਂ ਦੀ ਜਗਾਹ ਕਈ ਗੁਣਾਂ ਸਸਤੀਆਂ ਚਾਈਨਾ ਮੇਡ ਉਪਰਕਰਣਾਂ ਨੇ ਬਾਜ਼ਾਰ ਕਾਬੂ ਕਰ ਲਿਆ। ਭਾਰਤੀ ਖਾਣਿਆਂ ਦੀ ਜਗ੍ਹਾ ਮੈਗੀ, ਕੁਰਕੁਰੇ, ਲੇਵਸ, ਪੀਜ਼ਾ, ਬਰਗਰ, ਸਾਫਟ ਡਰਿੰਕਸ ਤੇ ਅਨੇਰਜੀ ਡਰਿੰਕਸ ਨੇ ਲੈ ਲਈ।

ਬਾਅਦ ਦੇ ਦਿਨਾਂ ਵਿੱਚ ਮਾਂ ਨੂੰ ਬਹੁਤ ਕੋਸ਼ਿਸ਼ ਦੇ ਬਾਵਜੂਦ ਵੀ ਕੋਈ ਵੀ ਢੰਗ ਦਾ ਕਾਰੋਬਾਰ ਨਾ ਮਿਲਿਆ ਤੇ ਦੋਨਾਂ ਬੱਚਿਆਂ ਦਾ ਭਵਿੱਖ ਅਣਦਿਸਦੇ ਯਤੀਮਖਾਨੇ ਦੇ ਦਰਾਂ ’ਤੇ ਖੜਾ ਸੀ।

ਹੁਣ ਮਾਂ ਹਰ ਵਾਰ ਖਾਲੀ ਹੱਥ ਤੇ ਥੱਕੀ ਵਾਪਸ ਮੁੜਦੀ ਤਾਂ ਉਹ ਘਰ ਆਉਣ ਦੀ ਜਗ੍ਹਾ ਕਿਸੇ ਧਾਰਮਿਕ ਪਰਵਚਨ ਵਿੱਚ ਜਾ ਬਹਿੰਦੀ। ਪਹਿਲਾਂ ਉਹ ਮਨ ਦੀ ਸ਼ਾਂਤੀ ਲਈ ਜਾਂਦੀ ਸੀ ਤੇ ਫਿਰ ਵਿਹਲਾ ਵਕਤ ਲੰਘਾਉਣ ਲਈ ਜਾਣ ਲੱਗੀ। ਉਥੇ ਖੂਬ ਸੇਵਾ ਕਰਦੀ। ਫਿਰ ਉਹਨਾਂ ਦੇ ਵਿਹਲੇ ਸਮੇਂ ਦਾ ਦਾਇਰਾ ਵੱਡਾ ਹੁੰਦਾ ਗਿਆ।

ਉਸ ਪ੍ਰਸਿੱਧ ਤੀਰਥ ਸਥਾਨ ਤੇ ਇਕ ਵਿਸ਼ਾਲ ਮੰਦਿਰ ਸੀ, ਧਰਮਸ਼ਾਲਾ ਤੇ ਪ੍ਰਵਚਨ ਗ੍ਰਹਿ ਤੇ ਟਰੱਸਟ ਸਨ, ਗਊਸ਼ਾਲਾ ਤੇ ਜਿਨਸ਼ਾਲਾ (ਧਾਰਮਿਕ ਸ਼ਾਲਾ) ਸਨ। ਤੇ ਦੂਰ ਦੂਰ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਦਿਨ-ਰਾਤ ਭੋਜਨ ਦਾ ਇੰਤਜ਼ਾਮ ਸੀ।

ਮਾਂ ਇਧਰ ਓਧਰ ਚੱਕਰ ਲਾਉਂਦੀ ਰਹਿੰਦੀ ਤੇ ਹਰ ਕੰਮ ਵਿੱਚ ਹੱਥ ਵੰਡਾਉਂਦੀ। ਪਰਵਚਨ ਕਰਨ ਆਈਆਂ ਸਾਧਣੀਆਂ ਦੀ ਉਹ ਬਹੁਤ ਸੇਵਾ ਕਰਦੀ। ਸਾਧਣੀ ਸਰੋਜ ਪ੍ਰਭਾ ਨੂੰ ਉਸ ਦੀ ਮਨੋਦਸ਼ਾ ਤੇ ਉਸ ਦੇ ਹਾਲਾਤ ਨੂੰ ਸਮਝਣ ਵਿੱਚ ਦੇਰ ਨਾ ਲੱਗੀ। ਆਮ ਤੌਰ ਤੇ ਇਹ ਸਮਝਿਆ ਜਾਂਦਾ ਹੈ ਕਿ ਭੌਤਿਕ ਜੀਵਨ ਤਿਆਗ ਚੁੱਕੀਆਂ ਇਹਨਾਂ ਸਾਧਣੀਆਂ ਨੂੰ ਅਸਲੀ ਜੀਵਨ ਦਾ ਕੋਈ ਤਜਰਬਾ ਨਹੀਂ ਹੁੰਦਾ ਤੇ ਉਹ ਸਾਮਾਜ, ਪਰਿਵਾਰ ਤੇ ਉਹਨਾਂ ਦੇ ਹਾਲਾਤ ਨੂੰ ਸਿਰਫ ਅਧਿਆਤਕ ਨਜ਼ਰੀਏ ਰਾਹੀਂ ਹੀ ਦੇਖਦੀਆਂ ਹਨ ਪਰ ਸਾਧਣੀ ਸਰੋਜ ਪ੍ਰਭਾ ਨੇ ਸਾਇਕੌਲੌਜੀ ਦੀ ਐਮ. ਏ. ਕਰਨ ਤੋਂ ਬਾਅਦ ਹੀ ਦੀਖਿਆ ਲਈ ਸੀ ਇਸ ਲਈ ਉਸ ਦੀਆਂ ਗੱਲਾਂ ਵਿੱਚ ਧਰਮ ਦੇ ਸਾਕਾਰਤਮਕ ਪਹਿਲੂਆਂ ਤੇ ਆਧੁਨਿਕ ਸਮੇਂ ਦੀਆਂ ਜਟਿੱਲ ਵਿਸੰਗਤੀਆਂ ਦਾ ਖਾਸ ਸੰਤੁਲਨ ਸੀ।

ਉਹਨਾਂ ਨੇ ਉਸ ਵਿਧਵਾ ਦੀ ਮਜਬੂਰੀ ਨੂੰ ਸਮਝਿਆ ਤੇ ਸ਼ਵੇਤਾਂਬਰ ਸੰਘ ਦੇ ਅਧਿਕਾਰੀਆਂ ਨੂੰ ਕਹਿ ਕੇ ਸਨਮਾਨਯੋਗ ਤਰੀਕੇ ਨਾਲ ਕੁਝ ਸਹੂਲਤਾਂ ਉਪਲਭਧ ਕਰਵਾ ਦਿੱਤੀਆਂ।

ਸਾਧਣੀ ਸਰੋਜ ਪ੍ਰਭਾ ਜਾਣਦੀ ਸੀ ਕਿ ਜੀਵਨ ਦੇ ਹਰ ਮੋਰਚੇ ’ਤੇ ਸੰਘਰਸ਼ ਕਰਨ ਵਾਲੀ ਇਸ ਔਰਤ ਦਾ ਸਵੈਮਾਨ ਕਿਸੇ ਪ੍ਰਕਾਰ ਦੀ ਦਇਆ ਜਾਂ ਉਪਕਾਰ ਨੂੰ ਸਵੀਕਾਰ ਨਹੀਂ ਕਰੇਗਾ। ਇਸ ਲਈ ਉਸ ਨੇ ਮਾਂ ਦੀਆਂ ਸੇਵਾਵਾਂ ਨੂੰ ਧਰਮ ਪ੍ਰਵਚਨ ਸ਼ਵੇਤਾਂਬਰ ਸੰਘ ਦੀ ਔਰਗੇਨਾਈਜੇਸ਼ਨ ਨਾਲ ਜੋੜ ਦਿੱਤਾ। ਮਾਂ ਦੀ ਸਹਾਇਤਾ ਦਾ ਇਹ ਪ੍ਰਬੰਧ ਇੰਨਾ ਵਧੀਆ ਤੇ ਲੁਕਵੇਂ ਢੰਗ ਨਾਲ ਕੀਤਾ ਗਿਆ ਕਿ ਉਸ ਨੂੰ ਪਤਾ ਹੀ ਨਾ ਚਲਿਆ ਕਿ ਉਸ ਦੀਆਂ ਦੋਨਾਂ ਬੱਚੀਆਂ ਦੀ ਪੜ੍ਹਾਈ-ਲਿਖਾਈ, ਘਰ ਦੀਆਂ ਹੋਰ ਜ਼ਰੂਰਤਾਂ ਦੇ ਨਾਲ ਨਾਲ ਕਰਜ਼ੇ ਦਾ ਬੋਝ ਵੀ ਘਟਣ ਲੱਗਾ ਸੀ।

ਇਹਨਾਂ ਗੁਪਤ ਸਹੂਲਤਾਂ ਦਾ ਸੰਬੰਧ ਸੰਘ ਦੇ ਉਸ ਵਿਭਾਗ ਨਾਲ ਸੀ ਜੋ ਦਾਨੀ ਲੋਕਾਂ ਦੇ ਦਾਨ ਨਾਲ ਚਲਦੀ ਸੀ। ਜਿਹੜੇ ਦਾਨ ਦੇਣ ਦੇ ਕਾਬਲ ਨਹੀਂ ਸਨ ਹੁੰਦੇ ਉਹ ਆਪਣੀਆਂ ਨਿੱਜੀ ਸੇਵਾਵਾਂ ਦੇ ਰੂਪ ਵਿੱਚ ਦਾਨ ਦੇ ਦਿੰਦੇ। ਦਾਨ ਦੇਣ ਵਾਲਿਆਂ ਨੂੰ ਮਾਨ ਸਨਮਾਨ ਮਿਲਦਾ ਸੀ ਤੇ



ਆਪਣੀਆਂ ਸੇਵਾਵਾਂ ਦੇਣ ਵਾਲੇ ਸੇਵਕਾਂ ਨੂੰ ਉਹ ਸਭ ਕੁਝ ਮਿਲ ਜਾਂਦਾ ਜੋ ਸ਼ਾਇਦ ਉਹ ਉਂਝ ਨਾ ਕਮਾ ਸਕਦੇ।

ਬਾਹਰੋਂ ਇਹ ਬਹੁਤ ਹੀ ਧਾਰਮਿਕ-ਭਾਵ ਨਾਲ ਹੋਇਆ ਸੀ। ਕਿਧਰੋਂ ਵੀ ਇਹ ਨਹੀਂ ਸੀ ਜਾਪਦਾ ਕਿ ਮਾਂ ਨੂੰ ਵਿਸ਼ੇਸ਼ ਸਹੂਲਤਾਂ ਦੇ ਕੇ ਇਕ ਕਿਸਮ ਨਾਲ ਨੌਕਰੀ ’ਤੇ ਹੀ ਲਵਾ ਦਿੱਤਾ ਹੈ।

ਧਰਮ ਤੇ ਸੇਵਾਵਾਂ ਦੇ ਭੁਗਤਾਨਾਂ ਬਾਰੇ ਮਾਂ ਨੂੰ ਬਾਰੀਕੀਆਂ ਬਾਰੇ ਬਹੁਤੀ ਸਮਝ ਨਹੀਂ ਸੀ ਪਰ ਉਸ ਦੇ ਅਵਚੇਤਨ ਵਿੱਚ ਇਹ ਗੱਲ ਚੰਗੀ ਤਰ੍ਹਾਂ ਬੈਠੀ ਹੋਈ ਸੀ ਕਿ ਕਿਤੇ ਉਸ ਨੂੰ ਨੌਕਰਾਣੀ ਹੀ ਨਾ ਸਮਝ ਲਿਆ ਜਾਵੇ ਕਿਉਂਕਿ ਉਹ ਕਿਸੇ ਪਿੱਛੜੀ ਹੋਈ ਜਾਤ ਵਿੱਚੋਂ ਨਹੀਂ ਸੀ ਆਈ। ਉਹ ਵੀ ਜੈਨੀ ਸੀ ਤੇ ਉਸ ਨੂੰ ਹੋਰਨਾਂ ਸ਼ਰਧਾਲੂਆਂ ਵਾਂਗ ਮੰਦਿਰ ਵਿੱਚ ਹੋਣ ਵਾਲੇ ਭਗਤੀਗਾਨ ਤੇ ਪ੍ਰਵਚਨਾਂ ਵਿੱਚ ਬੈਠਣ ਦਾ ਹੱਕ ਹਾਸਲ ਸੀ।

ਆਪਣੀ ਆਰਥਿਕ ਸੱਚਾਈ ਨੂੰ ਭੁੱਲ ਕੇ ਉਹ ਅਮੀਰ ਔਰਤਾਂ ਦੇ ਦਲ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦੀ। ਭਗਤੀਗਾਨ ਵੇਲੇ ਮਜੀਰਾ ਵਜਾਉਂਦੇ ਸਮੇਂ ਤੇ ਭਜਨ ਗਾਉਂਦੇ ਸਮੇਂ ਉਹ ਇੰਨਾ ਜੋਸ਼ ਵਿੱਚ ਆ ਜਾਂਦੀ ਕਿ ਉਸ ਦੀ ਆਵਾਜ਼ ਬੇਸੁਰੀ ਹੋ ਜਾਂਦੀ ਤੇ ਹੋਰ ਔਰਤਾਂ ਇਕ ਦੂਜੇ ਵੱਲ ਦੇਖਣ ਲੱਗਦੀਆਂ। ਸਤਸੰਗ ਵਿੱਚ ਉਹ ਰਟੀ ਰਟਾਈ ਪ੍ਰਚਲਤ ਕਥਾ ਦੀ ਥਾਵੇਂ ਬਹੁਤ ਅਜੀਬ ਜਿਹੀ ਵਿਆਖਿਆ ਕਰਨ ਲੱਗਦੀ ਜੋ ਕਿਸੇ ਦੀ ਸਮਝ ਵਿੱਚ ਵੀ ਨਾ ਆਉਂਦੀ। ਉਹ ਇਸ ਗੱਲ ਦੀ ਪ੍ਰਵਾਹ ਨਾ ਕਰਦੀ ਕਿ ਉਸ ਨੂੰ ਕੋਈ ਸੁਣ ਵੀ ਰਿਹਾ ਹੈ ਜਾਂ ਨਹੀਂ। ਸਮਾਰੋਹ ਵਿੱਚ ਸ਼ਾਮਲ ਹੋਣ ਵਾਲੀਆਂ ਔਰਤਾਂ ਇਕ ਘੰਟਾ ਮਾਲਾ ਜਪਣ ਤੋਂ ਬਾਅਦ ਆਪੋ ਆਪਣੇ ਘਰ ਚਲੇ ਜਾਂਦੀਆਂ ਪਰ ਉਹ ਇਕੱਲੀ ਬੈਠੀ ਤਿੰਨ ਤਿੰਨ ਘੰਟੇ ਮਾਲਾ ਫੇਰਦੀ ਰਹਿੰਦੀ ਤੇ ਉਹਨਾਂ ਮੰਤਰਾਂ ਨੂੰ ਬੁੜਬੁੜਾਉਂਦੀ ਰਹਿੰਦੀ ਤੇ ਅਜਿਹੇ ਔਖੇ ਮੰਤਰ ਪੜ੍ਹਦੀ ਕਿ ਜਿਹੜੇ ਪੁਰਾਣੀਆਂ ਸਾਧਣੀਆਂ ਨੂੰ ਵੀ ਯਾਦ ਨਾ ਹੁੰਦੇ।

ਉਹ ਨਹੀਂ ਸੀ ਜਾਣਦੀ ਕਿ ਉਸ ਦੀਆਂ ਅਜਿਹੀਆਂ ਹਰਕਤਾਂ ਉਸ ਦਾ ਸਮਾਜਿਕ ਰੁਤਬਾ ਉਪਰ ਚੁੱਕਣ ਦੀ ਥਾਂ ਹੇਠਾਂ ਸੁੱਟ ਰਹੀਆਂ ਸਨ। ਉਹ ਇਹ ਵੀ ਨਹੀਂ ਸੀ ਜਾਣਦੀ ਕਿ ਹੋਰ ਔਰਤਾਂ ਉਸ ਤੋਂ ਦੂਰ ਹੋ ਰਹੀਆਂ ਸਨ। ਇਹ ਭੇਦਭਾਵ ਜਾਤੀ ਨਹੀਂ ਸੀ ਤੇ ਨਾ ਹੀ ਆਰਥਿਕ ਵਖਰੇਵਾਂ ਇਸ ਦਾ ਇਕ ਮਾਤਰ ਕਾਰਨ ਸੀ। ਮਾਂ ਦੀਆਂ ਹੀਣ ਭਾਵਨਾਵਾਂ ਤੇ ਮਨ ਵਸੀਆਂ ਹੋਰ ਕਈ ਗੱਲਾਂ ਕਾਰਨ ਉਹਨਾਂ ਤੇ ਮਾਂ ਦੇ ਵਿਚਕਾਰ ਇਕ ਅਣਦਿੱਸਦੀ ਕੰਧ ਖੜ੍ਹੀ ਹੋ ਰਹੀ ਸੀ। ਹਾਲਾਂਕਿ ਉਹ ਔਰਤਾਂ ਉਸ ਤੋਂ ਦੂਰੀ ਬਣਾਈ ਰੱਖਣ ਸਮੇਂ ਉਸ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸਨ ਹੋਣ ਦਿੰਦੀਆਂ, ਉਸ ਦੀ ਕਿਸੇ ਗੱਲ ਨੂੰ ਨੌਲਦੀਆਂ ਨਹੀਂ ਸਨ, ਉਸ ਤੋਂ ਨੱਕ-ਬੁੱਲ੍ਹ ਵੀ ਨਹੀਂ ਸਨ ਕੱਢਦੀਆਂ। ਪਰ ਜਦ ਮਾਂ ਉਹਨਾਂ ਦੇ ਬਹੁਤਾ ਨਜ਼ਦੀਕ ਹੋਣ ਦੀ ਕੋਸ਼ਿਸ਼ ਕਰਦੀ ਤਾਂ ਉਹਨਾਂ ਦੇ ਚਿਹਰਿਆਂ ਉਪਰ ਅਸਹਿਜਤਾ ਜਿਹੀ ਆ ਜਾਂਦੀ।

ਬਾਅਦ ਵਿੱਚ ਪੈਦਾ ਹੋਏ ਇਸ ਫਰਕ ਨੇ ਮਾਂ ਦੇ ਦਿਮਾਗ ਵਿੱਚ ਖਲਲ ਜਿਹਾ ਪੈਦਾ ਕਰ ਦਿੱਤਾ। ‘ਜ਼ਰੂਰ ਮੇਰੀਆਂ ਸੇਵਾਵਾਂ ਵਿੱਚ ਕਸਰ ਹੈ’ ਉਹ ਹਰ ਵੇਲੇ ਬੁੜਬੁੜਾਉਂਦੀ ਰਹਿੰਦੀ ਤੇ ਸਦਾ ਕਿਸੇ ਉਧੇੜ-ਬੁਣ ਵਿੱਚ ਫਸੀ ਰਹਿੰਦੀ। ਸੇਵਾ ਕਰਦੇ ਸਮੇਂ ਕਿਸੇ ਨਵੇਂ ਕੰਮ ਨੂੰ ਉਹ ਭੱਜ ਕੇ ਫੜਦੀ ਤੇ ਉਸ ਨੂੰ ਅਲੱਗ ਅਲੱਗ ਤਰੀਕਿਆਂ ਨਾਲ ਕਰਨ ਦੀ ਕੋਸ਼ਿਸ਼ ਕਰਦੀ।

ਜਦ ਭੱਦਰ ਸਮਾਜ ਦੀਆਂ ਔਰਤਾਂ ਦਾ ਮੰਦਿਰ ਆਉਣ ਦਾ ਵਕਤ ਹੁੰਦਾ ਤਾਂ ਉਹ ਗਰਭ-ਗ੍ਰਹਿ ਵਿੱਚ ਪੋਚਾ ਫੇਰਦੀ ਮਿਲਦੀ ਜਦ ਕਿ ਉਥੇ ਪਹਿਲਾਂ ਹੀ ਦੋ ਕਰਮਚਾਰੀ ਨਿਯੁਕਤ ਹੁੰਦੇ। ਫਿਰ ਉਹ ਲੰਮੇ ਡੰਡੇ ਵਾਲਾ ਝਾੜੂ ਫੜੀ ਇੱਧਰ ਓੱਧਰ ਚੱਕਰ ਲਾਉਣ ਲਗਦੀ। ਕਦੇ ਧੂੜ

ਝਾੜ ਰਹੀ ਹੁੰਦੀ ਤੇ ਮੱਕੜੀ ਦੇ ਜਾਲ਼ੇ ਲਾਹ ਰਹੀ ਹੁੰਦੀ। ਜਿਹਨਾਂ ਚੀਜ਼ਾਂ ਨੂੰ ਉਹ ਸਾਫ ਕਰ ਰਹੀ ਹੁੰਦੀ ਉਹਨਾਂ ਉਪਰ ਧੂੜ ਦਾ ਨਾਂ ਨਿਸ਼ਾਨ ਵੀ ਨਾ ਹੁੰਦਾ ਤੇ ਮਕੜੀ ਜਾਲ਼ੇ ਵੀ ਸਿਰਫ ਉਸ ਨੂੰ ਹੀ ਦਿਖਾਈ ਦਿੰਦੇ ਕਿਸੇ ਹੋਰ ਨੂੰ ਨਹੀਂ।

ਪੂਜਾ-ਪਰਿਕਰਮਾ ਤੋਂ ਬਾਅਦ ਜਦ ਔਰਤਾਂ ਵਿਖਿਆਨ ਸੁਣਨ ਲਈ ਮੇਨ ਹਾਲ ਵਿੱਚ ਪੁੱਜਦੀਆਂ ਤਾਂ ਮਾਂ ਪਹਿਲਾਂ ਹੀ ਉਥੇ ਹਾਜ਼ਰ ਹੁੰਦੀ। ਸਾਧਣੀ ਦਾ ਆਸਣ ਸਾਫ ਕਰਨ ਤੋਂ ਬਾਅਦ ਉਹ ਵਿਛੀ ਹੋਈ ਦਰੀ ਤੋਂ ਅਣਦਿੱਸਦੇ ਕਚਰੇ ਨੂੰ ਸਾਫ ਕਰਨ ਲੱਗਦੀ।

ਇਹ ਸਭ ਕੁਝ ਕਰਨ ਤੋਂ ਬਾਅਦ ਉਹ ਦਰੀ ਦੇ ਇਕ ਪਾਸੇ ਖੜੀ ਰਹਿੰਦੀ ਕਿ ਕੋਈ ਨਾ ਕੋਈ ਉਸ ਨੂੰ ਆਪਣੇ ਕੋਲ ਬਹਿਣ ਲਈ ਬੁਲਾਏਗਾ ਹੀ। ਜਦ ਕੋਈ ਵੀ ਉਸ ਵੱਲ ਧਿਆਨ ਨਾ ਦਿੰਦਾ ਤਾਂ ਉਸ ਦੇ ਅੰਦਰਲੀ ਵਿਆਕੁਲਤਾ ਤੇ ਸਨਕ ਖੌਰੂ ਪਾਉਣ ਲੱਗਦਾ। ਉਹ ਆਏ ਦਿਨ ਵਰਤ ਰੱਖਣ ਲੱਗੀ। ਪਹਿਲਾਂ ਉਹ ਮਹੀਨੇ ਦੇ ਅੱਠ ਵਰਤ ਹੀ ਰੱਖਦੀ ਹੁੰਦੀ ਸੀ ਪਰ ਹੁਣ ਉਸ ਨੇ ਪੂਰਾ ਮਹੀਨਾ ਵਰਤ ਰੱਖਣ ਦਾ ਫੈਸਲਾ ਕਰ ਲਿਆ। ਸਿਰਫ ਇਹ ਸਾਬਤ ਕਰਨ ਲਈ ਕਿ ਉਹ ਸਹੂਲਤਾਂ ਤੇ ਦਾਨ ਦੀ ਭੁੱਖੀ ਨਹੀਂ ਹੈ।

ਵਰਤ ਰੱਖਣ ਦਾ ਇਕ ਹੋਰ ਕਾਰਨ ਇਹ ਸੀ ਵਰਤ ਖੋਲ੍ਹਣ ਸਮੇਂ ਉਸ ਨੂੰ ਹੋਰ ਕੁਲੀਨ ਔਰਤਾਂ ਬਰਾਬਰ ਇਕੋ ਕਤਾਰ ਵਿੱਚ ਬੈਠਣ ਦਾ ਮੌਕਾ ਮਿਲਦਾ ਸੀ ਤੇ ਭਗਤਾਂ ਵੱਲੋਂ ਤਪਸਵੀਆਂ ਨੂੰ ਦਿੱਤੇ ਜਾਂਦੇ ਮਾਨ ਸਨਮਾਨ ਦਾ ਵੀ ਉਸ ਨੂੰ ਲਾਲਚ ਹੁੰਦਾ।

ਇਸ ਖਾਸ ਮੌਕੇ 'ਤੇ ਹੋਣ ਵਾਲੀ ਪੂਜਾ-ਪਾਠ, ਸਤਸੰਗ-ਪ੍ਰਵਚਨ, ਭਗਤੀਗਾਣ ਤੇ ਵਰਤਾਂ ਦਾ ਇਹ ਬਹੁਤ ਉਤਸ਼ਾਹਪੂਰਣ ਉਤਸਵ ਸੀ ਤੇ ਉਤਸਵ ਦੇ ਆਖਰੀ ਦਿਨ ਇਹ ਸਾਰਾ ਪਰਵ ਇਕ ਵੱਡੇ ਜਲੂਸ ਦੇ ਰੂਪ ਵਿੱਚ ਖਤਮ ਹੋਇਆ। ਤੇ ਵਰਤ ਰੱਖਣ ਵਾਲੇ ਸਾਰੇ ਤਪੱਸਵੀਆਂ ਨੂੰ ਖੁੱਲ੍ਹੀਆਂ ਗੱਡੀਆਂ ਵਿੱਚ ਬੈਠਾ ਕੇ ਸਾਰੇ ਸ਼ਹਿਰ ਵਿੱਚ ਘੁੰਮਾਇਆ ਗਿਆ।

ਹਾਲਾਂਕਿ ਮਾਂ ਸਾਰਿਆਂ ਦੇ ਨਾਲ ਸਿੰਘਾਸਨ ਉਪਰ ਬੈਠੀ ਸੀ ਤੇ ਫੁੱਲਾਂ ਦੀ ਵਰਖਾ ਸਭ ਦੇ ਨਾਲ ਨਾਲ ਉਸ ਉਪਰ ਵੀ ਹੋ ਰਹੀ ਸੀ ਪਰ ਉਹ ਇਹਨਾਂ ਸਭ ਗੱਲਾਂ ਤੋਂ ਨਿਰਲੇਪ ਸੀ। ਭਗਤੀਗਾਣ ਦਾ ਸਮੂਹ ਸੁਰ, ਬੈਂਡ ਵਾਜਿਆਂ ਦੀਆਂ ਆਵਾਜ਼ਾਂ ਤੇ ਧਰਮ ਦੀ ਜੈ ਜੈ ਕਾਰ ਦੇ ਸ਼ੋਰ ਨੇ ਤੇ ਚਾਰੇ ਪਾਸੇ ਉਮੜਦੀ ਹੋਈ ਭੀੜ ਨੇ ਮਾਂ ਨੂੰ 'ਤੇਜਿਤ ਕਰਨ ਦੀ ਥਾਂ ਅਜੀਬ ਜਿਹੀ ਭਾਵਹੀਣਤਾ ਵਲ ਧੱਕ ਦਿੱਤਾ।

ਜਲੂਸ ਵਾਪਸ ਮੁੜਨ ਤੋਂ ਬਾਅਦ ਸਾਰੇ ਲੋਕ ਆਪੋ ਆਪਣੇ ਘਰਾਂ ਨੂੰ ਚਲੇ ਗਏ। ਅਗਲੇ ਦਿਨ ਹੋਰ ਕਈ ਕਿਸਮ ਦੀਆਂ ਰਸਮਾਂ ਹੋਣੀਆਂ ਸਨ। ਮੰਦਿਰ ਵਿੱਚ ਤੇ ਮੁੱਖ ਹਾਲ ਵਿੱਚ ਸਾਰੇ ਹੱਥ ਜੋੜ ਕੇ ਜਾਣੇ-ਅਣਜਾਣੇ ਵਿੱਚ ਹੋਈਆਂ ਗਲਤੀਆਂ ਦੀ ਇਕ ਦੂਜੇ ਤੋਂ ਮੁਆਫੀ ਮੰਗ ਰਹੇ ਸਨ। ਪਰ ਮਾਂ ਨੇ ਹਰ ਤਰ੍ਹਾਂ ਦੀਆਂ ਦਿੱਤੀਆਂ ਤੇ ਮੰਗੀਆਂ ਜਾ ਸਕਣ ਵਾਲੀਆਂ ਮੁਆਫੀਆਂ ਤੋਂ ਆਪਣੇ ਆਪ ਨੂੰ ਇਕ ਪਾਸੇ ਕਰਦਿਆਂ ਆਪਣੀ ਕੋਠੜੀ ਵਿੱਚ ਆਪਣੇ ਆਪ ਨੂੰ ਬੰਦ ਕਰ ਲਿਆ ਤੇ ਅਣਮਿੱਥੇ ਸਮੇਂ ਲਈ ਮੌਨਵਰਤ ਲੈ ਲਿਆ।

* * *

ਓਧਰ ਪੂਨੇ ਵਿੱਚ ਪੜ੍ਹਦੀਆਂ ਦੋਵੇਂ ਧੀਆਂ ਆਪਣੀ ਮਾਂ ਦੀ ਹਾਲਤ ਤੋਂ ਅਣਜਾਣ ਨਹੀਂ ਸਨ। ਉਹ ਤਿੰਨ ਮਹੀਨੇ ਬਾਅਦ ਮਾਂ ਦੀ ਖ਼ਬਰ ਲੈਣ ਆਉਂਦੀਆਂ ਰਹਿੰਦੀਆਂ ਸਨ। ਮਾਂ ਦੀ ਦਸ਼ਾ ਦੇਖਦਿਆਂ ਉਹ ਸਮਝ ਗਈਆਂ ਸਨ ਕਿ ਉਸ ਨੂੰ ਇਹਨਾਂ ਭ੍ਰਮਿਕ ਤੇ ਭਿਆਨਕ ਸਥਿਤੀਆਂ



ਵਿੱਚੋਂ ਕੱਢਣ ਦਾ ਵਕਤ ਆ ਗਿਆ ਹੈ। ਉਹਨਾਂ ਨੇ ਫੈਸਲਾ ਕਰ ਲਿਆ ਕਿ ਨੌਕਰੀ ਮਿਲਦਿਆਂ ਹੀ ਉਹ ਮਾਂ ਨੂੰ ਆਪਣੇ ਕੋਲ ਲੈ ਜਾਣਗੀਆਂ।

ਸੰਯੋਗ ਇਹ ਕਿ ਦੋਵਾਂ ਭੈਣਾਂ ਨੂੰ ਇਕੋ ਕੰਪਨੀ ਵਿੱਚ ਨੌਕਰੀ ਮਿਲ ਗਈ। ਹੁਣ ਉਹਨਾਂ ਨੇ ਪੇਇੰਗ ਗੈੱਸਟ ਵਾਲੀ ਡੌਰਮੈਂਟਰੀ ਛੱਡ ਕੇ ਇਕ ਫਲੈਟ ਕਿਰਾਏ 'ਤੇ ਲੈ ਲਿਆ। ਸਾਲਾਂ ਦੀ ਮਿਹਨਤ ਦੇ ਬਾਅਦ ਜੀਵਨ ਵਿੱਚ ਆਏ ਫਰਕ ਤੋਂ ਉਹ ਦੋਵੇਂ ਹੀ ਬਹੁਤ ਉਤਸ਼ਾਹਿਤ ਸਨ। ਉਹਨਾਂ ਨੇ ਬੜੀ ਉਮੰਗ ਨਾਲ ਆਪਣੀ ਮਾਂ ਦੀਆਂ ਧਾਰਮਿਕ ਬ੍ਰਿਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਫਲੈਟ ਦੀ ਸਜਾਵਟ ਕੀਤੀ ਪਰ ਉਸ ਵਕਤ ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਜ਼ਿੰਦਗੀ ਭਰ ਜਿਸ ਖਾਸ ਮਕਸਦ ਲਈ ਕਿਸੇ ਮੰਜ਼ਿਲ ਤਕ ਪੁੱਜਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਉਸ ਮੰਜ਼ਿਲ 'ਤੇ ਪੁੱਜ ਕੇ ਵੀ ਆਪਣਾ ਮਕਸਦ ਪੂਰਾ ਨਹੀਂ ਕਰ ਪਾਉਣਗੀਆਂ।

ਨਵੀਂ ਨੌਕਰੀ ਤੇ ਨਵੇਂ ਘਰ ਦੀ ਰੁਟੀਨ ਜਦ ਥੋੜ੍ਹੀ ਸੁਧਰ ਗਈ ਤਾਂ ਦੋਵੇਂ ਭੈਣਾਂ ਮਾਂ ਨੂੰ ਲੈਣ ਆਪਣੇ ਸ਼ਹਿਰ ਜਾ ਪਹੁੰਚੀਆਂ।

ਕੁੜੀਆਂ ਜਦ ਮੰਦਿਰ ਦੇ ਮੁੱਖ ਹਾਲ ਵਿੱਚ ਗਈਆਂ ਤਾਂ ਮਾਂ ਦੀ ਹਾਲਤ ਦੇਖ ਕੇ ਹੈਰਾਨ ਰਹਿ ਗਈਆਂ। ਇਸ ਲਈ ਨਹੀਂ ਕਿ ਉਹ ਬਹੁਤ ਕਮਜ਼ੋਰ ਹੋ ਗਈ ਸੀ ਜਾਂ ਉਸ ਦੇ ਸਿਰ ਦੇ ਅੱਧੇ ਵਾਲ ਚਿੱਟੇ ਹੋ ਗਏ ਸਨ ਜਾਂ ਵਕਤ ਤੋਂ ਪਹਿਲਾਂ ਹੀ ਚਿਹਰੇ 'ਤੇ ਝੁਰੜੀਆਂ ਪੈ ਗਈਆਂ ਸਨ ਜਾਂ ਅੱਖਾਂ ਦੁਆਲੇ ਕਾਲੇ ਗਹਿਰੇ ਦਾਇਰੇ ਬਣ ਗਏ ਸਨ। ਇਹ ਸਾਰੇ ਬਾਹਰੀ ਪਰਿਵਰਤਨ ਉਹਨਾਂ ਨੂੰ ਹੈਰਾਨ ਕਰਨ ਵਾਲੇ ਨਹੀਂ ਸਨ ਜਿੰਨਾ ਕਿ ਉਹ ਇਸ ਗੱਲ ਤੋਂ ਹੈਰਾਨ ਸਨ ਕਿ ਉਹ ਮਾਂ ਹੁਣ 'ਮਾਂ' ਜਿਹੀ ਨਹੀਂ ਰਹੀ।

ਮਾਂ ਚਾਰ ਸਾਲ ਬਾਅਦ ਦੋਨਾਂ ਧੀਆਂ ਨੂੰ ਇਕੱਠੀਆਂ ਨੂੰ ਦੇਖ ਰਹੀ ਸੀ ਪਰ ਉਹਦੇ ਚਿਹਰੇ 'ਤੇ ਕੋਈ ਅਜਿਹਾ ਭਾਵ ਨਹੀਂ ਸੀ ਦਿੱਸ ਰਿਹਾ ਕਿ ਧੀਆਂ ਨੂੰ ਇੰਨੇ ਸਾਲਾਂ ਬਾਅਦ ਦੇਖਣ ਵਿੱਚ ਉਹਨੂੰ ਕੋਈ ਖੁਸ਼ੀ ਹੋਈ ਹੋਵੇ।

ਵੱਡੀ ਧੀ ਨੇ ਅੱਗੇ ਹੋ ਕੇ ਮਾਂ ਦੇ ਦੋਵੇਂ ਹੱਥ ਫੜ ਲਏ। ਕੁਝ ਦੇਰ ਉਹ ਮਾਂ ਦੇ ਕਮਜ਼ੋਰ ਤੇ ਨਿਰਜਿੰਦ ਜਿਹੇ ਹੱਥਾਂ ਨੂੰ ਦੇਖਦੀ ਰਹੀ। ਫਿਰ ਉਹਨੇ ਨਜ਼ਰਾਂ ਉਪਰ ਕਰਕੇ ਮਾਂ ਦਾ ਚਿਹਰਾ ਦੇਖਿਆ ਤੇ ਕੁਝ ਦੇਰ ਤਕ ਦੇਖਦੀ ਰਹੀ ਤੇ ਫਿਰ ਮਾਂ ਨੂੰ ਬਾਹਾਂ ਵਿੱਚ ਲੈ ਕੇ ਫੁੱਟ ਫੁੱਟ ਕੇ ਰੋਣ ਲੱਗੀ।

ਛੋਟੀ ਕੁੜੀ ਉਸ ਦੀ ਪਿੱਠ 'ਤੇ ਹੱਥ ਫੇਰਦੀ ਉਸ ਨੂੰ ਹੌਸਲਾ ਦਿੰਦੀ ਰਹੀ ਪਰ ਉਸ ਤੋਂ ਵੀ ਬਹੁਤੀ ਦੇਰ ਨਾ ਰਿਹਾ ਗਿਆ। ਉਸ ਨੇ ਦੋਵੇਂ ਬਾਹਾਂ ਫੈਲਾ ਕੇ ਮਾਂ ਤੇ ਭੈਣ ਨੂੰ ਜੱਫੀ ਵਿੱਚ ਲੈ ਲਿਆ।

ਇਸ ਦ੍ਰਿਸ਼ ਵਿੱਚ ਸਿਰਫ ਭਾਵੁਕਤਾ ਹੀ ਨਹੀਂ ਸੀ, ਧੁਰ ਅੰਦਰੋਂ ਨਿਕਲੇ ਹੰਝੂ ਵੀ ਸਨ ਪਰ ਹੰਝੂ ਸਿਰਫ ਧੀਆਂ ਦੀਆਂ ਅੱਖਾਂ ਵਿੱਚ ਸਨ, ਮਾਂ ਦੀਆਂ ਅੱਖਾਂ ਵੀਰਾਨ ਸਨ।

ਮਾਂ ਸੱਚਮੁੱਚ 'ਮਾਂ' ਹੁੰਦੀ ਤਾਂ ਆਪਣੇ ਪੱਲੂ ਨਾਲ ਦੋਨਾਂ ਬੇਟੀਆਂ ਦੇ ਹੰਝੂ ਪੂੰਝ ਦਿੰਦੀ ਪਰ ਉਹ ਮਾਂ ਦਾ ਫਰਜ਼ ਨਿਭਾਉਂਦੇ ਨਿਭਾਉਂਦੇ ਭੁੱਲ ਹੀ ਗਈ ਸੀ ਕਿ ਉਹ ਇਕ ਮਾਂ ਹੈ। ਉਸ ਨੇ ਦੋਨਾਂ ਧੀਆਂ ਦੇ ਬੈਗ ਚੁੱਕ ਲਏ। ਧੀਆਂ ਨੇ ਉਸ ਦੇ ਹੱਥੋਂ ਬੈਗ ਲੈਣੇ ਚਾਹੇ ਪਰ ਉਸ ਨੇ ਹੋਰ ਘੁੱਟ ਕੇ ਫੜ ਲਏ ਤੇ ਛੱਡੇ ਨਾ। ਉਹ ਤੇਜ਼ ਕਦਮੀਂ ਧਰਮਸ਼ਾਲਾ ਦੇ ਹਾਲ ਕਮਰੇ ਵੱਲ ਤੁਰ ਪਈ।

ਦੋਵੇਂ ਕੁੜੀਆਂ ਕੁਝ ਦੇਰ ਲਈ ਹੈਰਾਨ ਖੜ੍ਹੀਆਂ ਰਹੀਆਂ। ਜਦ ਆਪਣੇ ਹੰਝੂ ਪੂੰਝਦੀਆਂ ਮਾਂ ਦੇ ਮਗਰੇ ਪੁੱਜੀਆਂ ਤਾਂ ਮਾਂ ਇਕ ਮੰਜੇ 'ਤੇ ਬਿਸਤਰ ਸਿੱਧਾ ਕਰ ਰਹੀ ਸੀ। ਬਿਨਾਂ ਕੁਝ ਪੁੱਛੇ-ਦੱਸੇ ਆਪਣੇ ਕੰਮ ਨੂੰ ਲੱਗੀ ਰਹੀ। ਮੇਜ਼ 'ਤੇ ਪਾਣੀ ਦਾ ਜੱਗ ਤੇ ਦੋ ਗਲਾਸ ਲਿਆ ਕੇ ਰੱਖ ਦਿੱਤੇ। ਫਿਰ

ਧਰਮਸ਼ਾਲਾ ਦੀ ਰਸੋਈ ਵਿੱਚੋਂ ਇਕ ਥਾਲੀ ਵਿੱਚ ਗਰਮ ਨਾਸ਼ਤਾ ਤੇ ਚਾਹ ਦੀਆਂ ਦੋ ਪਿਆਲੀਆਂ ਲਿਆ ਦਿੱਤੀਆਂ।

ਹੁਣ ਤਕ ਦੋਵੇਂ ਭੈਣਾਂ ਸੰਭਲ ਚੁੱਕੀਆਂ ਸਨ। ਧਰਮਸ਼ਾਲਾ ਤੇ ਇਸ ਸਾਰੇ ਅਸਥਾਨ ਦੀਆਂ ਉਹ ਬਚਪਨ ਤੋਂ ਹੀ ਵਾਕਫ ਸਨ ਤੇ ਆਪਣੀ ਮਾਂ ਦੀਆਂ ਆਦਤਾਂ ਤੇ ਸੁਭਾਅ ਤੋਂ ਵੀ। ਇਹ ਜਗ੍ਹਾ, ਇਹ ਮਹੌਲ ਜੋ ਕਿ ਮਾਂ ਦੀ ਹੋਂਦ ਵਿੱਚ ਪੂਰੀ ਤਰ੍ਹਾਂ ਰਸ-ਵਸ ਗਿਆ ਸੀ, ਮਾਂ ਨੂੰ ਇਸ ਤੋਂ ਅਲੱਗ ਕਰਕੇ ਦੇਖਣਾ ਸੰਭਵ ਹੀ ਨਹੀਂ ਸੀ।

ਇਹ ਉਹੀ ਜਗ੍ਹਾ ਸੀ ਜਿਸ ਨੇ ਇਕ ਗਰੀਬ ਵਿਧਵਾ ਨੂੰ ਸਹਾਰਾ ਦਿੱਤਾ ਸੀ ਤੇ ਉਸ ਦੀਆਂ ਧੀਆਂ ਨੂੰ ਅੱਗੇ ਪੜ੍ਹਨ ਤੇ ਆਪਣਾ ਭਵਿੱਖ ਸੰਵਾਰਨ ਦੇ ਮੌਕੇ ਦਿੱਤੇ ਸਨ।

ਤੇ ਇਹ ਉਹੀ ਜਗ੍ਹਾ ਸੀ ਜਿਸ ਨੇ ਦੋ ਜਿਊਂਦੀਆਂ-ਜਾਗਦੀਆਂ ਧੀਆਂ ਨੂੰ ਮਹੱਤਵਹੀਣ ਕਰ ਦਿੱਤਾ ਸੀ ਤੇ ਖੁਦ ਉਸ ਨੂੰ ਪ੍ਰੇਮਹੀਣ, ਸਪਰਸ਼ਹੀਣ ਤੇ ਭਾਵਹੀਣ ਦੁਨੀਆ ਵਿੱਚ ਲਿਆ ਸੁੱਟਿਆ ਸੀ।

ਕੁਝ ਦੇਰ ਬਾਅਦ ਦੋਵੇਂ ਭੈਣਾਂ ਨਹਾ-ਧੋ ਕੇ ਮੰਦਰ ਜਾਣ ਲਈ ਤਿਆਰ ਹੋ ਗਈਆਂ ਤਾਂ ਜੋ ਮਾਂ ਨੂੰ ਨਾ ਜਾਪੇ ਕਿ ਉਹ ਪੜ੍ਹ ਲਿਖ ਕੇ ਤੇ ਕੁਝ ਬਣ ਕੇ ਰੱਬ ਨੂੰ ਹੀ ਭੁੱਲ ਗਈਆਂ ਹਨ। ਦੋਨਾਂ ਨੇ ਨਾਲ ਨਾਲ ਪੂਜਾ ਕੀਤੀ ਤੇ ਨਾਲ ਨਾਲ ਚਲਦੇ ਹੋਏ ਹੀ ਪਰਿਕਰਮਾ ਕੀਤੀ ਤੇ ਚੌਵੀਆਂ ਤੀਰਥਕਰਾਂ ਦੇ ਪੈਰਾਂ ਵਿੱਚ ਚੰਦਨ ਦੇ ਟਿੱਕੇ ਲਾਏ। ਫਿਰ ਵੱਡੇ ਹਾਲ ਵਿੱਚ ਜਾ ਕੇ ਸਵਰਗੀ ਅਚਾਰੀਆ, ਸਾਧਣੀਆਂ ਤੇ ਮੁਨੀਆਂ ਦੀਆਂ ਤਸਵੀਰਾਂ ਅੱਗੇ ਮੱਥਾ ਟੇਕਿਆ।

ਧਰਮ ਦਾ ਕੰਮ ਖਤਮ ਹੋਣ ਤੋਂ ਬਾਅਦ ਉਹ ਧਰਮਸ਼ਾਲਾ ਦੀ ਰਸੋਈ ਵਿੱਚ ਚਲੇ ਗਈਆਂ। ਲਗਾਤਾਰ ਦੋ ਘੰਟੇ ਸੇਵਾ ਕਰਕੇ ਆਪ ਭੋਜਨ ਕੀਤਾ ਤੇ ਮਾਂ ਦੀ ਕੋਠੜੀ ਵਿੱਚ ਆ ਗਈਆਂ।

ਹੁਣ ਉਹ ਸਮਾਂ ਆ ਗਿਆ ਸੀ ਜਿਸ ਇਰਾਦੇ ਨਾਲ ਉਹ ਆਈਆਂ ਸਨ, ਉਸ ਨੂੰ ਪੂਰਾ ਕਰਨ ਦਾ। ਦੋਵੇਂ ਮਾਂ ਦੇ ਦੁਆਲੇ ਬਹਿ ਗਈਆਂ। ਮਾਂ ਫਰਸ਼ 'ਤੇ ਬੈਠੀ ਸੀ, ਉਸ ਦੇ ਨਾਲ ਹੀ ਉਹ ਵੀ ਸਜ ਗਈਆਂ।

"ਮਾਂ, ਅਸੀਂ ਇੱਥੇ ਸਿਰਫ ਤੁਹਾਡਾ ਹਾਲ-ਚਾਲ ਪੁੱਛਣ ਨਹੀਂ ਆਈਆਂ," ਵੱਡੀ ਧੀ ਨੇ ਮਾਂ ਦਾ ਹੱਥ ਆਪਣੇ ਹੱਥ ਵਿੱਚ ਲੈ ਕੇ ਕਿਹਾ ਤੇ ਬੋਲੀ, "ਅਸੀਂ ਤੁਹਾਨੂੰ ਨਾਲ ਲੈ ਜਾਣ ਲਈ ਆਈਆਂ।"

"ਕਿੱਥੇ ?" ਮਾਂ ਨੇ ਕਈ ਦਿਨ ਬਾਅਦ ਮੌਨਵਰਤ ਤੋੜਿਆ।

"ਪੂਨਾ, ਆਪਣੇ ਘਰ।" ਇਸ ਵਾਰ ਛੋਟੀ ਨੇ ਜਵਾਬ ਦਿੱਤਾ।

"ਕਿਉਂ ?" ਮਾਂ ਨੇ ਸਹਿਜ ਵਿੱਚ ਐਦਾਂ ਕਿਹਾ ਜਿੱਦਾਂ ਉਸ ਨੂੰ ਗੱਲ ਦੀ ਸਮਝ ਨਾ ਆਈ ਹੋਵੇ।

"ਹੁਣ ਤੁਸੀਂ ਸਾਡੇ ਨਾਲ ਰਹੋਂਗੇ, ਤੁਸੀਂ ਸਾਡੇ ਲਈ ਬਹੁਤ ਕੁਝ ਕਰ ਲਿਆ, ਹੁਣ ਸਾਨੂੰ ਮੌਕਾ ਦਿਓ ਕਿ ਤੁਹਾਡੇ ਲਈ ਕੁਝ ਕਰ ਸਕੀਏ।" ਵੱਡੀ ਧੀ ਨੇ ਪਿਆਰ ਨਾਲ ਆਪਣਾ ਸਿਰ ਮਾਂ ਦੇ ਮੋਢੇ 'ਤੇ ਰੱਖ ਦਿੱਤਾ ਤੇ ਉਸ ਦੇ ਹੱਥ ਨੂੰ ਫੜ ਕੇ ਸਹਿਲਾਉਣ ਲੱਗੀ। ਪਰ ਮਾਂ ਦੇ ਚਿਹਰੇ 'ਤੇ ਇਸ ਕੋਮਲ ਤੇ ਰੂਹਾਨੀ ਸਪੱਰਸ਼ ਦਾ ਕੋਈ ਅਸਰ ਦਿਖਾਈ ਨਾ ਦਿੱਤਾ।

"ਮੈਂ ਉਥੇ ਜਾ ਕੇ ਕੀ ਕਰਾਂਗੀ ?" ਮਾਂ ਦੀ ਆਵਾਜ਼ ਵਿੱਚ ਰੁੱਖਾਪਨ ਸੀ।

"ਉਥੇ ਜਾ ਕੇ ਤੁਸੀਂ ਕੁਝ ਨਹੀਂ ਕਰਨਾ, ਆਪਣੀਆਂ ਧੀਆਂ ਨਾਲ ਰਹਿਣਾ ਏ ਤੇ ਉਹਨਾਂ ਨੂੰ ਢੇਰ ਸਾਰਾ ਪਿਆਰਾ ਦੇਣਾ ਏ।" ਛੋਟੀ ਧੀ ਨੇ ਬੜੇ ਹੀ ਪਿਆਰ ਨਾਲ ਆਖਿਆ ਪਰ ਮਾਂ ਦੇ ਮੱਥੇ ਵਿੱਚ ਹਾਲੇ ਵੀ ਵਲ਼ ਪਏ ਹੋਏ ਸਨ।



"ਮੈਂ ਹੁਣ ਇਥੋਂ ਕਿਤੇ ਨਹੀਂ ਜਾ ਸਕਦੀ।"

"ਕਿਉਂ ?" ਇਸ ਵਾਰ ਦੋਨਾਂ ਧੀਆਂ ਨੇ ਇਕੋ ਵੇਲੇ ਪੁੱਛਿਆ।

"ਲੋਕ ਇਹੋ ਕਹਿਣਗੇ ਕਿ ਜਦ ਤਕ ਲੋੜ ਸੀ ਧਰਮ ਨਿਭਾਇਆ, ਹੁਣ ਧੀਆਂ ਨੂੰ ਨੌਕਰੀ ਮਿਲ ਗਈ ਤਾਂ...।"

"ਤੁਸੀਂ ਏਵੇਂ ਕਿਉਂ ਸੋਚ ਰਹੇ ਓਂ ? ਤੁਸੀਂ ਵੀ ਤਾਂ ਸਮਾਜ ਲਈ ਬਹੁਤ ਕੁਝ ਕੀਤਾ ਏ।" ਵੱਡੀ ਧੀ ਨੇ ਮਾਂ ਦੀ ਗੱਲ ਦਾ ਖੰਡਨ ਕੀਤਾ, "ਤੁਹਾਨੂੰ ਇਹ ਸਭ ਸੋਚਣ ਦੀ ਲੋੜ ਨਹੀਂ ਏ।"

ਪਰ ਮਾਂ ਧੀ ਦੇ ਤਰਕ ਨਾਲ ਸਹਿਮਤ ਨਹੀਂ ਸੀ, "ਲੋੜ ਏ...।" ਮਾਂ ਦੇ ਲਹਿਜੇ ਵਿੱਚ ਅਜੀਬ ਕਿਸਮ ਦੀ ਅੜੀਅਲ ਜ਼ਿੱਦ ਉਭਰ ਆਈ, "ਤੁਹਾਡੀ ਪੜ੍ਹਾਈ ਲਿਖਾਈ ਜੋ ਪੇਡ਼ੀ (ਅਨੁਦਾਨ ਕੋਸ਼) ਨੇ ਤੁਹਾਡੇ 'ਤੇ ਖਰਚ ਕੀਤਾ ਏ ਪਹਿਲਾਂ ਉਹ ਪੂਰੀ ਰਕਮ ਜਮ੍ਹਾਂ ਕਰਵਾਓ, ਫਿਰ ਮੈਨੂੰ ਇਥੋਂ ਲੈ ਕ ਜਾਣ ਬਾਰੇ ਸੋਚਣਾ।"

ਮਾਂ ਦਾ ਚਿਹਰਾ ਨਾ ਕਿ ਕੇਵਲ ਤਮਤਮਾਇਆ ਹੋਇਆ ਸੀ ਬਲਕਿ ਜ਼ਿਆਦਾ ਮਹਿਸੂਸ ਕਰਨ ਨਾਲ ਕੰਬ ਵੀ ਰਿਹਾ ਸੀ।

ਵੱਡੀ ਧੀ ਕੁਝ ਦੇਰ ਲਈ ਹੈਰਾਨ ਰਹਿ ਗਈ। ਫਿਰ ਉਹਨੇ ਗੰਭੀਰ ਨਜ਼ਰਾਂ ਨਾਲ ਛੋਟੀ ਭੈਣ ਵੱਲ ਦੇਖਿਆ ਜਿੱਦਾਂ ਪੁੱਛ ਰਹੀ ਹੋਵੇ ਕਿ ਕੀ ਜਵਾਬ ਦੇਵਾਂ।

ਛੋਟੀ ਧੀ ਨੇ ਸਕਾਰਾਤਮਕ ਤਰੀਕੇ ਨਾਲ ਸਿਰ ਹਿਲਾਇਆ ਤੇ ਫਿਰ ਆਪਣੇ ਦੋਵੇਂ ਹੱਥ ਮਾਂ ਦੀ ਗੋਦ ਵਿੱਚ ਰੱਖਦੀ ਬੋਲੀ,

"ਠੀਕ ਏ, ਮੈਂ ਹਰ ਮਹੀਨੇ ਆਪਣੀ ਪੂਰੀ ਤਨਖਾਹ ਪੇਡ਼ੀ ਵਿੱਚ ਜਮ੍ਹਾਂ ਕਰਵਾ ਦਿਆ ਕਰਾਂਗੀ। ਅਸੀਂ ਦੀਦੀ ਦੀ ਤਨਖਾਹ ਨਾਲ ਹੀ ਕੰਮ ਚਲਾ ਲਿਆ ਕਰਾਂਗੀਆਂ।"

ਵੱਡੀ ਭੈਣ ਨੂੰ ਛੋਟੀ ਭੈਣ ਦੇ ਇਸ ਇਕਦਮ ਕੀਤੇ ਫੈਸਲੇ 'ਤੇ ਹੈਰਾਨੀ ਹੋਈ ਪਰ ਫਿਰ ਉਸ ਨੇ ਆਪਣੀ ਸਹਿਮਤੀ ਦਿਖਾਉਂਦਿਆਂ ਸਿਰ ਮਾਰ ਦਿੱਤਾ ਤੇ ਬੋਲੀ,

"ਵਾਹ! ਕਿੰਨਾ ਵਧੀਆ ਸੋਲੂਸ਼ਨ ਏ, ਛੋਟੀ, ਤੂੰ ਜਿੰਨੀ ਸੁਹਣੀ ਏਂ ਓਨੇ ਹੀ ਸੁੰਦਰ ਤੇਰੇ ਵਿਚਾਰ ਨੇ।"

ਛੋਟੀ ਨੇ ਆਪਣੀ ਇਸ ਪ੍ਰਸੰਸਾ ਦਾ ਰੁਖ ਮਾਂ ਵੱਲ ਕਰ ਦਿੱਤਾ, "ਆਖਿਰ, ਬੇਟੀ ਕਿਹਦੀ ਆਂ!"

ਵੱਡੀ ਨੇ ਉਸੇ ਸ਼ੋਖੀ ਵਿੱਚ ਗੱਲ ਕਰਦਿਆਂ ਕਿਹਾ, "ਆਂ, ਬਿਲਕੁਲ ਸਹੀ, ਜੈਸੀ ਮਾਂ ਤੈਸੀ ਬੇਟੀ!"

ਇਸ ਛੋਟੀ ਜਿਹੀ ਕੋਸ਼ਿਸ਼ ਨਾਲ ਉਹਨਾਂ ਨੂੰ ਲੱਗਿਆ ਸੀ ਕਿ ਸ਼ਾਇਦ ਮਾਂ ਪਿਘਲ ਜਾਵੇਗੀ ਪਰ ਮਾਂ ਦੇ ਤੇਵਰ ਹਾਲੇ ਵੀ ਬਹੁਤ ਸਖਤ ਸਨ।

"ਦੇਖੋ ਮਾਂ, ਤੁਹਾਡੀ ਇਹ ਛੁਟਕੀ ਕਿੱਦਾਂ ਚੁਟਕੀ ਵਿੱਚ ਕਿਸੇ ਵੀ ਗੱਲ ਦਾ ਹੱਲ ਕੱਢ ਲੈਂਦੀ ਏ। ਹੁਣ ਤਾਂ ਤੁਸੀਂ ਖੁਸ਼ ਹੋ ਨਾ! ਚਲੋ ਅੱਜ ਹੀ ਪੇਡ਼ੀ ਦਾ ਪੂਰਾ ਹਿਸਾਬ-ਕਿਤਾਬ ਕੱਢਵਾ ਲੈਂਦੇ ਆਂ। ਪੇਡ਼ੀ ਨੇ ਸਾਨੂੰ ਜੋ ਕੁਝ ਦਿੱਤਾ ਉਹ ਸਾਰਾ ਵਾਪਸ ਕਰ ਦੇਵਾਂਗੀਆਂ। ਸਾਡੇ ਲਈ ਸਾਡੀ ਮਾਂ ਦੇ ਸਨਮਾਨ ਤੋਂ ਵੱਧ ਕੇ ਕੁਝ ਨਹੀਂ ਏ।"

"ਸਨਮਾਨ!" ਮਾਂ ਦੇ ਮੂੰਹ ਵਿੱਚੋਂ ਇਹ ਸ਼ਬਦ ਬਹੁਤ ਸਹਿਜਤਾ ਨਾਲ ਬਾਹਰ ਆਇਆ। ਉਸ ਵੇਲੇ ਉਸ ਸ਼ਬਦ ਦੇ ਨਾਲ ਕੋਈ ਖਾਸ ਸੰਦਰਭ ਜਾਂ ਕੋਈ ਡੂੰਘੇ ਜਾਂ ਦੂਰਗਾਮੀ ਅਰਥ ਵੀ ਨਹੀਂ

ਸਨ ਜੁੜੇ ਹੋਏ। ਇਸ ਇਕ ਸ਼ਬਦ ਦੇ ਉਚਾਰਣ ਨਾਲ ਮਾਂ ਕਿਧਰੇ ਗੁਆਚ ਗਈ। ਕੁਝ ਦੇਰ ਦੀ ਖਾਮੋਸ਼ੀ ਤੋਂ ਬਾਅਦ ਵੱਡੀ ਧੀ ਨੇ ਇਕ ਵਾਰ ਫਿਰ ਮਾਂ ਦੇ ਦੋਨਾਂ ਹੱਥਾਂ ਉਪਰ ਆਪਣੇ ਹੱਥ ਰੱਖ ਦਿੱਤੇ। ਮਾਂ ਦਾ ਚਿਹਰਾ ਹਾਲੇ ਤਕ ਵੀ ਝੁਕਿਆ ਹੋਇਆ ਸੀ। ਵੱਡੀ ਧੀ ਨੇ ਮਾਂ ਦੇ ਚਿਹਰੇ ਉਪਰ ਡਿਗੀ ਵਾਲਾਂ ਦੀ ਲਟ ਨੂੰ ਵਾਪਸ ਉਸ ਦੇ ਵਾਲਾਂ ਵਿੱਚ ਸਮੇਟਦੇ ਹੋਏ ਉਸਦਾ ਚਿਹਰਾ ਆਪਣੇ ਹੱਥਾਂ ਵਿੱਚ ਲੈ ਲਿਆ।

"ਮਾਂ!" ਉਹਨੇ ਆਪਣਾ ਚਿਹਰਾ ਮਾਂ ਦੇ ਚਿਹਰੇ ਉਪਰ ਝੁਕਾ ਦਿੱਤਾ। ਉਸ ਦੀਆਂ ਸੁੱਕੀਆਂ ਤੇ ਭਾਵਹੀਨ ਅੱਖਾਂ ਨੂੰ ਕੁਝ ਦੇਰ ਲਈ ਦੇਖਦੀ ਰਹੀ। ਮਾਂ ਨੇ ਉਸ ਨਾਲ ਨਜ਼ਰ ਨਾ ਮਿਲਾਈ। ਕਿਸੇ ਜ਼ਿੱਦ ਜਾਂ ਨਾਰਾਜ਼ਗੀ ਕਾਰਨ ਨਹੀਂ ਬਲਕਿ ਇਸ ਲਈ ਕਿ ਉਸ ਦਾ ਦਿਮਾਗ ਕਿਧਰੇ ਹੋਰ ਗੁਆਚਿਆ ਹੋਇਆ ਸੀ। ਉਹ ਆਪਣੀ ਧੀ ਦੇ ਚਿਹਰੇ ਨੂੰ ਦੇਖਣ ਦੀ ਬਜਾਏ ਕੁਝ ਹੋਰ ਹੀ ਦੇਖ ਰਹੀ ਸੀ।

ਕੁਝ ਦੇਰ ਬਾਅਦ ਉਹ ਉੱਠੀ ਤੇ ਰੋਜ਼ ਮਰਾਹ ਦੇ ਜੀਵਨ ਦੀ ਤਿਆਰੀ ਕਰਨ ਲੱਗੀ। ਉਸ ਨੇ ਜ਼ਮੀਨ 'ਤੇ ਆਸਣ ਵਿਛਾ ਲਿਆ। ਫਿਰ ਕੀਲੀ 'ਤੇ ਟੰਗੀ ਮਾਲਾ, ਮੋਪਤੀ ਤੇ ਚਰੋੜ ਲਾਹ ਕੇ ਆਸਣ 'ਤੇ ਬਹਿ ਗਈ। ਜਦ ਉਹ ਮੂੰਹ 'ਤੇ ਮੋਪਤੀ ਬੰਨਣ ਲੱਗੀ ਤੇ ਇਸ ਦੀਆਂ ਡੋਰੀਆਂ ਕੰਨਾਂ 'ਤੇ ਚੜ੍ਹਾ ਲਈਆਂ ਤਾਂ ਦੋਵੇਂ ਭੈਣਾਂ ਨੇ ਇਕ ਦੂਜੇ ਵੱਲ ਦੇਖਿਆ ਤੇ ਨਿਰਾਸ਼ ਹੋ ਕੇ ਸਿਰ ਝੁਕਾ ਲਿਆ।

ਹੁਣ ਮਾਂ ਨੇ ਮੌਨ ਧਾਰਨ ਕਰ ਲਿਆ ਸੀ। ਹੁਣ ਜਦ ਤਕ ਉਸ ਦਾ ਪੂਜਾ ਆਦਿ ਦਾ ਪੂਰਾ ਚੱਕਰ ਖਤਮ ਨਹੀਂ ਹੁੰਦਾ ਉਸ ਤੋਂ ਕਿਸੇ ਗੱਲਬਾਤ ਦੀ ਉਮੀਦ ਨਹੀਂ ਸੀ।

ਕੁਝ ਦੇਰ ਬਾਅਦ ਉਹ ਦੋਵੇਂ ਕੋਠੜੀ ਵਿੱਚੋਂ ਬਾਹਰ ਆ ਗਈਆਂ, "ਕੁਝ ਸਮਝ ਨਹੀਂ ਆ ਰਹੀ, ਆਖਿਰ ਮਾਂ ਚਾਹੁੰਦੀ ਕੀ ਏ ?"

"ਹਾਂ, ਮੈਂ ਵੀ ਸਮਝ ਨਹੀਂ ਪਾ ਰਹੀ।"

ਉਹ ਦੋਵੇਂ ਗੱਲਾਂ ਕਰਦੀਆਂ ਹੋਈਆਂ ਸੰਘ ਦੇ ਦਫਤਰ ਵਿੱਚ ਚਲੇ ਗਈਆਂ। ਉਥੇ ਸਮਾਜ ਦੇ ਕੁਝ ਪੱਦਅਧਿਕਾਰੀ ਗੱਦੀਆਂ 'ਤੇ ਬੈਠੇ ਸਨ ਤੇ ਆਪਸ ਵਿੱਚ ਗੱਲਾਂ ਕਰ ਰਹੇ ਸਨ। ਪਿੱਛੇ ਜਿਹੇ ਹੋਏ ਮਹਾਂ ਪਰਬਾਂ ਤੇ ਮਹਾਂ ਭੋਜਾਂ ਦਾ ਹਿਸਾਬ-ਕਿਤਾਬ ਹੋ ਰਿਹਾ ਸੀ। ਮੁਨੀਮ ਜੀ ਲੱਕੜੀ ਦੇ ਇਕ ਢਕਣਦਾਰ ਡੱਬੇ ਉਪਰ ਆਪਣਾ ਰੋਜ਼ਨਾਮਚਾ ਤੇ ਰੋਕੜ-ਵਹੀ ਖੋਲ੍ਹੀ ਬੈਠੇ ਸਨ ਤੇ ਰੋਜ਼ਨਾਮਚੇ ਤੋਂ ਉਹ ਰੋਕੜ-ਵਹੀ ਵਿੱਚ ਨਵੀਆਂ ਐਂਟਰੀਜ਼ ਕਰ ਰਹੇ ਸਨ।

ਦੋਵੇਂ ਭੈਣਾਂ ਕੁਝ ਦੇਰ ਲਈ ਦਰਵਾਜ਼ੇ 'ਤੇ ਰੁਕੀਆਂ ਰਹੀਆਂ। ਹਿਸਾਬ-ਕਿਤਾਬ ਤੇ ਵਿਚਾਰ-ਵਿਮਰਸ਼ ਦੇ ਮਾਹੌਲ ਵਿੱਚ ਆ ਕੇ ਵੱਡੀ ਨੂੰ ਬਹੁਤ ਸੰਕੋਚ ਮਹਿਸੂਸ ਹੋ ਰਿਹਾ ਸੀ ਪਰ ਛੋਟੀ ਨੇ ਉਸ ਦਾ ਹੱਥ ਫੜ ਲਿਆ ਤੇ ਬਿਨਾਂ ਕਿਸੇ ਝਿਜਕ ਦੇ ਅੱਗੇ ਲੰਘ ਗਈ। ਪਹਿਲਾਂ ਉਹਨਾਂ ਨੇ ਗੱਦੀ 'ਤੇ ਬੈਠੇ ਸਾਰੇ ਮਹਾਂਪੁਰਸ਼ਾਂ ਤੇ ਹਾਜ਼ਰ ਹੋਰ ਲੋਕਾਂ ਨੂੰ ਹੱਥ ਜੋੜ ਕੇ ਨਮਸਕਾਰ ਕੀਤੀ ਤੇ ਫਿਰ ਪਟਾਰੇ ਸਾਹਮਣੇ ਪਈਆਂ ਕੁਰਸੀਆਂ 'ਤੇ ਬਹਿ ਗਈਆਂ।

ਮੁਨੀਮ ਜੀ ਨੇ ਉਹਨਾਂ ਵੱਲ ਦੇਖ ਕੇ ਮੁਸਕਰਾਉਂਦਿਆਂ ਕਿਹਾ, "ਅੱਛਾ, ਤੁਸੀਂ ਸੁਸ਼ੀਲਾ ਭੈਣ ਜੀ ਦੀਆਂ ਧੀਆਂ ਓ ?" ਦੋਵੇਂ ਭੈਣਾਂ ਨੇ ਸਿਰ ਹਿਲਾਇਆ। "ਤੁਹਾਨੂੰ ਮਿਲ ਕੇ ਬਹੁਤ ਚੰਗਾ ਲੱਗ ਰਿਹਾ ਏ, ਤੁਸੀਂ ਸਿਰਫ ਆਪਣੀ ਮਾਂ ਦਾ ਹੀ ਨਹੀਂ ਪੂਰੇ ਸਮਾਜ ਦਾ ਨਾਂ ਉੱਚਾ ਕੀਤਾ ਏ।"

"ਇਹ ਸਭ ਤਾਂ ਤੁਹਾਡੇ ਜਿਹੇ ਬਜ਼ੁਰਗਾਂ ਦੇ ਆਸ਼ੀਰਵਾਦ ਦਾ ਨਤੀਜਾ ਏ।"

ਇਸ ਗੱਲ 'ਤੇ ਸਾਰੇ ਗੱਦਾਧਾਰੀ ਗੱਦ-ਗੱਦ ਹੋ ਗਏ। ਸੰਘ ਦੇ ਪ੍ਰਧਾਨ ਮਿਸ਼ਰੀਲਾਲ ਜੀ



ਨੇ ਆਪਣੀ ਆਵਾਜ਼ ਨੂੰ ਹੋਰ ਵੀ ਮਾਧੁਰ ਬਣਾਉਂਦਿਆਂ ਕਿਹਾ, "ਸਾਡੇ ਆਸ਼ੀਰਵਾਰ ਤੋਂ ਵੱਡੇ ਤੁਹਾਡੀ ਮਾਂ ਦੇ ਸੰਸਕਾਰ ਨੇ। ਤੁਸੀਂ ਉਹਨਾਂ ਸੰਸਕਾਰਾਂ ਦਾ ਪਾਲ ਨਾ ਕੀਤਾ ਹੁੰਦਾ ਤਾਂ ਸਾਡੇ ਆਸ਼ੀਰਵਾਰ ਕਿਸੇ ਕੰਮ ਦੇ ਨਾ ਹੁੰਦੇ।"

"ਜੀ, ਪਰ ਸਾਡੇ ਲਈ ਦੋਵੇਂ ਹੀ ਬਰਾਬਰ ਦਾ ਮਹੱਤਵ ਰੱਖਦੇ ਨੇ।" ਇਸ ਵਾਰ ਛੋਟੀ ਨੇ ਖੜ੍ਹੇ ਹੋ ਕੇ ਆਪਣੀ ਗੱਲ ਕਹੀ, "ਅਸੀਂ ਜੀਵਨਭਰ ਤੁਹਾਡੀਆਂ ਅਹਿਸਾਨਵੰਦ ਰਹਾਂਗੀਆਂ।"

ਇਸ ਗੱਲ 'ਤੇ ਸਭ ਨੇ ਸਹਿਮਤੀ ਵਿੱਚ ਸਿਰ ਹਿਲਾਇਆ। ਭਾਵਨਾਵਾਂ ਦੇ ਇਸ ਰਸਮੀ ਆਦਾਨ-ਪ੍ਰਦਾਨ ਬਾਅਦ ਉਹ ਫਿਰ ਆਪਣੇ ਹਿਸਾਬ-ਕਿਤਾਬ ਵਿੱਚ ਰੁਝ ਗਏ। ਮੁਨੀਮ ਜੀ ਚਸ਼ਮੇ ਦੇ ਉਪਰੋਂ ਦੀ ਦੇਖਦੇ ਹੋਏ ਬੋਲੇ,

"ਹਾਂ, ਮੇਰੇ ਲਾਈਕ ਕੋਈ ਸੇਵਾ ?"

"ਜੀ, ਮੁਨੀਮ ਜੀ, ਮੈਂ ਇਹ ਜਾਨਣਾ ਚਾਹੁੰਦੀ ਆਂ ਕਿ ਅਨੁਦਾਨ ਕੋਸ਼ ਵਿੱਚੋਂ ਸਾਡੀ ਪੜ੍ਹਾਈ ਲਈ ਕੁਲ ਕਿੰਨਾ ਦਾਨ ਦਿੱਤਾ ਗਿਆ ਏ ?"

"ਕਿਉਂ ?" ਮੁਨੀਮ ਜੀ ਦੀਆਂ ਭਵਾਂ ਤਣ ਗਈਆਂ ਜਿੱਦਾਂ ਕਿ ਉਸ ਦੇ ਹਿਸਾਬ ਕਿਤਾਬ ਉਪਰ ਸ਼ੱਕ ਕੀਤਾ ਜਾ ਰਿਹਾ ਹੋਵੇ। ਗੱਦੀ 'ਤੇ ਬੈਠੇ ਹੋਰ ਪੱਦਅਧਿਕਾਰੀਆਂ ਦੇ ਕੰਨ ਵੀ ਖੜ੍ਹੇ ਹੋ ਗਏ।

"ਸਾਨੂੰ ਜੋ ਅਨੁਦਾਨ ਦਿੱਤਾ ਗਿਆ ਏ ਅਸੀਂ ਵਾਪਸ ਕਰਨਾ ਚਾਹੁੰਦੀਆਂ ਹਾਂ।"

"ਕਿਉਂ ?" ਇਸ ਵਾਰ ਸੰਘ ਦੇ ਪ੍ਰਧਾਨ ਵੱਲੋਂ ਸਵਾਲ ਆਇਆ ਜਿੱਦਾਂ ਅਨੁਦਾਨ ਵਾਪਸ ਕਰਨ ਦੀ ਗੱਲ ਕਰਕੇ ਪੂਰੇ ਸੰਘ ਉਪਰ ਉਂਗਲ ਉਠਾਈ ਗਈ ਹੋਵੇ।

"ਇਹ ਕੋਈ ਸ਼ਾਹੂਕਾਰ ਦੀ ਦੁਕਾਨ ਨਹੀਂ ਏ ਤੇ ਅਸੀਂ ਇਥੇ ਕਰਜ਼ ਦੇਣ ਤੇ ਵਿਆਜ ਲੈਣ ਲਈ ਨਹੀਂ ਬੈਠੇ।" ਉਹ ਨਾਰਾਜ਼ ਹੋ ਗਏ ਸਨ।

ਛੋਟੀ ਤੁਰੰਤ ਸਮਝ ਗਈ ਕਿ ਮਾਮਲੇ ਨੂੰ ਕਿਸੇ ਨਾਕਾਰਾਤਮਕ ਕੋਣ ਤੋਂ ਦੇਖਿਆ ਜਾ ਰਿਹਾ ਹੈ। ਉਸ ਨੇ ਗੱਲ ਨੂੰ ਸੰਭਾਲਦੇ ਹੋਏ ਕਿਹਾ, "ਨਹੀਂ, ਮਿਸ਼ਰੀ ਲਾਲ ਜੀ, ਉਹੋ ਜਿਹੀ ਕੋਈ ਗੱਲ ਨਹੀਂ, ...ਦਰਅਸਲ ਇਸੇ ਅਨੁਦਾਨ ਨੇ ਸਾਨੂੰ ਇਸ ਕਾਬਲ ਬਣਾਇਆ ਏ ਕਿ ਅਸੀਂ ਕਿਸੇ ਦੇ ਕੰਮ ਆ ਸਕੀਏ। ਇਸ ਲਈ ਸਾਡੀ ਮਾਂ ਦੀ ਇਹ ਭਾਵਨਾ ਏ ਕਿ ਅਨੁਦਾਨ ਅਸੀਂ ਵਾਪਸ ਖਜ਼ਾਨੇ ਵਿੱਚ ਜਮਾਂ ਕਰਵਾ ਦੇਈਏ ਤਾਂ ਜੋ ਕਿਸੇ ਹੋਰ ਦੇ ਕੰਮ ਆ ਸਕੇ।"

ਇਸ ਗੱਲ 'ਤੇ ਸਭ ਨੇ ਸਹਿਮਤੀ ਵਿੱਚ ਸਿਰ ਹਿਲਾਇਆ। ਵੱਡੀ ਭੈਣ ਮੁਸਕਰਾ ਉੱਠੀ, 'ਇਹ ਕੁੜੀ ਕਿੰਨੀ ਖ਼ੂਬਸੂਰਤੀ ਨਾਲ ਹਰ ਗੱਲ ਨੂੰ ਨਵਾਂ ਮੋੜ ਦੇ ਦਿੰਦੀ ਏ।' ਉਸ ਨੇ ਮਨ ਹੀ ਮਨ ਸੋਚਿਆ ਤੇ ਛੋਟੀ ਭੈਣ ਦੀ ਬਾਂਹ 'ਤੇ ਹਲਕੀ ਜਿਹੀ ਚੂੰਡੀ ਵੱਢ ਦਿੱਤੀ।

"ਅਸੀਂ ਤੁਹਾਡੀ ਮਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦੇ ਆਂ।" ਪਰਧਾਨ ਨੇ ਕਿਹਾ, "ਇਹ ਪੇੜ੍ਹੀ ਸਿਰਫ ਰੁਪਏ ਪੈਸੇ ਨਾਲ ਹੀ ਨਹੀਂ ਚਲਦੀ, ਭਾਵਨਾਵਾਂ ਨਾਲ ਚੱਲਦੀ ਏ। ਤੁਸੀਂ ਆਪਣੀ ਮਾਂ ਦੇ ਨਾਂ 'ਤੇ ਜਿੰਨਾ ਦੇਣਾ ਚਾਹੋ ਓਨਾ ਦਾਨ ਦੇ ਸਕਦੀਆਂ ਓਂ।"

ਕੁਝ ਦੇਰ ਬਾਅਦ ਮੁਨੀਮ ਜੀ ਨੇ ਲਕੜੀ ਦੇ ਪਟਾਰੇ ਵਿੱਚੋਂ ਪਰਿਵਾਰ ਦਾ ਖਾਤਾ ਕੱਢਿਆ ਤੇ ਉਹਨਾਂ ਦੇ ਮੂਹਰੇ ਰੱਖ ਦਿੱਤਾ। ਪਿਛਲੇ ਦਸ ਸਾਲਾਂ ਦੀਆਂ ਤਾਰੀਕਾਂ ਵਿੱਚ ਕਈ ਇੰਦਰਾਜ਼ ਦਰਜ਼ ਸਨ। ਛੋਟੀ ਨੇ ਸਾਰੀ ਤਫਸੀਲ ਵਿੱਚ ਜਾਣ ਦੀ ਥਾਂ ਟੋਟਲ ਉਪਰ ਆਪਣੀਆਂ ਨਜ਼ਰਾਂ ਗੱਡ ਦਿੱਤੀਆਂ। ਫਿਰ ਉਸ ਰਕਮ ਨੂੰ ਆਪਣੇ ਫੋਨ ਦੇ ਕੈਲਕੂਲੇਟਰ ਵਿੱਚ ਦਰਜ ਕੀਤਾ ਤੇ ਛੱਤੀਆਂ ਨਾਲ ਵੰਡ ਦਿੱਤਾ। ਫਿਰ ਬੈਗ ਵਿੱਚੋਂ ਚੈੱਕ ਬੁੱਕ ਕੱਢ ਕੇ ਧੜਾ ਧੜ ਚੈੱਕ ਲਿਖਣ ਲੱਗੀ।

ਚੈੱਕ ਜਮ੍ਹਾਂ ਕਰਾਉਣ ਤੋਂ ਬਾਅਦ ਉਹ ਸਭ ਤੋਂ ਵਿਦਾਅ ਲੈ ਕੇ ਦਫਤਰ ਵਿੱਚੋਂ ਬਾਹਰ ਆ ਗਈਆਂ। ਵਾਪਸ ਕੋਠੜੀ ਵਿੱਚ ਪੁੱਜੀਆਂ ਤਾਂ ਮਾਂ ਮੂੰਹ ਤੋਂ ਮੋਪਤੀ ਲਾਹ ਰਹੀ ਸੀ। ਫਿਰ ਚਰੋੜ ਹੱਥ ਵਿੱਚ ਲਈ ਪਹਿਲਾਂ ਤਿੰਨ ਵਾਰ ਖੱਬੇ ਤੇ ਫਿਰ ਤਿੰਨ ਵਾਰ ਸੱਜੇ ਹਿਲਾਉਣ ਤੋਂ ਬਾਅਦ ਉਹ ਉੱਠ ਖੜ੍ਹੀ।

ਧੀਆਂ ਨੇ ਇਕ ਵਾਰ ਫਿਰ ਮਾਂ ਨੂੰ ਘੇਰ ਲਿਆ ਤੇ ਦੱਸਣ ਲੱਗੀਆਂ ਉਹ ਕਿਹੜਾ ਪੁੰਨ ਦਾ ਕੰਮ ਕਰ ਕੇ ਆ ਰਹੀਆਂ ਹਨ। ਸਭ ਕੁਝ ਵਿਸਥਾਰ ਵਿੱਚ ਦੱਸਣ ਤੋਂ ਬਾਅਦ ਵੱਡੀ ਨੇ ਕਿਹਾ, "ਹੁਣ ਤੁਹਾਨੂੰ ਆਪਣੇ ਮਨ ਉਪਰ ਕਿਸੇ ਕਿਸਮ ਦਾ ਬੋਝ ਨਹੀਂ ਰੱਖਣਾ ਚਾਹੀਦਾ। ਤੁਸੀਂ ਵੀ ਤਾਂ ਦਸ ਸਾਲ ਤਕ ਮੰਦਰ ਵਿੱਚ ਸੇਵਾ ਕੀਤੀ ਏ। ਸਮਾਜ ਨੇ ਸਾਡੀ ਜੋ ਮੱਦਦ ਕੀਤੀ ਸੀ ਉਹ ਅਸੀਂ ਵਾਪਸ ਕਰ ਦਿੱਤੀ ਏ, ਪਰ ਹੁਣ ਤੁਹਾਡੀਆਂ ਸੇਵਾਵਾਂ ਕਾਰਨ ਸਮਾਜ ਸਦਾ ਤੁਹਾਡਾ ਧੰਨਵਾਦੀ ਰਹੇਗਾ।"

ਮਾਂ ਹਾਲੇ ਵੀ ਚੁੱਪ ਸੀ। ਕੁਝ ਦੇਰ ਦੋਨੋਂ ਕੁੜੀਆਂ ਉਡੀਕਦੀਆਂ ਰਹੀਆਂ। ਫਿਰ ਛੋਟੀ ਨੇ ਮਾਂ ਦਾ ਹੱਥ ਫੜ ਲਿਆ, "ਸਾਨੂੰ ਹੁਣ ਚਲਣਾ ਚਾਹੀਦਾ ਏ।"

ਮਾਂ ਨੇ ਆਪਣਾ ਹੱਥ ਛੁਡਾ ਲਿਆ, "ਮੈਨੂੰ ਇਥੇ ਹੀ ਰਹਿਣ ਦਿਓ।"

"ਕਿਉਂ ?"

"ਮੈਂ ਸੰਕਲਪ ਕੀਤਾ ਏ।" ਇਸ ਵਾਰ ਮਾਂ ਨੇ ਵੱਡੀ ਧੀ ਦੀਆਂ ਅੱਖਾਂ ਵਿੱਚ ਦੇਖਦਿਆਂ ਕਿਹਾ।

"ਕਿਹੜਾ ਸੰਕਲਪ ?" ਦੋਨੋਂ ਭੈਣਾਂ ਹੀ ਚਿੰਤਾਵਾਨ ਹੋ ਗਈਆਂ।

"ਜੀਵਨਭਰ ਇਸ ਮੰਦਰ ਦੀ ਸੇਵਾ ਕਰਨ ਦਾ ਸੰਕਲਪ।" ਇਕ ਪਲ ਲਈ ਮਾਂ ਦੇ ਬੁੱਲ੍ਹ ਮੀਚੇ ਗਏ। ਫਿਰ ਗੁੱਸੇ ਵਿੱਚ ਕੰਬਦੀ ਹੋਈ ਬੋਲੀ,

"ਹੁਣ ਤਕ ਇਹਨਾਂ ਦਾਨਵੀਰਾਂ ਨੇ ਤੁਹਾਡੀ ਮਾਂ ਨੂੰ ਚਾਕਰੀ ਕਰਦਿਆਂ ਹੀ ਦੇਖਿਆ ਏ, ਹੁਣ ਉਹ ਲੱਖਾਂ ਰੁਪਏ ਕਮਾਉਣ ਵਾਲੀਆਂ ਧੀਆਂ ਦੀ ਮਾਂ ਨੂੰ ਸੇਵਾ ਕਰਦੇ ਦੇਖਣਗੇ।"

ਦੋਵਾਂ ਧੀਆਂ ਨੇ ਹੈਰਾਨ ਹੋ ਕੇ ਇਕ ਦੂਜੇ ਵੱਲ ਦੇਖਿਆ। ਉਹ ਸਮਝ ਗਈਆਂ ਕਿ ਮਾਂ ਦੇ ਅੰਦਰਲੀਆਂ ਕੁਝ ਹੀਣਭਾਵਨਾਵਾਂ ਨੇ ਉਸ ਦੇ ਦਿਮਾਗ ਉਪਰ ਬਹੁਤ ਡੂੰਘਾ ਅਸਰ ਕੀਤਾ ਹੋਇਆ ਹੈ।

ਉਹਨਾਂ ਨੇ ਮਾਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸਾਰੀਆਂ ਕੋਸ਼ਿਸ਼ਾਂ ਨਾਕਾਮ ਗਈਆਂ। ਕੁਲ ਮਿਲਾ ਕੇ ਮਾਮਲਾ ਇਕ ਅਜਿਹੇ ਬਿੰਦੂ 'ਤੇ ਆ ਪੁੱਜਾ ਜਿਥੇ ਪੀੜਤ ਵਿਅਕਤੀ ਹਰ ਤਰ੍ਹਾਂ ਦੀ ਸਮਝਦਾਰੀ, ਵਿਵੇਕ ਇਥੋਂ ਤਕ ਕਿ ਸਹਿਜਬੋਧ ਵੀ ਗਵਾ ਬਹਿੰਦਾ ਹੈ। ਐਦਾਂ ਅਕਸਰ ਉਹਨਾਂ ਲੋਕਾਂ ਲਈ ਹੁੰਦਾ ਹੈ ਜੋ ਦੂਜਿਆਂ ਦੀ ਖੁਸ਼ੀ ਲਈ ਆਪਣੀਆਂ ਖਾਹਿਸ਼ਾਂ ਦਾ ਗਲ੍ਹਾ ਘੁੱਟਣ ਦੀ ਆਦਤ ਦਾ ਸ਼ਿਕਾਰ ਹੋ ਜਾਂਦੇ ਹਨ। ਉਹਨਾਂ ਨੂੰ ਪਤਾ ਹੀ ਨਹੀਂ ਚਲਦਾ ਕਿ ਉਹਨਾਂ ਦੀ ਕੁੰਠਾ ਉਹਨਾਂ ਨੂੰ ਆਤਮਘਾਤੀ ਪੱਧਰ ਤਕ ਖਿੱਚ ਲਿਆਉਂਦੀ ਹੈ। ਉਹ ਜਾਣ ਬੁੱਝ ਕੇ ਕਸ਼ਟ-ਦੇਹ ਕੰਮ ਆਪਣੇ ਜ਼ਿੰਮੇ ਲੈਂਦੇ ਹਨ। ਆਪਣੀਆਂ ਸਰੀਰਕ ਤੇ ਜੈਵਿਕ ਜ਼ਰੂਰਤਾਂ ਨੂੰ ਸੀਮਤ ਕਰ ਲੈਂਦੇ ਹਨ। ਜੀਵਨ ਦੀਆਂ ਅਹਿਮ ਚੀਜ਼ਾਂ ਅੱਖੋਂ ਪਰੋਖੇ ਕਰਦੇ ਹੋਏ ਆਪਣੀਆਂ ਸਮਰਥਾਵਾਂ ਨਾਲੋਂ ਕਈ ਗੁਣਾਂ ਜ਼ਿਆਦਾ ਤਾਕਤ ਖਰਚ ਕਰ ਦਿੰਦੇ ਹਨ, ਇਹ ਸੋਚਦੇ ਹੋਏ ਕਿ ਉਹ ਸਮਾਜ ਦੀਆਂ ਕੁਟਿਲ ਸਮੱਸਿਆਵਾਂ ਨਾਲ ਲੜ ਰਹੇ ਹਨ।

* * *



ਮਾਂ ਦੀ ਜ਼ਿੱਦ ਮੁਹਰੇ ਅਖੀਰ ਧੀਆਂ ਨੂੰ ਝੁਕਣਾ ਪਿਆ, ਹਾਰ ਮੰਨਣੀ ਪਈ ਤੇ ਉਹ ਪੂਨੇ ਵਾਪਸ ਚਲੇ ਗਈਆਂ। ਆਪਣੇ ਕੰਮ ਵਿੱਚ ਰੁਝ ਗਈਆਂ। ਹਫਤੇ ਵਿੱਚ ਇਕ ਦੋ ਵਾਰ ਵੱਡੀ ਧੀ ਮਾਂ ਦਾ ਹਾਲਚਾਲ ਪੁੱਛਣ ਲਈ ਸੰਘ ਦੇ ਦਫਤਰ ਵਿੱਚ ਫੋਨ ਕਰ ਲੈਂਦੀ। ਮਾਂ ਨੂੰ ਫੋਨ 'ਤੇ ਬੁਲਾਇਆ ਜਾਂਦਾ। ਸ਼ੁਰੂ ਦੇ ਦਿਨਾਂ ਵਿੱਚ ਫੋਨ ਉਪਰ ਗੱਲ ਕਰਦਿਆਂ ਮਾਂ ਦਾ ਲਹਿਜ਼ਾ ਠੀਕ ਰਿਹਾ ਪਰ ਫਿਰ ਉਖੜੇ ਉਖੜੇ ਜਵਾਬ ਦੇਣ ਲੱਗੀ। ਕਦੇ ਲੱਗਦਾ ਕਿ ਧੀ ਦੀਆਂ ਗੱਲਾਂ ਨੂੰ ਉਹ ਚੰਗੀ ਤਰ੍ਹਾਂ ਸੁਣ ਨਹੀਂ ਰਹੀ ਜਾਂ ਸਮਝ ਨਹੀਂ ਲੱਗ ਰਹੀਆਂ। ਫਿਰ ਲੱਗਦਾ ਕਿ ਜਿੱਦਾਂ ਉਹ ਕਿਤੇ ਜਾਣ ਦੀ ਕਾਹਲੀ ਵਿੱਚ ਹੋਵੇ ਜਾਂ ਕਿਸੇ ਅਧੂਰੇ ਕੰਮ ਨੂੰ ਵਿੱਚਕਾਰ ਛੱਡ ਕੇ ਆਈ ਹੋਵੇ।

ਪਰ ਕੁਝ ਹੀ ਦਿਨਾਂ ਵਿੱਚ ਵੱਡੀ ਧੀ ਸਮਝ ਗਈ ਕਿ ਉਹਨਾਂ ਦੀ ਮਾਂ ਉਹਨਾਂ ਦੀਆਂ ਗੱਲਾਂ ਉਪਰ ਕਿਉਂ ਧਿਆਨ ਨਹੀਂ ਦੇ ਰਹੀ। ਮਾਂ ਨੇ ਪੱਕੇ ਤੌਰ 'ਤੇ ਜੀਵਨ ਦੇ ਸੰਸਾਰਿਕ ਪੱਖ ਦਾ ਤਿਆਗ ਕਰ ਦਿੱਤਾ ਸੀ।

ਜਿਹਨਾਂ ਧੀਆਂ ਲਈ ਉਸ ਨੇ ਏਨਾ ਕੁਝ ਕੀਤਾ, ਏਨੇ ਦੁੱਖ ਸਹੇ, ਉਹਨਾਂ ਬੇਟੀਆਂ ਪ੍ਰਤੀ ਉਸ ਦੇ ਮਨ ਵਿੱਚ ਰਤੀ ਵੀ ਮੋਹ ਨਹੀਂ ਸੀ ਰਿਹਾ। ਉਸ ਦੀ ਜਗ੍ਹਾ ਹੋਰ ਭਾਵਨਾਵਾਂ ਪ੍ਰਬਲ ਹੁੰਦੀਆਂ ਜਾ ਰਹੀਆਂ ਸਨ। ਉਹ ਖੁਦ ਵੀ ਨਹੀਂ ਜਾਣਦੀ ਕਿ ਇਹਨਾਂ ਭਾਵਨਾਵਾਂ ਦੇ ਕੇਂਦਰ ਵਿੱਚ ਵਿਰਾਗ ਜਾਂ ਮੋਹਮਾਇਆ ਦਾ ਤਿਆਗ ਨਹੀਂ ਬਲਕਿ ਅਜਿਹੀ ਪ੍ਰਤੀਹਿੰਸਾ ਹੈ ਜਿਹਦਾ ਦੂਜਾ ਸਿਰਾ ਆਤਮਹਿੰਸਾ ਨਾਲ ਜੁੜਿਆ ਹੋਇਆ ਹੈ।

ਓਪਰੇ ਤੌਰ 'ਤੇ ਸਭ ਬਰਾਬਰ ਜਿਹਾ ਸੀ ਪਰ ਧੀਆਂ ਲਈ ਨਹੀਂ। ਉਹ ਮਾਂ ਦੀਆਂ ਬਦਲਦੀਆਂ ਹੋਈਆਂ ਪਰਵਿਰਤੀਆਂ ਨੂੰ ਦੁਨੀਆ ਦੀਆਂ ਨਜ਼ਰਾਂ ਨਾਲ ਨਹੀਂ ਸਗੋਂ ਆਪਣੀਆਂ ਨਿੱਜੀ ਨਜ਼ਰਾਂ ਨਾਲ ਦੇਖ ਰਹੀਆਂ ਸਨ।

ਇਹੀ ਮਾਂ ਸੀ ਜੋ ਕੁਝ ਸਮਾਂ ਪਹਿਲਾਂ ਆਪਣੇ ਹਰ ਦੁੱਖ ਨੂੰ ਕਿਸਮਤ, ਰੱਬ ਦੀ ਮਰਜ਼ੀ ਆਦਿ ਦੇ ਰੂਪ ਵਿੱਚ ਦੇਖਿਆ ਕਰਦੀ ਸੀ ਪਰ ਹੁਣ ਬਦਲ ਗਈ ਸੀ। ਐਦਾਂ ਲੱਗਦਾ ਸੀ ਜਿੱਦਾਂ ਉਹ ਕਿਸੇ ਨੂੰ ਕੁਝ ਦਿਖਾਉਣਾ ਚਾਹੁੰਦੀ ਹੈ।

ਉਹ ਕੁਝ ਨਵੀਆਂ ਪਰਿਭਾਸ਼ਾਵਾਂ ਦੇਣ ਲੱਗੀ ਸੀ। ਮੁਸ਼ਕਲ ਇਹ ਸੀ ਕਿ ਇਹ ਪਰਿਭਾਸ਼ਾਵਾਂ ਸ਼ਬਦਾਂ ਵਿੱਚ ਵਿਅਕਤ ਨਹੀਂ ਸਨ ਹੋ ਰਹੀਆਂ ਬਲਕਿ ਉਹਨੇ ਆਪਣੀ ਦੇਹ, ਆਪਣੀ ਆਤਮਾ ਤੇ ਆਪਣੀ ਮਾਨਸਿਕਤਾ ਨੂੰ ਕਸੌਟੀ 'ਤੇ ਚੜ੍ਹਾ ਰੱਖਿਆ ਸੀ।

ਇਕ ਦਿਨ ਉਹੀ ਹੋਇਆ ਜਿਸ ਦਾ ਦੋਵਾਂ ਭੈਣਾਂ ਨੂੰ ਡਰ ਸੀ। ਸੰਘ ਦੇ ਦਫਤਰ ਵਿੱਚੋਂ ਵੱਡੀ ਭੈਣ ਨੂੰ ਫੋਨ ਆਇਆ ਕਿ ਤੁਹਾਡੀ ਮਾਂ ਦੀ ਤਬੀਅਤ ਖ਼ਰਾਬ ਹੈ ਤੇ ਜਲਦੀ ਆ ਕੇ ਮਿਲੋ।

ਮੁਸ਼ਕਿਲ ਇਹ ਸੀ ਕਿ ਦੂਜੇ ਦਿਨ ਹੀ ਕੰਪਨੀ ਦਾ ਕੁਆਟਰਲੀ ਆਡਿਟ ਸੀ ਜਿਸ ਨੂੰ ਕਿਸੇ ਵੀ ਕੀਮਤ 'ਤੇ ਛੱਡਿਆ ਨਹੀਂ ਸੀ ਜਾ ਸਕਦਾ। ਦੂਜੇ ਦਿਨ ਵੀ ਆਡਿਟ ਚੱਲਿਆ ਜਿਸ ਦੇ ਨਤੀਜੇ ਬਹੁਤ ਨਿਰਾਸ਼ਾਜਨਕ ਸਨ। ਫਿਰ ਬੋਰਡ ਦੀ ਮੀਟਿੰਗ ਹੋਈ ਤੇ ਨਵਾਂ ਟਾਰਗੈਟ ਰਿਵਾਈਜ਼ ਹੋਇਆ। ਸਭ ਤੋਂ ਵੱਧ ਦਬਾਅ ਵੱਡੀ ਭੈਣ 'ਤੇ ਆਇਆ। ਕੰਪਨੀ ਦੇ ਸੀਨੀਅਰ ਨੇ ਆਪਣੀ ਇਕ ਫੇਵਰਟ ਸੇਲਜ਼ ਮੈਨੇਜਰ ਦੇ ਏਰੀਏ ਦਾ ਟਾਰਗੈਟ ਉਸ ਦੇ ਏਰੀਏ ਵਿੱਚ ਪਾ ਕੇ ਉਸ ਦਾ ਟਾਰਗੈਟ ਵਧਾ ਦਿੱਤਾ ਤੇ ਉਸ ਨੂੰ ਇਸ ਵਾਰ ਅਜਿਹਾ ਏਰੀਆ ਦਿੱਤਾ ਜੋ ਕਿ ਬਹੁਤ ਪੱਛੜਿਆ ਹੋਇਆ ਸੀ। ਕੰਪਨੀ ਦੇ ਕਾਸਮੇਟਿਕ ਪਰੋਡੱਕਟ ਤੇ ਲੋਕਾਂ ਦੀਆਂ ਬੇਸਿਕ ਨੀਡਜ਼ ਵਿੱਚ ਬਹੁਤ ਵੱਡਾ ਗੈਪ ਸੀ।

ਬੋਰਡ ਦੀ ਮੀਟਿੰਗ ਦੇਰ ਰਾਤ ਤਕ ਚਲੀ। ਸੀਨੀਅਰ ਦਾ 'ਆਰਡਰ' ਸੁਣ ਲੈਣ ਤੋਂ ਬਾਅਦ ਵੱਡੀ ਭੈਣ ਉੱਠ ਖੜ੍ਹੀ ਹੋਈ ਤੇ ਟਰੇਨ ਲੈਣ ਲਈ ਸਿੱਧੀ ਰੇਲਵੇ ਸਟੇਸ਼ਨ ਚਲੇ ਗਈ।

ਦੂਜੇ ਦਿਨ ਜਦ ਉਹ ਆਪਣੇ ਸ਼ਹਿਰ ਦੇ ਸਿਵਿਲ ਹਸਪਤਾਲ ਪੁੱਜੀ ਤੇ ਰਿਸੈਪਸ਼ਨ 'ਤੇ ਆਪਣੀ ਮਾਂ ਦਾ ਨਾਂ ਦੱਸਿਆ ਤਾਂ ਉਸ ਨੂੰ ਮੈਂਟਲ ਵਾਰਡ ਦਾ ਰਾਹ ਦਿਖਾ ਦਿੱਤਾ ਗਿਆ।

ਵੱਡੀ ਭੈਣ ਨੂੰ ਜਦ ਪਤਾ ਲੱਗਾ ਕਿ ਮਾਂ ਮੈਂਟਲ ਵਾਰਡ ਵਿੱਚ ਹੈ ਤਾਂ ਉਹ ਬਹੁਤਾ ਪ੍ਰਤੀਕਰਮ ਵਿਅਕਤ ਕੀਤੇ ਬਿਨਾਂ ਵਾਰਡ ਵੱਲ ਤੁਰ ਪਈ। ਹਾਲਾਂਕਿ ਮਾਂ ਦੀ ਇਸ ਸਥਿਤੀ ਦਾ ਸਾਹਮਣਾ ਕਰਨਾ ਬਹੁਤ ਮੁਸ਼ਕਲ ਸੀ ਪਰ ਉਹ ਮਨ ਕੌੜਾ ਕਰਕੇ ਉਸ ਦੇ ਮੰਜੇ ਸਾਹਮਣੇ ਜਾ ਖੜ੍ਹੀ। ਮਾਂ ਦਾ ਚਿਹਰਾ ਜ਼ਰਦ ਹੋ ਗਿਆ ਸੀ। ਬੁੱਲ੍ਹ ਕਾਲੇ ਫਿਰ ਚੁੱਕੇ ਸਨ। ਧੀ ਨੇ ਮਾਂ ਦਾ ਹੱਥ ਆਪਣੇ ਹੱਥ ਵਿੱਚ ਲਿਆ ਤਾਂ ਉਸ ਨੇ ਅੱਖਾਂ ਖੋਲ੍ਹੀਆਂ ਪਰ ਉਹ ਧੀ ਨੂੰ ਪਛਾਣ ਨਾ ਸਕੀ ਤੇ ਉਸ ਦੀਆਂ ਅੱਖਾਂ ਤੋਂ ਇਹ ਵੀ ਨਹੀਂ ਸੀ ਲੱਗਦਾ ਕਿ ਉਹ ਪਛਾਨਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਉਹਨਾਂ ਅੱਖਾਂ ਵਿੱਚ ਕੋਈ ਉਤਸ਼ਾਹ ਨਹੀਂ ਸੀ ਬਚਿਆ। ਪੁਰਾਣੀ ਜਿਉਣ-ਸ਼ਕਤੀ ਖਤਮ ਜਾ ਚੁੱਕੀ ਸੀ।

ਕੁਝ ਦੇਰ ਬਾਅਦ ਇਕ ਯੂਨੀਅਰ ਡਾਕਟਰ ਆਇਆ, ਉਹਨੇ ਦੱਸਿਆ ਕਿ ਮਰੀਜ਼ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ। ਇਥੇ ਲਿਆਉਣ ਵਿੱਚ ਬਹੁਤ ਦੇਰ ਕਰ ਦਿੱਤੀ ਗਈ ਹੈ। ਡਾਕਟਰ ਨੇ ਇਹ ਵੀ ਦੱਸਿਆ ਕਿ ਪੂਰੀ ਖੁਰਾਕ ਨਾ ਮਿਲਣ ਕਰਕੇ ਤੇ ਟੈਂਸ਼ਨ ਨੇ ਮਾਂ ਦੇ ਦਿਮਾਗ ਉਪਰ ਬਹੁਤ ਅਸਰ ਪਾਇਆ ਹੈ। ਜਿਸ ਦਿਨ ਉਸ ਨੂੰ ਹਸਪਤਾਲ ਲਿਆਂਦਾ ਗਿਆ ਸੀ, ਜੇ ਉਸ ਦਿਨ ਵੀ ਉਸ ਨੂੰ ਕੁਝ ਖਵਾ ਦਿੱਤਾ ਗਿਆ ਹੁੰਦਾ ਤਾਂ ਉਸ ਦੀ ਇਹ ਹਾਲਤ ਨਾ ਹੁੰਦੀ। ਉਹਦੇ ਠੀਕ ਹੋਣ ਵਿੱਚ ਦੋ-ਤਿੰਨ ਮਹੀਨੇ ਲੱਗ ਸਕਦੇ ਹਨ। ਵਿੱਚ ਵਿਚਕਾਰ ਉਸ ਦੀ ਯਾਦਾਸ਼ਤ ਵਾਪਸ ਆਉਂਦੀ ਰਹੇਗੀ ਪਰ ਉਹ ਵੇਲੇ ਇਮੋਸ਼ਨਲ ਸਪੋਰਟ ਲਈ ਅਜਿਹੇ ਵਿਅਕਤੀ ਦਾ ਕੋਲ ਹੋਣਾ ਬਹੁਤ ਜ਼ਰੂਰੀ ਹੈ ਜਿਸ ਨੂੰ ਉਹ ਜਾਣਦੀ ਹੋਵੇ।

ਡਾਕਟਰ ਨੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਕਹੀਆਂ ਪਰ ਉਸ ਦੇ ਦਿਮਾਗ ਵਿੱਚ ਉਹ ਗੱਲ ਬਹੁਤ ਬੁਰੀ ਤਰ੍ਹਾਂ ਵਸ ਗਈ ਕਿ ਜੇ ਉਸ ਦਿਨ ਕਿਸੇ ਨੇ ਕੁਝ ਖਵਾ ਦਿੱਤਾ ਹੁੰਦਾ ਤਾਂ ਉਸ ਦੀ ਇਹ ਹਾਲਤ ਨਾ ਹੁੰਦੀ।

ਡਾਕਟਰ ਦੇ ਜਾਣ ਤੋਂ ਬਾਅਦ ਉਹ ਮਾਂ ਦੇ ਚਿਹਰੇ ਨੂੰ ਲਗਾਤਾਰ ਦੇਖਦੀ ਰਹੀ। ਉਹਨੂੰ ਇਕ ਰੁਆ ਦੇਣ ਵਾਲੇ ਤੇ ਅੰਦਰੋਂ ਤੋੜ ਦੇਣ ਵਾਲੇ ਅਹਿਸਾਸ ਨੇ ਘੇਰ ਲਿਆ ਪਰ ਉਸ ਨੇ ਰੋਣ ਦੀ ਵਜਾਏ ਇਕ ਲੰਮਾ ਡੂੰਘਾ ਸਾਹ ਲੈ ਕੇ ਆਪਣੇ ਆਪ ਨੂੰ ਸ਼ਾਂਤ ਕੀਤਾ, ਬਿਲਕੁਲ ਉਸੇ ਤਰ੍ਹਾਂ ਜਿੱਦਾਂ ਬੋਰਡ ਦੀ ਮੀਟਿੰਗ ਤੋਂ ਬਾਅਦ ਸੀਨੀਅਰ ਦੇ ਆਰਡਰ ਸੁਣ ਕੇ ਲੰਮਾ ਸਾਹ ਲਿਆ ਸੀ।

ਕੁਝ ਦੇਰ ਬਾਅਦ ਉਹਨੇ ਮਾਂ ਦੇ ਚਿਹਰੇ ਤੋਂ ਹਟ ਕੇ ਉਸ ਦੀ ਚਾਰਪਾਈ ਦੇ ਪਿੱਛੇ ਲੱਗੇ 'ਮੌਨੀਟਰ' ਉਪਰ ਆਪਣਾ ਧਿਆਨ ਕੇਂਦਰਿਤ ਕਰ ਦਿੱਤਾ। ਮੌਨੀਟਰ ਵਿੱਚੋਂ ਟਿਕ ਟਿਕ ਦੀ ਆਵਾਜ਼ ਆ ਰਹੀ ਸੀ ਤੇ ਮਾਂ ਦੀ ਲਾਈਫ ਲਾਈਨ ਦਾ ਗਰਾਫ ਨਜ਼ਰ ਆ ਰਿਹਾ ਸੀ। ਫਿਰ ਉਸ ਨੂੰ ਕੰਪਨੀ ਦੀ ਟੌਪ ਲਾਈਨ ਤੇ ਬੌਟਮ ਲਾਈਨ ਵੀ ਮੌਨੀਟਰ ਵਿੱਚੋਂ ਹੀ ਦਿਖਾਈ ਦੇਣ ਲੱਗੀ। ਥੱਲੇ ਬੌਟਮ ਲਾਈਨ, ਵਿਚਕਾਰ ਵਾਲੀ ਲਾਈਨ ਤੇ ਉਪਰ ਟੌਪ ਲਾਈਨ। ਤਿੰਨਾਂ ਗਰਾਫਾਂ ਵਿੱਚ ਸਮਾਨਤਾ ਇਹ ਸੀ ਕਿ ਤਿੰਨਾਂ ਦੇ ਪੁਆਇੰਟ ਇਕ ਅਜਿਹੀ 'ਪਿੱਕ' 'ਤੇ ਅੜੇ ਹੋਏ ਸਨ, ਜਿਥੋਂ ਹੇਠਾਂ ਡਿੱਗਣ ਦਾ ਮਤਲਬ ਸੀ, ਸਿੱਧਾ ਫਲੈਟ ਲਾਈਨ।...

ਉਹਨੇ ਇਕ ਵਾਰ ਫਿਰ ਡੂੰਘਾ ਸਾਹ ਲਿਆ ਤੇ ਸੀਨੀਅਰ ਡਾਕਟਰ ਨੂੰ ਮਿਲਣ ਚਲੇ ਗਈ, ਇਹ ਸਲਾਹ ਲੈਣ ਕਿ ਇਸ ਕੇਸ ਨੂੰ ਪੂਨਾ ਦੇ ਕਿਸ ਹਸਪਤਾਲ ਨੂੰ ਰੈਫਰ ਕਰਨਾ ਠੀਕ ਹੋਵੇਗਾ।



ਅਗਲੇ ਦਿਨ ਇਕ ਡਾਕਟਰ, ਇਕ ਨਰਸ ਤੇ ਕੁਝ ਐਮਰਜੈਂਸੀ ਉਪਰਕਰਣਾਂ ਦੇ ਨਾਲ ਉਹ ਮਾਂ ਨੂੰ ਐਂਬੂਲੈਂਸ ਦੇ ਸਟਰੈਚਰ ਵਿੱਚ ਪਾ ਕੇ ਉਥੋਂ ਰਵਾਨਾ ਹੋ ਗਈ। ਖੱਬੇ ਹੱਥ ਨਾਲ ਉਸ ਨੇ ਮਾਂ ਦਾ ਹੱਥ ਫੜ ਰੱਖਿਆ ਸੀ ਤੇ ਸੱਜੇ ਹੱਥ ਵਿੱਚ ਫੋਨ ਸੀ। ਖੱਬੇ ਹੱਥ ਨਾਲ ਮਾਂ ਦੇ ਹੱਥ ਨੂੰ ਸਹਿਲਾ ਰਹੀ ਸੀ ਤੇ ਸੱਜੇ ਹੱਥ ਨਾਲ ਫੋਨ ਦੇ ਸਕਰੀਨ ਨੂੰ ਸਕਰੋਲ ਕਰ ਰਹੀ ਸੀ।

ਨਵੀਂ ਤਿਮਾਹੀ ਦਾ ਇਹ ਪਹਿਲਾ ਹਫਤਾ ਸੀ। ਉਹ ਫੋਨ ਉਪਰ ਆਪਣੀ ਸੇਲਜ਼ ਟੀਮ ਨਾਲ ਪੂਰੇ ਸੰਪਰਕ ਵਿੱਚ ਸੀ। ਉਸ ਵੇਲੇ ਉਸ ਦਾ ਚਿਹਰਾ ਅਜਿਹੇ ਕਮਾਂਡਰ ਵਾਂਗ ਜਾਪ ਰਿਹਾ ਸੀ ਜੋ ਆਪਣੇ ਮੋਰਚੇ ਨੂੰ ਸੰਭਾਲਣ ਦੀ ਆਖਰੀ ਕੋਸ਼ਿਸ਼ ਕਰ ਰਿਹਾ ਹੋਵੇ।

ਪੂਨੇ ਪੁੱਜ ਕੇ ਮੋਰਚਾ ਦੋ ਹਿੱਸਿਆਂ ਵਿੱਚ ਵੰਡ ਹੋ ਗਿਆ। ਇਕ ਪਾਸੇ ਹਸਪਤਾਲ ਵਿੱਚ ਮਾਂ ਤੇ ਦੂਜੇ ਪਾਸੇ ਟਾਰਗੈਟ। ਦੋਵੇਂ ਚੀਜ਼ਾਂ ਹੀ ਦਾਅ 'ਤੇ ਲੱਗੀਆਂ ਹੋਈਆਂ ਸਨ ਤੇ ਉਸ ਨੇ ਆਪਣੇ ਆਪ ਨੂੰ ਇਹਨਾਂ ਦੋਵਾਂ ਦੇ ਵਿਚਕਾਰ ਪੂਰੀ ਤਰ੍ਹਾਂ ਝੋਂਕ ਦਿੱਤਾ।

ਛੋਟੀ ਭੈਣ ਜੋ ਇਸ ਘਮਾਸਾਨ ਵਿੱਚ ਬਰਾਬਰ ਦੀ ਹਿੱਸੇਦਾਰ ਸੀ। ਉਹ ਆਪਣੇ ਸਾਰੇ ਰੁਝੇਵਿਆਂ ਦੇ ਨਾਲ ਨਾਲ ਇਹ ਵੀ ਦੇਖ ਰਹੀ ਕਿ ਵੱਡੀ ਭੈਣ ਕਿਧਰ ਨੂੰ ਜਾ ਰਹੀ ਹੈ। ਗੁਜ਼ਰਦੇ ਵਕਤ ਦੇ ਨਾਲ ਨਾਲ ਉਸ ਦੇ ਵਿਵਹਾਰ ਵਿੱਚ ਬਹੁਤ ਫਰਕ ਆ ਰਿਹਾ ਸੀ। ਉਹ ਉਸ ਦੀ ਡਿਗਦੀ ਸਿਹਤ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਸੰਭਾਲਣ ਦੀ ਕੋਸ਼ਿਸ਼ ਕਰਦੀ ਰਹੀ ਪਰ ਵੱਡੀ ਭੈਣ ਦੀ ਨੀਅਤ ਉਸ ਨੂੰ ਕਿਤੇ ਹੋਰ ਪਾਸੇ ਲੈ ਜਾ ਰਹੀ ਸੀ। ਫਿਰ ਇਕ ਦਿਨ ਦਰਵਾਜ਼ੇ ਵਿੱਚ ਖੜ੍ਹੀ ਭੈਣ ਨੇ ਮੋਬਾਈਲ 'ਤੇ ਆਉਣ ਵਾਲੇ ਦੋ ਮੈਸੇਜ਼ ਪੜ੍ਹੇ ਤੇ ਉਹਨਾਂ ਨੂੰ ਪੜ੍ਹ ਕੇ ਪਿਛਲੇ ਤਿੰਨਾਂ ਮਹੀਨਿਆਂ ਵਿੱਚ ਉਸ ਦੇ ਅੰਦਰ ਚਲ ਰਹੀ ਉਥਲ-ਪੁੱਥਲ ਇਕ ਦਮ ਸ਼ਾਂਤ ਹੋ ਗਈ।

ਇਹ ਸ਼ਾਂਤੀ ਦਰਅਸਲ ਇਕ ਸਦਮੇ ਦਾ ਹਿੱਸਾ ਸੀ। ਪਰ ਛੋਟੀ ਭੈਣ ਨੇ ਉਸ ਨੂੰ ਵੱਡੀ ਭੈਣ ਦੀ ਜ਼ਿੱਦ ਜਾਂ ਖੁਦ ਦੀ ਅਪੇਖਿਆ ਸਮਝ ਲਿਆ ਤੇ ਉਸ ਦੀ ਇਸੇ ਨਾਸਮਝੀ ਨੇ ਪਹਿਲਾਂ ਤਾਂ ਉਸ ਨੂੰ ਇਕ ਅਜੀਬ ਜਿਹੀ ਨਾਕਾਰਾਤਮਕਤਾ ਨਾਲ ਭਰ ਦਿੱਤਾ ਤੇ ਫਿਰ ਉਹਨੂੰ ਵੀ ਸਮਝ ਨਹੀਂ ਆਇਆ ਕਿ ਉਹ ਖੁਦ ਵੀ ਕਿਸ ਦਿਸ਼ਾ ਵੱਲ ਜਾ ਰਹੀ ਹੈ।

* * *

ਉਸ ਫਲੈਟ ਦੇ ਬੂਹਿਆਂ ਨੂੰ ਬੰਦ ਹੋਇਆਂ ਨੂੰ ਹੁਣ ਪੂਰੇ ਦੋ ਮਹੀਨੇ ਹੋ ਚੁੱਕੇ ਸਨ। ਇਸ ਨਵੀਂ ਤਿਮਾਹੀ ਦਾ, ਜੋ ਕਿ ਸਿਰਫ ਹੁਣ ਇਸ ਫਲੈਟ ਵਿੱਚ ਹੀ ਵਾਪਰ ਰਹੀ ਸੀ, ਹੁਣ ਆਖਰੀ ਚਕਰ ਸ਼ੁਰੂ ਹੋ ਗਿਆ ਤਾਂ ਦੋਨੋਂ ਭੈਣਾਂ ਵਿੱਚ ਇੰਨੀ ਵੀ ਤਾਕਤ ਨਹੀਂ ਸੀ ਕਿ ਉਹ ਪਾਸਾ ਬਦਲ ਸਕਣ ਜਾਂ ਆਪਣੇ ਹੱਥ-ਪੈਰ ਹਿਲਾ-ਡੁਲਾ ਸਕਣ। ਭੁੱਖ ਆਪਣੇ ਬਹੁਤ ਸਾਰੇ ਗੁਣਾਂ-ਔਗਣਾਂ ਨੂੰ ਗਵਾ ਕੇ ਹੁਣ ਸਿਰਫ ਸ਼ੂਨਯ ਵਿੱਚ ਤਬਦੀਲ ਹੋ ਚੁੱਕੀ ਸੀ। ਪਰ ਸ਼ੂਨਯ ਦੀ ਇਸ ਸਥਿਤੀ ਤਕ ਪੁੱਜਣ ਤੋਂ ਚਾਰ ਦਿਨ ਪਹਿਲਾਂ ਛੋਟੀ ਭੈਣ ਦੇ ਸਰੀਰ ਵਿੱਚ ਕੁਝ ਹਰਕਤ ਆਈ। ਉਹ ਅਜੀਬ ਤਰੀਕੇ ਨਾਲ ਹੱਥ-ਪੈਰ ਚਲਾਉਣ ਲੱਗੀ। ਫਿਰ ਉਹ ਆਪਣੇ ਕੱਪੜੇ ਇਧਰ ਓਧਰ ਖਿਚਣ ਲੱਗੀ ਜਿੱਦਾਂ ਕੱਪੜੇ ਜਿਸਮ ਉਪਰ ਚੁੱਭ ਰਹੇ ਹੋਣ। ਉਸ ਨੇ ਕੁੜਤੇ ਨੂੰ ਦੋਵਾਂ ਹੱਥਾਂ ਨਾਲ ਫੜਿਆ ਤੇ ਉਪਰ ਨੂੰ ਖਿੱਚਣ ਲੱਗੀ। ਉਸ ਦੇ ਪਤਲੇ-ਦੁਬਲੇ ਸਰੀਰ ਤੋਂ ਕੁੜਤੇ ਨੂੰ ਅਲੱਗ ਹੋਣ ਵਿੱਚ ਦੇਰ ਨਾ ਲੱਗੀ। ਲੱਕ ਦਾ ਸਾਈਜ਼ ਬਹੁਤ ਘੱਟ ਜਾਣ ਕਾਰਨ ਲੈਗਿੰਗ ਵੀ ਹੇਠਾਂ ਨੂੰ ਸਿਰਕ ਗਈ। ਬਰਾ ਦੀਆਂ ਤਣੀਆਂ ਵੀ ਮੋਢਿਆਂ ਦੀਆਂ ਹੱਡੀਆਂ ਤੋਂ ਹੇਠਾਂ ਡਿਗ ਪਈਆਂ। ਛਾਤੀਆਂ ਵਿੱਚ ਵੀ ਏਨਾ ਉਭਾਰ ਨਹੀਂ ਸੀ ਬਚਿਆ ਕਿ ਚੋਲੀ ਨੂੰ ਰੋਕਿਆ ਜਾ ਸਕੇ।

ਏਨੇ ਕੱਪੜੇ ਲਾਹ ਦੇਣ ਤੋਂ ਬਾਅਦ ਵੀ ਉਸ ਨੂੰ ਚੈਨ ਨਾ ਪਿਆ। ਉਸ ਦੀ ਕਸਮਕਸਾਹਟ ਤੇ ਤੜਫ ਹੋਰ ਵੱਧ ਗਈ। ਉਸ ਨੇ ਆਪਣੀ ਪੈਂਟੀ ਵੀ ਹੇਠਾਂ ਨੂੰ ਸਰਕਾ ਦਿੱਤੀ। ਪਿਛਲੇ ਦੋ ਮਹੀਨਿਆਂ ਦੀ ਮਾਂਹਵਾਰੀ ਨਾਲ ਭਰੀ ਹੋਈ ਪੈਂਟੀ ਲਹਿੰਦਿਆਂ ਹੀ ਉਸ ਦੀ ਬੇਚੈਨੀ ਤੇ ਤੜਫ ਦੇ ਅਸਲੀ ਕਾਰਨਾਂ ਦਾ ਪਤਾ ਚਲਿਆ। ਉਸ ਦੇ ਪੱਟਾਂ ਦੇ ਵਿਚਕਾਰ ਇਕ ਜ਼ਖ਼ਮ ਸੀ ਜੋ ਕਿਸੇ ਸੱਟ ਕਾਰਨ ਨਹੀਂ ਸਗੋਂ ਮਾਂਹਵਾਰੀ ਦੀ ਇਨਫੈਕਸ਼ਨ ਕਾਰਨ ਸੀ। ਪਰ ਮੁਸ਼ਕਲ ਇਹ ਸੀ ਇਸ ਜ਼ਖ਼ਮ ਨੂੰ ਧੋ ਕੇ ਸੁਕਾਉਣ ਦੀ ਸੋਝੀ ਉਸ ਵਿੱਚ ਨਹੀਂ ਸੀ ਬਚੀ। ਇਸ ਲਈ ਨਾ ਤਾਂ ਕੁਝ ਕੀਤਾ ਜਾ ਸਕਦਾ ਸੀ ਤੇ ਨਾ ਹੀ ਇਹ ਜ਼ਖ਼ਮ ਆਪਣੇ ਆਪ ਭਰਨ ਵਾਲਾ ਸੀ।

ਕੱਪੜੇ ਲਾਹ ਦੇਣ ਤੋਂ ਬਾਅਦ ਵੀ ਜਦ ਉਸ ਦੀ ਬੇਚੈਨੀ ਨਾ ਘਟੀ ਤਾਂ ਅਜਿਹੇ ਤਰੀਕਿਆਂ ਨੂੰ ਅਪਣਾਉਣ ਲੱਗੀ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਹ ਘੜੀਸ ਘੜੀਸ ਕੇ ਡਰੈਸਿੰਗ ਟੇਬਲ ਤਕ ਗਈ। ਪਤਾ ਨਹੀਂ ਇੰਨੀ ਤਾਕਤ ਉਸ ਵਿੱਚ ਕਿਥੋਂ ਆ ਗਈ ਸੀ। ਡਰਾਅ ਵਿੱਚੋਂ ਉਸ ਨੇ ਦੋਨਾਂ ਹੱਥਾਂ ਨਾਲ ਕਾਸਮੈਟਿਕ ਕੱਢਣੇ ਸ਼ੁਰੂ ਕਰ ਦਿੱਤੇ। ਮੌਸਚਰਾਈਜ਼ਰ, ਹੇਅਰ ਕੰਡੀਸ਼ਨਰ, ਹੇਅਰ ਕਲਰ, ਫੇਸਵਾਸ਼, ਬੌਡੀ ਲੋਸ਼ਨ, ਫੇਅਰਨੈਸ ਕਰੀਮ, ਐਂਟੀਰਿੰਕਲ ਕਰੀਮ, ਇਹ ਸਾਰੀਆਂ ਚੀਜ਼ਾਂ ਨੂੰ ਇਕ ਕੈਰੀਅਰ ਬੈਂਗ ਵਿੱਚ ਭਰ ਲਿਆ ਤੇ ਆਪਣੇ ਨਾਲ ਕੈਰੀਅਰ ਬੈਂਗ ਨੂੰ ਘੜੀਸਦੀ ਹੋਈ ਡਰਾਇੰਗ ਰੂਮ ਵਿੱਚ ਚਲੇ ਗਈ। ਫਿਰ ਉਹ ਆਪਣੀ ਕੰਪਨੀ ਦੇ ਪਰੋਡੱਕਟ ਨੂੰ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਜ਼ਖ਼ਮ 'ਤੇ ਅਤੇ ਆਪਣੇ ਸਰੀਰ 'ਤੇ ਤਦ ਤਕ ਮਲਦੀ ਰਹੀ ਜਦ ਤਕ ਉਹ ਸਾਰੇ ਖਤਮ ਨਾ ਹੋ ਗਏ।

ਵੱਡੀ ਭੈਣ ਲੀੜੇ ਲਾਹੁਣ ਜਾਂ ਖੁਦ ਨੂੰ ਕਿਸੇ ਪਦਾਰਥ ਨਾਲ ਲਬੇੜਨ ਦੀ ਬਜਾਏ ਕਿਸੇ 'ਅਭੌਤਿਕ ਚੀਜ਼' ਨੂੰ ਆਪਣੀ ਦ੍ਰਿਸ਼ਟੀ ਵਿੱਚ ਕੇਂਦਰਿਤ ਕਰ ਲਿਆ। ਪੰਜ ਦਿਨ ਉਸ ਦੀਆਂ ਨਜ਼ਰਾਂ ਅਣਦਿੱਸਦੀ ਚੀਜ਼ ਉਪਰ ਟਿਕੀਆਂ ਰਹੀਆਂ ਜਦ ਤਕ ਉਸ ਨੇ ਪਲਕਾਂ ਝਮਕਣਾ ਬੰਦ ਨਾ ਕਰ ਦਿੱਤੀਆਂ ਤੇ ਅੱਖਾਂ ਖੁੱਲ੍ਹੀਆਂ ਨਾ ਰਹਿ ਗਈਆਂ।

ਉਸ ਦਾ ਇਕ ਪੈਰ ਸੋਫੇ 'ਤੇ ਸੀ ਤੇ ਦੂਜਾ ਜ਼ਮੀਨ 'ਤੇ। ਪਲਕਾਂ ਦੇ ਝਮਕਣ ਨੂੰ ਬੰਦ ਹੋਇਆਂ ਹਾਲੇ ਦੋ ਘੰਟੇ ਵੀ ਨਹੀਂ ਸਨ ਹੋਏ ਕਿ ਦੋ ਲਾਲ ਰੰਗ ਦੇ ਕੀੜੇ ਉਹਦੇ ਕੋਲ ਪੁੱਜ ਗਏ ਤੇ ਡਾਇਬੀਟੀ ਨਾਲ ਕਾਲੇ ਪੈ ਗਏ ਪੈਰ ਦੇ ਪੰਜੇ ਦੁਆਲੇ ਕੁਝ ਦੇਰ ਮੰਡਲਾਉਂਦੇ ਰਹੇ। ਫਿਰ ਅੰਗੂਠੇ ਦੀ ਚੜ੍ਹਾਈ ਚੜ੍ਹਨ ਲਗੇ। ਹੌਲੀ ਹੌਲੀ ਉਹ ਲੱਤ ਦੀ ਪਿੰਡਲੀ ਵੱਲ ਵਧ ਗਏ ਜਿਥੋਂ ਚਮੜੀ ਕੁਝ ਮੁਲਾਇਮ ਪੈ ਜਾਂਦੀ ਹੈ, ਇਥੋਂ ਉਹਨਾਂ ਨੂੰ ਆਪਣਾ ਕੰਮ ਕੁਝ ਆਸਾਨ ਲੱਗਿਆ।

ਕੁਝ ਦੇਰ ਬਾਅਦ ਬੂਹੇ ਦੀ ਹੇਠਲੀ ਝੀਤ ਰਾਹੀਂ ਕੁਝ ਹੋਰ ਕੀੜਿਆਂ ਦਾ ਆਗਮਨ ਹੋਇਆ। ਉਹ ਪਹਿਲੇ ਦੋ ਖੋਜੀ ਕੀੜਿਆਂ ਦੇ ਬਣਾਏ ਰਾਹ ਰਾਹੀਂ ਅੱਗੇ ਵਧਣ ਲੱਗੇ। ਉਸ ਤੋਂ ਬਾਅਦ ਆਉਣ ਵਾਲੇ ਕੀੜਿਆਂ ਦੀ ਇਕ ਕਤਾਰ ਬਣਨੀ ਸ਼ੁਰੂ ਹੋ ਗਈ। ਤੇ ਕੁਝ ਦੇਰ ਬਾਅਦ ਉਹਨਾਂ ਦੀਆਂ ਸਰਗਰਮੀਆਂ ਨਿਰੰਤਰ ਹੋ ਗਈਆਂ।

ਕੀੜਿਆਂ ਦਾ ਪਹਿਲਾ ਆਗਮਨ ਗਿਆਰਾਂ ਵੱਜ ਕੇ ਪੈਂਤੀ ਮਿੰਟ 'ਤੇ ਸ਼ੁਰੂ ਹੋਇਆ ਸੀ। ਉਹ ਪੌੜੀਆਂ ਰਾਹੀਂ ਉਪਰ ਆਏ ਸਨ। ਜਿੰਦਾਂ ਜਿੰਦਾਂ ਦਿਨ ਅੱਗੇ ਵਧਿਆ ਕੀੜਿਆਂ ਦੀ ਗਿਣਤੀ ਵੀ ਵਧਦੀ ਗਈ। ਪਰ ਕੀੜਿਆਂ ਦੀ ਇਸ ਫੌਜ 'ਤੇ ਕਿਸੇ ਵੀ ਫਲੈਟਵਾਸੀ ਦਾ ਧਿਆਨ ਨਾ ਗਿਆ ਕਿਉਂਕਿ ਪੌੜੀਆਂ ਉਹ ਉਦੋਂ ਹੀ ਵਰਤਦੇ ਜਦ ਲਿਫਟ ਖਰਾਬ ਹੁੰਦੀ।

ਲਿਫਟ ਵਧੀਆ ਤਰੀਕੇ ਨਾਲ ਆਪਣਾ ਕੰਮ ਕਰ ਰਹੀ ਸੀ ਤੇ ਕੀੜਿਆਂ ਦੀ ਫੌਜ ਵੀ।



ਇਹਨਾਂ ਛੋਟੇ ਜੰਤੂਆਂ ਲਈ ਇਹ ਇਕ ਵਧੀਆ ਮੌਕਾ ਸੀ। ਉਹ ਰਾਤ ਭਰ ਅਰਾਮ ਨਾਲ ਕੁਤਰ-ਕੁਤਰ ਕਰਦੇ ਰਹੇ। ਆਪਣੇ ਨਿੱਕੇ ਨਿੱਕੇ ਸਿਰ ਹਿਲਾਉਂਦੇ ਰਹੇ, ਬਿਨਾਂ ਕਿਸੇ ਜਲਦਬਾਜ਼ੀ ਦੇ, ਸ਼ਾਂਤ ਭਾਵ ਨਾਲ ਖੋਦ-ਖੋਦ ਅੰਦਰ ਵੜਦੇ ਰਹੇ।

ਇਹ ਸਿਲਸਿਲਾ ਦੂਜੇ ਦਿਨ ਵੀ ਚਲਦਾ ਰਿਹਾ ਜਦ ਕਿ ਫਲੈਟ ਦੀਆਂ ਖਿੜਕੀਆਂ ਤੇ ਬੂਹੇ ਦੀਆਂ ਵਿਰਲਾਂ ਰਾਹੀਂ ਬਦਬੋ ਨਿਕਲਣੀ ਨਾ ਸ਼ੁਰੂ ਹੋ ਗਈ। ਤੇ ਉਸ ਬਦਬੋ ਦੇ ਹਮਲੇ ਨੇ ਹੋਰ ਫਲੈਟਵਾਸੀਆਂ ਦੇ ਨੱਕ 'ਤੇ ਹਮਲਾ ਨਾ ਕਰ ਦਿੱਤਾ।

ਉਸ ਫਲੈਟ ਦੀ ਇਕੱਲਤਾ ਦੇ ਦਿਨ ਹੁਣ ਪੂਰੇ ਹੋ ਗਏ ਸਨ ਤੇ ਬੰਦ ਬੂਹਿਆਂ ਦਾ ਆਖਰੀ ਸਮਾਂ ਆ ਗਿਆ ਸੀ। ਇਹ ਬੂਹਾ ਉਹਨਾਂ ਬਦਨਸੀਬ ਬੂਹਿਆਂ ਵਿੱਚੋਂ ਇਕ ਸੀ ਜਿਸ ਨੂੰ ਖੋਲ੍ਹਵਾਉਣ ਦਾ ਕੋਈ ਰਾਹ ਨਹੀਂ ਬਚਦਾ ਤੇ ਆਖਿਰਕਾਰ ਤੋੜਨਾ ਹੀ ਪੈਂਦਾ ਹੈ।

ਹੁਣ ਇਕ ਤੋਂ ਬਾਅਦ ਇਕ ਚੌਧਰੀ ਉਸ ਬੂਹੇ ਕੋਲ ਆਉਣ ਲੱਗੇ। ਕੁਝ ਹੀ ਦੇਰ ਵਿੱਚ ਸਮਝ ਆ ਗਈ ਕਿ ਇਹ ਬਦਬੋ ਕਿਸੇ ਪਸ਼ੂ-ਪੰਛੀ ਦੀ ਨਹੀਂ, ਮਨੁੱਖੀ ਲਾਸ਼ ਦੀ ਬਦਬੋ ਹੈ। ਪਹਿਲਾਂ ਸੁਸਾਇਟੀ ਦਾ ਪ੍ਰਧਾਨ ਆਇਆ। ਉਹਨੇ ਇਲਾਕੇ ਦੇ ਕਾਰਪੋਰੇਟਰ ਨੂੰ ਫੋਨ ਕੀਤਾ। ਕਾਰਪੋਰੇਟਰ ਆਇਆ ਤਾਂ ਉਸ ਨੇ ਕਾਰਪੋਰੇਸ਼ਨ ਦੇ ਹੈਲਥ ਡਿਪਾਰਟਮੈਂਟ ਤੇ ਉਸ ਏਰੀਏ ਦੇ ਠਾਣੇਦਾਰ ਨੂੰ ਫੋਨ ਕੀਤਾ। ਫਿਰ ਪੁਲੀਸ ਵਾਲੇ ਆਏ, ਸਫਾਈ ਵਾਲੇ। ਸਰਕਾਰੀ ਹਸਪਤਾਲ ਵਿੱਚੋਂ ਇਕ ਐਂਬੂਲੈਂਸ ਆਈ, ਫਿਰ ਪਰੈੱਸ ਵਾਲੇ ਆਏ ਤੇ ਨਿਊਜ਼ ਚੈਨਲ ਵਾਲੇ ਵੀ ਪੁੱਜ ਗਏ।

ਫਿਰ ਮਿਸਤਰੀ ਆਇਆ। ਉਸ ਨੇ ਆਉਂਦਿਆਂ ਹੀ ਆਪਣੀ ਛੈਣੀ ਉਥੇ ਟਿਕਾ ਦਿੱਤੀ ਜਿੱਥੇ ਇੰਟਰਲੌਕ ਸਿਸਟਮ ਲੱਗਿਆ ਸੀ।

ਕੁਝ ਦੇਰ ਲਈ ਇਕੱਠਾ ਹੋਇਆ ਜਨ-ਸਮੂਹ ਚੁੱਪ ਕਰ ਗਿਆ। ਹੁਣ ਸਿਰਫ ਛੈਣੀ ਉਪਰ ਹਥੌੜੇ ਦੀ ਚੋਟ ਵੱਜ ਰਹੀ ਸੀ। ਇਹਨਾਂ ਚੋਟਾਂ ਦੀ ਆਵਾਜ਼ ਖਾਮੋਸ਼ ਫਲੈਟ ਦੇ ਅੰਦਰ ਗੂੰਜਦੀ ਰਹੀ।

ਵੀਹ-ਬਾਈ ਚੋਟਾਂ ਨਾਲ ਬੂਹੇ ਦਾ ਕਿਨਾਰਾ ਉਖੜ ਗਿਆ। ਜਿੰਦਰਾ ਟੁੱਟਣ ਤੋਂ ਬਾਅਦ ਜਿੰਦਾਂ ਹੀ ਬੂਹਾ ਖੁੱਲ੍ਹਿਆ ਤਾਂ ਬਦਬੋ ਦਾ ਇਕ ਜ਼ੋਰਦਾਰ ਭਵਕਾ ਆਇਆ ਕਿ ਸਭ ਨੱਕ ਬੰਦ ਕਰਦੇ ਪਿੱਛੇ ਹਟ ਗਏ। ਇਥੋਂ ਤਕ ਕਿ ਸੜਕਾਂ ਤੋਂ ਲਾਵਾਰਿਸ ਪਸ਼ੂਆਂ ਦੀਆਂ ਲਾਸ਼ਾਂ ਉਠਾਉਣ ਵਾਲੇ ਸਫਾਈ ਕਰਮਚਾਰੀ ਵੀ ਕੁਝ ਦੇਰ ਲਈ ਠਿਠਕ ਗਏ। ਪਰ ਨਿਊਜ਼ ਚੈਨਲ ਵਾਲੇ ਭੁੱਖੇ ਕੁੱਤਿਆਂ ਵਾਂਗ ਅੰਦਰ ਜਾ ਵੜੇ। ਕਿਸੇ ਕਿਸਮ ਦੀ ਦੁਰਗੰਧ ਦੀ ਪਰਵਾਹ ਕੀਤੇ ਬਿਨਾਂ ਉਸ ਸਨਸਨੀਖੇਜ਼ ਨਿਊਜ਼ ਮਟੀਰੀਅਲ ਨੂੰ ਸ਼ੂਟ ਕਰਨ ਲੱਗੇ।

ਪਹਿਲਾਂ ਉਹਨਾਂ ਨੇ ਵੱਡੀ ਭੈਣ ਦੇ ਸਰੀਰ ਦੇ ਢਾਂਚੇ ਨੂੰ ਫੋਕਸ ਕੀਤਾ। ਉਸ ਦੀਆਂ ਗੱਲ੍ਹਾਂ ਦੋ ਖਾਲੀ ਕੌਲੀਆਂ ਵਾਂਗ ਖੋਖਲੀਆਂ ਸਨ। ਖੁੱਲ੍ਹੇ ਹੋਏ ਮੂੰਹ ਤੇ ਨੱਕ ਉਪਰ ਮੱਖੀਆਂ ਭਿਣਭਿਣਾ ਰਹੀਆਂ ਸਨ। ਅੱਖਾਂ ਪੂਰੀ ਤਰ੍ਹਾਂ ਸਿਰ ਵਿੱਚ ਵੜ ਚੁੱਕੀਆਂ ਸਨ। ਸਫਾਈ ਕਰਮਚਾਰੀ ਉਸ ਦੇ ਸਰੀਰ ਉਪਰ ਬਦਬੋਨਾਸ਼ਕ ਤੇ ਕੀਟਨਾਸ਼ਕ ਪਾਊਡਰ ਛਿੜਕ ਰਹੇ ਸਨ। ਉਹ ਇੰਨਾ ਅਸਰ ਦਾਇਕ ਸੀ ਕਿ ਕੀੜਿਆਂ ਨੂੰ ਹਿੱਲਣ ਦਾ ਮੌਕਾ ਵੀ ਨਾ ਦਿੱਤਾ।

ਫਿਰ ਕੈਮਰਾ ਮੂਵ ਹੋਇਆ ਉਹਨਾਂ ਚੀਜ਼ਾਂ ਉਪਰ ਜੋ ਫਰਸ਼ ਉਪਰ ਖਿਲਰੀਆਂ ਪਈਆਂ ਸਨ। ਇਕ ਪਾਸੇ ਕਾਸਮੈਟਿਕਸ ਦੀਆਂ ਪਿਚਕੀਆਂ ਹੋਈਆਂ ਟਿਊਬਾਂ, ਪਾਊਚ ਤੇ ਪਲਾਸਟਿਕ ਦੀਆਂ ਬੋਤਲਾਂ ਸਨ ਤੇ ਦੂਜੇ ਪਾਸੇ ਖਾਣੇ ਦਾ ਸਾਮਾਨ ਸੜ ਚੁੱਕਿਆ ਸੀ। ਇਹ ਖਾਧ ਚੀਜ਼ਾਂ ਕੀੜਿਆਂ ਤੇ ਮੱਖੀਆਂ ਨਾਲ ਢਕੀਆਂ ਪਈਆਂ ਸਨ।

ਉਸ ਢੇਰ ਦੇ ਕੋਲ ਹੀ ਛੋਟੀ ਭੈਣ ਫਰਸ਼ ਉਪਰ ਪਈ ਸੀ। ਉਸ ਦੀਆਂ ਅੱਖਾਂ ਦੀਆਂ ਪੁਤਲੀਆਂ ਇਧਰ ਓਧਰ ਘੁੰਮ ਰਹੀਆਂ ਸਨ। ਉਹ ਅੱਖਾਂ ਪਾੜ ਪਾੜ ਕੇ ਦੇਖ ਰਹੀ ਸੀ। ਫਿਰ ਉਸ ਦੀਆਂ ਭਵਾਂ ਜ਼ਰਾ ਕੁ ਸੁੰਗੜ ਗਈਆਂ ਜਿੰਦਾਂ ਇਹ ਜਾਣਨ ਦੀ ਕੋਸ਼ਿਸ਼ ਕਰ ਰਹੀਆਂ ਹੋਣ ਕਿ ਉਹ ਇਹ ਸਭ ਕੀ ਦੇਖ ਰਹੀ ਹੈ।

ਪੂਰੀ ਦੁਨੀਆ ਦੇ ਸਾਹਮਣੇ ਉਸ ਦਾ ਸਰੀਰ ਜਾਂ ਸਰੀਰ ਦਾ ਅਰਧਜੀਵਿਤ ਢਾਂਚਾ ਹਾਲਾਂ ਕਿ ਨਿਰਵਸਤਰ ਸੀ ਪਰ ਇਹ ਢੱਕਿਆ ਹੋਇਆ ਵੀ ਹੁੰਦਾ ਤਾਂ ਵੀ ਕੋਈ ਫਰਕ ਨਹੀਂ ਸੀ ਪੈਣਾ ਕਿਉਂਕਿ ਉਹ ਹਰ ਤਰ੍ਹਾਂ ਦੇ ਅਸਰ ਤੋਂ ਉਪਰ ਉੱਠ ਚੁੱਕਿਆ ਸੀ।

---

**ਬਾਕੀ ਪੰਨਾ ਨੰ. 45 ਦਾ**

ਦੋਵੇਂ ਵਿਦੇਸ਼ੀ ਆਪਣੇ ਪਾਵਰਫੁੱਲ ਕੈਮਰਿਆਂ ਵਿਚ ਉਸ ਈਸ਼ਵਰ ਦੇ ਸਿਰਜੇ ਹੋਏ ਉਸ ਰੂਪ ਨੂੰ ਕੈਦ ਕਰ ਰਹੇ ਨੇ।

ਹੈਰਾਨੀ ਵਿਚ ਗੋਤੇ ਖਾ ਰਹੇ ਉਸ ਸੱਜਣ ਨੇ ਕਿਹਾ, "ਰੀਲ੍ਹ ਬਰਬਾਦ ਕਰ ਰਹੇ ਓ। ਐਸਾ ਕੀ ਸੁਹੱਪਣ ਹੈ ਇਸ ਰੋਗੀ ਭਿਖਮੰਗੇ ਵਿਚ...।"

ਦੋਵਾਂ ਨੇ ਫੇਰ ਇਕ ਫ਼ੋਟੋ ਖਿੱਚਦਿਆਂ ਕਿਹਾ, "ਇਹ ਦਿੱਭ ਛਿਣ ਆਉਣ 'ਤੇ ਆਦਮੀ ਦੇ ਮਨ ਵਿਚ ਸਾਰੇ ਮਿਥਿਆ-ਅਭਿਮਾਨ, ਹੰਕਾਰ ਦੇ ਗੁਬਾਰ 'ਲੋਪ ਹੋ ਜਾਂਦੇ ਨੇ। ਪਰ ਉਸ ਛਿਣ ਕੰਨ ਕੋਲ ਫੁਸਫੁਸਾ ਕੇ ਸ਼ੈਤਾਨੀ ਬੁੱਧੀ ਕਹੇਗੀ 'ਇਸ ਪ੍ਰਤੀ ਸਾਵਧਾਨ ਰਹਿ।' ਤੇ ਉਹੀ ਵਿਸ਼ੇਸ਼ ਛਿਣ ਤਾਂ ਤੁਹਾਡੇ ਲਈ ਈਸ਼ਵਰ ਦੇ ਸੂਖਮ ਰੂਪ ਦੇ ਦਰਸ਼ਨ ਕਰਨ ਦਾ ਵਿਸ਼ੇਸ਼ ਛਿਣ ਹੋਏਗਾ।"

ਕੈਮਰੇ ਵਿਚੋਂ ਰੇਡੀਮੇਡ ਅਲੋਕਾਰ ਫ਼ੋਟੋਆਂ ਨਿਕਲ ਰਹੀਆਂ ਸੀ, ਉਸ ਦਿੱਭ ਛਿਣ ਨੂੰ ਅੱਖੋਂ-ਪਰੋਖੇ ਕਰਕੇ ਭੀੜ ਦੇ ਲੋਕਾਂ ਦੇ ਅਗਾਂਹ ਵਧੇ ਪੈਰ ਪਿਛਾਂਹ ਹਟ ਰਹੇ ਸਨ।

ਉਹ ਲੋਕ ਆਪੋ ਵਿਚ ਘੁਸਰ ਮੁਸਰ ਕਰ ਰਹੇ ਸਨ, "ਇਹ ਫ਼ਾੱਰਨ ਵਾਲੇ ਗੰਦਗੀ, ਕੂੜੇ, ਮੰਗਤੇ-ਮਾੜਿਆਂ ਪਿੱਛੇ ਕਿਉਂ ਏਨੇ ਪਾਗਲ ਹੋਏ ਹੋਏ ਨੇ? ਭਿਖਾਰੀ ਤੇ ਭਗਵਾਨ 'ਚ ਕੋਈ ਫ਼ਰਕ ਈ ਨਈਂ ਦੇਖ ਸਕਦੇ। ਦੇਵ-ਭੂਮੀ ਭਾਰਤ 'ਤੇ ਜਿਸ ਦਾ ਜਨਮ ਨਈਂ ਹੋਇਆ, ਭਲਾਂ ਉਹ ਕਿੰਜ ਪਛਾਣੇਗਾ ਈਸ਼ਵਰ ਨੂੰ?"

**ਅਨੁਵਾਦ : ਮਹਿੰਦਰ ਬੇਦੀ, ਜੈਤੋ**

---

**ਬਾਕੀ ਪੰਨਾ ਨੰ. 125 ਦਾ**

ਲਿੰਗਪਾਓ ਹੋਰ ਅੱਗੇ ਗੱਲ ਨਾ ਕਰ ਸਕਿਆ। ਉਹ ਉੱਠਿਆ, ਖੂੰਜੇ ਪਏ ਸਫਾਈ ਕਰਨ ਵਾਲੇ ਬਰੂਮ ਨੂੰ ਚੁੱਕਿਆ ਤੇ ਆਹਿਸਤਾ ਜਿਹੇ ਬਾਹਰ ਨਿਕਲ ਗਿਆ। ਸਟੀਫਨ ਨੇ ਦਰਵਾਜ਼ਾ ਬੰਦ ਹੁੰਦਾ ਸੁਣਿਆ ਤੇ ਨਾਲ ਵਾਲੇ ਕਮਰੇ ਦਾ ਦਰਵਾਜ਼ਾ ਖੁੱਲ੍ਹਦਾ ਵੀ। ਅੱਖਾਂ ਬੰਦ ਕਰਦਿਆਂ ਉਸ ਨੇ ਇਕ ਝੱਪਕੀ ਲੈਣੀ ਚਾਹੀ ਪਰ ਛੇਤੀ ਹੀ ਇਕ-ਦਮ ਉੱਠ ਕੇ ਬਹਿ ਗਿਆ। ਕੁਝ ਚੇਤੇ ਕਰਦਿਆਂ ਉਸ ਨੇ ਮੰਜੇ ਹੇਠੋਂ ਆਪਣੀ ਖੋਖਰੀ ਕੱਢੀ ਤੇ ਕੰਧ ਨਾਲ ਉਥੇ ਹੀ ਟੰਗ ਦਿੱਤੀ ਜਿਥੇ ਉਹ ਸਦਾ ਹੋਇਆ ਹੀ ਕਰਦੀ ਸੀ। ਉਹ ਵਾਪਸ ਮੰਜੇ 'ਤੇ ਆ ਗਿਆ, 'ਸਾਰੀ ਰਾਤ ਸੌਂ ਨਹੀਂ ਸਕਿਆ, ਹੁਣ ਬਾਕੀ ਬਚਦੀ ਰਾਤ ਜਿੰਨੀ ਕੁ ਨੀਂਦ ਮਿਲੇ ਓਨੀ ਕੁ ਹੀ ਲੈ ਲਵਾਂ।' ਉਸ ਨੇ ਅੱਖਾਂ ਬੰਦ ਕਰ ਲਈਆਂ।

ਹੁਣ ਉਸ ਨੂੰ ਸਾਫ ਪਤਾ ਸੀ ਕਿ ਅੱਜ ਆਪਣੇ ਅਫਸਰ ਨੂੰ ਕੀ ਜਵਾਬ ਦੇਣਾ ਸੀ।



**ਮਲਿਆਲਮ ਕਹਾਣੀ**

# ਜਗ੍ਹਾ

**—ਸਿਤਾਰਾ ਐਸ.**

ਉਹ ਚਾਹੁੰਦਾ ਕਿ ਉਸ ਨੂੰ ਕੁਝ ਨਾ ਸੁਣੇ ਪਰ ਇਕ ਇਕ ਸ਼ਬਦ ਉਸ ਦੇ ਕੰਨਾਂ ਵਿੱਚ ਆ ਕੇ ਡਿੱਗ ਰਹੇ ਸਨ। ਐਦਾਂ ਕੁਝ ਦਿਨਾਂ ਤੋਂ ਉਹ ਵਾਰ ਵਾਰ ਸੁਣਦਾ ਆ ਰਿਹਾ ਹੈ- ਨੂਰ ਮਤਿਓਸ, ਇਹ ਥਾਂ ਤੇਰੀ ਨਹੀਂ, ਜਾਓ। ਇਸ ਪੁਰਾਣੇ ਜਰਜ਼ਰੇ ਮਕਾਨ ਦੀ ਹੱਥ ਲਾਇਆਂ ਡਿਗਦੀ ਇਕ ਇਕ ਚੀਜ਼, ਖਿੜਕੀ ਖੋਹਲਦਿਆਂ ਹੀ ਚਿਹਰੇ 'ਤੇ ਪੈਂਦੀ ਯਖ ਹਵਾ, ਬਾਹਰ ਲਕੜੀ ਦੇ ਘੇਰੇ ਤੋਂ ਅੱਗੇ ਪਗਡੰਡੀਆਂ 'ਤੇ ਜੰਮੀ ਬਰਫ ਦੀਆਂ ਤੈਹਾਂ ਉਪਰ ਪੈਦਾ ਹੁੰਦਾ ਖ਼ੌਫ, ਆਪਣੇ ਲਕੜੀ ਦੇ ਦਫਤਰ ਵਿੱਚ ਬੈਠਾ ਗਲ਼ਾ ਸਾਫ ਕਰ ਰਿਹਾ ਪੁਲੀਸ ਅਫਸਰ - ਸਾਰੇ ਹੀ ਇਹੋ ਗੱਲ ਕਹਿੰਦੇ ਹਨ।

ਨੂਰ ਮਤਿਓਸ ਨੂੰ ਆਪਣੇ ਦੇਸ਼ ਵਾਪਸ ਆਏ ਨੂੰ ਕੁਝ ਦਿਨ ਹੀ ਹੋਏ ਸਨ। ਉਹ ਕਈ ਸਾਲਾਂ ਤੋਂ ਗੁਆਂਢੀ ਦੇਸ਼ ਤਾਬੀ ਵਿੱਚ ਕੰਮ ਕਰ ਰਿਹਾ ਸੀ। ਬਹੁਤਾ ਸਮਾਂ ਉਸ ਤੋਂ ਦੂਰ ਰਹਿਣ ਵਾਲੀ ਉਸ ਦੀ ਪਤਨੀ ਦੋ ਸਾਲ ਪਹਿਲਾਂ ਮਰ ਚੁੱਕੀ ਸੀ। ਪੜ੍ਹਾਈ ਲਈ ਅਕਸਰ ਦੂਰ ਹੋਸਟਲ ਵਿੱਚ ਰਹਿਣ ਵਾਲਾ ਉਹਨਾਂ ਦਾ ਬੇਟਾ ਵੀ ਹੁਣ ਨੌਕਰੀ ਦੀ ਤਾਲਾਸ਼ ਵਿੱਚ ਦੂਜੇ ਦੇਸ਼ ਚਲੇ ਗਿਆ ਸੀ।

ਤਾਬੀ ਵਿੱਚ ਨੂਰ ਦੀ ਬ੍ਰੈੱਡ-ਸ਼ੌਪ ਦਾ ਵਧੀਆ ਕਾਰੋਬਾਰ ਸੀ। ਉਹ ਉਸ ਨੂੰ ਬੰਦ ਕਰਕੇ ਦੋ ਮਹੀਨੇ ਪਹਿਲਾਂ ਹੀ ਆਪਣੇ ਦੇਸ਼ ਵਾਪਸ ਆਇਆ ਸੀ। ਉਸ ਦਾ ਮਕਸਦ ਸੀ ਕਿ ਬਾਕੀ ਦੀ ਜ਼ਿੰਦਗੀ ਇਕੱਲੇ ਹੀ ਸਹੀ ਆਪਣੇ ਘਰ ਵਿੱਚ ਬਿਤਾਏ। ਹਮੇਸ਼ਾ ਵਾਂਗ ਉਹ ਗੈਰ-ਕਾਨੂੰਨੀ ਢੰਗ ਨਾਲ ਸੀਮਾ ਪਾਰ ਕਰਨ ਵਾਲੇ ਟਰੱਕ ਵਿੱਚ ਇਥੇ ਪੁੱਜਾ ਸੀ।

ਆਉਣ ਤੋਂ ਕੁਝ ਦਿਨ ਤਕ ਤਾਂ ਉਹ ਬਾਹਰ ਹੀ ਨਹੀਂ ਸੀ ਨਿਕਲਿਆ। ਕਦੇ ਕਦੇ ਤਾਂ ਉਹ ਭੁੱਲ ਹੀ ਜਾਂਦਾ ਕਿ ਪਹਿਲਾਂ ਵਾਂਗ ਉਹ ਕੁਝ ਦਿਨਾਂ ਦੀਆਂ ਛੁੱਟੀਆਂ 'ਤੇ ਨਹੀਂ ਆਇਆ, ਹੁਣ ਇਸ ਘਰ ਵਿੱਚ ਪਤਨੀ ਨਾਲ ਨਹੀਂ ਹੈ। ਤਿੰਨ ਚਾਰ ਸਾਲ ਬਾਅਦ ਉਹ ਇਕ ਵਾਰ ਹੀ ਆਇਆ ਕਰਦਾ ਸੀ। ਉਸ ਦੀਆਂ ਯਾਦਾਂ ਵਿੱਚ ਹਾਲੇ ਵੀ ਕਦੇ ਪਹਿਲੀਆਂ ਗੱਲਾਂ ਹਨ, ਉਹ ਖਾਣੇ ਦੀ ਮੇਜ਼ 'ਤੇ ਬੀਅਰ ਰੱਖ ਕੇ, ਰਸੋਈ ਵੱਲ ਮੂੰਹ ਕਰਕੇ ਉੱਚੀ ਆਵਾਜ਼ ਵਿੱਚ ਗਲਾਸ ਮੰਗਦਾ ਹੈ। ਉਸ ਨੂੰ ਪਤਾ ਹੈ ਕਿ ਉਥੇ ਕੋਈ ਨਹੀਂ ਹੈ ਫਿਰ ਵੀ ਘੰਟਿਆਂਬੱਧੀ ਉਸ ਮੇਜ਼ ਮੂਹਰੇ ਬੈਠਾ ਰਹਿੰਦਾ ਹੈ। ਦੋ ਹਫਤੇ ਪਹਿਲਾਂ ਉਹ ਐਦਾਂ ਹੀ ਬੈਠਾ ਹੋਇਆ ਸੀ ਕਿ ਦੋ ਸਿਪਾਹੀਆਂ ਨੇ ਉਸ ਦੇ ਦਰਵਾਜ਼ੇ ਦੀ ਘੰਟੀ ਆ ਵਜਾਈ। ਉਹ ਬੋਲੇ ਕਿ ਉਹ ਹੁਣ ਤਾਬੀ ਦਾ ਨਾਗਰਿਕ ਹੈ, ਇਸ ਲਈ ਉਸ ਦਾ ਇਥੇ ਰਹਿਣਾ ਗੈਰ-ਕਾਨੂੰਨੀ ਹੈ। ਜਿੰਨੀ ਜਲਦੀ ਹੋ ਸਕੇ ਉਹ ਇਥੋਂ ਚਲੇ ਜਾਵੇ। ਨੂਰ ਨੇ ਯਕੀਨ ਨਾ ਕਰਦਿਆਂ ਕਿਹਾ ਕਿ ਤਾਬੀ ਵਿੱਚ ਤਾਂ ਉਹ ਕਈ ਸਾਲ ਰਹਿਣ ਕਰਕੇ ਉਥੋਂ ਦੀ ਨਾਗਰਿਕਤਾ ਮਿਲ ਗਈ ਹੈ ਪਰ ਉਹ ਇਸੇ ਦੇਸ਼ ਦਾ ਹੈ। ਪੁਲੀਸ ਵਾਲਿਆਂ ਦਾ ਜਵਾਬ ਸੀ ਕਿ ਜੋ ਕਹਿਣਾ ਹੈ ਉਹ ਉੱਚ ਅਧਿਕਾਰੀਆਂ ਨੂੰ ਮਿਲ ਕੇ ਕਹੇ।

ਉਹਨਾਂ ਦਾ ਉੱਚ-ਅਧਿਕਾਰੀ ਪਤਲਾ ਜਿਹਾ, ਤੇਜ਼ ਅੱਖਾਂ ਵਾਲਾ ਤੇ ਦਾੜ੍ਹੀਵਾਲਾ ਸੀ। ਲਕੜੀ ਦੇ ਬਣੇ ਆਪਣੇ ਦਫਤਰ ਦੇ ਕਮਰੇ ਵਿੱਚ ਬੈਠੇ, ਵਿੱਚ ਵਿੱਚ ਹਾਮੀ ਭਰਦਿਆਂ ਉਸ ਨੇ ਨੂਰ ਦੀ ਪੂਰੀ ਗੱਲ ਸੁਣੀ। ਉਸ ਦੇ ਚਿਹਰੇ 'ਤੇ ਅਜਿਹਾ ਕੁਝ ਨਹੀਂ ਸੀ ਕਿ ਉਸ ਨੂੰ ਨੂਰ ਦੀਆਂ

ਗੱਲਾਂ ਉਪਰ ਯਕੀਨ ਨਹੀਂ ਸੀ। ਅਖੀਰ ਉਸ ਨੇ ਨੂਰ ਨੂੰ ਵਿਦਾ ਕਰਨ ਲਈ ਖੜੇ ਹੁੰਦਿਆਂ ਆਖਿਆ ਕਿ ਕਾਨੂੰਨ ਤਾਂ ਕਾਨੂੰਨ ਹੈ, ਉਹ ਚਾਹੇ ਤਾਂ ਸਰਕਾਰ ਕੋਲ ਦਰਖਾਸਤ ਦੇ ਦੇਵੇ।

ਨੂਰ ਸਮਝ ਗਿਆ ਕਿ ਹਾਲਾਤ ਬਦਲ ਚੁੱਕੇ ਹਨ। ਸਾਲਾਂ ਦੇ ਸਾਲ ਦੂਰ ਰਹਿਣ ਕਾਰਨ ਉਸ ਦਾ ਆਪਣਾ ਬਹੁਤ ਕੁਝ ਨਸ਼ਟ ਹੋ ਚੁੱਕਾ ਹੈ। ਹਰ ਸਾਹ ਉਸ ਨੂੰ ਕਹਿ ਰਿਹਾ ਸੀ ਕਿ ਇਹ ਜਗ੍ਹਾ ਤੇਰੀ ਨਹੀਂ ਹੈ। ਬੈਠਕ ਵਿੱਚ ਅੱਗ ਵਾਲੀ ਚਿਮਨੀ ਦੇ ਸਾਮਣੇ ਜ਼ਮੀਨ ’ਤੇ ਉਹ ਗੋਡਿਆਂ ਪਰਨੇ ਬੈਠਾ ਸੀ। ਕਦੇ ਇਸ ਕਮਰੇ ਦੀ ਇਹ ਜਗ੍ਹਾ ਉਸ ਨੂੰ ਸਭ ਤੋਂ ਵੱਧ ਸੁਰੱਖਿਅਤ ਲੱਗਦੀ ਸੀ ਹੁਣ ਉਸ ਦਾ ਸਾਹ ਘੁੱਟ ਹੋ ਰਿਹਾ ਸੀ। ਬੇਵਜ੍ਹਾ ਉਸ ਨੂੰ ਆਪਣੀ ਪਤਨੀ ਯਾਦ ਆ ਗਈ। ਹੁਣ ਤਕ ਉਸ ਨੇ ਇਹ ਨਹੀਂ ਸੀ ਸੋਚਿਆ ਕਿ ਇੰਨੇ ਸਾਲ ਉਹ ਆਪਣੇ ਪਤੀ ਤੇ ਪੁੱਤਰ ਤੋਂ ਬਿਨਾਂ ਇਸ ਜਗ੍ਹਾ ਕਿੱਦਾਂ ਜਿਉਂਦੀ ਰਹੀ ਹੋਵੇਗੀ। ਉਹਨੇ ਕਦੇ ਪੁੱਛਿਆ ਹੀ ਨਹੀਂ ਸੀ। ਕੋਈ ਹਮਦਰਦੀ ਵੀ ਨਹੀਂ ਸੀ ਦਿਖਾਈ। ਜਦ ਕਦੇ ਵੀ ਉਹ ਉਸ ਨਾਲ ਰਿਹਾ ਸੀ ਇਕ ਵਾਰ ਵੀ ਪਿਆਰ ਜਾਂ ਮਾਣ ਨਹੀਂ ਸੀ ਦਿਖਾਇਆ। ਇਸ ਚਿਮਨੀ ਦੇ ਸਾਹਮਣੇ ਆਪਣੇ ਅੰਦਰ ਇਕ ਸਮੁੰਦਰ ਨੂੰ ਸਮੋਈ ਉਹ ਚੁੱਪ ਚਾਪ ਬੈਠੀ ਰਹਿੰਦੀ। ਇਕਾਂਤ ਦੇ ਬੋਝ ਨਾਲ ਛੱਤਾਂ ਹਿੱਲ ਗਈਆਂ ਸਨ।

ਆਪਣੀ ਪਤਨੀ ਨੂੰ ਉਹ ਉਸ ਦੀ ਮੌਤ ਤੋਂ ਬਾਅਦ ਪਿਆਰ ਕਰਨ ਲੱਗਾ ਹੈ, ਇਹ ਸੋਚਦਿਆਂ ਉਹ ਆਪਣੀਆਂ ਗਿੱਲੀਆਂ ਅੱਖਾਂ ਰਾਹੀਂ ਹੱਸਿਆ। ਜਦੋਂ ਉਹ ਤਾਬੀ ਵਿੱਚ ਸੀ ਐਦਾਂ ਉਸ ਨੇ ਇਕ ਵਾਰ ਵੀ ਨਹੀਂ ਸੀ ਸੋਚਿਆ। ਨਾ ਉਸ ਬਾਰੇ, ਨਾ ਹੀ ਕਿਸੇ ਹੋਰ ਗੱਲ ਬਾਰੇ। ਹੋਰਨਾਂ ਆਮ ਲੋਕਾਂ ਵਾਂਗ ਉਸ ਦੀ ਇਕ ਪਤਨੀ, ਬੇਟਾ ਤੇ ਘਰ ਵੀ ਸੀ। ਦੁਨੀਆਦਾਰੀ ਨੂੰ ਬਿਨਾਂ ਕਿਸੇ ਵੱਡੇ ਲੱਗ-ਲਗਾਵ ਤੋਂ ਨਿਭਾਈ ਜਾ ਰਿਹਾ ਸੀ। ਤਾਬੀ ਵਿੱਚ ਉਸ ਦੀ ਬ੍ਰੈੱਡ ਸ਼ੌਪ ਸੀ। ਦੁਕਾਨ ਦੇ ਪਿਛਵਾੜੇ ਹੀ ਇਕ ਕਮਰਾ ਸੀ। ਇਸ ਕਮਰੇ ਰਹਿੰਦਿਆਂ ਕਦੇ ਵੀ ਯਾਦਾਂ ਨੇ ਉਸ ਦੇ ਮਨ ਵਿੱਚ ਨਮੀ ਨਹੀਂ ਸੀ ਲਿਆਂਦੀ। ਤਾਬੀ ਨੇ ਕਦੇ ਉਸ ਨੂੰ ਕਿਸੇ ਕਿਸਮ ਦੇ ਸ਼ੱਕ-ਡਰ ਦਾ ਅਨੁਭਵ ਨਹੀਂ ਸੀ ਕਰਾਇਆ।

ਇਕ ਹੀ ਟਾਪੂ ਦਾ ਹਿੱਸਾ ਹੋਣ ਦੇ ਬਾਵਜੂਦ ਤਾਬੀ ਦਾ ਜਿਉਣ ਢੰਗ ਸਾਨ ਦੇ ਜੀਵਨ ਤੋਂ ਬਿਲਕੁਲ ਅਲੱਗ ਸੀ। ਉਥੋਂ ਦੇ ਲੋਕ ਆਪਣੀ ਹੀ ਦੁਨੀਆ ਵਿੱਚ ਰਹਿੰਦੇ ਸਨ। ਇਕੱਲ ਵਿੱਚ ਵੀ ਇਕਾਂਤ ਦਾ ਅਨੁਭਵ ਨਹੀਂ ਸਨ ਕਰਦੇ। ਉਥੋਂ ਦੀ ਸਰਦੀ ਤੋਂ ਪਿੱਛਾ ਛਡਾਉਣ ਲਈ ਉਹ ਸਵੈਟਰ ਤੇ ਉਪਰ ਦੀ ਮੋਟੀਆਂ ਜੈਕਟਾਂ ਪਾਈ ਕਿਸੇ ਉਪ-ਗ੍ਰਹਿ ਦੇ ਯਾਤਰੀਆਂ ਵਾਂਗ ਗਲੀਆਂ ਵਿੱਚ ਤੁਰੇ ਫਿਰਦੇ। ਕਈ ਸਾਲ ਤਾਬੀ ਵਿੱਚ ਰਹਿਣ ਦੇ ਬਾਵਜੂਦ ਵੀ ਨੂਰ ਦੀ ਕਿਸੇ ਇਕ ਨਾਲ ਦੋਸਤੀ ਨਹੀਂ ਸੀ ਹੋਈ। ਉਸ ਨੂੰ ਆਪਣੇ ਬ੍ਰੈੱਡ ਸ਼ੌਪ ਦੇ ਰੁਝੇਵਿਆਂ ਵਿੱਚ ਦੁਨੀਆਦਾਰੀ ਦੀ ਜ਼ਰੂਰਤ ਹੀ ਮਹਿਸੂਸ ਨਾ ਹੋਈ।

ਦੋ ਮਹੀਨੇ ਪਹਿਲਾਂ ਉਹ ਨਿਤ ਵਾਂਗ ਆਪਣੀ ਦੁਕਾਨ ’ਤੇ ਗਾਹਕਾਂ ਦੀ ਉਡੀਕ ਕਰ ਰਿਹਾ ਸੀ ਤਦ ਹੀ ਉਸ ਨੇ ਫੈਸਲਾ ਕਰ ਲਿਆ ਸੀ ਕਿ ਉਸ ਨੇ ਵਾਪਸ ਸਾਨ ਚਲੇ ਜਾਣਾ ਹੈ। ਉਹ ਸਟੂਲ ਉਪਰ ਦੁਕਾਨ ਦੇ ਇਕ ਪਾਸੇ ਬੈਠਾ ਸੀ, ਬ੍ਰੈੱਡ ਬਣਾਉਣ ਵਾਲੀ ਭੱਠੀ ਦੀ ਅੱਗ ਦੀ ਤਾਬ ਉਸ ਦੇ ਚਿਹਰੇ ’ਤੇ ਪੈ ਰਹੀ ਸੀ। ਮੇਜ਼ ’ਤੇ ਪਲਾਸਟਿਕ ਦੀਆਂ ਸ਼ੀਟਾਂ ਵਿਛੀਆਂ ਸਨ। ਉਹਨਾਂ ਤੇ ਪਿਆ ਚਿੱਟਾ ਆਟਾ ਪੀਲਾ ਪੈ ਰਿਹਾ ਸੀ। ਬਾਹਰ ਆਮ ਨਾਲੋਂ ਵੱਧ ਹਨੇਰਾ ਸੀ। ਸਾਹਮਣੇ ਵਾਲੀ ਕੰਧ ਵੱਲੋਂ ਤਿੱਖੀ ਠੰਢ ਅੰਦਰ ਵੜ ਰਹੀ ਸੀ। ਬਾਹਰ ਗਲੀ ਵਿੱਚ ਕੁਝ ਪਰਛਾਵੇਂ ਜਿਹੇ ਬੇਮਤਲਬ, ਬੇਮਕਸਦ ਘੁੰਮ ਰਹੇ ਸਨ ਜਿੱਦਾਂ ਜੀਵਨ ਵਿੱਚ ਉਹਨਾਂ ਲਈ ਕੁਝ ਕਰਨ ਨੂੰ ਬਚਿਆ ਹੀ ਨਾ ਹੋਵੇ। ਅਜਿਹੇ ਪਲ ਉਸ ਨੇ ਪਹਿਲਾਂ ਕਦੇ ਨਹੀਂ ਸਨ ਦੇਖੇ। ਉਸ ਨੂੰ ਜਾਪਿਆ ਜਿੱਦਾਂ ਉਹ ਸਦੀਆਂ ਤੋਂ ਕਿਸੇ ਸੁੰਨੇ ਪਲਾਨਟ ਉਪਰ ਪਿਆ ਹੋਵੇ ਤੇ ਇਹਨਾਂ ਸਦੀਆਂ ਦੀ ਇਕੱਲਤਾ ਉਸ ਦੇ ਅੰਦਰ ਜਮ੍ਹਾਂ



ਹੋ ਗਈ ਹੋਵੇ। ਹੁਣ ਇਸ ਚਿਮਨੀ ਮੂਹਰੇ ਬੈਠਿਆਂ ਜੋ ਕੁਝ ਉਸ ਨੂੰ ਮਹਿਸੂਸ ਹੋ ਰਿਹਾ ਸੀ, ਉਹ ਸ਼ਾਇਦ ਦੋ ਮਹੀਨੇ ਪਹਿਲਾਂ ਜਿਹੀ ਇਕੱਲ ਨਹੀਂ ਸੀ। ਇਹ ਸ਼ਾਇਦ ਇਕੱਲਤਾ ਹੈ ਹੀ ਨਹੀਂ ਸੀ।

ਉਹ ਉਵੇਂ ਹੀ ਬੈਠਾ ਸੀ ਕਿ ਉਸ ਦੇ ਮੁੰਡੇ ਦਾ ਫੋਨ ਆ ਗਿਆ। ਨਾਗਰਿਕਤਾ ਮਿਲਣ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਗੱਲਾਂ ਕਰਨ ਲਈ ਉਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਪਿਓ ਦੀਆਂ ਗੱਲਾਂ ਸੁਣ ਕੇ ਮੁੰਡਾ ਗੁੱਸੇ ਵਿੱਚ ਆਉਂਦਾ ਬੋਲਿਆ, “ਤੁਹਾਨੂੰ ਤੁਹਾਡੀ ਆਪਣੀ ਮਿੱਟੀ ਵਿੱਚੋਂ ਬਾਹਰ ਕੱਢਣ ਦਾ ਕਿਸੇ ਨੂੰ ਕੀ ਅਧਿਕਾਰ ਹੈ?” ਉਹ ਨੇ ਸਖਤ ਆਵਾਜ਼ ਵਿੱਚ ਕਿਹਾ, “ਬਾਪੂ, ਤੁਸੀਂ ਜਲਦੀ ਹੀ ਕਿਸੇ ਵਕੀਲ ਨੂੰ ਮਿਲੋ, ਮੈਂ ਵੀ ਪਹੁੰਚ ਰਿਹਾਂ।”

“ਠੀਕ ਏ, ਮੈਂ ਕੱਲ੍ਹ ਹੀ ਵਕੀਲ ਨੂੰ ਮਿਲਾਂਗਾ ਤੇ ਇਸ ਬਾਰੇ ਤੈਨੂੰ ਦੱਸਾਂਗਾ।” ਨੂਰ ਨੇ ਆਪਣੇ ਮੁੰਡੇ ਨੂੰ ਆਖਿਆ।

ਅਗਲੇ ਦਿਨ ਉਹ ਵਕੀਲ ਦਿਓਂ ਆ ਕੇ ਉਸ ਦੇ ਕਹੇ ਅਨੁਸਾਰ ਆਪਣੀਆਂ ਅਲਮਾਰੀਆਂ ਤੇ ਮੇਜ਼ਾਂ ਦੇ ਡਰਾਅ ਤਲਾਸ਼ਣ ਲੱਗਾ। ਉਸ ਨੇ ਕੋਈ ਸਬੂਤ ਲੱਭਣਾ ਹੈ ਕਿ ਉਹ ਇਥੇ ਦਾ ਹੀ ਜੰਮਿਆਂ-ਪਲਿਆ ਨਾਗਰਿਕ ਹੈ। ਪਰ ਅਜਿਹਾ ਕੁਝ ਵੀ ਨਾ ਮਿਲਿਆ। ਸਾਰੇ ਕਾਗਜ਼ ਹੀ ਲਾਪਤਾ ਹੋ ਗਏ ਸਨ। ਉਸ ਨੇ ਪਹਿਲਾਂ ਕਦੇ ਸੋਚਿਆ ਹੀ ਨਹੀਂ ਸੀ ਕਿ ਆਪਣੀ ਹੋਂਦ ਨੂੰ ਸਹੀ ਸਾਬਤ ਕਰਨ ਲਈ ਸਬੂਤਾਂ ਦੀ ਲੋੜ ਵੀ ਪਵੇਗੀ। ਆਪਣੀ ਤਲਾਸ਼ ਨੂੰ ਵਿਚਕਾਰ ਹੀ ਛੱਡ ਉਹ ਆਪਣੇ ਮੁੰਡੇ ਦੇ ਕਮਰੇ ਵਿੱਚ ਗਿਆ। ਸਾਹਮਣੇ ਹੀ ਕੰਧ ਉਪਰ ਉਸ ਦੀ ਪਤਨੀ ਤੇ ਮੁੰਡੇ ਦੀ ਇਕ ਪੁਰਾਣੀ ਤਸਵੀਰ ਲਟਕ ਰਹੀ ਸੀ। ਜਦੋਂ ਦੀ ਇਹ ਤਸਵੀਰ ਸੀ ਨੂਰ ਉਦੋਂ ਇਥੇ ਨਹੀਂ ਸੀ। ਮੁੰਡਾ ਉਦੋਂ ਬਹੁਤ ਛੋਟਾ ਸੀ। ਪਤਨੀ ਨੇ ਬੱਚੇ ਨੂੰ ਘੁੱਟ ਕੇ ਫੜਿਆ ਹੋਇਆ ਸੀ। ਉਸ ਨੇ ਫੋਟੋਗਰਾਫਰ ਦੇ ਕੈਮਰੇ ਦੀ ਅੱਖ ਦੇ ਸਾਹਮਣੇ ਆਪਣਾ ਹੱਥ ਮੂਹਰੇ ਕੀਤਾ ਹੋਵੇਗਾ। ਬੱਚੇ ਦੇ ਚਿਹਰੇ ਉਪਰ ਮੁਸਕਾਨ ਆਉਣ ਤਕ ਉਹ ਫੋਟੋਗਰਾਫਰ ਦੇ ਨਾਲ ਹੀ ਕੁਝ ਪਲਾਂ ਤਕ ਉਡੀਕ ਵਿੱਚ ਵੀ ਰਹੀ ਹੋਵੇਗੀ। ਆਪਣੇ ਬੇਟੇ ਨਾਲ ਚੁੰਬੜੀ ਹੋਈ ਪਤਨੀ ਨੇ ਉਸ ਵੇਲੇ ਇਹ ਨਹੀਂ ਸੋਚਿਆ ਹੋਵੇਗਾ ਕਿ ਇਹਨਾਂ ਕਰਤਾਰੀ ਪਲਾਂ ਨਾਲ ਜੁੜਨ ਲਈ ਨੂਰ ਦਾ ਕਲੇਜਾ ਕਈ ਸਾਲ ਲਵੇਗਾ।

ਛਾਤੀ ਉਪਰਲੇ ਭਾਰ ਨੂੰ ਹਲਕਾ ਕਰਨ ਲਈ ਨੂਰ ਕੁਝ ਦੇਰ ਲਈ ਆਪਣੇ ਮੁੰਡੇ ਦੇ ਬਿਸਤਰ ਉਪਰ ਬਹਿ ਗਿਆ। ਧੂੜ ਨਾਲ ਭਰੀ ਚਾਦਰ ਨੂੰ ਇਕ ਪਾਸੇ ਸੁੱਟ ਉਹ ਲੰਮਾ ਪੈ ਗਿਆ ਤੇ ਉਸ ਨੂੰ ਨੀਂਦ ਆ ਗਈ।

ਦਰਵਾਜ਼ੇ ਦੀ ਘੰਟੀ ਵੱਜਣ ਨਾਲ ਉਸ ਦੀ ਨੀਂਦ ਖੁੱਲ੍ਹੀ। ਉੱਠ ਕੇ ਬਾਹਰ ਜਾਂਦੇ ਸਮੇਂ ਉਸ ਨੇ ਇਕ ਵਾਰ ਫਿਰ ਨਿਗਾਹ ਉਸ ਫੋਟ ਉਪਰ ਸੁੱਟੀ, ...ਜੀਵਨ ਤੇ ਮੌਤ ਵਿੱਚ ਮੇਰੇ ਹੋਣ ਦੇ ਦੋ ਸਬੂਤ!

ਦਰਵਾਜ਼ੇ ਉਪਰ ਦੋ ਸਿਪਾਹੀਆਂ ਸੰਗ ਪੁਲੀਸ ਅਧਿਕਾਰੀ। ਉਸ ਦੇ ਚਿਹਰੇ ’ਤੇ ਹੁਣ ਬਹੁਤਾ ਓਪਰਾਪਨ ਨਹੀਂ ਹੈ। ਉਹ ਆਖਦਾ ਹੈ ਕਿ ਖੁਸ਼ਖਬਰੀ ਹੈ ਕਿ ਨੂਰ ਦੀ ਅਰਜ਼ੀ ਮਨਜ਼ੂਰ ਹੋਣ ਦੇ ਪੂਰੇ ਮੌਕੇ ਹਨ, ਉਸ ਨੂੰ ਹੁਣ ਤਾਬੀ ਜਾਣ ਦੀ ਲੋੜ ਨਹੀਂ ਪਵੇਗੀ।

“ਪਰ ਮੈਂ ਤਾਂ ਜਾਣਾ ਏਂ।” ਨੂਰ ਨੇ ਕਿਹਾ, “ਇਹ ਜਗ੍ਹਾ ਮੇਰੀ ਨਹੀਂ ਏ।”

ਦਰਵਾਜ਼ਾ ਬੰਦ ਕਰ ਕੇ ਉਸ ਨੇ ਅੰਦਰੋਂ ਕੁੰਡੀ ਲਾਈ ਤੇ ਆਪਣੇ ਸਫਰ ਲਈ ਬੈੱਗ ਤਿਆਰ ਕਰਨ ਵਾਸਤੇ ਉਹ ਅੰਦਰਲੇ ਕਮਰੇ ਵਿੱਚ ਜਾ ਵੜਿਆ।

**ਸਿੰਧੀ ਕਹਾਣੀ**

# ਡੇੜ ਗੱਠ

**—ਵਾਸਦੇਵ ਮੋਹੀ**

ਉਦੈ ਨੇ ਬੈੱਗ ਮੇਜ਼ ਉਪਰ ਸੁੱਟਿਆ ਤੇ ਬਿਨਾਂ ਕੁਝ ਬੋਲੇ ਕਮਰੇ ਵਿੱਚ ਚਲੇ ਗਿਆ। ਸੁਲਭਾ ਨੂੰ ਹੈਰਾਨੀ ਹੋਈ, ਉਦੈ ਆਪਣੀਆਂ ਚੀਜ਼ਾਂ ਸਹਿਜਤਾ ਨਾਲ ਚੁੱਕਦਾ-ਰੱਖਦਾ ਹੈ। ਸਕੂਲ ਤੋਂ ਵਾਪਸ ਆ ਕੇ ਉਹ ਲੰਚ ਬੌਕਸ ਬੈੱਗ ਵਿੱਚੋਂ ਕੱਢ ਕੇ ਕਿਚਨ ਦੀ ਸਿੰਕ ਵਿੱਚ ਰੱਖਿਆ ਕਰਦਾ ਹੈ, ਉਸ ਤੋਂ ਬਾਅਦ ਹੀ ਕਮਰੇ ਵਿੱਚ ਜਾਂਦਾ ਹੈ। ਆਪਣੀ ਉਮਰ ਤੋਂ ਵੱਡਾ ਜਾਪਦਾ ਹੈ। ਚੁੱਪ-ਚੁੱਪ ਰਹਿੰਦਾ ਹੈ। ਇਹ ਗੱਲ ਵੀ ਚੰਦਰਕਾਂਤ ਤੇ ਸੁਲਭਾ ਨੂੰ ਪਰੇਸ਼ਾਨ ਕਰਦੀ ਹੈ, ਕਿਉਂ, ਆਖਿਰ ਉਦੈ ਅਜਿਹਾ ਕਿਉਂ ਹੈ, ਉਹ ਆਪਣੀ ਉਮਰ ਦੇ ਹੋਰ ਬੱਚਿਆਂ ਵਾਂਗ ਚੰਚਲ ਤੇ ਨਟਖਟ ਕਿਉਂ ਨਹੀਂ ਹੈ? ਗੁਆਂਢਣ ਮੰਜੁਲਾ ਦਾ ਅਨੂ ਤਾਂ ਆਉਂਦਾ ਹੀ ਪੂਰੇ ਦਿਨ ਦੀ ਰਨਿੰਗ ਕੁਮੈਂਟਰੀ ਸੁਣਾਉਣ ਲੱਗਦਾ ਹੈ, ਮੋਟੂ ਨੇ ਛੋਟੂ ਨੂੰ ਧੱਕਾ ਮਾਰਿਆ, ਅੰਗਰੇਜ਼ੀ ਦੀ ਟੀਚਰ ਫਟਾ-ਫਟ ਬੋਲਦੀ ਹੈ, ਅੱਜ 'ਨਾਊਨ' ਸਿਖਾਉਣ ਤੋਂ ਪਹਿਲਾਂ ਇਕ ਦਿਲਚਸਪ ਕਹਾਣੀ ਸੁਣਾਈ, ਉਹ ਬਹੁਤ ਚੰਗੀ ਹੈ। ਹਿਸਟਰੀ ਦੀ ਟੀਚਰ ਹਿਟਲਰ ਹੈ, ਰੂਲਰ ਲੈ ਕੇ ਕਲਾਸ ਦਾ ਚੱਕਰ ਲਾਉਂਦੀ ਹੈ, ਉਸ ਨੇ ਆਪ ਹੀ ਦੱਸਿਆ ਸੀ ਕਿ ਹਿਟਲਰ ਬਹੁਤ ਜਾਲਮ ਸੀ। ਸੁਲਭਾ ਸੋਚਦੀ ਹੈ ਕਿ ਦੂਜੇ ਬੱਚੇ ਸਾਰਾ ਦਿਨ ਕਾਰਟੂਨ ਦੇਖਦੇ ਹਨ ਜਦ ਕਿ ਉਦੈ ਟੀ. ਵੀ. ਦੇਖਦਾ ਹੀ ਨਹੀਂ, ਜੇ ਦੇਖਦਾ ਵੀ ਹੈ ਤਾਂ ਰਿਐਲਟੀ ਸ਼ੋਅ ਹੀ ਦੇਖਦਾ ਹੈ। ਸੀਰੀਅਲ ਤਾਂ ਦੂਰ ਦੀ ਗੱਲ ਹੈ, ਉਹ 'ਸਪਾਈਡਰ ਮੈਨ' ਜਾਂ 'ਹੈਰੀ ਪੌਟਰ' ਜਿਹੀਆਂ ਫਿਲਮਾਂ ਵੀ ਨਹੀਂ ਦੇਖਦਾ। ਅਜੀਬ ਮੁੰਡਾ ਹੈ ਉਦੈ ਪਰ ਅੱਜ ਵਾਂਗ ਉਸ ਨੇ ਕਦੇ ਨਹੀਂ ਕੀਤਾ।

ਸੁਲਭਾ ਦੀ ਨਜ਼ਰ ਬੈੱਗ ਦੀ ਬਾਹਰਲੀ ਜੇਬ 'ਤੇ ਪਈ। ਉਸ ਨੇ ਜੇਬ ਵਿੱਚੋਂ ਲੰਚ ਬੌਕਸ ਬਾਹਰ ਕੱਢਿਆ ਤੇ ਕਮਰੇ ਵਿੱਚ ਚਲੇ ਗਈ ਤੇ ਬੋਲੀ,

"ਉਦੈ, ਅੱਜ ਸਕੂਲ ਵਿੱਚ ਕੁਝ ਖਾਧਾ ਹੀ ਨਹੀਂ! ਲੰਚ ਬੌਕਸ ਉਵੇਂ ਹੀ ਪੈਕ ਏ। ਬੇਟਾ, ਸਿਹਤ ਤਾਂ ਠੀਕ ਏ ਤੇਰੀ?" ਪਲੰਘ ਦੇ ਇਕ ਕੋਨੇ 'ਤੇ ਬਹਿ ਕੇ ਸੁਲਭਾ ਨੇ ਉਦੈ ਦੇ ਮੱਥੇ ਤੋਂ ਪਸੀਨਾ ਸਾਫ ਕੀਤਾ ਤੇ ਫਿਰ ਉੱਠ ਕੇ ਏ. ਸੀ. ਚਲਾ ਦਿੱਤਾ। ਜਵਾਬ ਵਿੱਚ ਉਦੈ ਕੁਝ ਨਾ ਬੋਲਿਆ। ਸੁਲਭਾ ਨੇ ਉਦੈ ਦੇ ਮੱਥੇ 'ਤੇ ਹੱਥ ਰੱਖ ਕੇ ਫਿਕਰਮੰਦ ਹੁੰਦਿਆਂ ਪੁੱਛਿਆ, "ਕੀ ਹੋਇਆ ਬੇਟਾ? ਸਕੂਲ ਵਿੱਚ ਮੈਡਮ ਨੇ ਕੁਝ ਕਿਹਾ? ਕੀ ਗੱਲ ਏ? ਕੁਝ ਖਾਧਾ ਵੀ ਨਹੀਂ, ਭੁੱਖ ਨਹੀਂ ਲੱਗੀ?"

ਉਦੈ ਨੇ ਮੂੰਹ ਕੰਧ ਵੱਲ ਕਰ ਲਿਆ। ਸੁਲਭਾ ਬੋਲੀ,

"ਠੀਕ ਏ, ਮੈਂ ਤੇਰੇ ਲਈ ਜੂਸ ਲਿਆਉਂਦੀ ਆਂ।"

"ਨਹੀਂ, ਮੈਨੂੰ ਕੁਝ ਨਹੀਂ ਚਾਹੀਦਾ, ਨੀਂਦ ਆ ਰਹੀ ਏ।"

"ਓ ਕੇ। ਤੂੰ ਆਰਾਮ ਕਰ।" ਆਖਦਿਆਂ ਸੁਲਭਾ ਨੇ ਉਦੈ ਦੇ ਪੈਰਾਂ ਉਪਰ ਕੰਬਲ ਦੇ ਦਿੱਤਾ ਤੇ ਬਾਹਰ ਚਲੇ ਗਈ ਪਰ ਪਰੇਸ਼ਾਨ ਰਹੀ। ਉਸ ਨੇ ਚੰਦਰਕਾਂਤ ਨੂੰ ਫੋਨ ਕੀਤਾ। ਉਸ ਦਾ ਸੈੱਲ ਵੱਜਦਾ-ਵੱਜਦਾ ਬੰਦ ਹੋ ਗਿਆ। ਉਹਨੇ ਵੌਟਸਐਪ ਉਪਰ ਮੈਸਜ਼ ਭੇਜਿਆ: ਮੈਨੂੰ ਜਲਦੀ ਫੋਨ ਕਰੋ। ਚੰਦਰਕਾਂਤ ਦਾ ਜਵਾਬ ਆ ਗਿਆ: ਮੈਂ ਮੀਟਿੰਗ ਵਿੱਚ ਹਾਂ, ਵਿਹਲਾ ਹੋ ਕੇ ਫੋਨ ਕਰਾਂਗਾ।

ਸੁਲਭਾ ਨੇ ਉਦੈ ਦੇ ਬੈੱਗ ਵਿੱਚੋਂ ਡਾਇਰੀ ਕੱਢੀ। ਕਿਤੇ ਵੀ ਕਿਸੇ ਟੀਚਰ ਦੀ ਕੋਈ



ਕੰਪਲੇਂਟ ਨਹੀਂ ਸੀ। ਡਾਇਰੀ ਦੇ ਪੇਰਿੰਟਸ-ਟੀਚਰਜ਼ ਕੁਮਿਨੀਕੇਸ਼ਨ ਵਿੱਚ ਵੀ ਜਨਰਲ ਜਿਹੇ ਰਿਮਾਰਕਸ ਸਨ, ਕੰਪਲੇਂਟ ਵਰਗਾ ਕੁਝ ਨਹੀਂ ਸੀ। ਉਸ ਨੇ ਇਕ ਵਾਰ ਫਿਰ ਚੰਦਰਕਾਂਤ ਨੂੰ ਫੋਨ ਕੀਤਾ ਪਰ ਉਸ ਨੇ ਕਾਹਲੀ ਨਾਲ ਕੱਟ ਦਿੱਤਾ। ਫਿਰ ਸੁਲਭਾ ਦਾ ਸੈੱਲ ਵੱਜਣ ਲੱਗਾ। ਸੁਲਭਾ ਨੇ ਕਾਹਲੀ ਨਾਲ ਉਠਾਇਆ, ਦੇਖਿਆ ਕਿ ਚੰਦਰਕਾਂਤ ਦਾ ਨਹੀਂ ਕੋਮਲਾ ਦਾ ਫੋਨ ਸੀ।

"ਕੈਸੇ ਹੋ ਬੇਟਾ?"

"ਬਿਲਕੁਲ ਫਿੱਟ, ਤੁਸੀਂ ਕਿੱਦਾਂ ਹੋ? ਇਕ ਨਿਊਜ਼ ਸ਼ੇਅਰ ਕਰਨੀ ਏ, ਮੌਮ। ਸਾਨੂੰ ਜਲਦੀ ਹੀ ਵਾਪਸ ਨਿਊਯਾਰਕ ਜਾਣਾ ਪੈ ਰਿਹਾ ਏ। ਚਿਦਾਨੰਦ ਦੀ ਕੰਪਨੀ ਵਾਲਿਆਂ ਨੇ ਜਲਦੀ ਡਿਊਟੀ ਜੁਆਇਨ ਕਰਨ ਲਈ ਕਿਹਾ ਏ, ਐਸ. ਐਮ. ਐਸ. ਵੀ ਆਇਆ ਏ ਤੇ ਈਮੇਲ ਵੀ। ਲੀਵ ਦੇ ਬਾਕੀ ਬਚਦੇ ਦਿਨ ਬਾਅਦ ਵਿੱਚ ਐਡਜਸਟ ਕਰ ਲੈਣਗੇ, ਕੋਈ ਐਮਰਜੈਂਸੀ ਏ।"

"ਪਰ ਤੇਰੀ ਲੀਵ ਤਾਂ ਹਾਲੇ ਰਹਿੰਦੀ ਏ, ਤੂੰ ਬਾਅਦ ਵਿੱਚ ਚਲੇ ਜਾਵੀਂ।"

"ਹਾਂ ਪਰ ਮੈਂ ਸੋਚਦੀ ਆਂ ਕਿ ਚਿਦਾਨੰਦ ਨਾਲ ਹੀ ਵਾਪਸ ਚਲੇ ਜਾਵਾਂ।"

"ਦੈਟ'ਸ ਨੌਟ ਗੁੱਡ ਨਿਊਜ਼, ਤੇਰੇ ਨਾਲ ਗੱਲਾਂ ਕਰਨ ਨੂੰ ਤਾਂ ਮੈਂ ਤਰਸ ਗਈ ਆਂ। ਜਾਣ ਤੋਂ ਪਹਿਲਾਂ ਕੁਝ ਦਿਨਾਂ ਲਈ ਅਹਿਮਦਾਬਾਦ ਆਏਂਗੀ ਨਾ?"

"ਮੁਸ਼ਕਲ ਏ ਮੌਮ। ਇਸ ਤੋਂ ਇਲਾਵਾ ਪ੍ਰੋਮਿਲਾ ਨੂੰ ਵੀ 'ਕੇਮ ਛੋ, ਆਵਜੋ' ਸੂਟ ਨਹੀਂ ਕਰਦਾ। ਇਥੇ ਪਾਪਾ ਨੂੰ 'ਦਾਦਾ ਦਾਦਾ' ਕਹਿੰਦੀ ਨਹੀਂ ਥੱਕਦੀ, ਪਾਪਾ ਵੀ ਸਾਰਾ ਦਿਨ ਉਸ ਨੂੰ ਘੁਮਾਉਂਦੇ ਰਹਿੰਦੇ ਨੇ, ਪਰ ਉਥੇ ਐਡਸਜਟ ਨਹੀਂ ਸੀ ਕਰ ਸਕੀ। ਹਾਲੇ ਦਸ ਦਿਨ ਵੀ ਨਹੀਂ ਹੋਏ ਪਰ ਇਹਨੇ ਨਖਰੇ ਬਹੁਤ ਵੱਧ ਗਏ ਨੇ। ਹੋਰ ਮਿਸਟਰ ਚੰਦਰਕਾਂਤ ਦਾ ਕੀ ਹਾਲ ਏ?"

ਦੂਜੇ ਸੈੱਲ ਉਪਰ ਘੰਟੀ ਵਜਦੀ ਦੇਖ ਉਹ ਜਲਦੀ ਨਾਲ ਬੋਲੀ, "ਚੰਗਾ ਬੇਟਾ, ਬਾਅਦ ਵਿੱਚ ਗੱਲ ਕਰਦੇ ਆਂ।" ਆਖਦਿਆਂ ਉਸ ਨੇ ਕੋਮਲਾ ਨੂੰ ਬਾਏ ਕਿਹਾ ਤੇ ਸੈਲ ਨੂੰ ਦੇਖਣ ਲੱਗੀ। ਚੰਦਰਕਾਂਤ ਦੀ ਮਿਸਡ ਕਾਲ ਸੀ। ਉਹ ਫੋਨ ਕਰਨ ਲੱਗੀ।

ਚੰਦਰਕਾਂਤ ਸੁਲਭਾ ਨਾਲ ਉਦੈ ਦੇ ਕਮਰੇ ਵਿੱਚ ਗਿਆ। ਉਦੈ ਨੂੰ ਨੀਂਦ ਆ ਗਈ ਸੀ। ਚੰਦਰਕਾਂਤ ਨੇ ਉਸ ਦੇ ਸਿਰ ਉਪਰ ਹੱਥ ਰੱਖਿਆ ਕਿ ਕਿਤੇ ਬੁਖਾਰ ਤਾਂ ਨਹੀਂ। ਉਦੈ ਦੇ ਵਾਲਾਂ ਨੂੰ ਸਹਿਲਾਇਆ। ਅੱਖਾਂ ਦੇ ਕੋਇਆਂ ਵਿੱਚ ਸੁੱਕੇ ਹੰਝੂਆਂ ਦੇ ਸਫੈਦ ਨਿਸ਼ਾਨ ਪੂੰਝੇ। ਪੈਰਾਂ ਤੋਂ ਕੰਬਲ ਚੁੱਕ ਕੇ ਛਾਤੀ ਤਕ ਖਿੱਚ ਦਿੱਤਾ। ਉਸ ਦੀ ਬਾਂਹ ਸਿੱਧੀ ਕੀਤੀ। ਦੇਖਿਆ ਕਿ ਬਾਂਹ ਉਪਰ ਕੋਈ ਕਾਲੇ ਨਿਸ਼ਾਨ ਸਨ। ਧਿਆਨ ਨਾਲ ਦੇਖਿਆ ਤਾਂ ਲਿਖਿਆ ਸੀ- ਬਾਸਟ੍ਰਡ! ਉਹਨਾਂ ਨੂੰ ਬਹੁਤ ਹੈਰਾਨੀ ਹੋਈ ਕਿ ਕਿਸ ਨੇ ਲਿਖਿਆ ਹੋਵੇਗਾ। ਉਹਨੇ ਸੁਲਭਾ ਵੱਲ ਦੇਖਿਆ। ਉਹ ਵੀ ਹੈਰਾਨ ਸੀ, ਇਹ ਸ਼ਬਦ ਬਾਂਹ ਉਪਰ ਕਿੱਦਾਂ ਤੇ ਕਿਉਂ ਲਿਖਿਆ ਹੋਵੇਗਾ। ਹੁਣ ਉਹਨਾਂ ਨੂੰ ਸਮਝਦਿਆਂ ਦੇਰ ਨਹੀਂ ਸੀ ਲੱਗੀ ਕਿ ਇਹ ਸ਼ਰਾਰਤ ਸਕੂਲ ਵਿੱਚ ਹੀ ਕਿਸੇ ਨੇ ਕੀਤੀ ਹੋਵੇਗੀ ਤੇ ਇਸੇ ਕਰਕੇ ਹੀ ਬੱਚਾ ਇੰਨਾ ਪਰੇਸ਼ਾਨ ਸੀ, ਪਰ ਕਿਸ ਨੇ? ਕਿਉਂ? ਉਦੈ ਬਾਸਟ੍ਰਡ? ਸਭ ਰੱਬਿਸ਼!

ਵੌਟਸਐਪ 'ਤੇ ਰਿੰਗਟੋਨ ਵੱਜੀ। ਜਿਗਨੇਸ਼ ਦਾ ਮੈਸੇਜ਼ ਸੀ – ਚਲੋ, ਸਾਰੇ ਊਟੀ ਚਲੀਏ। ਚੰਦਰਕਾਂਤ ਨੇ ਵੌਟਸਐਪ 'ਤੇ ਜਵਾਬ ਦੇਣ ਦੀ ਥਾਂ ਫੋਨ ਹੀ ਕਰ ਲਿਆ, "ਹਾਂ, ਜਿਗਨੇਸ਼ ਬੇਟਾ, ਅਚਾਨਕ ਊਟੀ ਦਾ ਪ੍ਰੋਗਰਾਮ ਕਿਦਾਂ ਬਣਾ ਲਿਆ?"

"ਬਸ ਐਵੇਂ ਹੀ, ਸੋਚਿਆ ਕਿੰਨੇ ਸਾਲ ਹੋ ਗਏ ਨੇ ਪਰ ਕਦੇ ਇਕੱਠੇ ਘੁੰਮਣ ਦਾ ਪ੍ਰੋਗਰਾਮ ਨਹੀਂ ਬਣਾ ਹੋਇਆ। ਕੋਮਲਾ ਨੂੰ ਵੀ ਕਿਹਾ ਏ ਪਰ ਉਹ ਬਹਾਨੇ ਬਣਾ ਰਹੀ ਏ। ਮੈਂ ਵੀ ਮਹੀਨੇ ਬਾਅਦ ਵਾਪਸ ਸਿਡਨੀ ਜਾਣਾ ਏ, ਫੇਰ ਨਾ ਜਾਣੇ ਕਦੋਂ ਕੋਮਲਾ ਦੀ ਫੈਮਿਲੀ ਨਾਲ ਘੁੰਮਣ

ਦਾ ਮੌਕਾ ਮਿਲੇ, ਤੁਸੀਂ ਤੇ ਸੁਲਭਾ ਅੰਟੀ ਵੀ ਤਾਂ ਸਾਲਾਂ ਤੋਂ ਕਿਤੇ ਨਹੀਂ ਗਏ। ਸੋਚਿਆ ਕੁਝ ਦਿਨ ਸੁਲਭਾ ਅੰਟੀ ਤੇ ਉਦੈ ਨਾਲ ਵੀ ਗੁਜ਼ਾਰ ਲਏ ਜਾਣ। ਉਦੈ ਤਾਂ ਉਦੋਂ ਦੇਖਿਆ ਸੀ ਜਦ ਉਹ ਕੱਪੜੇ ਗੰਦੇ ਕਰ ਦਿਆ ਕਰਦਾ ਸੀ। ਹੁਣ ਤਾਂ...।"

"ਬੇਟਾ, ਆਈਡਿਆ ਤਾਂ ਚੰਗਾ ਏ, ਸੁਲਭਾ ਨੂੰ ਪੁੱਛਦਾਂ, ਉਸ ਦਾ ਲਾਡਲਾ ਸ਼ਿਵਾ ਵੀ ਚੱਲੇ ਤਾਂ ਠੀਕ ਰਹੇ। ਦੇਖਦੇ ਆਂ, ਫਿਰ ਗੱਲ ਕਰਾਂਗੇ।" ਆਖਦਿਆਂ ਚੰਦਰਕਾਂਤ ਨੇ ਫੋਨ ਬੰਦ ਕਰ ਦਿੱਤਾ। ਉਹਨੇ ਮੱਥੇ ਦੀਆਂ ਝੁਰੜੀਆਂ ਉਪਰ ਹੱਥ ਫੇਰਿਆ, ਉਸ ਨੂੰ ਲੱਗਾ ਕਿ ਇਹ ਝੁਰੜੀਆਂ ਹੋਰ ਵੀ ਡੂੰਘੀਆਂ ਤੇ ਜ਼ਿਆਦਾ ਹੋ ਗਈਆਂ ਹਨ।

ਸੁਲਭਾ ਚਾਹ-ਟੋਸਟ ਲੈ ਕੇ ਆਈ। ਦੋਨਾਂ ਨੇ ਚਾਹ 'ਤੇ ਕੋਈ ਗੱਲ ਨਾ ਕੀਤੀ ਪਰ ਉਹਨਾਂ ਦੇ ਅੰਦਰ ਬਹੁਤ ਕੁਝ ਚੱਲ ਰਿਹਾ ਸੀ।

ਸੁਲਭਾ ਨੂੰ ਨੌਂ ਸਾਲ ਪਹਿਲੀਆਂ ਗੱਲਾਂ ਯਾਦ ਆਈਆਂ। ਪੂਰਾ ਸੀਨ ਅੱਖਾਂ ਅੱਗੇ ਆ ਗਿਆ। ਕੋਮਲਾ ਦੇ ਹੱਠ ਦੇ ਕਾਰਨ ਹੀ ਉਹ ਅਹਿਮਦਾਬਾਦ ਆਈ ਸੀ। ਕੋਮਲਾ ਦੀ ਹੀ ਜ਼ਿੱਦ ਸੀ, "ਮੌਮ, ਕਦੋਂ ਤਕ ਇਕੱਲੀ ਰਹੇਂਗੀ, ਪੰਜਾਹਾਂ ਦੀ ਵੀ ਨਹੀਂ ਹੋਈ ਹਾਲੇ, ਸਿਹਤ ਚੰਗੀ-ਭਲੀ ਏ, ਕਿਸੇ ਦਾ ਸਾਥ ਹੋਏਗਾ ਤਾਂ ਖੁਸ਼ ਰਹੇਂਗੀ। ਸ਼ਿਵਾ ਨੂੰ ਤਾਂ ਤੂੰ ਜਾਣਦੀ ਹੀ ਏਂ, ਤੇਰੇ ਨਾਲ ਨਹੀਂ ਰਹੇਗਾ, ਨਾ ਹੀ ਤੂੰ ਉਹਨੂੰ ਆਪਣੇ ਨਾਲ ਰੱਖ ਸਕਣਾਂ। ਉਹਦੇ ਕੋਲ ਤਾਂ ਬਹਾਨਾ ਹੈ ਹੀ ਕਿ ਮੇਰੀ ਜੌਬ ਟਰਾਂਸਫਰੇਬਲ ਏ, ਮੌਮ ਕਿਥੇ ਰੋਜ਼-ਰੋਜ਼ ਘਰ ਬਦਲਦੀ ਫਿਰੇਗੀ, ਪਰੇਸ਼ਾਨ ਹੋ ਜਾਏਂਗੀ, ਬੰਗਲੌਰ ਵਿੱਚ ਆਰਾਮ ਨਾਲ ਰਹਿੰਦੀ ਏਂ, ਸਾਰੀਆਂ ਸਹੂਲਤਾਂ ਹਾਜ਼ਰ ਨੇ।"

ਸੁਲਭਾ ਹੱਸ ਦਿੰਦੀ ਸੀ, "ਮੈਂ ਇਕੱਲੀ ਕਿਥੇ ਆਂ, ਤੁਸੀਂ ਹੋ, ਸ਼ਿਵਾ ਏ, ਬਸੰਤਾ ਜਿਹੀ ਬਹੂ ਏ, ਪੋਤਾ ਅਸ਼ਵਿਨ ਏ। ਮੈਨੂੰ ਕੈਸਾ ਇਕੱਲਾਪਨ, ਫਿਰ ਤੁਹਾਡੇ ਡੈਡ ਦੀਆਂ ਯਾਦਾਂ ਵੀ ਤਾਂ ਮੇਰੇ ਨਾਲ ਨੇ।"

"ਹਾਂ, ਸਹੀ ਏ ਪਰ ਕੋਈ ਨਾਲ ਨਹੀਂ ਏ, ਫਿਜ਼ੀਕਲੀ। ਅਸੀਂ ਫੌਰੇਨ ਵਿੱਚ ਆਂ ਨਹੀਂ ਤਾਂ ਤੈਨੂੰ ਆਪਣੇ ਨਾਲ ਰੱਖਦੇ। ਤੈਨੂੰ ਆਪਣੇ ਬਾਰੇ ਸੋਚਣਾ ਚਾਹੀਦਾ ਏ। ਦੁੱਖ-ਸੁੱਖ ਵਿਚ ਕੋਈ ਨਾਲ ਹੋਏ ਤਾਂ ਲਾਈਫ ਜੁਸੀ ਹੋ ਜਾਏਗੀ। ਕੇਵਲ ਇਹ ਖਿਆਲ ਹੀ ਬਹੁਤ ਵੱਡਾ ਹੁੰਦਾ ਏ ਕਿ ਕੋਈ ਸਾਡੇ ਨਾਲ ਏ, ਇਹ ਖਿਆਲ ਸਲਾਮਤੀ ਦੀਆਂ ਫੀਲਿੰਗਜ਼ ਦਿੰਦਾ ਏ, ਐਂਡ ਮਾਈ ਮੌਮ, ਲਵਿੰਗ ਮੌਮ, ਇਨ ਅਮੇਰਿਕਾ, ਰੀਅਲ ਲਾਈਫ ਸਟਾਰਟਸ ਐਟ ਫੋਰਟੀ ਫਾਈਵ ਤੇ ਮੇਰੇ ਪਿਆਰੀ ਮੌਮ, ਮੈਨੂੰ ਤਾਂ ਇਹੋ ਡਰ ਰਹਿੰਦਾ ਏ ਕਿ ਤੈਨੂੰ ਕੋਈ ਭਜਾ ਕੇ ਹੀ ਨਾ ਲੈ ਜਾਵੇ!"

"ਸ਼ੱਟਅੱਪ ਬੇਸ਼ਰਮ!"

"ਏ ਮੌਮ, ਤੈਨੂੰ ਕੀ ਪਤਾ ਕਿ ਅੱਜ ਵੀ ਤੂੰ ਕੀ ਚੀਜ਼ ਲੱਗਦੀ ਏਂ!" ਸੁਲਭਾ ਸ਼ਰਮਾ ਕੇ ਕੋਮਲਾ ਦੇ ਚੂੰਢੀ ਵੱਢਦੀ ਹੱਸ ਪਈ ਸੀ। ਇਹ ਸਿਲਸਿਲਾ ਕਾਫੀ ਦੇਰ ਤਕ ਚਲਦਾ ਰਿਹਾ। ਕੋਮਲਾ ਨੇ ਆਪਣੀ ਗੱਲ ਉਪਰ ਜ਼ੋਰ ਦੇਣਾ ਤੇ ਸੁਲਭਾ ਨੇ ਹੱਸ ਕੇ ਟਾਲ਼ ਦੇਣਾ। ਪਰ ਕੋਮਲਾ ਪੂਰੀ ਤਰ੍ਹਾਂ ਇਹ ਚਾਹੁੰਦੀ ਸੀ ਕਿ ਮੌਮ ਨੂੰ ਇਸ ਉਮਰ ਵਿੱਚ ਇਕੱਲੀ ਨਹੀਂ ਰਹਿਣਾ ਚਾਹੀਦਾ। ਕੋਈ ਨਾ ਕੋਈ ਉਹਦੇ ਨਾਲ ਹੋਣਾ ਚਾਹੀਦਾ ਜੋ ਉਸ ਦੀ ਕੇਅਰ ਕਰੇ, ਉਸ ਦੇ ਇਮੋਸ਼ਨਜ਼ ਨੂੰ ਸਮਝੇ, ਉਸ ਦੇ ਇਮੋਸ਼ਨਜ਼ ਦਾ ਸਨਮਾਨ ਕਰੇ, ਉਹਨੂੰ ਫਿਰ ਤੋਂ ਘਰ ਵਸਾ ਲੈਣਾ ਚਾਹੀਦਾ ਹੈ।

ਬਸੰਤਾ ਨੇ ਜਦ ਘਰ ਵਸਾਉਣ ਦੀ ਗੱਲ ਸੁਣੀ ਤਾਂ ਉਹ ਆਪੇ ਤੋਂ ਬਾਹਰ ਹੋ ਗਈ ਸੀ। ਹੁਣ ਇਸ ਬੁੱਢੀ ਨੂੰ ਵੀ ਸਭ ਕੁਝ ਚਾਹੀਦਾ ਏ, ਸ਼ਰਮ ਜਿਹੀ ਤਾਂ ਕੋਈ ਚੀਜ਼ ਰਹੀ ਹੀ ਨਹੀਂ । ਇੰਨਾ ਵੱਡਾ ਫਲੈਟ ਹੈ, ਇੰਨੇ ਸਾਰੇ ਫੰਡਜ਼ ਤੇ ਪ੍ਰਾਪਰਟੀ ਹੈ, ਇਹ ਬੁੱਢੀ ਸਭ ਕੁਝ ਲੁੱਟਾ ਕੇ ਖੁਸ਼ ਹੋਵੇਗੀ, ਸਾਡਾ ਹੱਕ ਵੀ ਮਾਰੇਗੀ। ਆ ਕੇ ਸਾਡੇ ਸਿਰ 'ਤੇ ਬੈਠੇਗੀ। ਸ਼ਿਵਾ ਚੁੱਪ ਰਹਿੰਦਾ ਸੀ। ਬਸੰਤਾ ਦੀ ਗੱਲ ਦਾ ਜਿੰਦਾਂ ਸਾਥ ਦੇ ਰਿਹਾ ਹੋਵੇ ਪਰ ਕੋਮਲਾ ਇੰਨੀ ਦ੍ਰਿੜ ਸੀ ਕਿ ਉਹਨੇ ਸੁਲਭਾ ਨੂੰ ਮਨਾ ਲਿਆ। ਫਲਾਈਟ ਵਿੱਚ ਅਹਿਮਦਾਬਾਦ ਉਹਦੇ ਨਾਲ ਆਈ ਸੀ।



ਕਿਸੇ ਵਾਈਸ ਪ੍ਰੈਜ਼ੀਡੈਂਟ ਹੋਟਲ ਵਿੱਚ ਕਮਰਾ ਲਿਆ ਸੀ। ਦੂਜੇ ਦਿਨ ਕੋਮਲਾ ਹੀ 'ਬਿਨਾਂ ਮੁੱਲ-ਅਮੁੱਲ ਸੇਵਾ' ਸੰਸਥਾ ਵਿੱਚ ਲੈ ਆਈ ਸੀ ਜਿਥੇ ਪੱਕੀ ਉਮਰ ਦੇ ਕਾਫੀ ਸਾਰੇ ਔਰਤਾਂ-ਮਰਦ ਆਏ ਹੋਏ ਸਨ। ਸੰਸਥਾਂ ਦਾ ਉਦੇਸ਼ ਸੀ ਕਿ ਚੜ੍ਹੀ ਹੋਈ ਉਮਰ ਦੇ ਲੋਕ ਆਪਣੀ ਪਸੰਦ ਦਾ ਕੋਈ ਸਾਥੀ ਚੁਣ ਲੈਣ ਤਾਂ ਕਿ ਬਾਕੀ ਦੀ ਉਮਰ ਖੁਸ਼ੀ ਨਾਲ ਗੁਜ਼ਾਰ ਸਕਣ। ਇਕੱਲੇ ਨਾ ਰਹਿਣ। ਔਰਤਾਂ ਤੇ ਮਰਦ ਇਕ ਦੂਜੇ ਨਾਲ ਗੱਲਾਂ ਕਰ ਰਹੇ ਸਨ। ਹੱਸ ਵੀ ਰਹੇ ਸਨ ਪਰ ਚਿਹਰੇ ਗੰਭੀਰ ਸਨ। ਸੁਲਭਾ ਨੂੰ ਸਭ ਅਜੀਬ ਜਿਹਾ ਲੱਗ ਰਿਹਾ ਸੀ ਪਰ ਕੋਮਲਾ ਦੀ ਹਿੰਮਤ ਪ੍ਰਸ਼ੰਸਾਯੋਗ ਸੀ। ਉਹ ਨੇ ਹੀ ਚੰਦਰਕਾਂਤ ਪਟੇਲ ਨੂੰ ਲੱਭਿਆ। ਬਾਇਓਡੈਟਾ ਦੇਖਿਆ। ਦੋ ਸਾਲ ਪਹਿਲਾਂ ਹੀ ਘਰਵਾਲੀ ਪੂਰੀ ਹੋਈ ਸੀ। ਇਕ ਪੁੱਤਰ ਸੀ-ਜਿਗਨੇਸ਼, ਸ਼ਾਦੀਸ਼ੁਦਾ, ਅਸਟ੍ਰੇਲੀਆ ਸੈਟਲਡ। ਮੁੰਡੇ ਦਾ ਬੰਬਈ ਵਿੱਚ ਅਲੱਗ ਘਰ ਸੀ। ਚੰਦਰਕਾਂਤ ਆਪ ਕਿਸੇ ਪਰਾਈਵੇਟ ਕੰਪਨੀ ਵਿੱਚ ਮੈਨੇਜਰ ਸੀ। ਅੱਛੀ ਤਨਖਾਹ, ਆਪਣਾ ਘਰ, ਅਪੀਅਰੈਂਸ ਅਪੀਲਿੰਗ, ਮਨ-ਮੋਹਕ ਬਗੈਰਾ-ਬਗੈਰਾ। ਵੈਸੇ ਤਾਂ ਉਮਰ ਸੱਠ ਦੇ ਪਾਰ ਸੀ ਪਰ ਸੰਘਣੇ-ਕਾਲੇ ਵਾਲਾਂ ਦੇ ਹੁੰਦੇ ਉਮਰ ਬਹੁਤ ਘੱਟ ਲੱਗ ਰਹੀ ਸੀ। "ਡਾਈ ਵਧੀਆ ਕਿਸਮ ਦੀ ਵਰਤੀ ਹੋਈ ਏ।" ਕੋਮਲਾ ਨੇ ਮੌਮ ਨੂੰ ਕਿਹਾ। ਸੁਲਭਾ ਨੇ ਸਿਰ ਝੁਕਾ ਲਿਆ।

ਉਹ ਅਹਿਮਦਾਬਾਦ ਵਿੱਚ ਦੋ ਦਿਨ ਘੁੰਮੇ-ਫਿਰੇ, ਚੰਦਰਕਾਂਤ ਦੇ ਘਰ ਵੀ ਗਏ। ਅਸਟ੍ਰੇਲੀਆ ਵਿੱਚ ਉਸ ਦੇ ਬੇਟੇ ਜਿਗਨੇਸ਼ ਨਾਲ ਵੀ ਗੱਲ ਹੋਈ। ਉਹ ਵੀ ਕੋਮਲਾ ਵਰਗੇ ਖਿਆਲਾਂ ਵਾਲਾ ਹੀ ਸੀ। ਉਹ ਵੀ ਚਾਹੁੰਦਾ ਸੀ ਕਿ ਡੈਡੀ ਨੂੰ ਹੁਣ ਇਕੱਲਿਆਂ ਨਹੀਂ ਰਹਿਣਾ ਚਾਹੀਦਾ। ਤੈਅ ਹੋਇਆ ਕਿ ਉਹ ਵਿਆਹ ਨਹੀਂ ਕਰਨਗੇ, ਇਕੱਠੇ ਰਹਿਣਗੇ, ਐਦਾਂ ਸੰਬੰਧਾਂ ਵਿੱਚ ਡੇੜ ਗੱਠ ਰਹੇਗੀ। ਸਾਥ-ਸਹਿਵਾਸ ਰਾਸ ਨਾ ਆਇਆ ਤਾਂ ਹਲਕੇ ਜਿਹੇ ਖਿੱਚ ਕੇ ਹੀ ਗੱਠ ਖੁੱਲ੍ਹ ਸਕੇਗੀ, ਬਸ ਆਜ਼ਾਦ! ਅਹਿਮਦਾਬਾਦ ਵਿੱਚ ਹੀ ਰਹਿਣਗੇ, ਚੰਦਰਕਾਂਤ ਦੇ ਘਰ। ਕੁਝ ਹੀ ਵਕਤ ਵਿੱਚ ਉਹਨਾਂ ਨੂੰ ਲੱਗਣ ਲੱਗ ਪਿਆ ਕਿ ਜੀਵਨ ਸੱਚਮੁੱਚ ਹੀ ਸਤਰੰਗੀ ਪੀਂਘ ਹੈ। ਜਿਗਨੇਸ਼ ਮਹੀਨੇ ਬਾਅਦ ਹੀ ਆ ਸਕਿਆ। ਡੈਡੀ ਨੂੰ ਖੁਸ਼ ਦੇਖ ਕੇ ਉਹ ਬਹੁਤ ਖੁਸ਼ ਹੋਇਆ। ਕੋਮਲਾ ਤੇ ਚਿਦਾਨੰਦ, ਜਿਗਨੇਸ਼ ਤੇ ਉਸ ਦੀ ਪਤਨੀ ਅਰਚਨਾ ਵੌਟਸਐਪ 'ਤੇ ਜੁੜ ਗਏ। ਹਰ ਰੋਜ਼ ਹੀ ਗੱਲ ਹੋ ਜਾਂਦੀ। ਜੋਕਸ ਬਗੈਰਾ ਦਾ ਅਦਾਨ ਪਰਦਾਨ ਵੀ ਹੁੰਦਾ ਰਹਿੰਦਾ, ਠਹਾਕੇ ਗੂੰਜਦੇ ਰਹਿੰਦੇ ਸਨ। ਇਕ ਸਾਲ ਵਿੱਚ ਹੀ ਉਦੈ ਦਾ ਜਨਮ ਹੋ ਗਿਆ। ਬਸ, ਕੇਵਲ ਸ਼ਿਵਾ ਤੇ ਬਸੰਤਾ ਉਖੜੇ ਹੋਏ ਲੱਗਦੇ ਸਨ, ਸਿਰਫ ਕਦੇ ਕਦਾਈਂ ਹਾਏ-ਹੈਲੋ ਤਕ ਸੀਮਤ। ਹਾਲਾਂਕਿ ਸੁਲਭਾ ਜ਼ਰੂਰ ਉਹਨਾਂ ਨਾਲ ਵੌਟਸਐਪ ਉਪਰ ਐਕਟਿਵ ਸੀ, ਉਹਨਾਂ ਦੀ ਉਦਾਸੀਨਤਾ ਦੇ ਬਾਵਜੂਦ।

ਚੰਦਰਕਾਂਤ ਸੋਚਦਾ ਰਿਹਾ। ਆਖਿਰ ਸਕੂਲ ਵਿੱਚ ਅਜਿਹਾ ਕੌਣ ਹੈ ਜਿਹਨੂੰ ਇੰਨੀ ਚਿੜ ਹੈ ਕਿ ਉਦੈ ਦੀ ਬਾਂਹ ਉਪਰ 'ਬਾਸਟ੍ਰਡ' ਜਿਹਾ ਘਿਨਾਉਣਾ ਸ਼ਬਦ ਲਿਖ ਦਿੱਤਾ। ਉਸ ਅੰਦਰ ਉਸ ਵਿਅਕਤੀ ਲਈ ਬਹੁਤ ਗੁੱਸਾ ਭੜਕ ਰਿਹਾ ਸੀ। ਉਹ ਚਾਹੁੰਦਾ ਸੀ ਕਿ ਉਸੇ ਵਕਤ ਸਕੂਲ ਜਾਕੇ ਸਾਰੀ ਗੱਲ ਦਾ ਨਿਪਟਾਰਾ ਕਰੇ ਪਰ ਸਕੂਲ ਹੁਣ ਬੰਦ ਹੋ ਚੁੱਕਾ ਹੋਵੇਗਾ। ਉਹ ਬੈੱਡਰੂਮ ਵਿੱਚ ਉਦੈ ਕੋਲ ਗਿਆ। ਉਸ ਦੀਆਂ ਅੱਖਾਂ ਬੰਦ ਸਨ।

"ਉਦੈ ਪੁੱਤਰ!"

ਉਸ ਨੇ ਅੱਖਾਂ ਖੋਲ੍ਹੀਆਂ। ਚੰਦਰਕਾਂਤ ਨੇ ਉਸ ਨੂੰ ਜੱਫੀ ਵਿੱਚ ਲੈ ਲਿਆ। ਉਦੈ ਸਿਸਕਣ ਲੱਗਾ,

"ਪਾ, ਉਮੇਸ਼ ਦਾ ਭਰਾ...!" ਇਸ ਤੋਂ ਬਾਅਦ ਉਹ ਕੁਝ ਨਾ ਕਹਿ ਸਕਿਆ, ਬਸ ਸਿਸਕਦਾ ਰਿਹਾ। ਸੁਲਭਾ ਆਈ। ਉਦੈ ਦੇ ਸਿਰ 'ਤੇ ਹੱਥ ਫੇਰਿਆ। ਚੰਦਰਕਾਂਤ ਨੇ ਉਸ ਨੂੰ ਕਾਫੀ ਸਮੇਂ ਤਕ ਜੱਫੀ ਪਾਈ ਰੱਖੀ, ਮਸਾਂ ਹੀ ਉਸ ਦਾ ਸਿਸਕਣਾ ਬੰਦ ਹੋਇਆ।

ਪੀਟੀ ਦੇ ਪੀਰੀਅਡ ਸਮੇਂ ਉਦੈ ਦਾ ਕਲਾਸਮੇਟ ਉਮੇਸ਼ ਨਾਲ ਖੇਲ੍ਹਦੇ ਹੋਏ ਝਗੜਾ ਹੋ ਗਿਆ ਸੀ। ਉਦੈ ਨੇ ਉਸ ਨੂੰ ਧੱਕਾ ਦੇ ਦਿੱਤਾ ਸੀ ਤੇ ਉਸ ਦੀ ਕੂਹਣੀ ਛਿੱਲੀ ਗਈ ਸੀ। ਉਦੈ ਨੇ ਉਸ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਉਦੈ ਨੂੰ ਧੱਕਾ ਦੇ ਦਿੱਤਾ। ਗੱਲ ਤਾਂ ਬਸ ਇੰਨੀ ਕੁ ਹੀ ਸੀ ਪਰ ਸਕੂਲ ਬੰਦ ਹੋਣ ਤੋਂ ਬਾਅਦ ਤਮਾਸ਼ਾ ਵੱਧ ਗਿਆ। ਨੌਂਵੀਂ ਜਮਾਤ ਵਿੱਚ ਪੜ੍ਹਦੇ ਉਮੇਸ਼ ਦੇ ਭਰਾ ਨੇ ਉਦੈ ਦੇ ਨਾ ਕੇਵਲ ਥੱਪੜ ਹੀ ਮਾਰਿਆ ਬਲਕਿ ਬਾਸਟ੍ਰਡ ਵੀ ਕਿਹਾ। ਉਦੈ ਨੇ ਮੁੱਕਾ ਦਿਖਾਇਆ ਤਾਂ ਉਹਨੇ ਉਦੈ ਦੀ ਹੱਥ ਫੜ ਕੇ ਮਰੋੜ ਦਿੱਤਾ ਤੇ ਜ਼ੋਰ-ਜ਼ੋਰ ਨਾਲ ਬਾਸਟ੍ਰਡ ਕਹਿਣ ਲੱਗਾ। ਉਸ ਦੇ ਦੂਜੇ ਦੋਸਤਾਂ ਨੇ ਉਹਨਾਂ ਦੁਆਲੇ ਘੇਰਾ ਬਣਾ ਲਿਆ ਤੇ ਬਾਸਟ੍ਰਡ-ਬਾਸਟ੍ਰਡ ਕਹਿੰਦੇ ਰਹੇ। ਇਸੇ ਦੁਰਮਿਆਨ ਉਮੇਸ਼ ਦੇ ਭਰਾ ਨੇ ਮਾਰਕਰ ਨਾਲ ਉਦੈ ਦੀ ਬਾਂਹ ਉਪਰ ਬਾਸਟ੍ਰਡ ਲਿਖ ਦਿੱਤਾ। ਸਾਰੇ ਮੁੰਡੇ ਹੱਸਦੇ ਰਹੇ। ਦੂਰੋਂ ਕਲਾਸ ਦੀ ਟੀਚਰ ਮਿਸ ਉਜਵਲਾ ਨੂੰ ਆਉਂਦੇ ਦੇਖਿਆ ਤਾਂ ਸਾਰੇ ਭੱਜ ਗਏ। ਉਦੈ ਨੇ ਰੋਂਦਿਆਂ ਹੋਇਆਂ ਆਪਣੀ ਟੀਚਰ ਨੂੰ ਬਾਂਹ ਦਿਖਾਈ ਤਾਂ ਉਸ ਨੇ ਕੁਝ ਨਾ ਕਿਹਾ। ਕੇਵਲ ਮੁਸਕ੍ਰਾਈ ਤੇ ਬੋਲੀ, "ਬੀ ਕੁਆਈਟ ਬੁਆਏ, ਗੋ ਹੋਮ।" ਬਸ ਇੰਨਾ ਹੀ ਕਿਹਾ।

ਚੰਦਰਕਾਂਤ ਬਹੁਤ ਗੁੱਸੇ ਵਿੱਚ ਸੀ ਕਿ ਬੱਚਿਆਂ ਦਾ ਵਿਵਹਾਰ ਆਪਣੀ ਜਗ੍ਹਾ ਪਰ ਇਕ ਟੀਚਰ ਦਾ ਮੁਸਕਰਾਉਣਾ ਜਾਣੀ ਬੱਚਿਆਂ ਦੇ ਵਤੀਰੇ ਨੂੰ ਉੱਚਿਤ ਠਹਿਰਾਉਣਾ, ਉਹ ਟੀਚਰ ਨੂੰ ਨਹੀਂ ਛੱਡੇਗਾ, ਉਸ ਨੂੰ ਸੌਰੀ ਫੀਲ ਕਰਵਾਵੇਗਾ। ਉਸ ਨੂੰ ਮੁਆਫੀ ਮੰਗਣੀ ਪਵੇਗੀ। ਸਕੂਲ ਦੇ ਕੁਝ ਵਿਗੜੇ ਹੋਏ ਸ਼ੋਹਦੇ ਇਕ ਬੱਚੇ ਦੀ ਬਾਂਹ ਉਪਰ ਐਦਾਂ ਸ਼ਰ੍ਹੇਆਮ 'ਹਰਾਮਜ਼ਾਦਾ' ਲਿਖ ਦੇਣ ਤੇ ਟੀਚਰ ਖੜੀ ਮੁਸਕਰਾਉਂਦੀ ਰਹੇ- ਇਹ ਬਰਦਾਸ਼ਤ ਤੋਂ ਬਾਹਰੀ ਗੱਲ ਹੈ, ਉਸ ਦੀ ਤਾਂ ਗੰਭੀਰ ਕੰਪਲੇਂਟ ਹੋਣੀ ਚਾਹੀਦੀ ਹੈ। ਚੰਦਰਕਾਂਤ ਦਾ ਮੂੰਹ ਗੁੱਸੇ ਵਿੱਚ ਲਾਲ ਹੋ ਰਿਹਾ ਸੀ। ਸੁਲਭਾ ਨੇ ਉਸ ਨੂੰ ਸ਼ਾਂਤ ਕਰਦਿਆਂ ਕਿਹਾ, "ਕੱਲ੍ਹ ਨੂੰ ਸਕੂਲੇ ਚਲਦੇ ਆਂ ਨਾ, ਸਭ ਠੀਕ ਹੋ ਜਾਏਗਾ। ਉਦੈ ਇਮੋਸ਼ਨਲੀ ਵੀ ਸੈਟਲ ਹੋ ਜਾਏਗਾ, ਚਿੰਤਾ ਨਾ ਕਰੋ।"

ਸਕੂਲ ਵਿੱਚ ਉਮੀਦ ਦੇ ਉਲਟ ਹੋਇਆ। ਗੱਲ ਸੁਲਝਣ ਦੀ ਥਾਂ ਉਲਝਣ ਲੱਗੀ। ਪ੍ਰਿੰਸੀਪਲ ਮਿਸਿਜ਼ ਆਭਾ ਸ਼ਾਹ ਨੂੰ ਇਹ ਸ਼ਿਕਾਇਤ ਕੁਝ ਅਜੀਬ ਲੱਗੀ, "ਸਕੂਲ ਦੇ ਦੂਜੇ ਬੱਚਿਆਂ ਨੇ ਆਖਰ ਉਦੈ ਨੂੰ ਹਰਾਮਜ਼ਾਦਾ ਕਿਹਾ ਕਿਉਂ? ਇਹਦਾ ਜਵਾਬ ਵੀ ਤਾਂ ਤੁਹਾਡੇ ਕੋਲ ਹੋਏਗਾ ਹੀ।"

ਚੰਦਰਕਾਂਤ ਗੁੱਸੇ ਵਿੱਚ ਕੰਬਣ ਲੱਗਾ। ਉਸ ਨੇ ਮਿਸ ਉਜਵਲ ਨੂੰ ਬੁਲਾਉਣ ਲਈ ਕਿਹਾ। ਮਿਸ ਉਜਵਲ ਬੀਜ਼ੀ ਸੀ ਪਰ ਚੰਦਰਕਾਂਤ ਨੂੰ ਠੰਢਾ ਕਰਨ ਲਈ ਉਸ ਨੂੰ ਬੁਲਾਉਣਾ ਪਿਆ। ਉਹ ਜਲਦੀ ਵਿੱਚ ਸੀ। ਕਲਾਸ ਛੱਡ ਕੇ ਆਈ ਸੀ। ਚੰਦਰਕਾਂਤ ਨੇ ਉਸ ਦੇ ਕੱਲ੍ਹ ਵਾਲੇ ਵਤੀਰੇ ਨੂੰ ਦੁਹਰਾਇਆ ਤੇ ਉਸ ਨੂੰ ਟੁੱਟ ਕੇ ਪਿਆ। ਮਿਸਿਜ਼ ਆਭਾ ਸ਼ਾਹ ਨੇ ਉਸ ਨੂੰ ਚੁੱਪ ਰਹਿਣ ਲਈ ਕਿਹਾ ਤੇ ਮਿਸ ਉਜਵਲ ਕੋਲੋਂ ਸਾਰੀ ਘਟਨਾ ਬਾਰੇ ਸੱਚ ਜਾਨਣਾ ਚਾਹਿਆ।

"ਮੈਅਮ, ਉਦੈ ਇਹਨਾਂ ਦਾ ਬੇਟਾ ਜ਼ਰੂਰ ਏ ਪਰ ਇਹਨਾਂ ਦੀ ਸ਼ਾਦੀ ਨਹੀਂ ਹੋਈ। ਹੁਣ



ਬਿਨਾਂ ਸ਼ਾਦੀ ਪੈਦਾ ਹੋਏ ਬੱਚੇ ਨੂੰ ਕੋਈ ਕੀ ਕਹੇਗਾ, ਇਹ ਸਾਰੇ ਜਾਣਦੇ ਨੇ। ਮਿਸਟਰ ਪਟੇਲ ਦੀ ਨਾਰਾਜ਼ਗੀ ਫਜ਼ੂਲ ਏ।"

ਚੰਦਰਕਾਂਤ ਨੇ ਮੇਜ਼ ਉਪਰ ਪਏ ਪੇਪਰ-ਵੇਟ ਨੂੰ ਘੁੱਟ ਕੇ ਫੜ ਲਿਆ, ਐਦਾਂ ਸ਼ਾਇਦ ਉਹ ਆਪਣੇ ਗੁੱਸੇ ਨੂੰ ਕਾਬੂ ਵਿੱਚ ਰੱਖ ਰਿਹਾ ਸੀ।

"ਪਰ ਸਾਡਾ ਇਕੱਠੇ ਰਹਿਣਾ ਗੈਰ-ਕਾਨੂੰਨੀ ਨਹੀਂ ਏ।" ਚੰਦਰਕਾਂਤ ਨੂੰ ਬਾਂਹੋਂ ਫੜਦਿਆਂ ਸੁਲਭਾ ਨੇ ਪਹਿਲੀ ਵਾਰ ਕੁਝ ਕਿਹਾ। ਚੰਦਰਕਾਂਤ ਨੇ ਪੇਪਰਵੇਟ ਛੱਡ ਦਿੱਤਾ।

"ਮੈਡਮ, ਗੱਲ ਕਾਨੂੰਨ ਦੀ ਨਹੀਂ, ਸਮਾਜ ਦੀ ਏ।"

"ਕਿਹਨੇ ਕਿਹਾ ਕਿ ਸਮਾਜ ਕਾਨੂੰਨ ਤੋਂ ਵੱਡਾ ਏ?" ਚੰਦਰਕਾਂਤ ਹਾਲੇ ਵੀ ਗੁੱਸੇ ਵਿੱਚ ਸੀ।

"ਅਸੀਂ ਭਾਵੇਂ ਨਾ ਮੰਨੀਏਂ ਪਰ ਸਮਾਜ ਅਜਿਹੀਆਂ ਸਹੂਲਤਾਂ ਨੂੰ ਕਦੋਂ ਮੰਨਦਾ ਏ। ਕਾਨੂੰਨ ਮੰਨਦਾ ਹੋਵੇ ਤਾਂ ਪਿਆ ਮੰਨਦਾ ਹੋਵੇ ਪਰ ਇਹ ਤਾਂ ਤੁਹਾਨੂੰ ਆਪ ਸੋਚਣਾ ਚਾਹੀਦਾ ਏ। ਕਾਨੂੰਨ ਕੋਲ ਤਾਂ ਕਿਸੇ ਕਿਸਮ ਦੀ ਛੋਟ ਹੋ ਸਕਦੀ ਏ ਪਰ ਸਮਾਜ ਦੀ ਆਪਣੀ ਮਰਿਆਦਾ ਏ, ਦਾਇਰੇ ਨੇ।" ਮਿਸਿਜ਼ ਸ਼ਾਹ ਸ਼ਾਂਤ ਸੀ।

"ਪਰ...," ਸੁਲਭਾ ਕੁਝ ਕਹਿਣ ਲੱਗੀ ਸੀ ਕਿ ਮਿਸਿਜ਼ ਸ਼ਾਹ ਬੋਲੀ, "ਤੁਸੀਂ ਪੜ੍ਹੇ ਲਿਖੇ ਓ, ਸਮਾਜ ਦੇ ਕਾਇਦਿਆਂ ਨੂੰ ਬਾਖੂਬੀ ਸਮਝਦੇ ਓ, ਇਹਨਾਂ ਦਾ ਪਾਲਣ ਕਰਨਾ ਚਾਹੀਦਾ ਏ, ਭਾਰਤ ਹਾਲੇ ਯੌਰਪ, ਅਮਰੀਕਾ ਨਹੀਂ ਬਣਿਆਂ। ਬਿਹਤਰ ਤਾਂ ਇਹੀ ਏ ਕਿ ਵਿਆਹ ਕਰਾ ਕੇ ਅਜਿਹੀਆਂ ਉੱਠਦੀਆਂ ਉਂਗਲਾਂ ਨੂੰ ਬੰਦ ਕਰ ਦਿਓ।"

ਮਿਸ ਉਜਵਲ ਨੇ 'ਐਕਸਕਿਊਜ਼ ਮੀ' ਕਹਿ ਕੇ ਮਿਸਿਜ਼ ਸ਼ਾਹ ਤੋਂ ਆਪਣੀ ਕਲਾਸ ਵਿੱਚ ਜਾਣ ਦੀ ਆਗਿਆ ਮੰਗੀ। ਮਿਸਿਜ਼ ਸ਼ਾਹ ਨੇ ਉਸ ਨੂੰ ਜਾਣ ਦਾ ਇਸ਼ਾਰਾ ਕੀਤਾ ਤੇ ਮੇਜ਼ ਦੇ ਕੋਨੇ ਤੋਂ ਇਕ ਭਾਰੀ ਫਾਈਲ ਚੁੱਕੀ, "ਮੁਆਫ ਕਰਨਾ, ਪਰ ਮੇਰੇ ਸੁਝਾਅ ਉਪਰ ਵਿਚਾਰ ਜ਼ਰੂਰ ਕਰਨਾ। ਤੁਹਾਡੀ ਤੇ ਤੁਹਾਡੇ ਬੱਚੇ ਦੀ ਇਸੇ ਵਿੱਚ ਭਲਾਈ ਏ।"

ਚੰਦਰਕਾਂਤ ਤੇ ਸੁਲਭਾ ਨੂੰ ਉਠਣਾ ਪਿਆ। ਚੰਦਰਕਾਂਤ ਹੁਣ ਤਕ ਆਪਣੇ ਗੁੱਸੇ ਉਪਰ ਕਾਬੂ ਪਾ ਚੁੱਕਾ ਸੀ। ਉਹ ਦੋਵੇਂ ਦਫਤਰ ਵਿੱਚੋਂ ਨਿਕਲੇ। ਉਦੈ ਦੀ ਕਲਾਸ ਮੂਹਰ ਦੀ ਲੰਘੇ। ਚੰਦਰਕਾਂਤ ਨੇ ਕਿਹਾ, "ਉਹਨੂੰ ਮਿਲਦੇ ਚੱਲੀਏ?"

"ਨਹੀਂ, ਕਲਾਸ ਨੂੰ ਡਿਸਟਰਬ ਨਾ ਕਰੋ, ਘਰ ਆਏਗਾ ਤਾਂ ਮਿਲਾਂਗੇ।" ਸੁਲਭਾ ਨੇ ਮਨ੍ਹਾਂ ਕਰਦੇ ਹੋਏ ਆਖਿਆ। ਕਾਰ ਵਿੱਚ ਬੈਠਦਿਆਂ ਚੰਦਰਕਾਂਤ ਨੇ ਕੁਝ ਸੋਚਦੇ ਹੋਏ ਕਿਹਾ, "ਵਿਆਹ ਕਰਾ ਲੈਂਦੇ ਆਂ ਪਰ ਕੀ ਫਰਕ ਪਏਗਾ?"

ਸੁਲਭਾ ਚੁੱਪ ਰਹੀ। ਘਰ ਤਕ ਡਰਾਈਵ ਕਰਦੇ ਸਮੇਂ ਚੰਦਰਕਾਂਤ ਖਾਮੋਸ਼ ਸੀ। ਕਾਰ ਵਿੱਚੋਂ ਉਤਰਦੇ ਹੋਏ ਉਹਨੇ ਪੁਛਿੱਆ,

"ਕੀ ਸੋਚਿਆ ਫਿਰ?"

ਸੁਲਭਾ ਪਰਸ ਵਿੱਚੋਂ ਘਰ ਦੀ ਚਾਬੀ ਕੱਢਦੀ ਹੋਈ ਦਰਵਾਜ਼ੇ ਵੱਲ ਵਧੀ ਤੇ ਬੋਲੀ,

"ਨਹੀਂ, ਵਿਆਹ ਨਹੀਂ ਕਰਵਾਵਾਂਗੇ। ਉਦੈ ਸਾਡਾ ਪੁੱਤਰ ਏ। ਉਸ ਨੂੰ ਜਾਇਜ਼ ਠਹਿਰਾਉਣ ਲਈ ਸਾਨੂੰ ਵਿਆਹ ਦੇ ਸਰਟੀਫਿਕੇਟ ਦੀ ਲੋੜ ਨਹੀਂ ਏ।"

**ਉੜੀਆ ਕਹਾਣੀ**

# ਈਸ਼ਵਰ

## —ਪ੍ਰਤਿਭਾ ਰਾਏ

ਉਹ ਨਿਕਲੇ ਸੀ, ਈਸ਼ਵਰ ਦੀ ਭਾਲ ਵਿਚ। ਇਹ ਵੀ ਜਾਣਦੇ ਸੀ ਕਿ ਈਸ਼ਵਰ ਕਿਧਰੇ ਨਹੀਓਂ ਲੱਭਣਾ—ਕਿਉਂਕਿ 'ਈਸ਼ਵਰ' ਨਾਂ ਦੀ ਕੋਈ ਸੱਤਾ ਹੈ—ਇਹ ਅਜੇ ਰਹੱਸ ਸੀ।

ਈਸ਼ਵਰ ਤਾਈਂ ਉਹਨਾਂ ਨੂੰ ਕੋਈ 'ਖ਼ਾਸ' ਕੰਮ ਵੀ ਨਹੀਂ ਸੀ, ਕਿਉਂਕਿ ਉਹਨਾਂ ਦੇ ਕਿਸੇ ਗੱਲ ਦਾ ਘਾਟਾ ਨਹੀਂ ਸੀ...ਤੇ ਕੋਈ ਮੰਗ ਵੀ ਨਹੀਂ ਸੀ। ਬਸ, ਇਕ ਜਿਗਿਆਸਾ ਸੀ ਕਿ ਉਸਨੂੰ ਲੱਭ ਲੈਣ। ਸੋ ਉਹ ਪਹਿਲਾਂ ਭਾਰਤ ਆ ਗਏ। ਸੁਣਿਆ ਸੀ, ਏਥੇ ਈਸ਼ਵਰ ਹੈ—ਜੇ ਕੋਈ ਮਨੋਂ ਧਾ ਕੇ ਲੱਭਣ ਤੁਰ ਪਏ ਤਾਂ ਮਿਲ ਵੀ ਜਾਂਦਾ ਹੈ ਉਸਨੂੰ।

ਈਸ਼ਵਰ ਕਿਸੇ ਬਹਿਸ ਜਾਂ ਦਲੀਲ ਦਾ ਵਿਸ਼ਾ ਨਹੀਂ ਹੈ। ਈਸ਼ਵਰ ਹੈ ਜਾਂ ਨਹੀਂ ਹੈ—ਇਸ ਦਵੰਧ ਦੀ ਸਥਿਤੀ ਵਿਚ ਈਸ਼ਵਰ ਨੂੰ ਲੱਭਣ ਵਿਚ ਨਿਸ਼ਠਾ ਨਹੀਂ ਆ ਸਕਦੀ। ਸੋ ਉਹ ਦੋਵੇਂ ਵਿਦੇਸ਼ੀ ਚਾਹੁੰਦੇ ਸਨ ਕਿ ਪਹਿਲਾਂ ਈਸ਼ਵਰ ਬਾਰੇ ਸਪੱਸ਼ਟ ਹੋ ਲਿਆ ਜਾਏ। ਉਹਨਾਂ ਕੁਝ ਸਾਧਾਂ-ਸੰਤਾਂ, ਪੰਡਤਾਂ-ਗਿਆਨੀਆਂ ਵਗ਼ੈਰਾ-ਵਗ਼ੈਰਾ ਨਾਲ ਗੱਲ ਕਰਨੀ ਚਾਹੀ—ਪਹਿਲਾਂ ਗੁਰੂ ਲੱਭੋ।

ਭਾਰਤ ਵਿਚ ਸਾਧਾਂ-ਸੰਤਾਂ ਦੀ ਕੋਈ ਕਮੀ ਨਹੀਂ। ਨਕਲੀ ਸਾਧ ਤੇ ਕਪਟੀ ਲੋਕ ਵੀ ਵਧੇਰੇ ਗਿਣਤੀ ਵਿਚ ਹੈਨ। ਪਹਿਲਾਂ ਗਾਹੇ ਮੰਦਰ, ਮਸੀਤਾਂ, ਗੁਰਦੁਆਰੇ, ਗਿਰਜੇ, ਮਠ, ਮੰਡਲ... ਤੇ ਫੇਰ ਦਰੁਮਾਂ-ਮਹਾਂਦਰੁਮਾਂ ਦੀਆਂ ਗ਼ੁਫ਼ਾਵਾਂ ਦੇ ਚੱਕਰ ਕੱਟੇ—ਕੰਦਰਾਵਾਂ ਵਗ਼ੈਰਾ ਵਿਚ ਲੱਭਿਆ। ਭੌਂ-ਭੌਂ ਕੇ ਥੱਕ ਕੇ ਨਿਰਾਸ਼ ਹੋ ਗਏ।

ਦੋਵੇਂ ਤਰਕਵਾਦੀ ਸਨ। ਤਰਕ ਤੇ ਬੁੱਧੀ 'ਤੇ ਪੂਰਾ ਭਰੋਸਾ ਸੀ। ਉਹਨਾਂ ਨੂੰ ਲੱਗਿਆ ਕਿ ਲੱਕੜ, ਪੱਥਰ, ਸੋਨੇ-ਚਾਂਦੀ, ਮਾਰਬਲ, ਕਾਂਸੀ ਦੀਆਂ ਮੂਰਤੀਆਂ ਜਾਂ ਚਿੱਤਰ ਕਤਈ ਈਸ਼ਵਰ ਨਹੀਂ—ਉਹ ਸਭ ਤਾਂ ਸਮੇਂ ਦੇ ਨਾਲ ਨਸ਼ਟ ਹੋ ਜਾਣਾ ਹੈ—ਤੇ ਈਸ਼ਵਰ ਨਾਸ਼ਵਾਨ ਨਹੀਂ ਹੈ। ਤਰਕ ਤੇ ਬੁੱਧੀ ਤੋਂ ਪਰ੍ਹੇ ਹੈ।

ਉਹਨਾਂ ਇਕ ਦੂਜਾ ਰਸਤਾ ਚੁਣਿਆਂ।

ਹੁਣ ਕੁਝ ਪੰਡਤਾਂ ਨੂੰ ਮਿਲੇ। ਉਹਨਾਂ ਨੂੰ ਲੱਗਿਆ ਕਿ ਭਗਤੀ, ਈਸ਼ਵਰ ਤੇ ਤਰਕ ਇਕ ਦੂਜੇ ਦੇ ਵਿਰੋਧੀ ਨਹੀਂ—ਅੱਖਾਂ ਮੀਚ ਕੇ ਲੱਭਣ ਨਾਲ ਖੋਜ ਪੂਰੀ ਨਹੀਂ ਹੋਣੀ।

ਉਹਨਾਂ ਦੇ ਸਵਾਲ ਸਨ, "ਈਸ਼ਵਰ ਦਾ ਰੰਗ ਕਿਹੋ-ਜਿਹਾ ਹੈ? ਆਕਾਰ ਕੇਡਾ ਕੁ ਹੈ? ਤੁਸੀਂ ਦੇਖਿਆ ਹੈ? ਛੂਹਿਆ ਹੈ?...ਨਹੀਂ, ਤਾਂ ਫੇਰ ਕਿੱਦਾਂ ਮੰਨ ਲੈਂਦੇ ਹੋ ਕਿ ਈਸ਼ਵਰ ਹੈ?"

ਉੱਤਰ ਦੇਣਾ ਨਹੀਂ, ਬਲਕਿ ਤੁਹਾਡੇ ਮੂੰਹੋਂ ਬੁਲਵਾਉਣਾ ਹੁੰਦਾ ਹੈ ਗੁਰੂ ਦਾ ਕੰਮ। ਸੋ ਨਿਰਵਿਕਾਰ ਤੇ ਨਿਰਲੇਪ ਗੁਰੂ ਨੇ ਪੁੱਛਿਆ, "ਪ੍ਰਕਾਸ਼ ਕੀ ਹੈ?"

ਵਿਦੇਸ਼ੀ, "ਇਕ ਸ਼ਕਤੀ, ਇਕ ਊਰਜਾ।"

ਗੁਰੂ, "ਦੇਖਿਆ ਹੈ ਕਦੇ? ਪ੍ਰਕਾਸ਼ ਦਿੱਸਦਾ ਹੈ?"

ਵਿਦੇਸ਼ੀ ਬੌਂਦਲ ਗਿਆ, "ਨਹੀਂ, ਖ਼ੁਦ ਨਈਂ ਦਿੱਸਦਾ। ਪਰ ਚੀਜ਼ਾਂ ਦਿਖਾਲ ਦਿੰਦਾ ਹੈ।"

ਗੁਰੂ, "ਪ੍ਰਕਾਸ਼ ਦਾ ਰੰਗ ਕਿਹੋ-ਜਿਹਾ ਹੈ?"



ਦੁਚਿੱਤੀ ਵਿਚ ਫਸੇ ਵਿਦੇਸ਼ੀ ਨੇ ਦੱਸਿਆ, "ਪ੍ਰਕਾਸ਼ ਦਾ ਰੰਗ ਸਫੇਦ...ਨਈਂ ਲਾਲ...ਨਾ ਗੁਲਾਬੀ...ਹਰਾ...ਨਹੀਂ, ਪ੍ਰਕਾਸ਼ ਦਾ ਕੋਈ ਰੰਗ ਨਹੀਂ ਹੁੰਦਾ। ਸਗੋਂ ਪ੍ਰਕਾਸ਼ ਤਾਂ ਹੋਰਾਂ ਚੀਜ਼ਾਂ ਦੇ ਰੰਗਾਂ ਨੂੰ ਉਘਾੜਦਾ ਹੈ।"

ਗੁਰੂ ਨੇ ਮੁਸਕਰਾ ਕੇ ਕਿਹਾ, "ਪ੍ਰਕਾਸ਼ ਕਦੋਂ ਹੁੰਦਾ ਹੈ...ਸਵੇਰੇ, ਸ਼ਾਮੀਂ, ਰਾਤ ਨੂੰ ਜਾਂ ਦਿਨ ਨੂੰ?"

ਵਿਦੇਸ਼ੀ ਨੇ ਸਪੱਸ਼ਟ ਕਿਹਾ, "ਪ੍ਰਕਾਸ਼ ਤਾਂ ਹਰ ਵੇਲੇ ਹੁੰਦਾ ਹੈ। ਰਾਤ ਨੂੰ ਪ੍ਰਕਾਸ਼ ਨਹੀਂ ਹੁੰਦਾ...ਇੰਜ ਕਹਿਣ ਵਾਲੇ ਪ੍ਰਕਾਸ਼ ਬਾਰੇ ਜਾਣਦੇ ਨਹੀਂ।"

ਗੁਰੂ ਦੇ ਚਿਹਰੇ 'ਤੇ ਨੂਰ ਲੱਥ ਰਿਹਾ ਹੈ। ਪੁੱਛਿਆ, "ਪ੍ਰਕਾਸ਼ ਕਿੱਥੇ ਰਹਿੰਦਾ ਹੈ? ਭਾਰਤ ਵਿਚ? ਇੰਗਲੈਂਡ ਵਿਚ? ਅਮਰੀਕਾ ਵਿਚ? ਆਕਾਸ਼ ਮੰਡਲ ਵਿਚ? ਪਹਾੜਾਂ 'ਤੇ ਜਾਂ ਸ਼ਾਸਤਰਾਂ ਵਿਚ?"

"ਸਮੇਂ ਤੇ ਸਥਾਨ ਅਨੁਸਾਰ ਉਹ ਹਰੇਕ ਜਗ੍ਹਾ ਬਿਰਾਜਮਾਨ ਹੈ। ਭਾਰਤ ਜਾਂ ਅਮਰੀਕਾ ਵਿਚ ਨਹੀਂ। ਪ੍ਰਕਾਸ਼ ਮੇਰੇ ਦੇਸ਼ ਦਾ ਹੈ ਜਾਂ ਮੇਰੀ ਜਾਤ ਦਾ ਹੈ...ਇਹ ਗੱਲਾਂ ਮੂਰਖਤਾ ਭਰੀਆਂ ਨੇ।" ਵਿਦੇਸ਼ੀ ਨੇ ਜ਼ਰਾ 'ਤੇਜਿਤ ਹੋ ਕੇ ਕਿਹਾ।

ਗੁਰੂ ਨੇ ਓਵੇਂ ਹੀ ਮੁਸਕਰਾ ਕੇ ਪੁੱਛਿਆ, "ਪ੍ਰਕਾਸ਼ ਦੀ ਗਤੀ ਕੇਹੀ ਹੈ?"

"ਸਵੱਛ ਪਦਾਰਥ ਵਿਚੋਂ ਪਾਰ ਲੰਘ ਜਾਂਦਾ ਹੈ। ਗੰਧਲਾ ਪਦਾਰਥ ਉਸਦੀ ਗਤੀ ਵਿਚ ਅੜਿੱਕਾ ਪੈਦਾ ਕਰਦਾ ਹੈ।" ਹੌਲੀ-ਹੌਲੀ ਵਿਦੇਸ਼ੀ ਦੇ ਚਿਹਰੇ 'ਤੇ ਵੀ ਚਮਕ ਵੱਧ ਰਹੀ ਸੀ।

ਗੁਰੂ ਨੇ ਪੁੱਛਿਆ, "ਤੁਸੀਂ ਛੂਹਿਆ ਏ ਪ੍ਰਕਾਸ਼ ਨੂੰ? ਕੂਲਾ ਹੈ ਜਾਂ ਖ਼ੁਰਦਰਾ?"

ਵਿਦੇਸ਼ੀ, "ਮੈਂ ਪ੍ਰਕਾਸ਼ ਨੂੰ ਕਦੇ ਨਈਂ ਛੂਹਿਆ। ਪਰ ਇਸ ਦਾ ਕੋਈ ਠੋਸ ਆਕਾਰ ਨਹੀਂ।"

ਗੁਰੂ ਨੇ ਅਖ਼ੀਰ ਵਿਚ ਪੁੱਛਿਆ, "ਫੇਰ ਕਿੱਦਾਂ ਵਿਸ਼ਵਾਸ ਕਰਦੇ ਹੋ ਕਿ ਪ੍ਰਕਾਸ਼ ਹੈ?"

ਦ੍ਰਿੜ੍ਹ ਆਵਾਜ਼ ਵਿਚ ਦੋਵਾਂ ਨੇ ਕਿਹਾ, "ਪ੍ਰਕਾਸ਼ ਤਾਂ ਇਕ ਅਨੁਭਵ ਹੈ...ਇਕ ਸ਼ਕਤੀ ਦੀ ਹੋਂਦ ਦਾ ਅਹਿਸਾਸ। ਉਸੇ ਨੂੰ ਕਿਹਾ ਜਾਂਦਾ ਹੈ ਪ੍ਰਕਾਸ਼...।"

ਸੰਤੁਸ਼ਟ ਹੋ ਕੇ ਗੁਰੂ ਬੋਲੇ, "ਮਿੱਤਰੋ, ਤੁਸੀਂ ਆਪਣੇ ਪ੍ਰਸ਼ਨ ਦਾ ਖ਼ੁਦ ਉੱਤਰ ਦੇ ਦਿੱਤਾ ਹੈ। ਹੁਣ ਤਾਂ ਈਸ਼ਵਰ ਦੀ ਸਥਿਤੀ ਬਾਰੇ ਸ਼ੰਕੇ ਮਿਟ ਗਏ ਹੋਣਗੇ।"

"ਕਿੱਦਾਂ?" ਦੋਵੇਂ ਤ੍ਰਬਕੇ।

ਗੁਰੂ ਨੇ ਸਮਝਾਇਆ ਦਿੱਤਾ, "ਪ੍ਰਕਾਸ਼ ਵਾਂਗ ਹੀ ਈਸ਼ਵਰ ਵੀ ਇਕ ਸ਼ਕਤੀ ਹੈ। ਖ਼ੁਦ ਦਿਖਾਈ ਨਹੀਂ ਦੇਂਦੇ, ਪਰ ਸੰਸਾਰ ਨੂੰ ਦ੍ਰਿਸ਼ਮਾਨ ਕਰਦੇ ਨੇ। ਈਸ਼ਵਰ ਨਿਰਾਕਾਰ, ਸਰਬ-ਵਿਆਪਕ ਨੇ। ਸਾਫ਼ ਮਨਾਂ ਵਿਚ ਰਹਿੰਦੇ ਨੇ, ਸਥਾਨ ਬਦਲਦੇ ਰਹਿੰਦੇ ਹੈ। ਪ੍ਰਕਾਸ਼ ਬਿਨਾਂ ਸ਼੍ਰਿਸ਼ਟੀ ਹਨ੍ਹੇਰੇ ਵਿਚ ਹੈ, ਓਵੇਂ ਹੀ ਈਸ਼ਵਰ ਦੇ ਅਨੁਭਵ ਬਿਨਾਂ ਚੇਤਨਾ ਮੋਹ-ਜਾਲ 'ਚ ਉਲਝੀ ਰਹਿੰਦੀ ਹੈ। ਈਸ਼ਵਰ ਇਕ ਅਨੁਭਵ ਹੈ। ਜਦੋਂ ਆਦਮੀ ਚਿੰਤਨ ਨਾਲ ਸਥੂਲ ਤੋਂ ਉੱਪਰ ਉੱਠਦਾ ਹੈ, ਉਦੋਂ ਪ੍ਰਾਪਤੀ ਹੁੰਦੀ ਹੈ, ਇਸ ਅਲੌਕਿਕ ਸ਼ਕਤੀ ਦੀ। ਚਿੰਤਨ ਤੇ ਚੇਤਨਾ ਦੀ ਟੀਸੀ 'ਤੇ ਹਾਲਾਂਕਿ ਈਸ਼ਵਰ ਸੂਖਮ ਰੂਪ ਵਿਚ ਹਾਜ਼ਰ ਹੈ—ਗਿਆਨ ਦਾ ਮੂਲ ਹੈ—ਇਹ ਸ਼ੁੱਧਤਮ ਸੱਚ ਤੇ ਅਮੁੱਕ ਆਨੰਦ ਦਾ ਸੋਤਾ...ਜਿਸ ਤੋਂ ਸਮਝ ਵਿਚ ਆਉਂਦਾ ਹੈ ਕਿ ਈਸ਼ਵਰ ਹੀ ਪ੍ਰਕਾਸ਼ ਹੈ, ਇਕ ਸੂਖ਼ਮ ਰੂਪ ਹੈ ਤੇ ਮੁਕਤੀ ਵੀ। ਇੱਛਾਵਾਂ ਦੀ ਤ੍ਰਿਪਤੀ ਤੇ ਮੋਕਸ਼ ਦੀ ਪ੍ਰਾਪਤੀ ਵੀ।"

ਵਿਦੇਸ਼ੀ ਆਧੁਨਿਕ ਗਿਆਨ-ਵਿਗਿਆਨ, ਪ੍ਰਤਿਭਾ ਤੇ ਗਿਆਨ ਦੇ ਸਹਾਰੇ ਗੁਰੂ ਦੇ ਸ਼ਬਦਾਂ ਦੀ ਵਿਆਖਿਆ ਕਰਨ ਲੱਗੇ। ਗੁਰੂ ਨੇ ਈਸ਼ਵਰ ਬਾਰੇ ਹੋਰ ਵੀ ਕਈ ਗੱਲਾਂ ਦੱਸੀਆਂ। ਲੱਭਣ ਤੁਰ ਪਏ। ਹੁਣ ਉਹਨਾਂ ਨੂੰ ਦੱਸਿਆ ਗਿਆ ਹੈ...ਈਸ਼ਵਰ ਹੈ। ਪਰ ਕਿੱਥੇ ਬਿਰਾਜਮਾਨ ਹੈ ? ਉਸ ਨਾਲ ਕਿਸ ਤਰ੍ਹਾਂ ਮੁਲਾਕਾਤ ਹੋਏਗੀ ? ਇਹ ਨਹੀਂ ਦੱਸਿਆ ਗੁਰੂ ਨੇ। ਸੋ ਭਾਂਤ-ਭਾਂਤ ਦੇ ਸ਼ੰਕੇ ਸੁਲਝਾ ਕੇ ਈਸ਼ਵਰ ਨੂੰ ਲੱਭਣ ਦੇ ਯਤਨ ਕੀਤੇ ਜਾ ਰਹੇ ਨੇ। ਸ਼ਰਧਾ ਪੱਕੀ ਹੋਏ ਤਾਂ ਈਸ਼ਵਰ ਸੂਖ਼ਮ ਰੂਪ ਵਿਚ ਦਰਸ਼ਨ ਦਿੰਦਾ ਹੈ। ਉਹਨਾਂ ਦੇ ਮਨ ਵਿਚ ਇਹ ਗੱਲ ਬੈਠ ਗਈ।

ਕੁਝ ਲੋਕ ਖ਼ੁਦ ਨੂੰ ਈਸ਼ਵਰ ਦੱਸ ਰਹੇ ਸੀ। ਉਹਨਾਂ ਵਿਚ ਆਪਸੀ ਖ਼ੂਨ-ਖਰਾਬੇ, ਕੁੱਟ-ਮਾਰ ਤੇ ਪੜਯੰਤਰ ਵੀ ਦੇਖੇ ਉਹਨਾਂ ਵਿਦੇਸ਼ੀਆਂ ਨੇ। ਗੁਰੂ ਦੀਆਂ ਗੱਲਾਂ ਨੂੰ ਉਹ, ਖ਼ੁਦ ਨੂੰ ਈਸ਼ਵਰ ਦੱਸਣ ਵਾਲਿਆਂ ਨਾਲ ਮਿਲਾ ਕੇ ਦੇਖਦੇ।

"ਵਿਗਿਆਨਕ ਈਸ਼ਵਰ ਹੈ ?"

"ਉਹ ਈਸ਼ਵਰ ਨਹੀਂ ਕਲਪਨਾ ਵਿਚ ਉਛਾਲ ਪੈਦਾ ਕਰਦਾ ਹੈ, ਈਸ਼ਵਰ ਕਿੱਦਾਂ ਹੋ ਸਕਦਾ ਹੈ ?"

"ਕਲਾਕਾਰ ?"

"ਕਲਾਕਾਰ ਖ਼ੁਦ ਸਿਰਜਣ ਨਹੀਂ ਕਰਦਾ—ਸਿਰਜਣ ਦੀ ਸੁੰਦਰਤਾ ਨੂੰ ਆਕਾਰ ਦਿੰਦਾ ਹੈ।"

"ਗੁਰੂ ਈਸ਼ਵਰ ਹੈ ?"

"ਈਸ਼ਵਰ ਤਾਂ ਪਰਮ ਗੁਰੂ ਹੈ।"

"ਦੇਵੀ-ਦੇਵਤੇ ਈਸ਼ਵਰ ਨੇ ?"

"ਨਹੀਂ। ਈਸ਼ਵਰ ਵਿਚ ਲਿੰਗ-ਭੇਦ ਨਹੀਂ।"

"ਬੁੱਧੀਮਾਨ ਜਾਂ ਬਲਵਾਨ ਹੈ ਈਸ਼ਵਰ ?"

"ਨਹੀਂ। ਈਸ਼ਵਰ ਨਾ ਜਵਾਨ ਹੈ ਨਾ ਬੁੱਢਾ।"

"ਰਾਜਾ ?"

"ਰਾਜੇ ਦਾ ਸਿੰਘਾਸਨ ਵੀ ਰਾਜੇ ਦਾ ਨਹੀਂ—ਉਹ ਈਸ਼ਵਰ ਦੀ ਕ੍ਰਿਪਾ ਨਾਲ ਦਿੱਤੀ ਹੋਈ ਅਸਥਾਈ ਦਾਤ ਹੈ। ਰਾਜੇ ਵੀ ਭਿਖਾਰੀ ਬਣ ਜਾਂਦੇ ਨੇ।"

"ਕੌਣ ਹੈ ਇੱਥੇ ਈਸ਼ਵਰ ?"

**ਦੋ**ਵੇਂ ਵਿਦੇਸ਼ੀ ਭਾਰਤ ਵਿਚ ਘੁੰਮਦੇ ਰਹੇ। ਅਖ਼ੀਰ ਇਹ ਫ਼ੈਸਲਾ ਕੀਤਾ ਕਿ ਬਿਨਾਂ ਦਰਸ਼ਨ ਕੀਤਿਆਂ ਹੀ ਵਾਪਸ ਚਲੇ ਜਾਈਏ। ਦੋਵੇਂ ਟਰੇਨ ਦੀ ਉਡੀਕ ਵਿਚ ਪਲੇਟਫ਼ਾਰਮ 'ਤੇ ਬੈਠੇ ਨੇ। ਟਰੇਨ ਆਉਣ ਵਿਚ ਅਜੇ ਦੇਰ ਹੈ। ਇਹ ਕੋਈ ਨਵੀਂ ਗੱਲ ਨਹੀਂ ਇੱਥੇ। ਸੋ ਇਸ ਬਾਰੇ ਕੋਈ ਪ੍ਰਤੀਕ੍ਰਿਆ ਨਹੀਂ ਹੋਈ ਮਨ ਵਿਚ। ਪਰ ਬਾਕੀ ਮੁਸਾਫ਼ਰ ਕਦੋਂ ਦੇ ਗੱਡੀਆਂ ਵਿਚ ਆਉਣ-ਜਾਣ ਦੇ ਆਦੀ ਹੋਣ ਦੇ ਬਾਵਜੂਦ ਪ੍ਰੇਸ਼ਾਨ ਸਨ—ਸਬਰ ਦਾ ਪੱਲਾ ਛੱਡਣ ਲੱਗ ਪਏ ਨੇ।

ਹਾਲਾਂਕਿ ਅੱਜ ਗੱਡੀ ਦੇ ਲੇਟ ਆਉਣ ਦਾ ਖ਼ਾਸ ਕਾਰਨ ਵੀ ਸੀ। ਮੁਸਾਫ਼ਰਾਂ ਨੂੰ ਸਟੇਸ਼ਨ 'ਤੇ ਆ ਕੇ ਪਤਾ ਲੱਗਿਆ ਕਿ ਗੱਡੀਆਂ ਅੱਠ-ਦਸ ਘੰਟੇ ਲੇਟ ਚੱਲ ਰਹੀਆਂ ਨੇ। ਪਹਿਲਾਂ ਇਹ ਖ਼ਬਰ ਰੇਡੀਓ, ਟੀ.ਵੀ. 'ਤੇ ਵੀ ਦਿੱਤੀ ਜਾ ਸਕਦੀ ਸੀ। ਸਹੀ ਕੰਮ ਇੱਥੇ ਸਹੀ ਸਮੇਂ ਸਿਰ ਨਹੀਂ ਹੁੰਦੇ। ਇਸੇ ਲਈ ਹਰ ਜਗ੍ਹਾ ਰੌਲਾ-ਰੱਟਾ, ਗੋਲਮਾਲ, ਗੜਬੜ ਦਿਖਾਈ ਦਿੰਦੀ ਹੈ। ਸਟੇਸ਼ਨ 'ਤੇ



ਵੀ ਇਹੋ ਹੋ ਰਿਹਾ ਹੈ। ਮੁਸਾਫ਼ਰ ਬਾਲ-ਬੱਚਿਆਂ ਤੇ ਸਾਮਾਨ ਸਮੇਤ ਪ੍ਰੇਸ਼ਾਨ ਨੇ। ਕੱਲ੍ਹ ਆਏ ਝਖੇੜੇ ਕਰਕੇ ਰੇਲ ਦੀ ਪਟੜੀ 'ਤੇ ਕਈ ਜਗ੍ਹਾ ਦਰਖ਼ਤ ਡਿੱਗ ਪਏ ਸਨ। ਹਟਾਉਣ ਦਾ ਕੰਮ ਜਾਰੀ ਹੈ, ਇਸ ਲਈ ਦੇਰੀ ਹੋ ਰਹੀ ਹੈ। ਪਲੇਟਫ਼ਾਰਮ 'ਤੇ ਬੈਠਣ ਦੀ ਜਗ੍ਹਾ ਨਹੀਂ। ਵੇਟਿੰਗ-ਰੂਮ ਦੀ ਹਾਲਤ ਵੀ ਬੜੀ ਤਰਸਯੋਗ ਹੈ। ਸਾਰੇ ਇਕ ਦੂਜੇ ਨੂੰ ਦੋਸ਼ ਦੇ ਰਹੇ ਨੇ। ਲੋਕ ਜਗ੍ਹਾ-ਜਗ੍ਹਾ ਗੰਦ ਖਿਲਾਰ ਦਿੰਦੇ ਨੇ। ਸਫ਼ਾਈ ਦਾ ਜ਼ਿੰਮਾ ਤਾਂ ਰੇਲ ਦੇ ਸਵੀਪਰਾਂ ਦਾ ਹੈ ਤੇ ਗੰਦਗੀ ਨਜ਼ਰ ਆ ਰਹੀ ਹੈ ਚਾਰੇ-ਪਾਸੇ। ਭੀੜ ਅੱਜ ਬੜੀ ਹੈ। ਸਾਰੇ ਨੱਕ 'ਤੇ ਰੁਮਾਲ ਰੱਖੀ, ਨੱਕ-ਬੁੱਲ੍ਹ ਵੱਟਦੇ ਹੋਏ ਇਕ ਦੂਜੇ 'ਤੇ ਗੰਦਗੀ ਫ਼ੈਲਾਉਣ ਦਾ ਦੋਸ਼ ਲਾ ਰਹੇ ਨੇ।

ਵੇਟਿੰਗ-ਰੂਮ ਵਿਚ ਪਹਿਲਾਂ ਬੈਠੇ ਲੋਕ ਬੈਂਚਾਂ ਤੇ ਸੋਫ਼ਿਆਂ 'ਤੇ ਪੈਰ ਪਸਾਰੀ ਆਰਾਮ ਕਰ ਰਹੇ ਨੇ। ਆਪਣੇ ਘਰ ਦੀ ਬੈਠਕ ਵਿਚ ਵੀ ਕੋਈ ਆਉਂਦਾ ਹੈ ਤਾਂ ਉਸ ਲਈ ਜਗ੍ਹਾ ਛੱਡ ਦਿੰਦੇ ਨੇ। ਪਰ ਪਬਲਿਕ ਪਲੇਸ 'ਤੇ ਕੋਈ ਸੁੱਤਾ ਹੋਇਆ ਤੇ ਕੋਈ ਬੈਠਣ ਲਈ ਜਗ੍ਹਾ ਲੱਭ ਰਿਹਾ ਹੈ। ਸਾਧਾਰਨ ਨੈਤਿਕਤਾ ਦੇ ਨਜ਼ਰੀਏ ਨਾਲ ਜਗ੍ਹਾ ਛੱਡਣੀ ਤਾਂ ਦੂਰ, ਜਬਰਨ ਕਬਜ਼ਾ ਕਰੀ ਰੱਖਣ ਵਾਲੇ ਦੂਜਿਆਂ ਦੀ ਪ੍ਰਵਾਹ ਨਹੀਂ ਕਰਦੇ। 'ਮੈਂ ਪਹਿਲਾਂ ਆਇਆਂ, ਇਸ ਲਈ ਸਾਰੀ ਥਾਂ ਮੇਰੀ ਏ।' ਇਹ ਸੋਚ ਭਾਰੂ ਹੁੰਦੀ ਹੈ।

ਉਹਨਾਂ ਨੂੰ ਪਲੇਟਫ਼ਾਰਮ 'ਤੇ ਆਉਣਾ ਪਿਆ। ਭਾਵੇਂ ਗੰਦਾ ਹੀ ਸਹੀ। ਕੁਛ ਜਗ੍ਹਾ ਤਾਂ ਹੈ ਇੱਥੇ। ਇੱਧਰ-ਉੱਧਰ ਸਾਫ਼ ਕਰਕੇ ਮੁਸਾਫ਼ਰ ਜਗ੍ਹਾ ਬਣਾ ਲੈਂਦੇ ਨੇ। ਹੇਠਾਂ ਅਖ਼ਬਾਰ ਵਿਛਾ ਕੇ ਇਕ ਪਰਿਵਾਰ ਉੱਥੇ ਹੀ ਆਪਣੀ ਦੁਨੀਆ ਵਸਾ ਕੇ ਬੈਠ ਗਿਆ ਹੈ—ਅਟੈਚੀ, ਟਿਫ਼ਨ ਕੈਰੀਅਰ, ਪਾਣੀ ਦੀਆਂ ਬੋਤਲਾਂ ਵਗ਼ੈਰਾ ਵੀ ਹੈਨ। ਲੱਗਦਾ ਹੈ ਦੋ ਪਰਿਵਰ ਛੁੱਟੀਆਂ ਬਿਤਾਉਣ ਚੱਲੇ ਨੇ। ਦੋ ਔਰਤਾਂ, ਦੋ ਮਰਦ, ਚਾਰ ਬੱਚੇ। ਖ਼ੂਬ ਹੱਸਦਾ ਖੇਡਦਾ ਪਰਿਵਾਰ ਲੱਗ ਰਿਹਾ ਹੈ।

ਦੋਵੇਂ ਵਿਦੇਸ਼ੀਆਂ ਨੂੰ ਦੇਖ ਕੇ ਜ਼ਰਾ ਖ਼ੁਸ਼ ਨਜ਼ਰ ਆਉਣ ਲੱਗੇ ਨੇ।

ਦੋਵੇਂ ਔਰਤਾਂ ਗੱਲਾਂ-ਗੱਲਾਂ ਵਿਚ ਬੇਡਿੰਗ ਦੇ ਸਹਾਰੇ ਟਿਕ ਗਈਆਂ ਨੇ। ਵੈਨਟੀ ਬੈਗ ਵਿਚੋਂ ਸ਼ੀਸ਼ਾ ਕੱਢ ਕੇ ਚਿਹਰਾ ਦੇਖ ਰਹੀਆਂ ਨੇ। ਹੋਂਠਾਂ 'ਤੇ ਲਿਪਸਟਿਕ ਘੁਮਾ ਲਈ ਹੈ। ਸਵੇਰ ਦਾ ਕੀਤਾ ਮੇਕਅੱਪ ਫਿੱਕਾ ਪੈ ਚੱਲਿਆ ਸੀ। ਥੋੜ੍ਹਾ ਪੂੰਝ ਕੇ ਪਫ਼ ਫੇਰ ਲਿਆ। ਤਿਰਛੀਆਂ ਅੱਖਾਂ ਨਾਲ ਵਿਦੇਸ਼ੀਆਂ ਨੂੰ ਦੇਖ ਰਹੀਆਂ ਸੀ। ਉਹ ਲੋਕ ਬੇਚੈਨ ਨਹੀਂ ਸਨ, ਨਾ ਹੀ ਖਿਝ ਸੀ ਉਹਨਾਂ ਦੇ ਚਿਹਰੇ 'ਤੇ। ਦੋਵੇਂ ਵਿਦੇਸ਼ੀ ਉਹਨਾਂ ਲਈ ਮਨ ਦੀ ਖ਼ੁਸ਼ੀ ਦਾ ਸਬੱਬ ਬਣ ਗਏ ਸਨ। ਲੋਕ ਉਹਨਾਂ ਦੁਆਲੇ ਜੁੜ ਰਹੇ ਸਨ।

ਭਾਰਤ-ਯਾਤਰਾ ਦੇ ਇਸ ਤਜਰਬੇ ਨੇ ਉਹਨਾਂ ਨੂੰ ਦੱਸ ਦਿੱਤਾ ਸੀ ਕਿ ਹੁਣ ਇੱਥੇ ਦੇਸ਼-ਪ੍ਰੇਮ ਦੀ ਬਜਾਏ 'ਵਿਦੇਸ਼ੀ ਪ੍ਰੇਮ' ਦਾ ਬੋਲਬਾਲਾ ਵਧੇਰੇ ਹੈ। ਫ਼ੌਰਨਰ ਨੂੰ ਦੇਖ ਕੇ ਹਰੇਕ ਉਸਨੂੰ ਦੇਵਦੂਤ ਸਮਝ ਕੇ ਹੈਰਾਨੀ ਤੇ ਕੌਤਕ ਵੱਸ, ਲਾਲਸਾ ਦੀਆਂ ਨਜ਼ਰਾਂ ਨਾਲ ਦੇਖਣ ਲੱਗਦਾ ਹੈ। ਉਹਨਾਂ ਦੇ ਦੇਸ਼ ਦੀਆਂ ਮਾਮੂਲੀ ਵਸਤਾਂ ਵੀ 'ਇਮਪੋਰਟੇਡ' ਦੇ ਨਾਂ 'ਤੇ ਕੀਮਤੀ ਬਣ ਜਾਂਦੀਆਂ ਨੇ। ਇਹਨਾਂ ਦਿਨਾਂ ਵਿਚ ਵਿਦੇਸ਼ੀ ਪੈਨ, ਘੜੀ, ਜੈਕੇਟ, ਕੰਘੇ, ਬਲੇਡ, ਸ਼ੇਵਿੰਗ ਲੋਸ਼ਨ ਵਗ਼ੈਰਾ ਹੱਥੋ-ਹੱਥ ਵਿਕ ਰਹੇ ਨੇ—ਭਾਰਤੀ ਚੀਜ਼ਾਂ ਦੇ ਮੁਕਾਬਲੇ। ਨਵੀਂਆਂ ਦੇ ਕੇ ਪੁਰਾਣੀਆਂ ਇਸਤੇਮਾਲ ਕੀਤੀਆਂ ਹੋਈਆਂ ਚੀਜ਼ ਸੰਭਾਲ-ਸੰਭਾਲ ਰੱਖੀਆਂ ਜਾਂਦੀਆਂ ਨੇ। ਅਜੀਬ ਹੈ ਇਹ ਕਰੇਜ਼ ਵੀ...।

ਗੋਰੀ ਚਮੜੀ, ਰੁੱਖੜ ਵਾਲ, ਭੂਰੀਆਂ ਅੱਖਾਂ, ਰੰਗਲੇ ਬੁੱਲ੍ਹ ਦਿੱਸੇ ਨਹੀਂ ਕਿ ਭਾਰਤੀ ਘੇਰ ਲੈਣਗੇ। ਕਿਸ ਦੇਸ਼ ਦੇ ਓ ? ਫ਼ੌਰਨਰ 'ਤੇ ਫ਼ਿਦਾ ਹੋ ਜਾਣਗੇ। ਕੁਝ ਤਾਂ ਫ਼ੌਰਨ ਟ੍ਰਿਪ ਦੇ ਸੁਪਨੇ ਦੇਖਣ ਲੱਗ ਪੈਣਗੇ। ਇਸ ਨਾਲ ਸ਼ਾਇਦ ਭਾਰਤੀ-ਮਿੱਤਰਤਾ ਦੀ ਭਾਵਨਾ ਪ੍ਰਗਟਾਈ ਜਾਂਦੀ ਹੈ। ਮਿੱਤਰ ਦੇਸ਼ ਪ੍ਰਤੀ ਚੱਸ ਵਿਖਾਉਣੀ ਮਾੜੀ ਗੱਲ ਨਹੀਂ।

ਉਹ ਪਰਿਵਾਰ ਪਲੇ-ਪਲੇ ਨਜ਼ਦੀਕ ਆਉਂਦਾ ਗਿਆ। ਗੱਲਬਾਤ ਸ਼ੁਰੂ ਹੋਈ ਤੇ ਲੋਕ ਆਪਣੀ ਸੁਭਾਵਕ ਅੰਗਰੇਜ਼ੀ ਵਿਚ ਵਿਦੇਸ਼ੀ ਲਹਿਜਾ ਰਲਾ ਕੇ ਅਲੱਗ ਕਿਸਮ ਦਾ ਉਚਾਰਨ ਕਰਨ ਲੱਗੇ ਨੇ। ਕੁਛ ਅਜੀਬ-ਜਿਹਾ ਲੱਗ ਰਿਹਾ ਹੈ। ਹੌਲੀ-ਹੌਲੀ ਉਹ ਆਪਣਾ ਬੈਗ ਖੋਲ੍ਹ ਕੇ ਚੀਜ਼ਾਂ ਦਿਖਾ ਰਹੇ ਨੇ। ਅਸੀਂ ਵੀ ਇਮਪੋਟੇਡ ਚੀਜ਼ਾਂ ਵਰਤਦੇ ਹਾਂ, ਉਹਨਾਂ ਨੂੰ ਪਤਾ ਤਾਂ ਲੱਗੇ। ਘੜੀ, ਕੈਮਰਾ, ਟੇਪ ਰਿਕਾਰਡਰ, ਵੀ.ਸੀ.ਆਰ. ਵਗ਼ੈਰਾ ਸਭ ਵਿਦੇਸ਼ੀ ਨੇ। ਆਪਣੇ ਰਿਸ਼ਤੇਦਾਰਾਂ ਦਾ ਪਤਾ ਦੱਸ ਰਹੇ ਨੇ। ਹੁਣ ਸਪੱਸ਼ਟ ਹੋ ਗਿਆ ਹੈ ਕਿ ਦੋਵੇਂ ਪਰਿਵਾਰ ਉਹਨਾਂ ਪ੍ਰਤੀ ਜਿੰਨੀ ਰੁਚੀ ਲੈ ਰਹੇ ਨੇ, ਦੋਵੇਂ ਵਿਦੇਸ਼ੀ ਇਹਨਾਂ ਵਿਚ ਓਨੀ ਰੁਚੀ ਨਹੀਂ ਦਿਖਾ ਰਹੇ। ਨਿਗਾਹ ਕਿਤੇ ਹੋਰ ਹੈ। ਈਸ਼ਵਰ ਦੀ ਪਰਿਭਾਸ਼ਾ ਯਾਦ ਕਰਕੇ ਉਸ ਵਿਲੱਖਣ ਜੀਵ ਨੂੰ ਲੱਭ ਰਹੇ ਨੇ। ਸ਼ਾਇਦ ਮਿਲ ਜਾਏ।

ਪਲੇਟਫ਼ਾਰਮ 'ਤੇ ਦੋ ਜੋੜੀ ਅੱਖਾਂ। ਪਲੇਟਫ਼ਾਰਮ ਦੀਆਂ ਹੀ ਨੇ ਜਾਂ ਕਿਸੇ ਜੀਵ ਦੀਆਂ ? ਜਾਨਵਰ ਹੈ ? ਜਾਂ ਆਦਮ ? ਜਾਂ ਫੇਰ ਈਸ਼ਵਰ ?

ਇਸ ਜੀਵ ਨੂੰ ਸਾਰਾ ਦਿਨ ਤੁਰਦੇ-ਫਿਰਦੇ ਦੇਖਿਆ ਹੈ। ਹੁਣ ਇੱਥੇ ਖ਼ੁਦ ਕਚਰੇ ਦਾ ਪ੍ਰਤੀਕ ਬਣ ਕੇ ਨਿਰਆਸਰਾ-ਜਿਹਾ ਪਿਆ ਹੈ। ਦਿਨੇਂ ਫ਼ਰਸ਼ ਦੇ ਗੰਦੇ ਪੋਚੇ ਵਰਗਾ ਇਕ ਪਾਟਿਆ-ਜਿਹਾ ਕੱਪੜਾ ਲਪੇਟਿਆ ਹੋਇਆ ਸੀ—ਉਹ ਵੀ ਹੱਡਲ ਲੱਕ ਤੋਂ ਵਾਰੀ-ਵਾਰੀ ਖਿਸਕ ਜਾਂਦਾ ਸੀ—ਉੱਧਰ ਕੋਈ ਧਿਆਨ ਨਹੀਂ ਸੀ। ਹੁਣ ਉਹੀ ਕੱਪੜਾ ਲਾਹ ਕੇ 'ਤੇ ਲਿਆ ਹੋਇਆ ਹੈ। ਨੰਗੀ ਦੇਹ ਪਲੇਟਫ਼ਾਰਮ ਦੇ ਗੰਦੇ ਫ਼ਰਸ਼ 'ਤੇ ਪਸਰੀ ਹੋਈ ਹੈ—ਰਾਜਸੀ ਠਾਠ ਨਾਲ। ਰੰਗ ਕਿਹੋ-ਜਿਹਾ ਹੈ ਇਸਦਾ ? ਗੋਰਾ ਜਾਂ ਕਾਲਾ ? ਕਦੇ ਨਾ ਕਦੇ ਇਸ ਦਾ ਕੋਈ ਇਕ ਰੰਗ ਹੁੰਦਾ ਹੋਏਗਾ। ਫ਼ਿਲਹਾਲ ਇਹ ਖਿੱਲਰੇ ਕੂੜੇ-ਕਰਕਟ ਦੇ ਮਿਟਮੈਲੇ ਰੰਗ ਨਾਲ ਰਲ ਗਿਆ ਹੈ। ਇਸ ਜੀਵ ਦੇ ਵਾਲ ਮਿਟਮੈਲੇ ਨੇ ਜਾਂ ਭੂਸਲੇ ? ਚਿਹਰਾ ਕੈਸਾ ਹੈ ? ਕੁਛ ਪਤਾ ਨਹੀਂ ਲੱਗ ਰਿਹਾ। ਕਿਸੇ ਵੀ ਜੀਵ ਦੇ ਸਿਰ ਦੀ ਹੱਡੀ ਜਾਂ ਚਿਹਰੇ 'ਤੇ ਮਾਸ ਨਾ ਹੋਏ ਤਾਂ ਹਰ ਪਾਸਿਓਂ ਉਸਦੀ ਦਿਖ ਅਜਿਹੀ ਹੀ ਦਿੱਸੇਗੀ। ਇਸ ਦੀਆਂ ਹੱਡੀਆਂ 'ਤੇ ਮਾਸਹੀਣ ਚਮੜੀ ਦਾ ਇਕ ਖੋਲ-ਜਿਹਾ ਚੜ੍ਹਿਆ ਹੋਇਆ ਹੈ। ਸੋ ਕੋਈ ਖ਼ਾਸ ਸ਼ਕਲ ਨਹੀਂ ਬਣਦੀ।

ਬੁੱਢਾ ਹੈ ਜਾਂ ਜਵਾਨ ?

ਝੁਲਸਦੀ ਉਮਰ ਨੇ ਜਾਂ ਭੁੱਖ ਨੇ ਹੱਡੀਆਂ ਦਾ ਅਜਿਹਾ ਢਾਂਚਾ ਬਣਾ ਦਿੱਤਾ। ਕੁਝ ਪਤਾ ਨਹੀਂ ਲੱਗਦਾ, ਸ਼ਾਇਦ ਜਵਾਨ ਹੋਏ—ਬੁੱਢਾ ਹੋਏ ਤਾਂ ਵੀ ਹੈਰਾਨੀ ਨਹੀਂ।

ਉਸਦੇ ਭੂਤੀਆ ਸਿਰ ਵਿਚੋਂ ਹੋਰ ਵੀ ਅਨੇਕਾਂ ਜੀਵ ਪ੍ਰਗਟ ਹੋ ਕੇ ਸਿਰ ਦੇ ਚਾਰੇ-ਪਾਸੇ ਲੀਲਾ ਕਰ ਰਹੇ ਨੇ।

ਉਸੇ ਨੇ ਪੁੱਛਿਆ, "ਇਹ ਕੀ ਏ ?" ਬੱਚੇ ਨੇ ਕਿਹਾ, "ਜੂੰ।" ਇਕ ਜੀਵਨ ਦਾ ਅਨੇਕਾਂ ਜੀਵ ਆਸਰਾ ਲੈ ਸਕਦੇ ਨੇ ਪ੍ਰਮਾਤਮਾ ਦੇ ਆਤਮਾ ਵਿਚ ਆਸਰਾ ਲੈਣ ਵਾਂਗ, ਅਣੂ ਵਿਚ ਪ੍ਰਮਾਣੂ ਵਾਂਗ।

ਇਹ ਜੀਵ ਆਪਣੇ ਹੱਡਲ ਹੱਥਾਂ ਦੇ ਲੰਮੇ-ਲੰਮੇ ਨੌਂਹਾਂ ਨਾਲ ਉਹਨਾਂ ਨਿੱਕੇ-ਨਿੱਕੇ ਜੀਵਾਂ ਦਾ ਸੰਹਾਰ ਕਰ ਰਿਹਾ ਹੈ—ਪਿਆ-ਪਿਆ ਜੂੰਆਂ ਮਾਰ ਰਿਹਾ ਹੈ...ਟੱਕ...ਟੱਕ। ਹਰਨਾਕਸ਼ ਦਾ ਸੰਹਾਰ ਕਰ ਰਿਹਾ, ਨਰਸਿੰਘ।

ਸਿਰਜਣ, ਪਾਲਣ ਤੇ ਸੰਹਾਰ ਕਰਤਾ ਸ਼ਾਇਦ ਇਕੋ ਹੀ ਹੈ।

ਜੀਵ ਦਾ ਇਕ ਹੱਥ ਮੁਕਤੀ ਦੀ ਮਸ਼ਾਲ ਜਲਾਉਣ ਵਾਂਗ ਫ਼ਰਸ਼ 'ਤੇ ਦੂਰ ਜਾ ਪਿਆ



ਹੈ। ਨੌਂਹਾਂ ਵਿਚ ਗੰਦਗੀ ਭਰੀ ਹੋਈ ਹੈ। ਖੁੱਲ੍ਹੀ ਹਥੇਲੀ, "ਸਭ ਕੁਛ ਲੈ ਲਓ, ਸਭ ਕੁਛ ਦੇ ਦਿਓ" ਦੀ ਹਾਲਤ ਵਿਚ ਅਹਿੱਲ ਪਈ ਹੈ। ਜਿਹੜਾ ਦਿੰਦਾ ਹੈ, ਉਹ ਲੈਂਦਾ ਹੈ ? ਕੌਣ ਹੈ ਇਹ ?

ਵਿਦੇਸ਼ੀ ਮਹਿਮਾਨ ਜਿੰਨਾ ਦੇਖਦੇ ਨੇ ਓਨਾ ਹੀ ਅਚੰਭਾ ਵਧਦਾ ਜਾਂਦਾ ਹੈ। ਉਹ ਈਸ਼ਵਰ ਦੀ ਪਰਿਭਾਸ਼ਾ ਨਾਲ ਮਿਲਾ ਕੇ ਦੇਖ ਰਹੇ ਨੇ ਉਸ ਜੀਵ ਨੂੰ।

ਪ੍ਰਮੇਸ਼ਵਰ ਸਰਬ-ਵਿਆਪੀ ਹੈ। ਅਜਿਹੇ ਜੀਵ ਭਾਰਤ ਵਿਚ ਹਰ ਜਗ੍ਹਾ ਦੇਖੇ ਨੇ ਇਹਨਾਂ ਵਿਦੇਸ਼ੀਆਂ ਨੇ।

ਉਹ ਨਿਰਮਲ ਹੈ। ਇਸ਼ਨਾਨ ਦੀ ਲੋੜ ਹੀ ਕੀ ?

ਸ਼ਾਇਦ ਉਹ ਜੀਵ ਇਸ਼ਨਾਨ ਨਹੀਂ ਕਰਦਾ।

ਵਿਸ਼ਵੇਂਦਰ ਨੂੰ ਬਸਤਰਾਂ ਦੀ ਲੋੜ ਨਹੀਂ...ਰਾਮ ਲਈ ਗਹਿਣਿਆਂ ਦੀ ਕੀ ਲੋੜ ਹੈ ? ਅਜਿਹਾ ਜੀਵ ਗਹਿਣੇ-ਕੱਪੜੇ ਨਹੀਂ ਪਾਉਂਦਾ।

ਨਿਰਲੇਪ ਨੂੰ ਗੰਧ ਦੀ ਕੀ ਲੋੜ ?

ਨਿਰਲੇਪ ਲਈ ਸੁੱਚਮ ਕੀ ?

ਜੀਵ ਨੂੰ ਗੰਧ ਜਾਂ ਮਹਿਕ ਕੁਝ ਪ੍ਰਭਾਵਤ ਨਹੀਂ ਕਰਦਾ। ਇਹ ਕਦੀ ਸੋਧ-ਸੁੱਚਮ ਕਰਦਾ ਨਹੀਂ ਦਿੱਸਦਾ।

ਵਖਰੇਵਾਂ, ਪ੍ਰੇਮ, ਕਰੋਧ...ਗੁਮਾਨ ਵਰਗਾ ਕੁਛ ਵੀ ਨਹੀਂ। ਅਜਿਹਾ ਜੀਵ ਮਾਨ-ਅਪਮਾਨ ਪੱਖੋਂ ਨਿਰਲੇਪ ਹੁੰਦਾ ਹੈ। ਉਹ ਇਹਨਾਂ ਸਾਰੀਆਂ ਗੱਲਾਂ ਤੋਂ ਉੱਚਾ ਉੱਠ ਚੁੱਕਿਆ ਹੁੰਦਾ ਹੈ। ਇਸ ਵਿਚ ਵੈਰ, ਵਿਰੋਧ, ਈਰਖਾ, ਅਸਮਾਨਤਾ ਵਰਗਾ ਕੁਛ ਨਹੀਂ ਹੁੰਦਾ।

ਈਸ਼ਵਰ ਨਾ ਜਵਾਨ ਹੈ ਨਾ ਬੁੱਢਾ।

ਈਸ਼ਵਰ ਬੇ-ਨਾਮ ਹੈ...ਉਹ ਸਰਬਨਾਮੀ ਵੀ ਹੈ।

ਅਜਿਹੇ ਜੀਵ ਦਾ ਕੋਈ ਨਾਂ ਨਹੀਂ। ਕੋੜ੍ਹੀ, ਲੰਗੜਾ, ਲੂਲ੍ਹਾ, ਮੰਗਤਾ ਜਿਸ ਨਾਂ ਨਾਲ ਬੁਲਾਓ, ਇਹ ਸੁਣਦਾ ਹੈ।

ਦੋਵੇਂ ਵਿਦੇਸ਼ੀ ਉਸ ਜੀਵ ਕੋਲ ਆ ਗਏ। ਉਹਨਾਂ ਉਤਸੁਕਤਾ ਨਾਲ ਪੁੱਛਿਆ, "ਤੁਹਾਡੇ ਮਾਤਾ-ਪਿਤਾ ਕੌਣ ਨੇ ? ਜਨਮ ਕਦੋਂ ਹੋਇਆ ? ਬਾਲ-ਬੱਚੇ... ?"

ਹਰ ਸਵਾਲ ਦੇ ਜਵਾਬ ਵਿਚ ਮੁਕਤ ਮਸ਼ਾਲਧਾਰੀ ਹੱਥ 'ਨਾਂਹ' ਵਿਚ ਹਿੱਲ ਰਿਹਾ ਸੀ। ਕੋਈ ਨਹੀਂ ਜਾਣਦਾ ਉਹ ਕਦੋਂ, ਕਿੱਥੇ, ਕਿੱਦਾਂ ਪੈਦਾ ਹੋਇਆ—ਬਾਲ-ਬੱਚੇ, ਮਾਤਾ-ਪਿਤਾ, ਰਿਸਤੇਦਾਰਾਂ ਬਾਰੇ ਭਲਾਂ ਕਿਸ ਨੂੰ ਪਤਾ ਹੋਏਗਾ ?

ਦੋਵਾਂ ਨੇ ਪੁੱਛਿਆ, "ਜਾਤ ਕੀ ਏ ? ਧਰਮ ? ਤੁਹਾਡਾ ਈਸ਼ਵਰ ?"

'ਕੁਛ ਨਈਂ...ਕੋਈ ਜਾਤ ਨਈਂ...ਕੋਈ ਧਰਮ ਨਈਂ...ਨਾ ਮੇਰਾ ਕੋਈ ਈਸ਼ਵਰ ਐ।' ਉਸ ਜੀਵ ਦਾ ਹੱਥ ਕੁਝ ਏਸੇ ਢੰਗ ਨਾਲ ਹਿੱਲ ਰਿਹਾ ਸੀ।

ਈਸ਼ਵਰ ਦੀ ਜਾਤ ਨਹੀਂ, ਧਰਮ ਨਹੀਂ...ਪ੍ਰਮੇਸ਼ਵਰ ਦਾ ਈਸ਼ਵਰ ਕੌਣ ਹੋਏਗਾ ?

ਤਾਂ...ਤਾਂ ਇਹ ਜੀਵ ਕੌਣ ਹੋਇਆ ?

ਘਰ ਬਾਰ ਕਿੱਥੇ ਹੈ ? ਰਹਿੰਦਾ ਕਿੱਥੇ ਹੋਏਗਾ ? ਮੰਦਰ, ਮਸਜ਼ਿਦ, ਗਿਰਜੇ, ਗੁਰਦੁਆਰੇ ?

"ਮੇਰਾ ਕੁਛ ਨਈਂ—ਕੋਈ ਠਿਕਾਣਾ ਨਹੀਂ, ਕੋਈ ਨਿਵਾਸ ਨਈਂ।"

ਈਸ਼ਵਰ ਨਿਰਾਧਾਰ ਹੈ—ਉਸਦਾ ਕੋਈ ਪੱਕਾ ਠਿਕਾਣਾ ਕੈਸਾ ?

ਦੋਵਾਂ ਦਾ ਹੱਥ ਫੜ ਕੇ ਬੱਚਿਆਂ ਨੇ ਉਹਨਾਂ ਨੂੰ ਖਿੱਚ ਲਿਆਂਦਾ। ਉਹਨਾਂ ਦੀਆਂ ਮਾਵਾਂ

ਟਿਫਨ ਕੈਰੀਅਰ ਖੋਲ੍ਹ ਕੇ ਖਾਣਾ ਜਚਾ ਰਹੀਆਂ ਸਨ। ਵਿਦੇਸ਼ੀਆਂ ਨੂੰ ਧੱਕੇ ਨਾਲ ਖੁਆਉਣਾ ਚਾਹ ਰਹੀਆਂ ਸਨ ਉਹ।

ਅੱਖਾਂ ਵਿਚ ਇਕ ਆਸ ਸੀ—ਇਕ ਮਿੰਨਤ ਸੀ, ਅਰਜੋਈ ਸੀ।

ਵਿਦੇਸ਼ੀ ਹੱਥ ਜੋੜ ਕੇ ਖਿਮਾਂ ਮੰਗ ਰਹੇ ਸਨ। ਡਰ ਤੇ ਸ਼ੰਕਾਵਾਂ ਨਾਲ...।

ਭਾਰਤੀ ਭੋਜਨ, ਦਵਾਈ, ਦੁੱਧ, ਪਾਣੀ ਸਭ ਵਿਚ ਘਾਲਾਮਾਲਾ। ਦੂਸ਼ਿਤ, ਅਣਗਿਣਤ ਰੋਗਾਂ ਦੇ ਕਿਟਾਣੂਆਂ ਨਾਲ ਭਰਪੂਰ। ਇਹ ਭੋਜਨ ਖਾਣ ਦਾ ਮਤਲਬ, ਬਿਮਾਰੀ ਨੂੰ ਸੱਦਾ ਦੇਣਾ ਹੈ। ਉਹ ਵੱਡੇ-ਵੱਡੇ ਹੋਟਲਾਂ ਵਿਚ ਚੈਕ ਕੀਤਾ ਭੋਜਨ ਕਰਦੇ ਨੇ। ਕਿਟਾਣੂ ਮੁਕਤ ਪਾਣੀ ਕੋਲ ਰੱਖਦੇ ਨੇ। ਦਵਾਈਆਂ ਦਾ ਆਪਣਾ ਬਕਸਾ ਖ਼ੁਦ ਲਿਆਉਂਦੇ ਨੇ।

ਪਰਿਵਾਰ ਦੇ ਸਾਰੇ ਲੋਕ ਨੱਕ ’ਤੇ ਰੁਮਾਲ ਰੱਖੀ ਉਸ ਦੁਰਗੰਧ ਭਰੀ ਹਵਾ ਵਿਚ ਖਾਣਾ ਖਾ ਰਹੇ ਨੇ। ਪ੍ਰਾਣਾਂ ਨੂੰ ਆਧਾਰ ਦੇਣ ਲਈ, ਜ਼ਰੂਰੀ ਹੈ ਅੰਨ।

ਇਕ ਪਲੇਟ ਹੈ ਜਿਸ ਵਿਚ ਜੂਠ ਪਾ ਰਹੇ ਨੇ ਉਹ। ਛੋਟੇ ਬੱਚੇ ਨੇ ਤਾਂ ਉਸ ਵਿਚ ਉਲਟੀ ਕਰ ਦਿੱਤੀ ਹੈ। ਬਦਬੂਦਾਰ ਵਾਤਾਵਰਨ ਵਿਚ ਉਹ ਖਾਧਾ-ਪੀਤਾ ਪੇਟ ਵਿਚ ਰੱਖ ਨਹੀਂ ਸਕਿਆ। ਜੂਠ ਵਾਲੀ ਪਲੇਟ ਲੈ ਜਾ ਕੇ ਔਰਤ ਨੇ ਉਸ ਜੀਵ ਦੇ ਹੱਥ ਕੋਲ ਡੋਲ੍ਹ ਦਿੱਤੀ।

ਵਿਦੇਸ਼ੀ ਦੇਖਦੇ ਰਹੇ ਘਿਰਨਾ ਨਾਲ। ਕੱਚੇ ਹੁੰਦੇ ਜੀਅ ਨਾਲ। ਉਹਨਾਂ ਅੰਦਰ ਵਿਰੋਧ ਦੇ ਸੁਰ ਜਨਮ ਲੈਣ ਲੱਗੇ। ਉਸ ਜੀਵ ਦੀਆਂ ਅੱਖਾਂ ਵਿਚਲਾ ਲੋਭ ਦਾ ਭਾਵ ਚਿਹਰੇ ’ਤੇ ਉੱਭਰ ਰਿਹਾ ਹੈ ਤੇਜ਼ੀ ਨਾਲ। ਉਸ ਢੇਰ ਨੂੰ ਗੰਦਗੀ ਵਿਚੋਂ ਸਮੇਟ ਕੇ, ਉਹ ਆਪਣੇ ਖੁੱਲ੍ਹੇ ਮੂੰਹ ਵਿਚ ਪਾਉਣ ਲੱਗ ਪਿਆ। ਕਾਹਲ ਨਾਲ ਗਰਾਹੀਆਂ ਬਣਾ-ਬਣਾ ਕੇ ਵੱਡੇ ਵੱਡੇ ਗੋਲੇ ਆਪਣੇ ਮੂੰਹ ਵਿਚ ਤੁੰਨ ਰਿਹਾ ਸੀ ਉਹ।

ਈਸ਼ਵਰ ਨਿਰਾਹਾਰ ਹੈ...ਤੇ ਸਰਬ-ਭਕਸ਼ੀ ਵੀ।

ਵਿਦੇਸ਼ੀ ਬੇਚੈਨ ਹੋ ਕੇ ਪੁੱਛ ਬੈਠੇ, “ਅਹਿ ਕੀ ਕੀਤਾ ? ਜੂਠਾ ਦੇ ਦਿੱਤਾ ?”

ਹੱਸ ਕੇ ਉਸ ਸੱਜਣ ਨੇ ਕਿਹਾ, “ਕੁਛ ਨਈਂ ਹੋਏਗਾ ਇਸ ਨੂੰ। ਇਹਨਾਂ ਨੂੰ ਕੋਈ ਫ਼ਰਕ ਨਈਂ ਪੈਂਦਾ। ਜੂਠਾ-ਸੁੱਚਾ, ਤਾਜ਼ਾ-ਬਾਸੀ ਕੁਛ ਨਈਂ ਹੁੰਦਾ ਇਹਨਾਂ ਲਈ। ਇੰਜ ਹੁੰਦਾ ਤਾਂ ਕੀ ਜਿਊਂਦੇ ਰਹਿ ਸਕਦੇ ਸੀ ਇੱਥੇ ? ਵੰਸ਼ ਵਿਸਤਾਰ ਕਰ ਸਕਦੇ ਸੀ ? ਚਾਰੇ ਪਾਸੇ ਫ਼ੈਲੇ ਹੁੰਦੇ ?”

ਯਾਨੀ ਈਸ਼ਵਰ ਅਵਿਨਾਸ਼ੀ ਹੈ। ਧੁੱਪ, ਮੀਂਹ, ਅੱਗ, ਕਿਟਾਣੂ ਉਸਦਾ ਕੁਝ ਨਹੀਂ ਵਿਗਾੜ ਸਕਦੇ। ਉਹ ਬੇਹਾ-ਜੂਠਾ, ਮੈਲਾ-ਕੁਚੈਲਾ ਨਿਰਲੇਪ ਭਾਵ ਨਾਲ ਪਚਾ ਲੈਂਦੇ ਨੇ—ਇਸ ਨਾਲ ਇਹਨਾਂ ਦੇ ਮਰਨ ਦਾ ਸਵਾਲ ਹੀ ਨਹੀਂ ਸਗੋਂ ਚਾਰੇ-ਪਾਸੇ ਫ਼ੈਲ ਜਾਂਦੇ ਨੇ।

ਵਿਦੇਸ਼ੀ ਇਕ ਅਜੀਬ ਖ਼ੁਸ਼ੀ ਨਾਲ ਨੱਚਣ ਲੱਗੇ। ਭੀੜ ਵਿਚੋਂ ਕਈ ਕਾਹਲ ਨਾਲ ਉਹਨਾਂ ਦੇ ਕਈ ਫ਼ੋਟੋਆਂ ਖਿੱਚਣ ਲੱਗ ਪਏ। ਵਿਦੇਸ਼ੀਆਂ ਨੇ ਵੀ ਆਪਣੇ ਕੈਮਰੇ ਕੱਢੇ। ਉਹ ਲੋਕ ਵੀ ਵਿਦੇਸ਼ੀ ਕੈਮਰਿਆਂ ਵਿਚ ਆਪਣੀਆਂ ਫ਼ੋਟੋਆਂ ਦੇਖਣ ਲਈ ਤਿਆਰ ਹੋ ਗਏ। ਕਿਹਾ, “ਸਾਨੂੰ ਵੀ ਫ਼ੋਟੋ ਭੇਜਣਾ। ਸਾਡਾ ਪਤਾ ਇਹ ਹੈ।”

ਵਿਦੇਸ਼ੀਆਂ ਨੇ ਭਾਵੁਕ ਹੋ ਕੇ ਕਿਹਾ, “ਕਦੀ-ਕਦੀ ਈਸ਼ਵਰ ਇਸ ਧਰਤੀ ’ਤੇ ਉਤਰਦੇ ਨੇ...ਬੜਾ ਰਹੱਸਮਈ ਏ ਉਹਨਾਂ ਦਾ ਆਉਣਾ-ਜਾਣਾ। ਸਾਡੀ ਸੱਤਾ ਦੀ ਅਨੰਤ ਗਹਿਰਾਈ ਨੂੰ ਉਸ ਪ੍ਰਮੇਸ਼ਵਰ ਦਾ ਸਪਰਸ਼ ਮਹਿਸੂਸ ਹੁੰਦਾ ਹੈ...ਇਕ ਦਿੱਭ ਛਿਣ ’ਚ। ਇਸ ਦਿੱਭ ਛਿਣ ਨੂੰ ਜਿਹੜਾ ਆਦਮੀ, ਜਿਹੜੀ ਜਾਤੀ, ਜਿਹੜਾ ਦੇਸ਼ ਅਗਿਆਨ ਸਦਕਾ ਜਾਂ ਹੰਕਾਰ ਵੱਸ ਪੈਰਾਂ ਹੇਠ ਮਧੋਲ ਦਿੰਦਾ ਹੈ, ਉਹ ਅਭਾਗਾ ਹੈ, ਉਸਦਾ ਨਾਸ਼ ਹੋਣਾ ਲਾਜ਼ਮੀ ਹੈ।”

**ਦੇਖੋ ਪੰਨਾ ਨੰ. 29 ’ਤੇ**



**ਬੰਗਲਾ ਕਹਾਣੀ**

# ਬਾਲਕੋਨੀ

**—ਸ਼ੀਰਸ਼ੇਂਦੂ ਮੁਖੋਪਾਧਿਆਏ**

ਬਾਲਕੋਨੀ ਵਿਚ ਖੜ੍ਹੇ ਹੁੰਦਿਆਂ ਹੀ ਉਹ ਆਦਮੀ ਦਿੱਸ ਜਾਂਦਾ ਹੈ। ਸੜਕ ਦੇ ਦੂਜੇ ਪਾਸੇ ਫੁੱਟਪਾਥ ’ਤੇ ਮੌਲਸ਼੍ਰੀ ਦੇ ਉਸ ਰੁੱਖ ਨੂੰ ਇਸ ਸਾਲ ਬਹੁਤ ਸਾਰੇ ਫੁੱਲ ਲੱਗੇ ਨੇ। ਫੁੱਲਾਂ ਨਾਲ ਲੱਦਿਆ ਹੋਇਆ ਹੈ ਰੁੱਖ। ਉੱਥੇ ਹੀ, ਧੂੜ ਵਿਚ ਰੁਲਦੇ ਫੁੱਲਾਂ ਵਿਚਕਾਰ, ਉਹ ਆਦਮੀ ਰੁੱਖ ਦੇ ਤਣੇ ਨਾਲ ਢੋਅ ਲਾਈ ਬੈਠਾ ਹੈ। ਤਨ ’ਤੇ ਗੂੜ੍ਹੇ ਨੀਲੇ ਰੰਗ ਦੀ ਪਾਟੀ ਕਮੀਜ਼, ਹੇਠ ਖਾਕੀ ਫੁੱਟਪੈਂਟ ਪਾਈ ਹੋਈ ਹੈ। ਥਾਂ ਕੁ ਥਾਂ ਤੋਂ ਪਾਟੀ ਹੋਈ ਪੈਂਟ, ਪਰਦਾਦਾਰੀ ਨਾ ਰੱਖ ਸਕਣ ਕਰਕੇ ਸੱਭਿਅਤਾ ਤੋਂ ਸ਼ਰਮਾਅ ਰਹੀ ਹੈ। ਸਿਰ ’ਤੇ ਸਾਫ਼ੇ ਵਾਂਗ ਇਕ ਮੈਲਾ ਤੇ ਖ਼ੁੱਥੜ-ਜਿਹਾ ਚੀਥੜਾ ਬੰਨ੍ਹਿਆਂ ਹੋਇਆ ਹੈ। ਲਾਲ-ਭੂਰੇ ਲੰਮੇ ਵਾਲਾਂ ਦੀਆਂ ਜਟਾਂ ਬੱਝਣੀਆਂ ਸ਼ੁਰੂ ਹੋ ਗਈਆਂ ਨੇ। ਮੂੰਹ ਲੰਮੀ ਦਾੜ੍ਹੀ ਨਾਲ ਭਰਿਆ ਹੋਇਆ ਹੈ, ਜਿਸ ਦੇ ਕੁਝ ਵਾਲ ਚਿੱਟੇ ਹੋ ਚੱਲੇ ਨੇ। ਸਰੀਰ ’ਤੇ ਮੈਲ ਦੀ ਤੈਹ-ਜਿਹੀ ਜੰਮ ਗਈ ਹੈ। ਕੂਹਣੀ ’ਤੇ ਇਕ ਜ਼ਖ਼ਮ ਹੈ, ਜਿਸ ’ਤੇ ਨੀਲੀਆਂ ਮੱਖੀਆਂ ਉੱਡ-ਉੱਡ ਬੈਠ ਰਹੀਆਂ ਨੇ। ਦੋਵਾਂ ਅੱਖਾਂ ਨਾਲ ਡੌਰਿਆਂ ਵਾਂਗ ਤੱਕਦਾ ਰਹਿੰਦਾ ਹੈ। ਜ਼ਖ਼ਮ ਤੋਂ ਉੱਡ ਕੇ ਮੱਖੀਆਂ ਅੱਖਾਂ ਦੇ ਕੋਇਆਂ ’ਤੇ ਬੈਠ ਜਾਂਦੀਆਂ ਨੇ। ਉਹ ਆਦਮੀ ਆਪਣੇ ਦੋਵੇਂ ਹੱਥ ਚੁੱਕ ਕੇ ਕੂਕਦਾ ਹੋਇਆ ਕਹਿੰਦਾ ਹੈ, “ਹਟ ਜਾਓ, ਪਿੱਛੇ ਹਟੋ, ਮੇਲ ਟਰੇਨ ਆ ਰਹੀ ਏ।”

ਪਾਗਲ!

ਸਵੇਰੇ ਖਾਣਾ ਖਾਣ ਪਿੱਛੋਂ ਇਕ ਪਾਨ ਖਾਂਦਾ ਹੈ ਤੁਸ਼ਾਰ। ਖ਼ੁਸ਼ਬੂਦਾਰ ਜਰਦੇ ਵਾਲਾ। ਉਸ ਪਿੱਛੋਂ ਪਾਨ ਦੀ ਪੀਕ ਥੁੱਕਣ ਲਈ ਬਾਲਕੋਨੀ ਵਿਚ ਆਉਂਦਾ ਹੈ। ਫੁੱਟਪਾਥ ਦੇ ਕੋਨੇ ’ਤੇ ਮਿਊਂਸਪਲਟੀ ਵਾਲਿਆਂ ਇਕ ਡਰੰਮ ਰੱਖਿਆ ਹੋਇਆ ਹੈ। ਨਿੱਤ ਦੇ ਅਭਿਆਸ ਸਦਕਾ ਨਿਸ਼ਾਨਾ ਸ਼ੁੱਧ ਹੋਇਆ-ਹੋਇਆ ਹੈ। ਥੋੜ੍ਹਾ ਝੁਕਦਿਆਂ ਹੋਇਆਂ ਦੂਜੀ ਮੰਜ਼ਿਲ ਦੀ ਬਾਲਕੋਨੀ ’ਚੋਂ ਸਾਵਧਾਨੀ ਨਾਲ ਪੀਕ ਥੁੱਕਦਾ ਹੈ। ਕਦੀ ਨਿਸ਼ਾਨਾ ਗ਼ਲਤ ਨਹੀਂ ਹੋਇਆ। ਪੀਕ ਸਿੱਧੀ ਡਰੰਮ ਵਿਚ ਜਾ ਡਿੱਗਦੀ ਹੈ, ਇੱਧਰ-ਉੱਧਰ ਨਹੀਂ ਹੁੰਦੀ। ਕਾਫੀ ਦਿਨਾਂ ਦੀ ਆਦਤ ਜੋ ਹੈ।

ਪੀਕ ਸੁੱਟਣ ਪਿੱਛੋਂ ਥੋੜ੍ਹੀ ਦੇਰ ਤੁਸ਼ਾਰ ਮੌਲਸ਼੍ਰੀ ਹੇਠ ਬੈਠੇ ਉਸ ਆਦਮੀ ਨੂੰ ਦੇਖਦਾ ਹੈ।

ਪਾਗਲ!

ਅਰੁਣ!

ਅਰੁਣ ਨੂੰ ਅੱਜ ਵੀ ਪਛਾਣਿਆ ਜਾ ਸਕਦਾ ਹੈ।

ਪਛਾਣਿਆ ਜਾ ਸਕਦਾ ਹੈ ?

ਪਰ ਲੱਖ ਕੋਸ਼ਿਸ਼ ਦੇ ਬਾਵਜੂਦ ਵੀ ਉਸਨੂੰ ਅਰੁਣ ਦਾ ਪੁਰਾਣਾ ਚਿਹਰਾ ਯਾਦ ਨਹੀਂ ਆਉਂਦਾ—ਗੋਰਾ-ਰੰਗ, ਮੋਟੀਆਂ-ਮੋਟੀਆਂ ਅੱਖਾਂ, ਚਪਟਾ ਨੱਕ ਇਸ ਤਰ੍ਹਾਂ ਦੇ ਕਈ ਵਿਸ਼ੇਸ਼ਣ ਯਾਦ ਨੇ, ਤੇ ਇਹਨਾਂ ਸਾਰਿਆਂ ਨੂੰ ਜੋੜ ਕੇ ਚਿਹਰੇ ਦਾ ਜੋ ਟੋਟਲ ਹੈ, ਉਸਦੇ ਕੁੱਲ ਜੋੜ ਵਾਲੇ ਬੰਦੇ ਦਾ ਨਾਂ ਅਰੁਣ ਹੈ। ਇਹਨਾਂ ਸਭਨਾਂ ਨੂੰ ਜੋੜਨ ਪਿੱਛੋਂ ਵੀ ਉਸ ਅਰੁਣ ਨੂੰ ਯਾਦ ਕਰਨਾ ਔਖਾ ਹੁੰਦਾ ਹੈ। ਤੁਸ਼ਾਰ ਨੂੰ ਲੱਗਦਾ ਹੈ ਕਿ ਅਰੁਣ ਨੂੰ ਹੁਣ ਵੀ ਪਛਾਣਿਆ ਜਾ ਸਕਦਾ ਹੈ। ਕਾਰਨ ਇਹ ਵੀ ਹੋ ਸਕਦਾ ਹੈ ਕਿ ਉਹ ਪਿਛਲੇ ਪੰਜ ਸਾਲ ਤੋਂ ਉਸੇ ਰੁੱਖ ਹੇਠ ਬੈਠਾ ਹੁੰਦਾ ਹੈ। ਉੱਥੇ ਹੀ ਬੈਠੇ-ਬੈਠੇ ਦੇ

ਉਸਦੇ ਸੋਹਣੇ ਵਾਲ ਜਟਾਂ ਵਰਗੇ ਹੋਣ ਲੱਗ ਪਏ, ਦਾੜ੍ਹੀ ਵੱਧ ਗਈ, ਸਰੀਰ ’ਤੇ ਚੰਬੜੀ ਮੈਲ ਦੀ ਪਰਤ ਮੋਟੀ ਹੁੰਦੀ ਗਈ—ਇਹ ਸਾਰੀਆਂ ਤਬਦੀਲੀਆਂ ਆ ਗਈਆਂ ਨੇ ਅਰੁਣ ਵਿਚ। ਨਿੱਤ ਦਿਨ ਹੁੰਦੀਆਂ ਉਹਨਾਂ ਤਬਦੀਲੀਆਂ ਨੂੰ ਦੇਖਣ ਦੀ ਆਦਤ ਪੈ ਗਈ ਹੈ ਤੁਸ਼ਾਰ ਨੂੰ।

ਇਸ ਲਈ ਖ਼ਾਸੀਆਂ ਤਬਦੀਲੀਆਂ ਪਿੱਛੋਂ ਵੀ ਅਰੁਣ ਨੂੰ ਪਛਾਣਿਆ ਜਾ ਸਕਦਾ ਹੈ।

ਪਾਗਲ ਨੇ ਸਿਰ ਚੁੱਕ ਕੇ ਤੁਸ਼ਾਰ ਵੱਲ ਦੇਖਿਆ। ਦੇਖਦਾ ਰਿਹਾ। ਖਿੱਲਰੇ ਫੁੱਲਾਂ ਵਿਚਕਾਰ ਬੈਠਾ ਹੈ ਪਾਗ਼ਲ। ਚਾਰੇ-ਪਾਸੇ ਸ਼ੋਸ਼ਕ ਮੱਖੀਆਂ ਉੱਡ ਰਹੀਆਂ ਨੇ। ਪਾਗਲ ਦੀਆਂ ਅੱਖਾਂ ਵਿਚ ਹੁਣ ਕੁਝ ਵੀ ਨਹੀਂ। ਸ਼ੁਰੂ-ਸ਼ੁਰੂ ਵਿਚ ਤੁਸ਼ਾਰ ਉਸਦੀਆਂ ਅੱਖਾਂ ਵਿਚ ਨਫ਼ਰਤ, ਗੁੱਸਾ, ਬਦਲਾ ਇਹਨਾਂ ਸਭਨਾਂ ਦੀ ਕਲਪਨਾ ਕਰਦਾ ਸੀ। ਉਹ ਕਾਹਲ ਨਾਲ ਬਾਲੋਕਨੀ ’ਚੋਂ ਅੰਦਰ ਚਲਾ ਜਾਂਦਾ ਸੀ ਤੇ ਦਰਵਾਜ਼ਾ ਬੰਦ ਕਰ ਲੈਂਦਾ ਸੀ। ਹੌਲੀ-ਹੌਲੀ ਤੁਸ਼ਾਰ ਸਮਝ ਗਿਆ ਕਿ ਪਾਗ਼ਲ ਦੀਆਂ ਅੱਖਾਂ ਵਿਚ ਹੁਣ ਓਹੋ-ਜਿਹਾ ਕੁਝ ਨਹੀਂ ਹੈ। ਬਸ ਕਿਸੇ ਸੁਪਨੇ ਦੇ ਖਿੱਲਰੇ ਬੱਦਲ ਉਸਦੇ ਮਨ ਅੰਦਰ ਵਿਚਰਦੇ ਰਹਿੰਦੇ ਤੇ ਉਸ ਦੀਆਂ ਅੱਖਾਂ ਉਸ ਵਹਾਅ ਨੂੰ ਦੇਖਦੀਆਂ ਹੋਈਆਂ ਇਕ ਅਸਹਿ ਖ਼ਾਲੀਪਨ ਨਾਲ ਭਰ ਜਾਂਦੀਆਂ ਸਨ। ਸੋ ਤੁਸ਼ਾਰ ਉਸ ਪਾਗਲ ਨੂੰ ਨਿਰਭੈ ਹੋ ਕੇ ਦੇਖ ਸਕਦਾ ਸੀ ਹੁਣ। ਬਿਨਾਂ ਭੈਭੀਤ ਹੋਇਆਂ। ਪਾਗਲ, ਭੂਤ ਤੇ ਦੀਵਾਨਾ—ਕਈ ਡਰਾਂ ਵਿਚੋਂ ਇਹ ਤਿੰਨ ਡਰ ,ਸਭ ਤੋਂ ਵੱਧ ਕਲਿਆਣੀ ਦੇ ਮਨ ’ਤੇ ਭਾਰੂ ਨੇ। ਉਸਨੂੰ ਵਿਸ਼ਵਾਸ ਸੀ ਕਿ ਘਰ ਦੇ ਬਾਹਰ ਪੱਸਰੀ ਹੋਈ ਜਿਹੜੀ ਅਣਜਾਣ ਦੁਨੀਆ ਹੈ, ਉੱਥੇ ਇਹ ਪਾਗਲ-ਦੀਵਾਨੇ-ਭੂਤ ਗੁੱਥਮੁੱਥ ਹੋ ਰਹੇ ਨੇ। ਉਸਦੇ ਚਾਰੇ-ਪਾਸੇ ਜਿਹੜਾ ਵਾਤਾਵਰਨ ਹੈ, ਉਸ ਵਿਚ ਭੂਤ ਰਹਿੰਦੇ ਨੇ ਤੇ ਹਨੇਰੇ ਕਮਰੇ ਦੀ ਇਕੱਲ ਵਿਚ ਦਿਖਾਈ ਦਿੰਦੇ ਨੇ।

ਕਿਸੇ ਪਾਗਲ ਦੀਆਂ ਅੱਖਾਂ ਵਿਚ ਕਲਿਆਣੀ ਨੇ ਕਦੇ ਨਹੀਂ ਦੇਖਿਆ। ਹੁਣ ਦੇਖਦੀ ਹੈ। ਕੀ ਉਸਨੂੰ ਡਰ ਨਹੀਂ ਲੱਗਦਾ ? ਲੱਗਾ ਹੈ। ਫੇਰ ਵੀ ਅਭਿਆਸ ਨਾਲ ਆਦਮੀ ਸਭ ਕੁਝ ਕਰ ਸਕਦਾ ਹੈ। ਪਾਨ ਖਾਣ ਪਿੱਛੋਂ ਤੁਸ਼ਾਰ ਆਦਤਨ ਬਾਥਰੂਮ ਵਿਚ ਜਾ ਕੇ ਕੁਰਲੇ ਕਰ ਆਉਂਦਾ ਹੈ। ਲਗਾਤਾਰ ਦੋ ਗ਼ਲਾਸ ਪਾਣੀ ਪੀਂਦਾ ਹੈ। ਪਾਨ ਵਿਚ ਕੱਥਾ ਨਹੀਂ ਲਗਵਾਉਂਦਾ, ਇਸ ਕਰਕੇ ਬੁੱਲ੍ਹ ਲਾਲ ਨਹੀਂ ਹੁੰਦੇ। ਫੇਰ ਵੀ ਸ਼ੀਸ਼ੇ ਸਾਹਮਣੇ ਖਲੋ ਕੇ, ਗਿੱਲੇ ਤੌਲੀਏ ਨਾਲ ਸਾਵਧਾਨੀ ਵਜੋਂ ਆਪਣੇ ਬੁੱਲ੍ਹ ਪੂੰਝ ਲੈਂਦਾ ਹੈ। ਪੈਂਟ-ਸ਼ਰਟ ਪਾ ਲੈਂਦਾ ਹੈ। ਉਹ ਪਿੱਛੋਂ ਦਫ਼ਤਰ ਲਈ ਨਿਕਲ ਪੈਂਦਾ ਹੈ। ਜਾਣ ਵੇਲੇ ਆਦਤ ਅਨੁਸਾਰ ਕਹਿੰਦਾ ਹੈ—“ਮੇਨ ਗੇਟ ਦਾ ਦਰਵਾਜ਼ਾ ਬੰਦ ਕਰ ਲਵੀਂ।”

ਕਲਿਆਣੀ ਮੇਨ ਗੇਟ ਬੰਦ ਕਰ ਲੈਂਦੀ ਹੈ।

ਬੈੱਡਰੂਮ ਦੇ ਫ਼ਰਸ਼ ’ਤੇ ਪਾਣੀ ਦਾ ਗ਼ਲਾਸ ਤੇ ਰੰਗ ਦੇ ਡੱਬੇ ਰੱਖੀ ਬੈਠੀ ਕਾਗਜ਼ ’ਤੇ ਤਸਵੀਰ ਬਣਾ ਰਹੀ ਹੈ, ਉਹਨਾਂ ਦੀ ਪੰਜ ਸਾਲ ਦੀ ਧੀ ਸੋਮਾ। ਸੋਮਾ, ਅਜੇ ਵੀ ਸਿਰਫ਼ ਰੁੱਖਾਂ-ਬੂਟਿਆਂ ਦੀਆਂ ਤਸਵੀਰਾਂ ਹੀ ਬਣਾ ਸਕਦੀ ਹੈ ਜਾਂ ਜੂੜੇ ਵਾਲੀ ਔਰਤਾਂ ਦੇ ਚਿਹਰੇ। ਉਮਰ ਦੇ ਹਿਸਾਬ ਨਾਲ ਚਿੱਤਰਕਾਰੀ ਉਸਦੀ ਚੰਗੀ ਹੀ ਹੈ। ਉਸਦੇ ਬਣਾਏ ਰੁੱਖ-ਬੂਟੇ, ਚਿਹਰੇ ਸਭ ਇਕੋ-ਜਿਹੇ ਦਿਖਾਈ ਦਿੰਦੇ ਨੇ, ਪਰ ਬਣਾਉਂਦੀ ਉਹ ਬੜੀ ਤਨਦੇਹੀ ਨਾਲ ਹੈ।

ਸੋਮਾ ਅੱਜ ਵੀ ਲੰਮੀ ਨਿੰਮ ਦੀਆਂ ਪੱਤੀਆਂ ਵਾਲੇ ਇਕ ਰੁੱਖ ਦੀ ਤਸਵੀਰ ਬਣਾ ਰਹੀ ਹੈ। ਥੋੜ੍ਹੀ ਦੇਰ ਖਲੋ ਕੇ ਕਲਿਆਣੀ ਨੇ ਉਹ ਤਸਵੀਰ ਦੇਖੀ।

ਫੇਰ ਕਿਹਾ, “ਨਹਾਉਣ ਨਈਂ ਜਾਣਾ ਅੱਜ ?”

“ਜਾਣਾ ਐਂ ਮਾਂ, ਬਸ ਥੋੜ੍ਹਾ ਠਹਿਰ ਕੇ।”

ਧੀ ਦਾ ਇਹੀ ਜਵਾਬ ਹੈ।



“ਬੜੀ ਬੇਪ੍ਰਵਾਹ ਹੋ ਗਈ ਏਂ ਤੂੰ। ਇਹ ਸਭ ਬੇਕਾਰ ਤਸਵੀਰਾਂ ਬਣਾ ਕੇ ਕੀ ਮਿਲਦਾ ਏ ਤੈਨੂੰ ?”

“ਬਸ ਥੋੜ੍ਹੀ ਦੇਰ ਹੋਰ ਮਾਂ, ਬਸ ਪੂਰੀ ਹੋਣ ਵਾਲੀ ਏ।” ਰੁੱਝੀ ਹੋਈ ਸੋਮਾ ਨੇ ਕਿਹਾ।

“ਅਗਲੇ ਸਾਲ ਦੇਖੀਂ, ਜਦ ਤੂੰ ਸਕੂਲ ਜਾਣਾ ਸ਼ੁਰੂ ਕਰੇਂਗੀ। ਸਮੇਂ ਸਿਰ ਨਹਾਉਣਾ, ਸਮੇਂ ਸਿਰ ਸਭ ਕੁਛ। ਫੇਰ ਇਹ ਸਭ ਨਈਂ ਚੱਲਣਾਂ।”

ਕਹਿੰਦੀ-ਕਹਿੰਦੀ ਕਲਿਆਣੀ ਤੁਸ਼ਾਰ ਦੇ ਨਹਾਉਣ ਪਿੱਛੋਂ ਬਾਥਰੂਮ ਵਿਚ ਰੱਖੀ ਉਸਦੀ ਗਿੱਲੀ ਧੋਤੀ ਲੈ ਕੇ ਬਾਲਕੋਨੀ ਤਕ ਆਈ।

ਤੁਸ਼ਾਰ ਜਦੋਂ ਘਰ ਹੁੰਦਾ ਹੈ, ਕਲਿਆਣੀ ਕਦੀ ਬਾਲਕੋਨੀ ਤਕ ਨਹੀਂ ਆਉਂਦੀ। ਸਵੇਰੇ ਉਹ ਰਸੋਈ ਵਿਚ ਰੁੱਝੀ ਹੁੰਦੀ ਹੈ। ਤੁਸ਼ਾਰ ਨੂੰ ਖਾਣਾ ਖੁਆਉਣਾ, ਦਫ਼ਤਰ ਲਈ ਵਿਦਾਅ ਕਰਨ ਕਰਨ ਪਿੱਛੋਂ ਹੀ ਕਲਿਆਣੀ ਨੂੰ ਵਿਹਲ ਮਿਲਦੀ ਹੈ। ਨਹਾਉਣ ਤੋਂ ਪਹਿਲਾਂ ਵਾਲ ਖੋਲ੍ਹਦੀ ਹੋਈ ਉਹ ਆਹਿਸਤਾ-ਆਹਿਸਤਾ ਬਾਲਕੋਨੀ ਤਕ ਆਉਂਦੀ ਹੈ। ਦੇਖਦੀ ਹੈ—ਧੂੜ ਭਰੇ, ਖਿੱਲਰੇ ਫੁੱਲਾਂ ਵਿਚਕਾਰ ਬੈਠਾ ਹੈ ਉਹ ਪਾਗ਼ਲ। ਬੈਠਾ ਹੈ ਅਰੁਣ।

ਬਾਲਕੋਨੀ ਉੱਤਰ ਦਿਸ਼ਾ ਵੱਲ ਹੈ। ਗਰਮੀਆਂ ਦੀ ਧੁੱਪ ਹੈ। ਕਲਿਆਣੀ ਦੇ ਸਰੀਰ ’ਤੇ ਧੁੱਪ ਪੈਂਦੀ ਹੈ। ਧੁੱਪ ਕਲਿਆਣੀ ਦੀ ਦੇਹ ਦੀ ਥੋੜ੍ਹੀ-ਜਿਹੀ ਚਮਕ ਲੈ ਕੇ ਪਰਤ ਗਈ। ਮੌਲਸ਼੍ਰੀ ਦੀ ਸੰਘਣੀ ਛਾਂ ਵਿਚ ਬੈਠੇ ਪਾਗਲ ਨੇ ਸਿਰ ਚੁੱਕ ਕੇ ਕਲਿਆਣੀ ਨੂੰ ਦੇਖਿਆ। ਕਲਿਆਣੀ ਹੁਣ ਪਾਗਲ ਨਾਲ ਨਜ਼ਰ ਮਿਲਾ ਸਕਦੀ ਹੈ। ਉਸਨੂੰ ਹੁਣ ਡਰ ਨਹੀਂ ਲੱਗਦਾ ਜਾਂ ਲੱਗਦਾ ਵੀ ਹੋਏ, ਪਰ ਹੁਣ ਆਦਤ ਹੈ। ਪੰਜ ਸਾਲ ਦਾ ਇਹ ਪਾਗਲ ਉੱਥੇ ਹੀ ਬੈਠਾ ਹੈ, ਮੌਲਸ਼੍ਰੀ ਦੀ ਛਾਂ ਵਿਚ। ਪੰਜ ਸਾਲ ਦਾ ਉੱਤਰ ਦਿਸ਼ਾ ਵਾਲੀ ਇਸ ਬਾਲਕੋਨੀ ਵੱਲ ਦੇਖ ਰਿਹਾ ਹੈ, ਉਹ ਪਾਗਲ।

“ਡਰਨ ਨਾਲ ਕੰਮ ਕਿੱਦਾਂ ਚੱਲੇਗਾ ?”

ਕਲਿਆਣੀ ਨੇ ਗਰਮੀ ਦੀ ਧੁੱਪ ਵਿਚ ਤੁਸ਼ਾਰ ਦੀ ਗਿੱਲੀ ਧੋਤੀ ਨੂੰ ਬਾਲਕੋਨੀ ਦੀ ਰੇਲਿੰਗ ’ਤੇ ਪਾ ਦਿੱਤਾ। ਫੇਰ ਖੜ੍ਹੀ ਹੋ ਕੇ ਆਪਣੇ ਵਾਲ ਖੋਲ੍ਹਣ ਲੱਗ ਪਈ ਤੇ ਅਲਸਾਈਆਂ ਉਂਗਲਾਂ ਨਾਲ ਉਲਝੇ ਵਾਲਾਂ ਦੀਆਂ ਅੜ੍ਹਕਾਂ ਸੁਲਝਾਉਣ ਲੱਗੀ।

ਪਾਗਲ ਉਸ ਵੱਲ ਦੇਖ ਰਿਹਾ ਹੈ।

ਇੱਥੋਂ ਵੀ ਦਿਖਾਈ ਦੇ ਰਹੇ ਨੇ ਉਸਦੇ ਅੱਧ-ਖੁੱਲ੍ਹੇ ਮੂੰਹ ਵਿਚਲੇ ਗੰਦੇ-ਪੀਲੇ ਦੰਦ, ਜਿਹੜੇ ਕਾਲੇ ਪੈ ਗਏ ਨੇ। ਪਾਗ਼ਲ ਸ਼ਾਇਦ ਸੌਂ ਗਿਆ ਸੀ। ਸੁੱਤੇ-ਸੁੱਤੇ ਦੋਵਾਂ ਬੁੱਲ੍ਹਾਂ ਵਿਚੋਂ ਲਾਲਾਂ ਵਗਦੀਆਂ ਰਹੀਆਂ, ਜਿਹੜੀਆਂ ਹੁਣ ਸੁੱਕ ਕੇ ਦੂਰੋਂ ਦਿਖਾਈ ਦੇ ਰਹੀਆਂ ਨੇ ਤੇ ਬਦਬੂਦਾਰ ਮੂੰਹ ’ਤੇ ਭਿਣਕ ਰਹੀਆਂ ਨੀਲੀਆਂ ਮੱਖੀਆਂ ਵੀ।

ਛੇ-ਸੱਤ ਸਾਲ ਪਹਿਲਾਂ ਇਹਨਾਂ ਦੋ ਬੁੱਲ੍ਹਾਂ ਨੇ ਕਲਿਆਣੀ ਦਾ ਚੁੰਮਣ ਲਿਆ ਸੀ। ਸਿਰਫ਼ ਇਕ ਵਾਰ। ਜ਼ਿੰਦਗੀ ਵਿਚ ਇਕ ਵਾਰ, ਉਹ ਵੀ ਜਬਰਦਸਤੀ, ਹੁਣ ਉਹਨਾਂ ਗੰਦੇ-ਦੰਦਾਂ ਨੂੰ ਦੇਖ ਕੇ ਉਸਨੂੰ ਘਿਣ ਆਉਣ ਲੱਗਦੀ ਹੈ।

ਦੁਪਹਿਰ ਦੇ ਢਲਣ ਸਾਰ ਮਹਿਰੀ ਮੰਗਲਾ ਆਣ ਕੇ ਦਰਵਾਜ਼ਾ ਖੜਕਾਉਂਦੀ ਹੈ। ਉਸ ਵੇਲੇ ਉਹ ਚੌਲ ਖਾਣ ਕਰਕੇ ਮਿੱਠੀ ਨੀਂਦ ਸੁੱਤੀ ਹੁੰਦੀ ਹੈ, ਹਲਕੀ ਜਿਹੀ ਖ਼ੁਮਾਰੀ ਹੈ। ਉਨੀਂਦੀਆਂ ਅੱਖਾਂ ਨਾਲ ਉਹ ਦਰਵਾਜ਼ਾ ਖੋਲ੍ਹਦੀ ਹੈ। ਜਦੋਂ ਮੰਗਲਾ ਰਸੋਈ ਵਿਚ ਜੂਠੇ ਭਾਂਡੇ ਮਾਂਜ ਰਹੀ ਹੁੰਦੀ ਹੈ, ਉਦੋਂ ਹਰ ਰੋਜ਼ ਵਾਂਗ ਕਲਿਆਣੀ ਨੀਂਦ ਨਾਲ ਭਾਰੀ ਹੋਈ ਆਵਾਜ਼ ਵਿਚ ਕਹਿੰਦੀ ਹੈ—

"ਉਸਨੂੰ ਦੇ ਦੇਈਂ ਉਹ ਚੌਲ!"

ਨਿਯਮ ਹੈ!!

ਉਹ ਪਾਗਲ ਜਦੋਂ ਇਸ ਰੁੱਖ ਹੇਠ ਬੈਠਣ ਲੱਗਾ ਸੀ, ਇਹ ਨਿਯਮ ਨਹੀਂ ਸੀ। ਪਾਗਲ ਚੀਕਦਾ-ਕੂਕਦਾ ਰਹਿੰਦਾ। ਹਵਾ ਤੇ ਆਸਮਾਨ ਨੂੰ ਗਾਲ੍ਹਾਂ ਕੱਢਦਾ ਰਹਿੰਦਾ। ਆਪਣੀਆਂ ਬਾਹਾਂ ਉਲਾਰ-ਉਲਾਰ ਚੀਕਦਾ ਤੇ ਕੂਕਦਾ—"ਟੈਲੀਗਰਮਾ...ਟੈਲੀਗਰਾਮ...।"

"ਤੁਸ਼ਾਰ ਤੇ ਕਲਿਆਣੀ ਆਪਣੇ ਕਮਰੇ ਵਿਚ ਬੈਠੇ ਸੁੰਗੜ ਜਾਂਦੇ। ਜੇ ਪਾਗਲ ਕਿਤੇ ਘਰੇ ਵੜ ਆਏ ਫੇਰ? ਜਾਂ ਫੇਰ ਕਿਤੇ ਹਮਲਾ ਕਰ ਦਏ ਫੇਰ? ਦੋਵੇਂ ਇਕ ਪਾਪ ਬੋਧ ਦਾ ਦੁੱਖ ਭੋਗਦੇ, ਡਾਢੀ ਤਕਲੀਫ਼ ਹੁੰਦੀ। ਬਿਨਾਂ ਕਾਰਨ ਉਹ ਦੋਵੇਂ ਸੋਚਦੇ—'ਅਰੁਣ ਨਾਲ ਉਹਨਾਂ ਦੋਵਾਂ ਨੇ ਇਨਸਾਫ਼ ਨਹੀਂ ਕੀਤਾ।' ਪਰ ਗੱਲ ਇੰਜ ਹੈ ਨਹੀਂ ਸੀ। ਅਰੁਣ ਨਾਲ ਉਸਨੇ ਕਦੀ ਪਿਆਰ ਨਹੀਂ ਕੀਤਾ, ਉਹ ਤੁਸ਼ਾਰ ਨੂੰ ਪ੍ਰੇਮ ਕਰਦੀ ਸੀ। ਇਸ ਲਈ ਅਰੁਣ ਨਾਲ ਤੁਸ਼ਾਰ ਦਾ ਕੋਈ ਸਰੀਕਾ ਵੀ ਨਹੀਂ ਸੀ। ਤੁਸ਼ਾਰ ਦੇ ਹੱਥ ਆਈ ਇਕ ਸਹਿਜ ਜਿੱਤ ਤੇ ਅਰੁਣ ਦੇ ਹੱਥ ਦੁਨੀਆ ਗੁਆਚ ਜਾਣ ਦਾ ਦੁੱਖ। ਉਹ ਦੁੱਖ ਉਸਦਾ ਕਮਜ਼ੋਰ ਮਨ ਸਹਿ ਨਹੀਂ ਸੀ ਸਕਿਆ। ਲਾਲਚ, ਦੁੱਖ ਤੇ ਗੁੱਸੇ ਨਾਲ ਭਰਿਆ ਅਰੁਣ ਤੁਸ਼ਾਰ ਤੇ ਕਲਿਆਣੀ ਦੀ ਦੁਨੀਆ ਦੇ ਬੂਹੇ ਅੱਗੇ ਆ ਬੈਠਾ। ਚੌਕੀਦਾਰਾ ਕਰਨ ਲੱਗਾ, ਚੀਕਣ-ਕੂਕਣ ਲੱਗਾ। ਆਪਣੀ ਛੋਟੀ-ਜਿਹੀ ਦੁਨੀਆ ਵਿਚ ਤੁਸ਼ਾਰ ਤੇ ਕਲਿਆਣੀ ਸਿਮਟ ਗਏ, ਡਰ ਗਏ। ਖਿੜਕੀਆਂ, ਦਰਵਾਜ਼ੇ ਬੰਦ ਕਰ ਲਏ।

ਕਲਿਆਣੀ ਕਹਿੰਦੀ, "ਚਲੋ, ਕਿਤੇ ਹੋਰ ਚੱਲੀਏ।"

"ਕੀ ਫ਼ਾਇਦਾ! ਲੱਭਦਾ ਹੋਇਆ ਓਥੇ ਵੀ ਪਹੁੰਚ ਜਾਏਗਾ।"

ਹੌਲੀ-ਹੌਲੀ ਆਦਤ ਹੋਣ ਲੱਗੀ। ਅਰੁਣ ਰੁੱਖ ਦੇ ਹੇਠ ਆਉਂਦਾ ਤੇ ਤੁਸ਼ਾਰ ਤੇ ਕਲਿਆਣੀ ਦੇ ਘਰ ਦੇ ਐਨ ਸਾਹਵੇਂ ਆ ਬੈਠਦਾ। ਉਹ ਇਸ ਨਾਲੋਂ ਅੱਗੇ ਨਹੀਂ ਸੀ ਵਧਿਆ। ਉਹ ਚੀਕਦਾ ਸੀ, ਕੂਕਦਾ ਸੀ ਪਰ ਨਾ ਕਦੀ ਕਲਿਆਣੀ ਦਾ ਨਾਂ ਲਿਆ ਸੀ ਉਸਨੇ ਤੇ ਨਾ ਹੀ ਕਦੀ ਤੁਸ਼ਾਰ ਦਾ। ਲੋਕ ਵੀ ਸਮਝ ਨਹੀਂ ਸੀ ਸਕੇ ਕਿ ਇਹ ਪਾਗਲ ਉੱਥੇ ਕਿਉਂ ਬੈਠਦਾ ਹੈ।

ਭੈਅ ਦੇ ਮੁੱਕਦਿਆਂ ਹੀ ਮਮਤਾ ਜਨਮ ਲੈਂਦੀ ਹੈ।

ਇਕ ਦਿਨ ਤੁਸ਼ਾਰ ਨੇ ਕਿਹਾ—"ਉਸਨੂੰ ਖਾਣ ਵਾਸਤੇ ਕੁਛ ਦੇ ਦਈਂ, ਸਾਰਾ ਦਿਨ ਬੈਠਾ ਰਹਿੰਦਾ ਏ।"

"ਕਿਉਂ?"

"ਦੇ ਦੇਈਂ। ਉਹ ਕੋਈ ਨੁਕਸਾਨ ਨਈਂ ਪਹੁੰਚਾ ਰਿਹਾ, ਪਰ ਉਸਨੂੰ ਤਾਂ ਬੜਾ ਵੱਡਾ ਘਾਟਾ ਪਿਆ ਏ। ਅਸੀਂ ਲੋਕ ਇਕ ਥਾਲੀ ਭੋਜਨ ਦਾ ਘਾਟਾ ਵੀ ਨਈਂ ਝੱਲ ਸਕਦੇ?" ਉਦੋਂ ਦਾ ਇਹ ਨਿਯਮ ਹੈ। ਕਲਿਆਣੀ ਭੋਜਨ ਦੀ ਥਾਲੀ ਤਿਆਰ ਕਰ ਦਿੰਦੀ ਹੈ, ਦੁਪਹਿਰ ਢਲੇ ਜਦੋਂ ਮੰਗਲਾ ਆਉਂਦੀ ਹੈ। ਅਲਮੀਨੀਅਮ ਦੀ ਥਾਲੀ ਵਿਚ ਚੌਲ ਤੇ ਅਲਮੀਨੀਅਮ ਦੇ ਗਲਾਸ ਵਿਚ ਪਾਣੀ ਦੇ ਆਉਂਦੀ ਹੈ। ਉਹ ਪਾਗਲ ਭੁੱਖ ਨੂੰ ਸਮਝਦਾ ਹੈ, ਜਾਣਦਾ ਹੈ। ਭੁੱਖਿਆਂ ਵਾਂਗ ਖਾਂਦਾ ਹੈ, ਪਾਣੀ ਪੀਂਦਾ ਹੈ। ਹਾਂ, ਖਾਣ ਵੇਲੇ ਕੁਝ ਭੋਜਨ ਖਿਲਾਰ ਦਿੰਦਾ ਹੈ। ਕਾਂ ਹੇਠਾਂ ਉਤਰ ਆਉਂਦੇ ਨੇ। ਬੁੜ੍ਹਕ-ਬੁੜ੍ਹਕ ਕੇ ਕੁਰਲਾਂਦੇ ਨੇ, ਨੀਲੀਆਂ ਮੱਖੀਆਂ ਦਾ ਝੁੰਡ ਆ ਜਾਂਦਾ ਹੈ। ਖਾਣੇ ਪਿੱਛੋਂ ਪਾਗਲ ਨਿਸ਼ਚਿੰਤ ਹੋ ਕੇ ਆਪਣੇ ਲਿੱਬੜੇ, ਜੂਠੇ ਹੱਥਾਂ ਨੂੰ ਕਮੀਜ਼ ਨਾਲ ਪੂੰਝ ਲੈਂਦਾ ਹੈ। ਰੁੱਖ ਦੇ ਤਣੇ ਨਾਲ ਢੋ ਆ ਕੇ ਸਿਰ ਇਕ ਪਾਸੇ ਵੱਲ ਸੁੱਟ ਕੇ ਸੌਂ ਜਾਂਦਾ ਹੈ। ਨਹੀਂ, ਉਹ ਨੀਂਦ ਨਹੀਂ ਹੈ। ਇਕ ਊਂਘ ਆਉਂਦੀ ਹੈ ਉਸਨੂੰ। ਇਸੇ ਊਂਘ ਵਿਚ ਚਿੰਤਾ ਦੀ ਇਕ ਅਟੁੱਟ ਲਹਿਰ ਕਲਕਲ-ਛਲਛਲ ਵਹਿੰਦੀ



ਰਹਿੰਦੀ ਹੈ ਉਸਦੇ ਮਨ ਅੰਦਰ। ਅੱਖਾਂ ਬੰਦ ਕਰਕੇ ਉਹ ਉਸ ਵਹਿੰਦੀ ਨਦੀ ਨੂੰ ਦੇਖਦਾ ਰਹਿੰਦਾ ਹੈ।

ਮੰਗਲਾ ਵਿਰੋਧ ਕਰਦੀ ਹੈ—"ਮੈਂ ਭਿਖਾਰੀ ਦੀ ਜੂਠ ਨਈਂ ਸਾਫ਼ ਕਰਨੀ।" ਇਸ ਲਈ ਤਨਖ਼ਾਹ ਦੇ ਇਲਾਵਾ ਉਸਨੂੰ ਤਿੰਨ ਰੁਪਏ ਵੱਖ ਦੇਣੇ ਪੈਂਦੇ ਨੇ। ਮੰਗਲਾ ਥਾਲੀ ਲੈ ਕੇ ਪਾਗਲ ਦੇ ਸਾਹਵੇਂ ਰੱਖ ਦਿੰਦੀ। ਫੇਰ ਥੋੜ੍ਹੀ ਦੂਰ ਖਲੋ ਕੇ ਗਾਲ੍ਹਾਂ ਬਕਦੀ ਰਹਿੰਦੀ—"ਕੁਲਹਿਣਾ, ਪਾਗਲ...ਰੋਜ਼ ਇਸ ਥਾਲ ਦੇ ਲਾਲਚ 'ਚ ਬੈਠਾ ਰਹਿੰਦੈ। ਭਾਗ ਵੀ ਤੇਰਾ ਗਜ਼ਬ ਦਾ ਐ। ਅਜਿਹੇ ਘਰ ਦੇ ਸਾਹਮਣੇ ਅੱਡਾ ਜਮਾ ਲਿਐ ਕਿ ਇਹ ਘਰਵਾਲੇ ਵੀ ਤੈਨੂੰ ਸੁਨਹਿਰੀ ਅੱਖ ਨਾਲ ਦੇਖਦੇ ਨੇ।" ਉਨੀਂਦੀ ਕਲਿਆਣੀ ਦੇ ਕੰਨ ਹਰ ਰੋਜ਼ ਮੰਗਲਾ ਦੀਆਂ ਇਹ ਗਾਲ੍ਹਾਂ ਸੁਣਦੇ।

ਪਹਿਲਾਂ ਕਲਿਆਣੀ ਬੜੇ ਜਤਨ ਨਾਲ ਥਾਲ ਸਜਾ ਦਿੰਦੀ ਸੀ। ਹੌਲੀ-ਹੌਲੀ ਉਹ ਘਟਣ ਲੱਗੀ। ਹੁਣ ਉਹ ਤੁਸ਼ਾਰ ਦੀ ਥਾਲੀ ਵਿਚ ਬਚੀ ਰੋਟੀ, ਚੌਲ, ਸੋਮਾ ਦੀ ਛੱਡੀ ਮੱਛੀ ਦੇ ਟੁਕੜੇ, ਆਪਣੀ ਜੂਠ ਸਭ ਕੁਝ ਰਲਾ ਕੇ ਉਸ ਅਲਮੀਨੀਅਮ ਦੇ ਥਾਲ ਵਿਚ ਪਾ ਦਿੰਦੀ ਹੈ। ਉਹ ਪਾਗਲ ਸਭ ਕੁਝ ਖਾ ਲੈਂਦਾ ਹੈ। ਪਿਛਲੇ ਸਾਲ, ਤੁਸ਼ਾਰ ਨੂੰ ਇਕ ਪ੍ਰਮੋਸ਼ਨ ਮਿਲਿਆ ਹੈ। ਹੁਣ ਉਹ ਸੀਨੀਅਰ ਐਕਜ਼ੀਕਿਊਟਿਵ ਹੈ। ਆਪਣੀ ਕੰਪਨੀ ਦੇ ਦਸ ਸ਼ੇਅਰ ਖ਼ਰੀਦ ਚੁੱਕਾ ਹੈ। ਹੁਣ ਉਸਨੂੰ ਪੂਰਾ ਦਿਨ ਸਾਹ ਲੈਣ ਦੀ ਵਿਹਲ ਨਹੀਂ ਮਿਲਦੀ। ਖਿੜਕੀ ਦੇ ਸ਼ੀਸ਼ਿਆਂ ਰਾਹੀਂ ਸ਼ਾਮ ਦਾ ਚਾਨਣ ਛਣ ਕੇ ਕਮਰੇ ਵਿਚ ਆ ਰਿਹਾ ਹੈ। ਏਅਰਕੰਡੀਸ਼ਨ ਕਮਰੇ ਵਿਚ ਸਿਗਰਟ ਦੇ ਧੂੰਏਂ ਦੇ ਬੱਦਲ ਨੇ, ਜਿੰਦਾਂ ਧੁੰਦ ਪੈਣ ਲੱਗ ਪਈ ਹੋਏ। ਤੁਸ਼ਾਰ ਦਾ ਸਿਰ ਭਾਰੀ ਹੈ। ਗਰਦਨ ਦੀ ਇਕ ਨਸ ਦੁਖ ਰਹੀ ਹੈ, ਸਰੀਰ ਥੱਕਿਆ ਹੋਇਆ ਹੈ। ਸਿਗਰਟ ਨਾਲ ਜੀਭ ਕੌੜੀ ਹੋ ਗਈ ਹੈ। ਕੁਰਸੀ ਤੋਂ ਖੜ੍ਹਾ ਹੁੰਦਾ ਹੈ ਤਾਂ ਲੱਤਾਂ ਵਿਚ ਇਕ ਅਜੀਬ-ਜਿਹੀ ਅਕੜਾਂਦ ਮਹਿਸੂਸ ਹੁੰਦੀ ਹੈ। ਅੱਖਾਂ ਧੁੰਦਲਾਈਆਂ ਹੋਈਆਂ ਨੇ। ਕਾਫੀ ਸਮਾਂ ਬੀਤ ਗਿਆ ਹੈ, ਦਫ਼ਤਰ ਵਿਚ ਛੁੱਟੀ ਹੋਇਆਂ। ਹੁਣ ਉਸਦਾ ਨਵਾਂ ਸਟੈਨੋ, ਜਿਸ ਨੂੰ ਐਵੇਂ ਹੀ ਰੋਕਿਆ ਗਿਆ ਸੀ, ਖਿੱਲਰੇ ਹੋਏ ਦਸਤਾਵੇਜ਼ਾਂ ਨੂੰ ਕਾਹਲ ਨਾਲ ਸਮੇਟ ਰਿਹਾ ਹੈ। ਜਮਾਂਦਾਰ ਕਮਰਿਆਂ ਵਿਚ ਝਾੜੂ ਲਾ ਰਿਹਾ ਹੈ। ਹੱਥਾਂ ਵਿਚ ਚਾਬੀਆਂ ਦੇ ਗੁੱਛੇ ਫੜੀ ਗਾਰਡਸ ਇਸ ਕਮਰੇ, ਕਦੀ, ਉਸ ਕਮਰੇ ਨੂੰ ਤਾਲਾ ਲਾ ਰਹੇ ਨੇ।

ਸੁੰਨਸਾਨ ਲੰਮੇ ਕਾਰੀਡੋਰ ਵਿਚ ਤੁਸ਼ਾਰ ਟਹਿਲ ਰਿਹਾ ਹੈ। ਹਲਕੀ ਰੋਸ਼ਨੀ ਵਿਚ ਸੁੰਦਰ ਕਾਰੀਡੋਰ ਅੰਡਰ-ਗਰਾਊਂਡ ਵਾਂਗ ਦਿਖਾਈ ਦੇ ਰਿਹਾ ਹੈ। ਬਾਹਰ ਠੰਢੀਆਂ ਹਵਾਵਾਂ ਚੱਲ ਰਹੀਆਂ ਨੇ। ਫੁੱਟਪਾਥ 'ਤੇ ਖੜ੍ਹਾ ਹੋ ਕੇ ਉਸਨੇ ਪਹਿਲੀ ਵਾਰ ਠੰਢੀ ਹਵਾ ਸਾਹਾਂ ਨਾਲ ਅੰਦਰ ਭਰੀ ਹੈ। ਕਿਸੇ ਦਿਨ ਇੱਥੋਂ ਹੀ ਟੈਕਸੀ ਮਿਲ ਜਾਂਦੀ ਹੈ ਤੇ ਕਦੇ ਥੋੜ੍ਹਾ ਕਦਮ ਪੈਦਲ ਵੀ ਤੁਰਨਾ ਪੈਂਦਾ ਹੈ।

ਅੱਜ ਤੁਸ਼ਾਰ ਨੂੰ ਟੈਕਸੀ ਨਹੀਂ ਮਿਲੀ। ਦੇਰ ਤਕ ਖੜ੍ਹਾ ਰਹਿਣ ਪਿੱਛੋਂ ਉਹ ਪੈਦਲ ਹੀ ਤੁਰਦਾ ਪਿਆ। ਰਸਤੇ ਵਿਚ ਦਿੱਸਿਆ ਇਕ ਵਿਸ਼ਾਲ ਕੱਦ ਭਵਨ ਦਾ ਫਰੇਮ ਜਿਹੜਾ ਇਮਾਰਤ ਦੇ ਖਾਕੇ ਦੀ ਪਹਿਲੀ ਮੂਕ ਚਿੰਘਾੜ ਸੀ। ਦਸ ਜਾਂ ਬਾਰਾਂ ਮੰਜ਼ਿਲੇ ਉੱਚੇ ਲੋਹੇ ਦਾ ਫਰੇਮ, ਇੱਟਾਂ, ਲੱਕੜ, ਰੇਤਾ ਤੇ ਸਟੋਨ ਚਿਪਸ ਖਿੱਲਰੇ ਪਏ ਨੇ। ਬੱਜਰੀ ਮਿਕਸਰ ਸ਼ਾਂਤ ਖੜ੍ਹਾ ਹੈ। ਕਰੇਨ-ਹੈਮਰ ਊਠ ਵਾਂਗ ਧੌਣ ਚੁੱਕੀ ਖੜ੍ਹਾ ਹੈ। ਰਸਤੇ ਵਿਚ ਆਵਾਜਾਈ ਨਾਂਹ ਦੇ ਬਰਾਬਰ ਹੈ। ਕਿਸੇ ਮਜ਼ਦੂਰ ਦਾ ਨਿਆਣਾ ਵੱਟੀਆਂ ਇਕੱਠੀਆਂ ਕਰਕੇ ਵਾਰੀ ਨਾਲ, ਲਗਾਤਾਰ ਲੋਹੇ ਦੇ ਬੀਮ 'ਤੇ ਮਾਰ ਰਿਹਾ ਹੈ—ਟੰਨ! ਟੰਨ! ਤੁਸ਼ਾਰ ਨੂੰ ਉਸ ਵਿਚ ਮੰਦਰ ਦੀ ਘੰਟੀ ਦੀ ਗੂੰਜ ਸੁਣਾਈ ਦੇ ਰਹੀ ਹੈ। ਸੁਣਦੇ-ਸੁਣਦੇ ਉਸਦਾ ਦਿਮਾਗ਼ ਠੁੱਸ ਹੋ ਗਿਆ। ਉਹ ਤੁੱਛ ਆਵਾਜ਼, ਘੰਟੀ ਦੀ ਆਵਾਜ਼ ਵਾਂਗ ਉਸਦੇ ਦਿਮਾਗ਼ ਉਪਰ ਛਾ ਜਾਂਦੀ ਹੈ। ਉਹ ਪਿੱਛੇ ਦੇਖਦਾ ਹੈ। ਲੋਹੇ ਦੇ ਵਿਸ਼ਾਲ ਡਰਾਉਣੇ ਫਰੇਮ ਅੰਦਰ ਸ਼ਾਮ ਦਾ ਹਨ੍ਹੇਰਾ ਗੂੜ੍ਹਾ ਪਸਰ ਰਿਹਾ ਹੈ। ਚਾਰੇ-ਪਾਸੇ ਮਲਵੇ ਵਾਂਗ ਇੱਟਾਂ, ਲੱਕੜਾਂ ਤੇ ਪੱਥਰਾਂ ਦੇ ਢੇਰ ਖਿੱਲਰੇ

ਪਏ ਨੇ। ਮੰਦਰ ਦੀ ਘੰਟੀ ਵਾਂਗ ਧੁਨ ਦੀ ਪ੍ਰਤੀ-ਧੁਨ ਪੈਦਾ ਹੋ ਰਹੀ ਹੈ। ਤੁਸ਼ਾਰ ਨੇ ਇਹ ਧੁਨ ਕਦੀ ਨਹੀਂ ਸੁਣੀ ਸੀ। ਉਸਦੇ ਅੰਦਰ ਸੁੱਤੇ ਅਗਿਣਤ ਅਹਿਸਾਸ ਜਾਗ ਉੱਠੇ। ਇਕ ਤੇਜ਼ ਆਵਾਜ਼ ਆਉਂਦੀ ਹੈ ਅੰਦਰੋਂ—'ਮੁਕਤੀ ਦਿਓ, ਮੌਕਾ ਦਿਓ'। 'ਕੈਸੀ ਮੁਕਤੀ? ਕਾਹਦਾ ਮੌਕਾ? ਕਿਸ ਲਈ?' ਅਗਲੇ ਪਲ ਉਸਨੇ ਖ਼ੁਦ ਨੂੰ ਇਸ ਸਵਾਲ ਕੀਤੇ। ਕੋਈ ਉੱਤਰ ਨਾ ਮਿਲਿਆ। ਖੁੱਭਿਆ ਰਿਹਾ, ਉਹ ਕੰਮ ਵਿਚ। ਉਸਨੂੰ ਚੰਗਾ ਵੀ ਲੱਗਦਾ ਹੈ। ਛੁੱਟੀ ਵਾਲੇ ਦਿਨ ਸਮਾਂ ਨਹੀਂ ਬੀਤਦਾ। ਸ਼ਹਿਰ ਘੁੰਮਣ, ਦਰਸ਼ਨੀ ਥਾਵਾਂ 'ਤੇ ਜਾ ਕੇ ਵੀ ਦਫ਼ਤਰ ਦੀਆਂ ਚਿੰਤਾਵਾਂ ਘੇਰੀ ਰੱਖਦੀਆਂ ਨੇ। ਅਕਸਰ ਮਿਹਨਤੀ ਤੇ ਕੰਮ ਕਰਨ ਵਾਲਿਆਂ ਨਾਲ ਇੰਜ ਹੀ ਹੁੰਦਾ ਹੈ। ਇਕ ਤੇਜ਼ ਅਹਿਸਾਸ ਉਸਨੂੰ ਸਮਝਾ ਦਿੰਦਾ ਹੈ ਕਿ ਇਹਨਾਂ ਰਹੱਸਮਈ ਬੰਧਨਾਂ ਤੋਂ ਉਸਦੀ ਹਸਤੀ ਨੂੰ ਪੂਰਨ ਮੁਕਤੀ ਚਾਹੀਦੀ ਹੈ, ਆਜ਼ਾਦੀ ਚਾਹੀਦੀ ਹੈ। ਉਹ ਆਪਣੇ ਅੰਦਰਲੇ ਹਰੇਕ ਕੋਣੇ ਵਿਚ ਤਲਾਸ਼ ਕਰਦਾ ਹੈ। ਕੁਛ ਨਹੀਂ ਮਿਲਦਾ। ਇਕ ਅਣਜਾਣ ਕਾਮਨਾ ਦੇ ਧੁੰਦਲੇਪਣ ਨਾਲ ਉਸਦਾ ਮਨ ਉਦਾਸ ਹੋਣ ਲੱਗਦਾ ਹੈ।

ਪਿੱਛਾ ਭੌਂ ਕੇ, ਦੂਰੋਂ, ਉਸਨੇ ਉਸ ਵਿਸ਼ਾਲ ਲੋਹੇ ਦੇ ਫਰੇਮ ਨੂੰ ਦੁਬਾਰਾ ਦੇਖਿਆ। ਹਨ੍ਹੇਰਾ ਹੁਣ ਹੋਰ ਗੂੜ੍ਹਾ ਹੋ ਗਿਆ ਹੈ। ਅਦ੍ਰਿਸ਼ ਵਿਚ, ਉਹ ਛੋਟਾ ਬੱਚਾ ਅਜੇ ਵੀ ਪੱਥਰ ਦੇ ਟੁਕੜੇ ਸੁੱਟੀ ਜਾ ਰਿਹਾ ਹੈ, ਲੋਹੇ ਦੇ ਬੀਮ ਉਪਰ।

ਚੌਰੰਗੀ 'ਚ ਤੁਸ਼ਾਰ ਨੂੰ ਟੈਕਸੀ ਮਿਲ ਗਈ।

"ਕਿੱਥੇ ਜਾਓਗੇ?"

ਤੁਸ਼ਾਰ ਫ਼ੈਸਲਾ ਨਹੀਂ ਸੀ ਕਰਦਾ ਕਿ ਉਸਨੇ ਕਿੱਥੇ ਜਾਣਾ ਹੈ। ਸੋਚਦਾ ਰਿਹਾ। ਥੋੜ੍ਹੀ ਦੇਰ ਦੁਚਿੱਤੀ ਵਿਚ ਫਸਿਆ ਰਿਹਾ। ਫੇਰ ਕਿਹਾ "ਸਿੱਧੇ ਚੱਲੋ।"

ਗੱਡੀ ਸਿੱਧੀ ਦੌੜ ਪਈ। ਜਿੱਧਰ ਘਰ ਹੈ ਤੁਸ਼ਾਰ ਦਾ। ਤੁਸ਼ਾਰ ਦਾ ਉੱਧਰ ਜਾਣ ਦਾ ਮਨ ਨਹੀਂ ਹੋ ਰਿਹਾ। ਘਰ ਜਾਣਾ—ਰੁਟੀਟ ਵਿਚ ਘਰ ਪਹੁੰਚ ਜਾਣਾ, ਕੋਈ ਅਰਥ ਨਹੀਂ ਇਸ ਦਾ।

ਥੋੜ੍ਹਾ ਝੁਕਦੇ ਹੋਏ ਟੈਕਸੀ ਵਾਲੇ ਨੂੰ ਕਿਹਾ, "ਅੱਗੋਂ ਖੱਬੇ ਹੱਥ।"

ਗੱਡੀ ਐਲਗਿਨ ਰੋਡ ਵੱਲ ਮੁੜ ਗਈ।

'ਕਿੱਥੇ ਜਾਵਾਂ—ਕਿੱਥੇ?' ਤੁਸ਼ਾਰ ਕਾਹਲ ਨਾਲ ਸੋਚਣ ਲੱਗਾ। ਗੱਡੀ ਇਕ ਮੋੜ 'ਤੇ ਜਾ ਕੇ ਰੁਕ ਗਈ। ਹੁਣ? ਹਾਲੇ ਵੀ ਉਹੀ ਸੀਨ ਸਿਰ ਚੁੱਕੀ ਖੜ੍ਹਾ ਹੈ ਮਨ ਵਿਚ। ਹਨੇਰੇ ਵਿਚ ਘਿਰਿਆ ਲੋਹੇ ਦਾ ਵਿਸ਼ਾਲ ਫਰੇਮ—ਲੋਹੇ ਦੇ ਬੀਮ 'ਤੇ ਕੁਝ ਸੁੱਟੇ-ਮਾਰੇ ਜਾਣ ਦੀ ਆਵਾਜ਼—ਤੁਸ਼ਾਰ ਦੇ ਮਨ ਵਿਚ ਇਕ ਚੀਸ ਉੱਠੀ। ਉਸਨੂੰ ਲੱਗਦਾ ਹੈ, ਉਸਦੇ ਜੀਵਨ ਦੀ ਕੋਈ, ਇਕ ਇੱਛਾ ਅਧੂਰੀ ਹੈ। ਉਸ ਅਸਪੱਸ਼ਟ ਰਹੱਸ ਤੋਂ ਮੁਕਤੀ ਬਿਨਾਂ ਵਿਅਰਥ ਬੀਤਦਾ ਰਿਹਾ ਹੈ ਉਸਦਾ ਜੀਵਨ।

ਉਸਨੇ ਫੇਰ ਕਿਹਾ, "ਖੱਬੇ ਚੱਲੋ।"

ਟੈਕਸੀ ਹੁਣ ਦੱਖਣ ਤੋਂ ਉੱਤਰ ਦਿਸ਼ਾ ਵੱਲ ਦੌੜਨ ਲੱਗੀ। ਫੇਰ ਸਰਕੂਲਰ ਰੋਡ। ਗੱਡੀ ਦੌੜਦੀ ਰਹੀ, ਤੁਸ਼ਾਰ ਅੰਦਰੇ-ਅੰਦਰ ਛਟਪਟਾਉਣ ਲੱਗਾ।

ਇਕ ਬੜੀ ਪੁਰਾਣੀ ਇਮਾਰਤ ਕੋਲੋਂ ਗੱਡੀ ਲੰਘਣ ਲੱਗੀ। ਤੁਸ਼ਾਰ ਨੇ ਉਸ ਘਰ ਨੂੰ ਦੇਖਿਆ। ਕੁਝ ਯਾਦ ਆਉਂਦਾ-ਆਉਂਦਾ ਰਹਿ ਗਿਆ। ਅਚਾਨਕ ਪੰਜ-ਸੱਤ ਸਾਲ ਪਹਿਲੇ ਕਿਸੇ ਸ਼ਰਾਰਤੀ ਦਿਨ ਦੀ ਯਾਦ ਆਈ। ਨਿਨੀ।

ਨਿਨੀ ਹੀ ਤਾਂ ਨਾਂ ਸੀ ਉਸਦਾ। ਉਹ ਕੁੜੀ।

ਗੱਡੀ ਅੱਗੇ ਲੰਘ ਗਈ ਸੀ, ਤੁਸ਼ਾਰ ਨੇ ਗੱਡੀ ਮੋੜਨ ਲਈ ਕਿਹਾ।

ਉਸ ਵਿਸ਼ਾਲ ਇਮਾਰਤ ਸਾਹਮਣੇ ਗੱਡੀ ਰੁਕ ਗਈ।



ਹੁਣੇ-ਹੁਣੇ ਖ਼ਰੀਦੇ ਸਿਗਰਟਾਂ ਦੇ ਪੈਕੇਟ ਤੇ ਮਾਚਿਸ ਦੀ ਡੱਬੀ ਹੱਥ ਵਿਚ ਫੜੀ ਉਹ ਉਸ ਪੁਰਾਣੀ ਇਮਾਰਤ ਦੇ ਤਿਮੰਜ਼ਿਲੇ ਦੀਆਂ ਪੌੜੀਆਂ ਚੜ੍ਹਨ ਲੱਗਾ। ਚੜ੍ਹਦਾ-ਚੜ੍ਹਦਾ ਸੋਚਦਾ ਰਿਹਾ, 'ਕੀ ਨਿਨੀ ਹੁਣ ਵੀ ਇੱਥੇ ਰਹਿੰਦੀ ਹੈ?' ਉਸ ਪੁਰਾਣੀ ਇਮਾਰਤ ਵਿਚ ਬਹੁਤ ਸਾਰੇ ਫਲੈਟਸ ਤੇ ਕਮਰੇ ਨੇ। ਸਹੀ ਪਤਾ ਲੱਭਣਾ ਵੀ ਮੁਸ਼ਕਲ ਲੱਗ ਰਿਹਾ ਹੈ। ਪੰਜ-ਸੱਤ ਵਰ੍ਹੇ ਪਹਿਲਾਂ ਵਾਲੀ ਨਿਨੀ, ਹੁਣ ਹੋਏ ਨਾ ਹੋਏ। ਜੇ ਉਹ ਉੱਥੇ ਨਾ ਰਹਿੰਦੀ ਹੋਈ, ਤਾਂ ਗ਼ਲਤ ਪਤੇ 'ਤੇ ਜਾ ਕੇ ਕਿਸੇ ਮੁਸੀਬਤ ਵਿਚ ਹੀ ਨਾ ਫਸ ਜਾਏਗਾ ਉਹ।

ਦਰਵਾਜ਼ਾ ਖੁੱਲ੍ਹਦਿਆਂ ਹੀ ਦਿਖਾਈ ਦਿੱਤੀ ਨਿਨੀ, ਐਨ ਓਹੋ-ਜਿਹੀ ਹੀ।

ਉਹ ਪਛਾਣ ਨਹੀਂ ਸਕੀ। ਭਰਵੱਟੇ ਉਪਰ ਚੁੱਕਦਿਆਂ, ਅੰਗਰੇਜ਼ੀ ਵਿਚ ਪੁੱਛਿਆ, "ਕਿਸ ਨੂੰ ਮਿਲਣਾ ਏਂ?"

ਤੁਸ਼ਾਰ ਮੁਸਕਰਾਇਆ, "ਪਛਾਣਿਆਂ ਨਈਂ ਕਿ?"

ਨਿਨੀ ਆਪਣੇ ਦੰਦਾਂ ਨਾਲ ਹੇਠਲਾ ਬੁੱਲ੍ਹ ਨੱਪ ਕੇ ਕੁਛ ਸੋਚਣ ਲੱਗੀ। ਤੁਸ਼ਾਰ ਨੇ ਦੇਖਿਆ—ਸੱਜੇ ਪਾਸੇ ਵਾਲਾ ਇਕ ਦੰਦ ਨਹੀਂ ਹੈ। ਇਕ ਨਵਾਂ ਦੰਦ ਲਗਵਾਇਆ ਹੋਇਆ ਹੈ, ਜਿਸਦਾ ਰੰਗ ਦੂਜੇ ਦੰਦਾਂ ਨਾਲ ਮੇਲ ਨਹੀਂ ਖਾ ਰਿਹਾ।

ਪੰਜ ਸਾਲ ਵਿਚ ਏਨਾ ਹੀ ਬਦਲਾਅ ਆਇਆ ਹੈ ਨਿਨੀ 'ਚ।

"ਮੈਂ ਤੁਸ਼ਾਰ ਆਂ!"

ਨਿਨੀ ਦੇ ਚਿਹਰੇ 'ਤੇ ਅਚਾਨਕ ਮੁਸਕਰਾਹਟ ਫ਼ੈਲ ਗਈ।

ਉਸ ਨੇ ਕਿਹਾ, "ਵਾਹ! ਕੀ ਤੂੰ ਹੁਣ ਵੀ ਓਨਾ ਈ ਸ਼ਰਾਰਤੀ ਏਂ! ਬੁੱਢਾ ਨਈਂ ਹੋਇਆ।"

"ਪਹਿਲਾਂ ਤੂੰ ਦੱਸ। ਅੱਜ ਵੀ ਤੂੰ ਓਹੀਂ ਨਿਨੀ ਏਂ ਨਾ! ਤੇਰਾ ਪਤੀ, ਬੱਚੇ ਨਈਂ? ਜੇ ਹੈਨ ਤਾਂ ਏਥੋਂ ਦਰਵਾਜ਼ੇ ਤੋਂ ਈ ਮੈਨੂੰ ਵਿਦਾਅ ਕਰ ਦੇ।"

ਨਿਨੀ ਨੇ ਬੁੱਲ੍ਹ ਸਿਕੋੜੇ, "ਨਈਂ, ਮੇਰਾ ਅਜਿਹਾ ਕੁਛ ਨਈਂ...ਆ-ਆ, ਅੰਦਰ ਲੰਘ ਆ।"

ਕਮਰੇ ਦੀਆਂ ਕੰਧਾਂ 'ਤੇ ਅੱਜ ਵੀ ਓਹੀ ਰੰਗੀਨ ਕਾਗਜ਼, ਕਿਰਾਏ ਦਾ ਵਾਰਡਰੋਬ, ਜ਼ਨਾਨਾ ਸਾਜ਼ੋ-ਸਾਮਾਨ ਸਜਿਆ ਹੋਇਆ ਹੈ। ਅੰਦਰ ਅੱਜ ਵੀ ਸੈਂਟ, ਪਾਊਡਰ ਤੇ ਫੁੱਲਾਂ ਦੀ ਖ਼ੁਸ਼ਬੂ ਫ਼ੈਲੀ ਹੈ। ਬੈੱਡ ਦੇ ਸਿਰਹਾਣੇ ਇਕ ਗਰਾਮੋਫ਼ੋਨ, ਮੇਜ਼ ਉਪਰ ਰੇਡੀਓ, ਇਕ ਗਿਟਾਰ ਓਵੇਂ ਹੀ ਰੱਖਿਆ ਹੋਇਆ ਹੈ।

ਬਿਨਾਂ ਅੱਖਾਂ ਝਪਕਾਏ ਨਿਨੀ ਨੇ ਕੁਝ ਚਿਰ ਉਸ ਵੱਲ ਦੇਖਿਆ। ਕਿਹਾ, "ਤੂੰ ਬਿਲਕੁਲ ਨਈਂ ਬਦਲਿਆ।"

"ਤੂੰ ਵੀ।"

ਤੁਸ਼ਾਰ ਦੇ ਅੰਦਰ ਇਕ ਤਿੱਖੀ ਕਾਮਨਾ, ਕਿਸੇ ਬੇਚੈਨ ਅੰਨ੍ਹੇ ਵਾਂਗ ਬਾਹਰ ਨਿਕਲਣ ਦਾ ਰਾਹ ਲੱਭ ਰਹੀ ਹੈ। ਕੀ ਉਹ ਇੱਥੇ ਤ੍ਰਿਪਤ ਹੋਏਗਾ! ਹਾਂ ਤੇ ਨਾਂਹ ਵਿਚਕਾਰ 'ਤੇਜਨਾ ਵੱਸ ਕੰਬਣ ਲੱਗਿਆ।

ਵਾਰਡਰੋਬ ਦਾ ਪੱਲਾ ਖੋਲ੍ਹ ਕੇ ਅੰਦਰਲੇ ਇਕ ਗੁਪਤ ਰਖਣੇ ਵਿਚੋਂ ਨਿਨੀ ਨੇ ਮਹਿੰਗੀ ਸ਼ਰਾਬ ਦੀ ਬੋਤਲ ਕੱਢੀ। ਫੇਰ ਮੁਸਕਰਾ ਕੇ ਕਿਹਾ, "ਇਹ ਸ਼ਰਾਬ ਸਿਰਫ਼ ਮੇਰੇ ਖ਼ਾਸ ਮਹਿਮਾਨਾਂ ਲਈ ਏ।"

ਤੁਸ਼ਾਰ ਇਹ ਸਭ ਜਾਣਦਾ ਸੀ। ਗੁਪਤ ਰਖਣੇ ਦਾ ਬਹਾਨਾ ਬਣਾ ਕੇ ਉਸਨੇ ਜਿਹੜੀ ਕੀਮਤੀ ਸ਼ਰਾਬ ਦੀ ਬੋਤਲ ਕੱਢੀ ਸੀ, ਬਸ ਇਹੋ ਨਿਨੀ ਦੀ ਰੋਜ਼ੀ-ਰੋਟੀ ਹੈ।

ਤੁਸ਼ਾਰ ਨੂੰ ਯਾਦ ਹੈ ਕਿ ਨਿਨੀ ਉਸਨੂੰ ਵਾਰੀ-ਵਾਰੀ ਹੁਸ਼ਿਆਰ ਕਰਦੀ ਸੀ ਕਿ ਯਾਦ ਰੱਖੀਂ ਇਹ ਸੱਭਿਅ ਲੋਕਾਂ ਦੀ ਇਕ ਜਗ੍ਹਾ ਹੈ, ਤੇ ਮੈਂ ਕੋਈ ਵੇਸ਼ਵਾ ਨਹੀਂ। ਨਾ ਬਹਿਕੀਂ, ਨਾ ਕੋਈ ਖ਼ਰੂਦ ਕਰੀਂ। ਤੁਸ਼ਾਰ ਮੁਸਕਰਾਇਆ, ਉਹ ਨਿਨੀ ਦੇ ਇੱਥੇ ਵਾਰ-ਵਾਰ ਬਹਿਕਿਆ ਵੀ ਹੈ ਤੇ ਖਰੂਦ ਵੀ ਪਾਇਆ ਹੈ।

ਤੁਸ਼ਾਰ ਅੱਜ ਬਹਿਕਣ ਤੇ ਮਤਵਾਲਾ ਹੋਣ ਲਈ ਬੜਾ ਉਤਸੁਕ ਸੀ। ਥੋੜ੍ਹੇ ਚਿਰ ਵਿਚ ਹੀ ਹੋ ਗਿਆ। ਨਸ਼ੇ ਵਿਚ ਨਿਨੀ ਨੇ ਗਿਟਾਰ 'ਤੇ ਇਕ ਗੀਤ ਵਜਾਉਣਾ ਸ਼ੁਰੂ ਕਰ ਦਿੱਤਾ। ਤੁਸ਼ਾਰ ਮੌਕੇ ਦੀ ਉਡੀਕ ਕਰਨ ਲੱਗਾ। ਗਿਟਾਰ ਵਜਾਉਂਦੀ ਹੋਈ ਨਿਨੀ ਨੂੰ ਛੂਹਣਾ ਮਨ੍ਹਾਂ ਹੈ। ਵਜਾਉਣਾ ਰੁਕਣ ਪਿੱਛੋਂ—

ਅੰਦਰਲੀ ਇੱਛਾ ਗਿਟਾਰ ਦੀਆਂ ਸੁਰਾਂ ਨਾਲ ਰਲ ਕੇ ਹੋਰ ਤੀਖਣ ਹੁੰਦੀ ਜਾ ਰਹੀ ਹੈ।

ਮੁਕਤੀ ਸਾਹਮਣੇ ਹੀ ਹੈ, ਉਹ ਮੁਕਤੀ। ਅੱਖਾਂ ਸਾਹਵੇਂ ਫੇਰ ਉਹੀ ਵਿਸ਼ਾਲ ਇਮਾਰਤ ਦੇ ਲੋਹੇ ਦਾ ਫਰੇਮ, ਜਿਸ ਨੂੰ ਹਨ੍ਹੇਰਾ ਆਪਣੀ ਗੋਦ ਵਿਚ ਸਮੇਟ ਰਿਹਾ ਸੀ। ਲੋਹੇ ਦੇ ਬੀਮ ਨਾਲ ਪੱਥਰ ਦੀਆਂ ਕੈਂਕਰਾਂ ਦੇ ਟਕਰਾਉਣ ਦੀ ਆਵਾਜ਼।

ਗਿਟਾਰ ਰੁਕਦਿਆਂ ਹੀ ਸ਼ੇਰ ਵਾਂਗ ਝਪਟ ਪਿਆ ਤੁਸ਼ਾਰ।

ਪੀਢੀ ਗਲਵੱਕੜੀ, ਇਕ ਆਨੰਦਮਈ ਅਹਿਸਾਸ, ਉਦੋਂ ਹੀ ਅਚਾਣਕ ਦਰਦ ਨਾਲ ਕਰਾਹ ਪਈ ਨਿਨੀ।

"ਰੁਕੋ...ਰੁਕੋ। ਹਟੋ ਮੈਨੂੰ ਬੜਾ ਦਰਦ ਹੋ ਰਿਹੈ।"

ਤੁਸ਼ਾਰ ਨੇ ਕਿਹਾ, "ਕੀ ਕਹਿ ਰਹੀ ਏਂ?"

ਉਸਨੇ ਪਸੀਨੇ ਨਾਲ ਤਰ ਆਪਣਾ ਨੀਲਾ ਚਿਹਰਾ ਉਤਾਂਹ ਚੁੱਕ ਕੇ ਕਿਹਾ, "ਏਥੇ...ਇੱਥੇ...ਬੜਾ ਦਰਦ ਏ।"

ਢਿੱਡ ਦਾ ਸੱਜਾ ਪਾਸਾ ਦਿਖਾਉਂਦਿਆਂ ਹੋਇਆਂ ਕਿਹਾ, "ਪਿਛਲੇ ਸਾਲ ਮੇਰਾ ਇਕ ਓਪਰੇਸ਼ਨ ਹੋਇਆ ਸੀ।"

"ਅਪੈਂਡੇਸਾਈਟਿਸ।"

ਤੁਸ਼ਾਰ ਦੀਆਂ ਉੱਠੀਆਂ ਬਾਹਵਾਂ ਢਿਲ੍ਹਕ ਗਈਆਂ। ਬੜਾ ਕੁਝ ਖ਼ਤਮ ਹੋ ਗਿਆ ਹੈ ਇਹਨਾਂ ਪੰਜ ਸਾਲਾਂ ਵਿਚ। ਕੀ ਪਰਤ ਆਏਗਾ ਸਭ ਕੁਝ?

ਸਮਾਂ ਬੀਤ ਗਿਆ। ਤੁਸ਼ਾਰ ਪਰਤ ਨਹੀਂ ਸਕਿਆ।

**ਸ਼ਾ**ਮ ਨੂੰ ਕਲਿਆਣੀ ਨੇ ਆਪਣੇ ਵਾਲਾਂ ਦਾ ਜੂੜਾ ਕੀਤਾ। ਥੋੜ੍ਹਾ ਮੇਕਅੱਪ ਵੀ ਕੀਤਾ। ਚਾਹ ਲਈ ਪਾਣੀ ਧਰਿਆ। ਰਿੱਝ-ਰਿੱਝ ਪਾਣੀ ਲਗਭਗ ਸੁੱਕ ਗਿਆ। ਗੈਸ ਦਾ ਚੁੱਲ੍ਹਾ ਬੰਦ ਕਰਕੇ ਕਲਿਆਣੀ ਬਾਹਰ ਬਾਲਕੋਨੀ ਵਿਚ ਆ ਖੜ੍ਹੀ ਹੋਈ। ਉੱਤਰ ਦਿਸ਼ਾ ਦੀ ਬਾਲਕੋਨੀ, ਦੂਜੇ ਪਾਸੇ ਮੌਲਸ਼੍ਰੀ ਦੇ ਰੁੱਖ ਹੇਠ ਧੂੜ ਭਰੇ ਖਿੱਲਰੇ ਫੁੱਲਾਂ ਵਿਚਕਾਰ ਬੈਠਾ ਉਹ ਪਾਗਲ। ਥੋੜ੍ਹੀ ਦੂਰ ਬੈਠਾ ਇਕ ਆਵਾਰਾ ਕੁੱਤਾ ਪਾਗਲ ਨੂੰ ਦੇਖ ਰਿਹਾ ਹੈ। ਇਸ ਦ੍ਰਿਸ਼ ਨੂੰ ਦੁਖਦਾਈ ਕਹਿ ਸਕਦੇ ਹਾਂ ਤੇ ਨਹੀਂ ਵੀ। ਅਰੁਣ ਬਾਰੇ ਸੋਚਣ ਵਾਲਾ ਹੁਣ ਕੁਝ ਨਹੀਂ ਰਹਿ ਗਿਆ। ਹੁਣ ਉਹ ਸੜਕ ਦਾ ਇਕ ਪਾਗਲ ਹੈ। ਇਕ ਮੁਕਤ ਆਦਮੀ। ਅਜੇ ਬਾਲਕੋਨੀ ਵਿਚ ਹਨੇਰਾ ਹੈ। ਪਿਛਲੇ ਕਮਰੇ ਵਿਚ ਰੋਸ਼ਨੀ ਹੈ, ਇਸ ਲਈ ਸੜਕ ਤੋਂ ਬਾਲਕੋਨੀ ਇਕ ਛਾਂ ਜਿਹੀ ਦਿੱਸ ਰਹੀ ਹੈ। ਮੌਲਸ਼੍ਰੀ ਤੋਂ ਕੋਈ ਟਾਵਾਂ-ਟਾਵਾਂ ਫੁੱਲ,



ਕਦੇ-ਕਦਾਰ ਡਿੱਗ ਪੈਂਦਾ ਹੈ। ਸ਼ਾਂਤ, ਚਿੰਤਾ-ਮੁਕਤ ਉਹ ਪਾਗਲ ਆਪਣੇ ਹੱਥ ਵਧਾ ਕੇ ਫੁੱਲਾਂ ਨੂੰ ਮਸਲ ਦੇਂਦਾ ਹੈ। ਰਾਤ ਡੂੰਘੀ ਹੁੰਦੀ ਜਾ ਰਹੀ ਹੈ। ਉਸਨੂੰ ਭੁੱਖ ਲੱਗੀ ਜਾਪਦੀ ਹੈ।

**ਪੁ**ਰਾਣੀ ਇਮਾਰਤ ਦੀਆਂ ਪੌੜੀਆਂ ਉੱਤਰਦਿਆਂ ਦੇਰ ਹੋ ਗਈ। ਤੁਸ਼ਾਰ ਸੜਕ 'ਤੇ ਤੁਰਿਆ ਆ ਰਿਹਾ ਹੈ। ਕਦੀ ਸੁੰਨਸਾਨ ਸ਼ੈਕਸਪੀਅਰ ਮਾਰਗ, ਕਦੀ ਭੀੜ ਭਰੀ ਚੌਰੰਗੀ ਰੋਡ 'ਤੇ ਦੇਰ ਤਕ ਟਹਿਲਦਾ ਰਿਹਾ ਹੈ ਤੁਸ਼ਾਰ। ਅਜੇ ਵੀ ਲੱਗਦਾ ਹੈ, ਉੱਚੀ ਇਮਾਰਤ ਦਾ ਲੋਹੇ ਦਾ ਫਰੇਮ ਆਸਮਾਨ ਵਿਚ ਤਣਿਆ ਹੋਇਆ ਹੈ ਤੇ ਲੋਹੇ ਦੇ ਬੀਮ 'ਤੇ ਮੁੰਡਾ ਬੱਜਰੀ ਦੀਆਂ ਡਲੀਆਂ ਮਾਰ ਰਿਹਾ ਹੈ—ਟੰਨ...ਟੰਨ...ਉਸਦਾ ਮਨ ਕਹਿੰਦਾ ਹੈ—ਨਹੀਂ ਏਥੇ ਨਈਂ। ਚੱਲ ਸਮੁੰਦਰ ਵੱਲ ਚਲਦੇ ਹਾਂ ਜਾਂ ਚਲਦੇ ਹਾਂ ਕਿਸੇ ਪਹਾੜ 'ਤੇ। ਛੁੱਟੀ ਚਾਹੀਦੀ ਹੈ। ਹੁਣ ਮੁਕਤੀ ਚਾਹੀਦੀ ਹੈ। ਸਮਾਂ ਵਿਅਰਥ ਨਿਕਲਦਾ ਜਾ ਰਿਹਾ ਹੈ। ਮੁਕਤ ਹੋਣ ਦਾ ਇਹ ਕਿਹੜਾ ਮਿਰਗਛਲ ਹੈ? ਕੀ ਨੌਕਰੀ ਕਰਦਾ-ਕਰਦਾ ਥੱਕ ਗਿਆ ਹੈ ਉਹ? ਘਰ-ਪਰਿਵਾਰ ਦੀ ਹਰ ਰੋਜ਼ ਦੀ ਰਸਹੀਣ ਜ਼ਿੰਦਗੀ ਤੋਂ ਉਕਤਾਅ ਗਿਆ ਹੈ ਉਹ? ਕਲਿਆਣੀ ਦੀ ਸਾਰੀ ਕਸ਼ਿਸ਼ ਸਮਾਪਤ ਹੋ ਚੁੱਕੀ ਹੈ?

ਦੇਰ ਰਾਤ ਨੂੰ ਤੁਸ਼ਾਰ ਘਰ ਪਰਤਿਆ।

ਸੋਮਾ ਸੌਂ ਗਈ ਸੀ। ਦਰਵਾਜ਼ਾ ਖੋਲ੍ਹ ਕੇ ਕਲਿਆਣੀ ਤੁਸ਼ਾਰ ਦਾ ਚਿਹਰਾ ਦੇਖਦੀ ਰਹੀ।

"ਤੁਸੀ ਸ਼ਰਾਬ ਪੀਤੀ ਏ?"

"ਹਾਂ, ਪੀਤੀ ਏ।"

"ਹੋਰ ਕਿੱਥੇ ਗਏ ਸੀ?"

"ਕਿੱਥੇ..."

ਬੈੱਡ 'ਤੇ ਮੂਧੇ ਮੂੰਹ ਪਈ ਕਲਿਆਣੀ ਦੇਰ ਤਕ ਸਿਸਕਦੀ ਰਹੀ।

ਤੁਸ਼ਾਰ ਨੇ ਖਿਝ ਕੇ ਪੁੱਛਿਆ, "ਰੋ ਕਿਓਂ ਰਹੀ ਏਂ...ਸ਼ਰਾਬ ਮੈਂ ਪਹਿਲੀ ਵਾਰੀ ਨਈਂ ਪੀਤੀ। ਸਾਨੂੰ ਬੰਦਿਆਂ ਨੂੰ ਜਿਸ ਤਣਾਅ 'ਚੋਂ ਲੰਘਣਾ ਪੈਂਦੈ, ਬਿਨਾਂ ਪੀਤੇ ਕੰਮ ਨਈਂ ਚੱਲਦਾ।"

ਰੋਂਦਿਆਂ-ਰੋਂਦਿਆਂ ਸਿਰ ਚੁੱਕ ਕੇ ਅਚਾਨਕ ਕਲਿਆਣੀ ਨੇ ਪੁੱਛਿਆ, "ਸਿਰਫ਼ ਸ਼ਰਾਬ? ਕਿਸੇ ਔਰਤ ਕੋਲ ਨਈਂ ਗਏ ਸੀ? ਤੁਹਾਡੇ ਬੁੱਲ੍ਹਾਂ 'ਤੇ, ਸ਼ਰਟ 'ਤੇ ਲਿਪਸਟਿਕ ਦੇ ਦਾਗ਼ ਨੇ। ਤੁਹਾਡੇ ਕੱਪੜਿਆਂ 'ਚੋਂ ਸੈਂਟ ਦੀ ਬੂ ਆ ਰਹੀ ਏ। ਸੈਂਟ ਤਾਂ ਤੁਸੀਂ ਅੱਜ ਤਕ ਕਦੀ ਨਈਂ ਲਾਇਆ।"

ਤੁਸ਼ਾਰ ਇੰਤਜ਼ਾਰ ਕਰਦਾ ਰਿਹਾ। ਇਸ ਵੇਲੇ ਇੰਤਜ਼ਾਰ ਦੇ ਸਿਵਾਏ ਕੋਈ ਉਪਾਅ ਵੀ ਨਹੀਂ ਸੀ। ਰਾਤ ਇਕ ਹਨ੍ਹੇਰੀ ਗੁਫ਼ਾ ਦੇ ਹਨ੍ਹਰੇ ਰਸਤੇ ਵਾਂਗ ਕਿਤੇ ਜਾ ਰਹੀ ਸੀ। ਤੁਸ਼ਾਰ ਨੂੰ ਕਾਫੀ ਮਿਹਨਤ ਕਰਨੀ ਪਈ, ਉਸਦੇ ਗੁੱਸੇ ਤੇ ਦੁੱਖ ਦੇ ਉਬਾਲ ਨੂੰ ਸ਼ਾਂਤ ਕਰਨ ਲਈ।

ਉੱਠ ਕੇ ਉਸਨੇ ਖਾਣਾ ਪਰੋਸਿਆ।

ਬਾਹਰ ਮੌਲਸ਼੍ਰੀ ਦੇ ਰੁੱਖ ਹੇਠ ਬੈਠਾ ਪਾਗਲ ਉਦੋਂ ਤਕ ਬਹੁਤ ਸਾਰੇ ਫੁੱਲਾਂ ਨੂੰ ਆਪਣੇ ਨੌਂਹਾਂ ਨਾਲ ਮਰੁੰਡ ਕੇ ਢੇਰ ਲਾ ਚੁੱਕਿਆ ਸੀ। ਭਖਦੀਆਂ ਅੱਖਾਂ ਨਾਲ ਉਹ ਹਨੇਰੇ ਵਿਚ ਲੁਕੀ ਬਾਲਕੋਨੀ ਨੂੰ ਦੇਖ ਰਿਹਾ ਸੀ। ਘਰ ਦੇ ਦਰਵਾਜ਼ੇ ਬੰਦ ਨੇ। ਉਸਨੂੰ ਭੁੱਖ ਲੱਗੀ ਹੈ। ਕਦੀ-ਕਦੀ ਉਹ ਚੀਕਣ ਲੱਗਦਾ ਹੈ—

"ਹਨ੍ਹੇਰਾ...ਗੂੜ੍ਹਾ ਹਨ੍ਹੇਰਾ...ਕੋਈ ਹੈ...??"

ਤੁਸ਼ਾਰ ਨੇ ਇਹ ਆਵਾਜ਼ ਸੁਣੀ। ਖਾਂਦਿਆਂ-ਖਾਂਦਿਆਂ ਪੁੱਛਿਆ, "ਰਾਤ ਦਾ ਖਾਣਾ ਨਈਂ ਦਿੱਤਾ ਉਸ ਪਾਗਲ ਨੂੰ?"

"ਕਿੱਦਾਂ ਦਿੰਦੀ ? ਰਾਤ ਨੂੰ ਮੰਗਲਾ ਇਕ ਵਾਰ ਫੇਰ ਆਉਂਦੀ ਏ—ਉਸ ਪਾਗਲ ਨੂੰ ਖਾਣਾ ਦੇਣ ਲਈ। ਅੱਜ ਨਈਂ ਆਈ, ਉਸਦਾ ਮੁੰਡਾ ਬਿਮਾਰ ਏ।"

"ਮੈਨੂੰ ਫੜਾ, ਮੈਂ ਦੇ ਆਉਣਾਂ।"

"ਤੁਸੀਂ ਦੇ ਕੇ ਆਓਗੇ !" ਕਲਿਆਣੀ ਨੇ ਹੈਰਾਨੀ ਨਾਲ ਪੁੱਛਿਆ।

"ਹਾਂ, ਕਿਓਂ ਨਈਂ।"

"ਸਿਰਫ਼ ਦੇਣਾ ਈ ਨਈਂ...ਸਾਹਬ ਦੇ ਖਾਣ ਪਿੱਛੋਂ ਉਸਦੇ ਜੂਠੇ ਭਾਂਡੇ ਵੀ ਲੈ ਕੇ ਆਉਣੇ ਐਂ। ਪਾਗਲ ਦੀ ਜੂਠ ਨੂੰ ਹੱਥ ਲਾਓਗੇ ਤੁਸੀਂ ?"

ਤੁਸ਼ਾਰ ਮੁਸਕਰਾਇਆ, "ਤੇਰੇ ਲਈ ਉਸ ਨੇ ਆਪਣਾ ਬਹੁਤ ਕੁਛ ਦਿੱਤੈ, ਉਸ ਲਈ ਵੀ ਤਾਂ ਸਾਨੂੰ ਕੁਛ ਦੇਣਾ ਚਾਹੀਦਾ ਏ।"

ਕਲਿਆਣੀ ਨੇ ਅੱਜ ਥਾਲੀ ਵਿਚ ਨਹੀਂ ਇਕ ਪੁਰਾਣੇ ਅਖ਼ਬਾਰ ਵਿਚ ਲਪੇਟ ਦਿੱਤਾ ਹੈ ਪਾਗਲ ਦਾ ਖਾਣਾ। ਤੁਸ਼ਰ ਅਖ਼ਬਾਰ ਵਿਚ ਲਪੇਟੇ ਖਾਣੇ ਦਾ ਪੈਕਟ ਲੈ ਕੇ ਮੌਲਸ਼੍ਰੀ ਦੇ ਰੁੱਖ ਹੇਠ ਗਿਆ। ਪਾਗਲ ਨੇ ਤੁਸ਼ਾਰ ਵੱਲ ਸਿਰ ਚੁੱਕ ਕੇ ਵੀ ਨਹੀਂ ਦੇਖਿਆ। ਹੱਥ ਵਧਾ ਕੇ ਪੈਕਟ ਲੈ ਲਿਆ। ਪੈਕਟ ਖੋਲ੍ਹ ਕੇ ਕਾਹਲ ਨਾਲ ਖਾਣ ਲੱਗਾ।

ਸਿਗਰਟ ਪੀਂਦਾ ਹੋਇਆ ਤੁਸ਼ਾਰ, ਥੋੜ੍ਹੀ ਦੂਰ ਖਲੋ ਕੇ, ਉਹ ਦ੍ਰਿਸ਼ ਦੇਖਦਾ ਰਿਹਾ।

ਕੀ ਖਾਣੇ ਦੇ ਸਿਵਾਏ ਹੋਰ ਕੁਝ ਨਹੀਂ ਸਮਝ ਸਕਦਾ ਅਰੁਣ ?

ਪਾਗਲ ਨੇ ਸਿਰ ਨਹੀਂ ਚੁੱਕਿਆ। ਉਸਨੂੰ ਭੁੱਖ ਲੱਗੀ ਹੋਈ ਸੀ। ਉਹ ਖਾਂਦਾ ਰਿਹਾ।

ਉੱਥੇ...ਉਸ ਬਾਲਕੋਨੀ ਵਿਚ ਕਲਿਆਣੀ ਅਕਸਰ ਆ ਕੇ ਖੜ੍ਹੀ ਹੋ ਜਾਂਦੀ ਹੈ, ਉਸ ਵੱਲ ਨਹੀਂ ਦੇਖਦਾ ? ਉਸਦੀ ਖੱਬੀ ਗੱਲ੍ਹ 'ਤੇ ਇਕ ਤਿਲ, ਜਿਹੜਾ ਕਿਸੇ ਭੌਰ ਵਾਂਗ ਬੈਠਾ ਲੱਗਦਾ ਹੈ, ਉਸਨੂੰ ਵੀ ਨਹੀਂ ਦੇਖਦਾ ? ਉਸ ਦੀਆਂ ਅੱਖਾਂ ਦੀਆਂ ਸੰਘਣੀਆਂ ਪਲਕਾਂ, ਲੰਮੀ ਸੁਰਾਹੀਦਾਰ ਗਰਦਨ, ਗੋਰਾ ਰੰਗ ਸਭ ਕੁਝ ਓਵੇਂ ਹੀ ਹੈ, ਬਿਲਕੁਲ ਨਹੀਂ ਬਦਲਿਆ। ਤੂੰ ਉਸਦੇ ਇਸ ਅਚਲ ਰੂਪ ਨੂੰ, ਸੁੰਦਰਤਾ ਨੂੰ ਅੱਖਾਂ ਵਿਚ ਕਿਉਂ ਨਹੀਂ ਭਰ ਲੈਂਦਾ ਅਰੁਣ ?

ਪਾਗਲ ਨੂੰ ਕੋਈ ਪ੍ਰਵਾਹ ਨਹੀਂ। ਉਹ ਭੁੱਖਾ ਹੈ, ਖਾ ਰਿਹਾ ਹੈ।

ਆਸਮਾਨ ਬੱਦਲਾਂ ਨਾਲ ਭਰ ਗਿਆ ਹੈ। ਤੁਸ਼ਾਰ ਨੇ ਸਿਰ ਚੁੱਕ ਕੇ ਦੇਖਿਆ। ਲਾਲ-ਭੂਰਾ ਆਸਮਾਨ, ਰੁਕੀ ਹੋਈ ਹਵਾ ਜਿੱਦਾਂ ਕਿਸੇ ਨੇ ਖੇਡ-ਖੇਡ ਵਿਚ ਕਹਿ ਦਿੱਤਾ ਹੋਏ—ਸਟੈਚੂ ! ਹਨੇਰੀ, ਬਰਸਾਤ ਵਿਚ ਇਹ ਪਾਗਲ ਏਥੇ ਹੀ ਬੈਠਾ ਰਹੇਗਾ। ਸ਼ਾਇਦ ਕਿਸੇ ਪੋਰਚ ਜਾਂ ਵਰਾਂਡੇ ਵਿਚ ਜਾ ਕੇ ਖੜ੍ਹਾ ਹੋ ਜਾਏਗਾ ਤੇ ਕਿਸੇ ਟੁੱਟੇ ਹੋਏ ਸੁਪਨੇ ਦੇ ਮਲਬੇ ਨੂੰ ਅੰਦਰ ਲਗਾਤਾਰ ਵਹਿੰਦੀ ਨਦੀ ਵਿਚ ਰੁੜ੍ਹਿਆ ਜਾਂਦਾ ਦੇਖਦਾ ਰਹੇਗਾ, ਦੇਖਦਾ ਰਹੇਗਾ।

ਅਰੁਣ ਨੂੰ ਕਿਸੇ ਨਿਯਮ-ਅਸੂਲ ਦੀ ਲੋੜ ਨਹੀਂ, ਫੇਰ ਵੀ ਉਹ ਇਕ ਨਿਯਮ ਵਿਚ ਬੱਧਾ ਹੋਇਆ ਹੈ। ਉਸਦੀ ਮੁਕਤੀ ? ਦਾਲ-ਸਬਜ਼ੀ ਨਾਲ ਲਿੱਬੜਿਆ ਅਖ਼ਬਾਰ ਹੁਣ ਪਾਟ ਚੁੱਕਿਆ ਹੈ। ਫੁੱਟਪਾਥ ਦੀ ਧੂੜ ਵਿਚ ਡਿੱਗ ਪਏ ਨੇ ਕੁਝ ਚੌਲਾਂ ਦੇ ਦਾਣੇ। ਪਾਗਲ ਆਪਣੇ ਗੰਦੇ ਹੱਥਾਂ ਤੇ ਨੌਹਾਂ ਨਾਲ ਚੁੱਕ-ਚੁੱਕ ਕੇ ਖਾ ਰਿਹਾ ਹੈ। ਨੇੜੇ ਹੀ ਇਕ ਆਵਾਰਾ ਕੁੱਤਾ ਬੈਠਾ ਹੈ, ਦੋ ਖੜ੍ਹੇ ਨੇ।

ਤੁਸ਼ਾਰ ਨੇ ਨਜ਼ਰਾਂ ਹਟਾ ਲਈਆਂ।

**ਕ**ਮਰੇ ਵਿਚ ਹਨੇਰਾ ਹੁੰਦਿਆਂ ਹੀ ਫੇਰ ਉਹੀ ਵਿਸ਼ਾਲ ਕੱਦ ਲੋਹੇ ਦਾ ਫਰੇਮ, ਹਲਕਾ ਹਨੇਰਾ, ਲੋਹੇ ਦੇ ਬੀਮ ਨਾਲ ਵੱਟੀਆਂ ਦੇ ਟਕਰਾਉਣ ਦੀ ਟੰਨ..ਟੰਨ...। ਮੁਕਤੀ ਦੀ ਕਾਮਨਾ, ਇਕ



ਤੀਬਰ ਕਾਮਨਾ। ਪਰ ਕਿਸ ਕੋਲੋਂ, ਕਿਹੜੀ ਮੁਕਤੀ, ਕੌਣ ਜਾਣੇ ?...ਅੰਦਰ ਉੱਠੀ ਇੱਛਾ ਗਰਮ ਪਾਰੇ ਵਾਂਗ ਭੁੜਕਣ ਲੱਗੀ।

ਇਕ ਅਤ੍ਰਿਪਤ ਪਿਆਸ ਹੱਥੋਂ ਸਤ ਕੇ ਉਸਨੇ ਕਮਰੇ ਦੀ ਬੱਤੀ ਜਗਾਈ।

ਕਲਿਆਣੀ ਨੇ ਪੁੱਛਿਆ, "ਕੀ ਹੋਇਆ ?"

'ਤੇਜਤ ਆਵਾਜ਼ ਵਿਚ ਤੁਸ਼ਾਰ ਨੇ ਕਿਹਾ, "ਕਲਿਆਣੀ, ਏਧਰ ਆ...ਜ਼ਰਾ ਏਧਰ ਆ।" ਉਸ ਪਿੱਛੋਂ ਆਪਣਾ ਹੱਥ ਵਧਾ ਕੇ ਉਹ, ਕਲਿਆਣੀ ਨੂੰ ਖਿੱਚ ਕੇ ਮੰਜੇ ਤੋਂ ਉਠਾਉਣ ਲੱਗਾ। ਉਸਨੂੰ ਆਪਣੇ ਬੈੱਡ 'ਤੇ ਲੈ ਆਇਆ। ਕਲਿਆਣੀ ਪਸੀਨੇ ਨਾਲ ਭਿੱਜ ਗਈ। ਚਮਕਦੀ ਰੌਸ਼ਨੀ ਨੇ ਬੰਨ੍ਹ ਦਾ ਜਿੱਦਾਂ ਸਲੂਰਡਸ ਗੇਟ ਖੋਲ੍ਹ ਦਿੱਤਾ ਹੋਏ। ਤੁਸ਼ਾਰ ਉਸਨੂੰ ਮਥਨ ਲੱਗਾ।

ਬੁੜਬੁੜਾਉਣ ਲੱਗਾ, 'ਕਿਓ ਪਾਗਲ ਐ ਤੇਰੇ ਲਈ ? ਤੇਰੇ ਅੰਦਰ ਕੀ ਐ ਉਹ ? ਕਿਹੜੀ ਕੀਮਤੀ ਸ਼ੈ ! ਕੀ ਤੂੰ ਮੈਨੂੰ ਦੇ ਸਕਦੀ ਏਂ ?'

ਵਿਅਰਥ ! ਅੰਤ ਵਿਚ ਥਕਾਵਟ ਦੇ ਸਿਵਾਏ ਕੁਛ ਵੀ ਨਹੀਂ। ਏਨਾ ਹੀ ! ਹੋਰ ਕੁਛ ਨਹੀਂ।

ਦੋਵੇਂ ਸੌਂ ਜਾਂਦੇ ਨੇ। ਬਾਹਰ ਹਨੇਰੀ ਦੀ ਹਵਾ ਦਾ ਪਹਿਲਾਂ ਵਰੋਲਾ। ਬਾਰਸ਼ ਦੀ ਪਹਿਲੀ ਬੂੰਦ ਪਾਗਲ ਦੇ ਬੁੱਲ੍ਹਾਂ 'ਤੇ ਕਿਸੇ ਪਤੰਗੇ ਵਾਂਗ ਉੱਡ ਕੇ ਆ ਬੈਠੀ ਹੈ। ਬੈਠਾ-ਬੈਠਾ ਊਂਘ ਰਿਹਾ ਹੈ ਪਾਗਲ। ਹਵਾ ਉਸਦੇ ਲਾਲ ਭੂਰੇ ਵਾਲਾਂ ਨਾਲ ਖੇਡ ਰਹੀ ਹੈ, ਜਿਹਨਾਂ ਵਿਚ ਜਟਾਂ ਬਣੇ ਵਾਲ ਆਪਣੇ ਨੂੰ ਓਪਰਾ ਸਮਝ ਰਹੇ ਨੇ। ਆਸਮਾਨ ਵਿਚ ਲਿਸ਼ਕਦੀ ਹੋਈ ਬਿਜਲੀ ਨੇ ਉਸਦੇ ਚਿਹਰੇ ਨੂੰ ਰੌਸ਼ਨਾ ਦਿੱਤਾ ਹੈ। ਮੌਲਸ਼੍ਰੀ ਦੇ ਫੁੱਲਾਂ ਦੀ ਵਾਛੜ ਹੋ ਰਹੀ ਹੈ, ਉਸਦੇ ਸਿਰ ਤੇ ਮੋਢਿਆਂ ਉੱਤੇ। ਖ਼ਾਸੀ ਉਚਾਈ ਤੋਂ ਕਰੇਨ-ਹੈਮਰ ਘੜੰਮ ਕਰਕੇ ਹੇਠ ਉਤਰ ਆਇਆ ਹੈ।

ਤੁਸ਼ਾਰ ਤ੍ਰਬਕ ਕੇ ਉੱਠਿਆ। ਦਿਲ ਫੜਕ-ਫੜਕ ਵੱਜਣ ਲੱਗਾ। ਧੜਕਣ ਏਨੀ ਤੇਜ਼ ਹੈ ਕਿ ਉਸਨੇ ਆਪਣੇ ਦੋਵਾਂ ਹੱਥਾਂ ਨਾਲ ਆਪਣੀ ਛਾਤੀ ਨੂੰ ਘੁੱਟਿਆ ਹੋਇਆ ਹੈ। ਮਸੀਂ ਕੁਝ ਅਸਪੱਸ਼ਟ ਸਬਦ ਨਿਕਲ ਰਹੇ ਨੇ ਉਸਦੇ ਬੁੱਲ੍ਹਾਂ ਵਿਚੋਂ।

ਕਿਸ ਚੀਜ਼ ਦੀ ਆਵਾਜ਼ ਹੈ ਇਹ ? ਹਨੇਰੇ ਵਿਚ, ਲੰਮੇ-ਉੱਚੇ ਊਠ ਦੀ ਗਰਦਨ ਵਰਗਾ ਕਰੇਨ-ਹੈਮਰ ਕਿੱਥੇ ਦੇਖਿਆ ਹੈ ਉਸਨੇ ? ਕਦੋਂ ਦੇਖਿਆ ਹੈ ? ਬਾਹਰ ਹਨੇਰੀ ਦਾ ਵੇਗ, ਹਰ ਘਰ ਦਾ ਬੂਹਾ ਖੜਕਾ ਕੇ ਪਰਤ ਰਿਹਾ ਹੈ। ਆਪਣੀ ਇਸ ਇਕਲੌਤੀ ਯਾਤਰਾ ਦੀ ਖ਼ੁਸ਼ੀ ਵਿਚ ਹਨੇਰੀ ਜਿੱਦਾਂ ਪੂਰੀ ਸੰਤੁਸ਼ਟ ਹੋ ਗਈ ਹੋਏ। ਅੱਧੀ ਰਾਤ ਨੂੰ ਨੀਂਦ ਟੁੱਟ ਜਾਣ ਕਰਕੇ ਤੁਸ਼ਾਰ ਹੁਣ ਤਕ ਕਿਸੇ ਮਜ਼ਬੂਰ ਆਦਮੀ ਵਰਗਾ ਦਿੱਸ ਰਿਹਾ ਹੈ। ਦਿਲ ਭੈਭੀਤ ਹੈ, ਉਹ ਸੁਸਤਾਉਣਾ ਚਾਹੁੰਦਾ ਹੈ। ਸੁਸਤਾ ਲੈਣ ਦਿਓ ਥੋੜ੍ਹੀ ਦੇਰ, ਸ਼ਾਇਦ ਸ਼ਾਂਤੀ ਮਿਲ ਜਾਏ। ਉਹ ਹੌਲੀ-ਹੌਲੀ ਯਾਦਾਂ ਵੱਲ ਪਰਤਿਆ—ਵਿਸ਼ਾਲ ਲੋਹੇ ਦਾ ਫ਼ਰੇਮ, ਗੂੜ੍ਹਾ ਹਨੇਰਾ, ਉੱਚਾ ਕਰੇਨ-ਹੈਮਰ, ਇਹ ਦਿਲ ਆਰਾਮ ਤੋਂ ਭੈਭੀਤ ਹੈ। ਮੁਕਤੀ ਦੀ ਤੀਬਰ ਇੱਛਾ ਨਾਲ ਛਟਪਟਾਉਣ ਲੱਗਾ। ਫੇਰ ਉਹੀ ਆਵਾਜ਼—ਚੱਲ ਸਮੁੰਦਰ ਵੱਲ...ਪਹਾੜ ਵੱਲ...ਚੱਲ ਕਿਤੇ ਖਿੰਡ ਜਾਈਏ...

ਛਾਤੀ ਘੁੱਟ ਕੇ ਤੁਸ਼ਾਰ ਹੌਲੀ-ਹੌਲੀ ਹੌਂਕਣ ਲੱਗਾ।

ਬਾਹਰ ਕਿਤੇ ਬਿਜਲੀ ਡਿੱਗੀ।

ਇਸ ਹਨੇਰੀ-ਤੂਫ਼ਾਨ ਵਾਲੀ ਰਾਤ ਵਿਚ ਤੁਸ਼ਾਰ ਚਾਹੁੰਦਾ ਹੈ—ਇਕ ਵਾਰੀ ਬਾਹਰ ਜਾ ਕੇ ਪਾਗਲ ਨੂੰ ਦੇਖ ਆਏ, ਪਰ ਗਿਆ ਨਹੀਂ। ਡਰਪੋਕ ਗ੍ਰਹਿਸਤੀ ਵਾਂਗ ਆਪਣੇ ਸੁਰੱਖਿਅਤ ਕਮਰੇ

ਵਿਚ ਬੈਠਾ ਰਿਹਾ। ਬਾਹਰ ਭਿਖਾਰੀਆਂ ਤੇ ਪਾਗਲਾਂ ਦੇ ਘਰਾਂ ਵਿਚ ਹਨੇਰੀ ਝੁੱਲ ਰਹੀ ਸੀ, ਉਹਨਾਂ ਨੂੰ ਘੇਰ ਕੇ ਬਰਖਾ ਦੇ ਘਰਾਲੇ ਵਗਣ ਲੱਗੇ।

ਦੂਜੇ ਦਿਨ, ਉਸਨੂੰ ਮੌਲਸ਼੍ਰੀ ਦੇ ਰੁੱਖ ਹੇਠ ਉਹ ਪਾਗਲ ਫੇਰ ਦਿਖਾਈ ਦਿੱਤਾ। ਦਫ਼ਤਰ ਜਾਣ ਤੋਂ ਪਹਿਲਾਂ ਬਾਲਕੋਨੀ ਵਿਚੋਂ ਪਾਨ ਦੀ ਪੀਕ ਥੁੱਕਦਿਆਂ ਤੁਸ਼ਾਰ ਨੇ ਉਸਨੂੰ ਦੇਖਿਆ।

ਕਲਿਆਣੀ ਆਉਂਦੀ ਹੈ ਦੁਪਹਿਰੇ। ਦੇਖਦੀ ਹੈ। ਆਦਤ ਹੈ।

ਤੁਸ਼ਾਰ ਕੰਮ ਵਿਚ ਰੁੱਝਿਆ ਰਿਹਾ। ਏਅਰਕੰਡੀਸ਼ਨ ਕਮਰੇ ਵਿਚ ਉਸਨੂੰ ਕਦੀ-ਕਦੀ ਘੁਟਣ ਹੋਣ ਲੱਗ ਪੈਂਦੀ ਹੈ। ਦਫ਼ਤਰ ਦੇ ਬਾਅਦ ਚਮਗਿੱਦੜਾਂ ਦੀ ਡਾਰ ਵਰਗੀ ਥਕਾਨ ਚੰਬੜ ਜਾਂਦੀ ਹੈ ਚਾਰੇ-ਪਾਸੇ। ਬੜੀ ਦੂਰ ਤਕ ਪੈਦਲ ਤੁਰਦਾ ਹੈ ਤੁਸ਼ਾਰ—ਟੈਕਸੀ ਕਰ ਲੈਂਦਾ ਹੈ ਤੇ ਕਦੀ ਨਹੀਂ ਵੀ ਕਰਦਾ। ਤੁਰਦਾ-ਤੁਰਦਾ ਦੂਰ ਨਿਕਲ ਜਾਂਦਾ ਹੈ। ਕੋਈ ਇਕ ਕੰਮ ਅਧੂਰਾ ਰਹਿ ਗਿਆ ਹੈ ਉਸਦੇ ਜੀਵਨ ਵਿਚ। ਇਕ ਰੋਮਾਂਚਕਾਰੀ, ਆਨੰਦਦਾਈ ਮੁਕਤੀ ਦੀ ਚਾਹ ਸੀ ਜਿਹੜੀ ਨਹੀਂ ਮਿਲੀ ਉਸਨੂੰ। ਬਿੱਲੀ ਦੇ ਪੰਜਿਆਂ ਵਾਂਗ ਵਲੂੰਧਰਦੀ ਰਹਿੰਦੀ ਹੈ, ਉਹ ਅਧੂਰੀ ਕਾਮਨਾ।

ਅਕਸਰ ਰਾਤ ਨੂੰ ਨੀਂਦ ਉੱਖੜ ਜਾਂਦੀ ਹੈ। ਉੱਠ ਕੇ ਬੈਠ ਜਾਂਦਾ ਹੈ। ਸਿਗਰਟ ਪੀਂਦਾ ਹੈ। ਪਾਣੀ ਪੀਂਦਾ ਹੈ। ਦਰਵਾਜ਼ਾ ਖੋਲ੍ਹ ਕੇ ਉੱਤਰ ਵਾਲੇ ਪਾਸੇ ਦੀ ਬਾਲਕੋਨੀ ਵਿਚ ਜਾ ਖੜ੍ਹਾ ਹੁੰਦਾ ਹੈ। ਸਟਰੀਟ ਲਾਈਟ ਦਾ ਖੰਭਾ, ਮੋਮਬੱਤੀ ਵਾਂਗ ਖੜ੍ਹਾ ਹੈ ਸਥਿਰ। ਉਸ ਦੇ ਹੇਠਾਂ ਉਹੀ ਮੌਲਸ਼੍ਰੀ ਦਾ ਰੁੱਖ। ਉਸ ਦਾ ਪ੍ਰਛਾਵਾਂ। ਹਨੇਰੇ ਵਿਚ ਇਕ ਗਠੜੀ ਵਾਂਗ ਪਿਆ ਹੈ ਪਾਗਲ। ਤੁਸ਼ਾਰ ਕਮਰੇ ਵਿਚ ਪਰਤ ਆਉਂਦਾ ਹੈ। ਲਾਈਟ ਜਗਾਉਂਦਾ ਹੈ। ਨੈਟ ਦੀ ਮਹੀਨ ਮੱਛਰਦਾਨੀ ਅੰਦਰ ਸੁੱਤੀ ਹੋਈ ਕਲਿਆਣੀ ਨੂੰ ਪਿਆਸੀਆਂ ਨਜ਼ਰਾਂ ਨਾਲ ਦੇਖਦਾ ਹੈ। ਉਸਦੀ ਛਾਤੀ ਨਾਲ ਚਿਪਕ ਕੇ ਸੁੱਤੀ ਹੋਈ ਹੈ ਸੋਮਾ। ਸੋਮਾ ਦੇ ਸਿਰਹਾਣੇ ਦੋ ਕਾਗਜ਼ ਪਏ ਨੇ, ਉਹਨਾਂ ’ਤੇ ਚਿੱਤਰ ਬਣਾਏ ਨੇ ਸੋਮਾ ਨੇ। ਇਕ ਚਿੱਤਰ ਵਿਚ ਨਦੀ ਹੈ, ਬੇੜੀ ਹੈ, ਰੁੱਖ-ਬੂਟੇ ਨੇ। ਦੂਜੇ ਵਿਚ ਜੂੜੇ ਵਾਲੀ ਇਕ ਔਰਤ ਦਾ ਚਿਹਰਾ। ਹੇਠਾਂ ਲਿਖਿਆ ਹੈ, ਸੋਮਾ। ਸ਼ਾਂਤ ਸੁੱਤੀ ਹੋਈ ਹੈ ਕਲਿਆਣੀ। ਚਿਹਰੇ ’ਤੇ ਇਕ ਨਿਸਚਿੰਤ ਭੋਲਾਪਣ ਹੈ। ਤੁਸ਼ਾਰ ਦੇਖ ਕੇ ਹੌਲੀ-ਜਿਹੀ ਬੁੜਬੁੜਾਇਆ—“ਕਿੱਦਾਂ ਸੁੱਤੀ ਪਈ ਏ ?”

ਇਕ ਸਵੇਰ ਚਾਹ ਪੀਂਦਿਆਂ ਹੋਇਆਂ ਉਦਾਸ ਤੁਸ਼ਾਰ ਨੇ ਕਿਹਾ—“ਚੱਲੋ, ਚੱਲੀਏ।”

“ਕਿੱਥੇ ਚੱਲਾਂਗੇ ?”

“ਕਿਤੇ ਵੀ, ਕਿਤੇ ਦੂਰ। ਸਮੁੰਦਰ ਦੇ ਕਿਨਾਰੇ, ਪਹਾੜ ’ਤੇ।”

“ਪੁਰੀ ਦਾ ਸਮੁੰਦਰ ਤਟ ਤਾਂ ਦੇਖਿਆ ਹੋਇਆ ਏ। ਦਾਰਜਲਿੰਗ, ਸ਼ਿਲਾਂਗ ਵੀ ਦੇਖੇ ਨੇ।”

“ਹੋਰ ਕਿਤੇ, ਅਣਜਾਣ ਨਿਰਜਿੰਦ ਜਗ੍ਹਾ...।” ਤੁਸ਼ਾਰ ਨੇ ਕਿਹਾ।

ਉਹ ਜਾਣਦਾ ਹੈ ਤੇ ਪੱਕੀ ਤਰ੍ਹਾਂ ਜਾਣਦਾ ਹੈ ਕਿ ਉੱਥੇ ਜਾਣਾ ਵਿਅਰਥ ਹੈ। ਕਿੰਨੀ ਵਾਰੀ ਹੀ ਉਹ ਹੋ ਆਇਆ ਹੈ, ਸਮੁੰਦਰ ਕਿਨਾਰੇ, ਪਹਾੜਾਂ ਦੀਆਂ ਹਸੀਨ ਵਾਦੀਆਂ ਵਿਚ। ਇਹਨਾਂ ਵਿਚ ਕਿਤੇ ਮੁਕਤੀ ਨਹੀਂ। ਇੱਛਾਵਾਂ ਪੂਰੀਆਂ ਹੋਣੀਆਂ ਦੁਰਲੱਭ ਨੇ। ਪਰ ਕੋਈ ਰਾਹ ਤਾਂ ਲੱਭਣਾ ਪਏਗਾ।

ਪਾਗ਼ਲ ਉੱਥੇ ਹੀ ਬੈਠਾ ਹੈ, ਉੱਤਰ ਵਾਲੀ ਬਾਲਕੋਨੀ ਵੱਲ ਦੇਖਦਾ ਹੋਇਆ।

ਦਫ਼ਤਰ ਵਿਚ ਕੰਮ ਕਰਦਾ ਹੋਇਆ ਕਦੀ-ਕਦੀ ਤੁਸ਼ਾਰ ਬੁੜਬੁੜਾਉਣ ਲੱਗਦਾ ਹੈ—“ਨਈਂ..ਨਈਂ” ਤ੍ਰਬਕਦਾ ਹੈ। “ਕਿਸਦੇ ਲਈ ਨਹੀਂ, ਕਿਓਂ ਨਹੀਂ ?” ਨਵਾਂ ਸਟੈਨੋ ਮੁੰਡਾ ਡਿਕਟੇਸ਼ਨ ਲੈਂਦਾ-ਲੈਂਦਾ ਹੈਰਾਨੀ ਵੱਸ ਰੁਕ ਜਾਂਦਾ ਹੈ। ਤੁਸ਼ਾਰ ਦੇਖਦਾ ਹੈ ਚਾਰੇ-ਪਾਸੇ। ਕਿਸੇ ਅਦ੍ਰਿਸ਼ ਜਾਲ ਵਾਂਗ ਚਾਰੇ-ਪਾਸੇ ਤਣਿਆ ਹੋਇਆ ਹੈ ਕੁਝ। ਉਹ ਕੀ ਹੈ ? ਕਿਓਂ ਹੈ, ਉਸਦੇ ਬਾਹਰ ਕੀ ਹੈ ?



ਤੁਸ਼ਾਰ, ਸੁੰਨਸਾਨ ਸ਼ੈਕਸਪੀਅਰ ਸ਼੍ਰੇਣੀ ਵਿਚ ਟਹਿਲ ਰਿਹਾ ਹੈ। ਉਹ ਪੈਦਲ ਤੁਰਿਆ ਜਾ ਰਿਹਾ ਹੈ ਸੁੰਨਸਾਨ ਰਾਹਾਂ ’ਤੇ, ਚੱਲ ਰਿਹਾ ਹੋਏ—ਭੀੜ ਵਿਚ ਵੀ। ਉਹ ਤੁਰਦਾ ਜਾ ਰਿਹਾ ਹੈ ਦੂਰ ਹੋਰ ਦੂਰ ਪਰ ਅਦ੍ਰਿਸ਼ ਮਛਰਦਾਨੀ ਵਿਚੋਂ ਬਾਹਰ ਨਹੀਂ ਨਿਕਲਿਆ ਜਾ ਰਿਹਾ।

ਟੈਕਸੀ ਵਿਚ ਬੈਠਦਾ ਹੀ ਕਹਿੰਦਾ ਹੈ, “ਤੇਜ਼ ਚਲਾਓ...ਹੋਰ ਤੇਜ਼...।”

ਟੈਕਸੀ ਉਡਣ ਲੱਗਦੀ ਹੈ, ਪਰ ਫੇਰ ਉਹੀ ਅਦ੍ਰਿਸ਼ ਜਾਲ, ਬਾਰੀਕ ਨੈਟ।

ਉਦਾਸ ਹੋ ਕੇ ਸੋਚਦਾ ਹੈ ‘ਹੈ ਕਿਤੇ ਬਾਹਰ ਨਿਕਲਣ ਦਾ ਰਸਤਾ। ਲੱਭਣਾ ਪਏਗਾ।’

ਅੱਖਾਂ ਬੰਦ ਕਰਕੇ ਸੋਚਦਾ ਹੈ। ਊਠ ਵਾਂਗ ਇਕ ਕਰੇਨ-ਹੈਮਰ ਆਕਾਸ਼ ਵੱਲ ਮੂੰਹ ਚੁੱਕੀ ਖੜ੍ਹਾ ਹੈ। ਪਿੱਛੇ ਓਹੀ ਵਿਸ਼ਾਲ ਕੱਦ ਲੋਹੇ ਦਾ ਫਰੇਮ, ਲੋਹੇ ਦੇ ਬੀਮ ਨਾਲ ਵੱਟੀਆਂ ਦੇ ਟਕਰਾਉਣ ਦੀ ਆਵਾਜ਼...ਟੰਨ...ਟੰਨ...।

ਕਈ ਵਾਰ ਰਾਤ ਨੂੰ ਖਾਣੇ ਵਾਲੀ ਥਾਲੀ ਲੈ ਕੇ ਹੇਠਾਂ ਉਤਰ ਆਉਂਦਾ ਹੈ ਤੁਸ਼ਾਰ। ਖਾਣਾ ਰੱਖ ਕੇ ਥੋੜ੍ਹੀ ਦੂਰੀ ’ਤੇ ਖੜ੍ਹਾ ਹੋ ਜਾਂਦਾ ਹੈ। ਸਿਗਰਟ ਪੀਂਦਾ ਹੈ।

“ਅਰੁਣ ਤੇਰਾ ਜੀਅ ਕਰਦੈ, ਮੇਰੇ ਘਰ ਆਉਣ ਨੂੰ ?”

ਪਾਗਲ ਖਾ ਰਿਹਾ ਹੁੰਦਾ ਹੈ। ਕੋਈ ਉੱਤਰ ਨਹੀਂ ਦਿੰਦਾ।

“ਜਾਨਣਾ ਚਾਹੁੰਦਾ ਏਂ, ਉਹ ਕੈਸੀ ਐ ? ਕੀ ਤੇਰੀ ਇੱਛਾ ਨਈਂ ਹੁੰਦੀ ਕਲਿਆਣੀ ਨੂੰ ਇਕ ਵਾਰ ਨੇੜਿਓਂ ਦੇਖਣ ਦੀ ?” ਪਾਗਲ ਸਿਰ ਚੁੱਕ ਕੇ ਵੀ ਨਹੀਂ ਦੇਖਦਾ, ਖਾਈ ਜਾ ਰਿਹਾ ਹੈ।

“ਇਕ ਦਿਨ ਤੈਨੂੰ ਲੈ ਚੱਲਾਂਗਾ ਆਪਣੇ ਘਰ, ਚੱਲੇਂਗਾ ਅਰੁਣ ?”

ਰਾਹ ਜਾਂਦਾ ਇਕ ਗੁਆਂਢੀ ਰੁਕ ਜਾਂਦਾ ਹੈ। ਅਚਾਨਕ ਕਹਿੰਦਾ ਹੈ, “ਤੁਸੀਂ ਬੜੇ ਦਿਆਲੂ ਹੋ। ਰੋਜ਼ ਦੇਖਦਾਂ, ਤੁਸੀਂ ਇਸ ਪਾਗਲ ਨੂੰ ਸਵੇਰੇ-ਸ਼ਾਮ ਖਾਣਾ ਦਿੰਦੇ ਓ। ਕੋਈ ਨਈਂ ਕਰਦਾ ਅੱਜ ਕੱਲ੍ਹ ਏਨਾ ਕੁਛ ਕਿਸੇ ਲਈ। ਅਸੀਂ ਲੋਕ ਆਪਣੇ ਬੱਚਿਆਂ ਸਾਹਵੇਂ ਤੁਹਾਡੀ ਚਰਚਾ ਕਰਦੇ ਆਂ।” ਤੁਸ਼ਾਰ ਨੇ ਹੈਰਾਨ ਹੋ ਕੇ ਪੁੱਛਿਆ—“ਕੀ ਕਹਿੰਦੇ ਓ ?”

“ਕਹਿੰਦੇ ਆਂ, ਤੁਸੀਂ ਵੀ ਸਾਰੇ ਓਹੋ-ਜਿਹੇ ਮਹਾਪ੍ਰਾਣ ਬਣੋ। ਅਸੀਂ ਸਾਰੇ ਤਾਂ ਖ਼ੁਦ ਨੂੰ ਲੈ ਕੇ ਈ ਏਨੇ ਰੁੱਝੇ-ਉਲਝੇ ਰਹਿੰਦੇ ਆਂ ਕਿ ਅਸੀਂ ਦੁਨੀਆਂ ਲਈ ਕੁਛ ਨਈਂ ਕਰ ਸਕਦੇ। ਚੰਗੇ ਭਾਗੀਂ ਤੁਸੀਂ ਸਾਡੇ ਗੁਆਂਢੀ ਓ।” ਤੁਸ਼ਾਰ ਚੁੱਪ ਹੈ। ਇਹ ਕੇਹਾ ਝੂਠਾ ਪ੍ਰਚਾਰ ਹੈ ! ਦਇਆ ! ਦਇਆ ਸ਼ਬਦ ਕਿੰਨਾ ਅਦਭੁਤ ਹੈ। ਇੰਜ ਤਾਂ ਉਸਨੇ ਸੋਚਿਆ ਵੀ ਨਹੀਂ ਸੀ। ਜਾਲ ਵਿਚ ਬੰਦ ਉਹ ਅਸ਼ਾਂਤੀ ਦਾ ਇਕ ਕੈਦੀ ਹੈ।

ਮੀਂਹ-ਹਨੇਰੀਆਂ ਵਿਚ ਕਰੇਨ-ਹੈਮਰ ਤੁਰੰਤ ਹੇਠ ਉਤਰ ਆਉਂਦਾ ਹੈ।

ਅਜਿਹੀ ਇਕ ਰਾਤ ਨੂੰ ਤੁਸ਼ਾਰ ਨੇ ਕਲਿਆਣੀ ਨੂੰ ਥਾਲੀ ਵਿਚ ਖਾਣਾ ਪਰੋਸਣ ਲਈ ਕਿਹਾ ਤੇ ਦੱਬਵੇਂ ਪੈਰੀਂ ਪੌੜੀਆਂ ਉੱਤਰ ਕੇ ਹੇਠਾਂ ਚਲਾ ਗਿਆ। ਸੜਕ ਪਾਰ ਕਰਕੇ ਮੌਲਸ਼੍ਰੀ ਦੇ ਰੁੱਖ ਹੇਠ ਜਾ ਖੜ੍ਹਾ ਹੋਇਆ।

“ਚੱਲ ਅਰੁਣ, ਇਕ ਵਾਰੀ ਮੇਰੇ ਘਰ ਚੱਲ। ਤੂੰ ਕਦੀ ਆਉਣਾ ਵੀ ਨਈਂ ਚਾਹਿਆ ਮੇਰੇ ਘਰ ? ਅੱਜ ਚੱਲ, ਮੈਂ ਤੈਨੂੰ ਆਪਣੇ ਘਰ ਲੈ ਚੱਲਦਾਂ। ਅੱਜ ਤੈਨੂੰ ਸੱਦਾ ਹੈ ਮੇਰਾ।” ਕਹਿੰਦਿਆਂ ਹੋਇਆਂ ਉਸਨੇ ਪਾਗਲ ਵੱਲ ਹੱਥ ਵਧਾਏ ਤੇ ਆਪਣੇ ਸਾਫ਼ ਸੁਥਰੇ ਹੱਥਾਂ ਵਿਚ ਉਸਦੇ ਗੰਦੇ ਹੱਥ ਫੜ ਲਏ।

ਪਤਾ ਨਹੀਂ, ਪਾਗਲ ਨੇ ਕੀ ਸਮਝਿਆ, ਪਰ ਉਹ ਉੱਠ ਖੜ੍ਹਾ ਹੋਇਆ।

“ਕਲਿਆਣੀ !! ਦੇਖ ਕਿਸ ਨੂੰ ਲਿਆਇਆ ਆਂ ਮੈਂ।”

ਕਲਿਆਣੀ ਦੇ ਹੱਥੋਂ ਇਕ ਚਮਚਾ ਛੁੱਟ ਕੇ ਹੇਠਾਂ ਡਿੱਗ ਪਿਆ। ਉਸਦੀ ਪੂਰੀ ਦੇਹ ਕੰਬਣ ਲੱਗੀ। ਦਿਲ ਬੈਠਣ ਲੱਗਾ। ਚਮਚੇ ਦੇ ਡਿੱਗਣ ਦੀ ਆਵਾਜ਼ ਡਾਢੀ ਭਿਆਨਕ ਲੱਗੀ।

"ਅੱਜ ਖਾਣਾ ਤੂੰ ਆਪਣੇ ਹੱਥੀਂ ਸਜਾ ਕੇ ਦੇਈਂ। ਅਰੁਣ, ਅੱਜ ਸਾਡਾ ਮਹਿਮਾਨ ਏਂ।"

ਡਰ ਦੇ ਮਾਰੇ ਕਲਿਆਣੀ ਦੇ ਬੁੱਲ੍ਹ ਚਿੱਟੇ ਹੋ ਗਏ, "ਓ ਮਾਂ...।"

ਤੁਸ਼ਾਰ ਨੇ ਕਿਹਾ, "ਕੋਈ ਡਰ ਨਈਂ ਕਲਿਆਣੀ, ਸਭ ਠੀਕ ਏ।"

ਕਲਿਆਣੀ ਚੁੱਪਚਾਪ ਖੜ੍ਹੀ ਰਹੀ। ਅੱਖਾਂ ਵਿਚ ਅੱਥਰੂ ਭਰ ਆਏ। ਤੁਸ਼ਾਰ ਦੇ ਸਾਹਮਣੇ ਖੜ੍ਹੇ ਪਾਗਲ ਨੇ ਆਪਣਾ ਸਿਰ ਹੇਠਾਂ ਝੁਕਾ ਲਿਆ, ਖੜ੍ਹਾ ਰਿਹਾ। ਕਲਿਆਣੀ ਨੇ ਅਰੁਣ ਨੂੰ ਏਨਾ ਨੇੜਿਓਂ ਬੜੇ ਦਿਨਾਂ ਦਾ ਨਹੀਂ ਸੀ ਦੇਖਿਆ। ਬੇਬਸੀ ਤੇ ਗ਼ਰੀਬੀ ਦੇ ਚਿਹਰੇ ਦਾ ਮਹਾਸਾਗਰ। ਖਲਾਸੀਆਂ ਵਾਲੀ ਨੀਲੀ ਸ਼ਰਟ ਆਪਣਾ ਰੰਗ ਗੁਆ ਚੁੱਕੀ ਸੀ, ਤਾਰ-ਤਾਰ ਹੋਏ-ਹੋਏ ਸੀ ਰੇਸ਼ੇ। ਖਾਕੀ ਪੈਂਟ ਦਾ ਰੰਗ ਬਦਲ ਕੇ ਭੂਸਲਾ ਹੋ ਗਿਆ ਸੀ। ਸਿਰ ਦੇ ਲਾਲ-ਭੂਰੇ ਵਾਲਾਂ ਵਿਚਲੀਆਂ ਨਾਂਗੇ ਸਾਧਾਂ ਵਰਗੀਆਂ ਜਟਾਂ ਆਪਣੇ ਕੱਚੇ ਜੋਬਨ ਵਿਚ ਸਨ। ਸਾਰੀ ਦੁਨੀਆ ਦੀ ਧੂੜ ਉਸਦੀ ਦੇਹ 'ਤੇ ਲਿਪਟੀ ਜਾਪਦੀ ਸੀ। ਪਰ ਫੇਰ ਵੀ ਦਾਨੀ, ਸੁੰਦਰ, ਸੁਗੰਧ ਭਰੇ ਮੌਲਸ਼੍ਰੀ ਦੇ ਫੁੱਲਾਂ ਨੇ ਉਸਦੇ ਮੋਢਿਆਂ ਤੇ ਸਿਰ ਦੇ ਵਾਲਾਂ ਨੂੰ ਘੇਰਿਆ ਹੋਇਆ ਸੀ। ਕੰਬਦੇ ਹੱਥਾਂ ਨਾਲ ਭੋਜਨ ਦੀ ਥਾਲੀ ਸਜਾ ਦਿੱਤੀ ਕਲਿਆਣੀ ਨੇ।

ਤੁਸ਼ਾਰ ਕਹਿ ਰਿਹਾ ਸੀ, "ਖਾਹ, ਅਰੁਣ...ਖਾਹ...।"

ਖਾਣਾ ਖ਼ਤਮ ਹੋਣ ਪਿੱਛੋਂ ਤੁਸ਼ਾਰ ਨੇ ਉਸਦੇ ਹੱਥ ਨੂੰ ਹੌਲੀ-ਜਿਹੀ ਫੜ ਕੇ ਉਸਨੂੰ ਉਠਾਇਆ। ਆਪਣੇ ਕਮਰੇ ਵਿਚ ਲੈ ਆਇਆ।

"ਅਹਿ ਦੇਖ ਸਾਡਾ ਘਰ। ਉਹ ਜੋ ਮਛਰਦਾਨੀ 'ਚ ਸੁੱਤੀ ਹੋਈ ਏ, ਸਾਡੀ ਧੀ ਰਾਣੀ ਏ, ਸੋਮਾ।"

"ਅਹਿ ਦੇਖ, ਉਸਨੇ ਆਪਣੇ ਹੱਥੀਂ ਚਿੱਤਰ ਬਣਾਏ ਨੇ। ਅਹਿ ਦੇਖ ਵਾਰਡਰੋਬ, ਫ਼ਰਿਜ, ਡਰੈਸਿੰਗ ਟੇਬਲ। ਦੇਖ ਅਹਿ ਕਿੰਨਾ ਈ ਕੁਸ਼।"

ਤੁਸ਼ਾਰ ਘੁੰਮ-ਘੁੰਮ ਕੇ ਅਰੁਣ ਨੂੰ ਉਹ ਸਭ ਕੁਝ ਦਿਖਾਉਂਦਾ ਰਿਹਾ।

ਸਵਾਲ ਵੀ ਕਰਦਾ ਰਿਹਾ ਅਰੁਣ ਨੂੰ, "ਇਸ ਸੁੰਦਰ ਘਰ 'ਚ ਤੇਰੀ ਰਹਿਣ ਦੀ ਇੱਛਾ ਨਈਂ ਹੁੰਦੀ, ਅਰੁਣ? ਤੇਰਾ ਜੀਅ ਨਈਂ ਕਰਦਾ ਕਿ ਤੂੰ ਏਸ ਸਭ ਦਾ ਮਾਲਕ ਬਣ ਜਾਏਂ? ਕਲਿਆਣੀ ਵਰਗੀ ਸੁੰਦਰ ਪਤਨੀ ਮਿਲੇ, ਸੋਮਾ ਵਰਗੀ ਧੀ?"

ਤੁਸ਼ਾਰ ਨੇ ਅਰੁਣ ਦਾ ਹੱਥ ਫੜ ਕੇ ਜ਼ੋਰ ਨਾਲ ਹਿਲਾਇਆ, "ਦੱਸ ਅਰੁਣ, ਤੇਰੀ ਇੱਛਾ ਨਈਂ ਹੁੰਦੀ?"

"ਹਨੇਰਾ...ਭਿਆਨਕ ਹਨੇਰਾ...।" ਪਾਗਲ ਨੇ ਕਿਹਾ।

"ਹਨੇਰਾ...? ਕਿੱਥੇ ਹੈ ਹਨੇਰਾ?"

"ਏਥੇ...।" ਕਹਿੰਦਾ ਹੋਇਆ ਪਾਗਲ ਚਾਰੇ-ਪਾਸੇ ਦੇਖਣ ਲੱਗਾ।

"ਕਿੱਥੇ...?"

"ਸਾਰੇ ਪਾਸੇ...!"

"ਏਥੇ ਨਈਂ ਰਹਿਣਾ ਕਿ ਅਰੁਣ? ਰਹਿ ਪਾ...ਏਥੇ ਰਹਿ ਕੇ ਤਾਂ ਦੇਖ।"

ਪਾਗਲ ਨੇ ਕੁਝ ਨਹੀਂ ਕਿਹਾ। ਨਿਰਾਸ਼ ਹੋ ਕੇ ਤੁਸ਼ਾਰ ਨੇ ਉਸਦਾ ਹੱਥ ਛੱਡ ਦਿੱਤਾ।

ਪਾਗਲ ਹੌਲੀ-ਹੌਲੀ ਕਮਰੇ ਵਿਚੋਂ ਬਾਹਰ ਨਿਕਲ ਗਿਆ। ਪੌੜੀਆਂ ਉਤਰਨ ਲੱਗਾ। ਸੜਕ ਪਾਰ ਕਰਕੇ ਮੌਲਸ਼੍ਰੀ ਦੇ ਰੁੱਖ ਹੇਠਾਂ ਚਲਾ ਗਿਆ। ਆਪਣੇ ਪੈਰ ਪਸਾਰ ਕੇ, ਰੁੱਖ ਨਾਲ ਢੋਅ



ਲਾ ਕੇ ਬੈਠ ਗਿਆ। ਕਲਕਲ ਵਹਿ ਰਹੀ ਸੀ ਨਦੀ ਦੀ ਗੁਪਤ ਧਾਰ। ਉਹ ਆਪਣੀਆਂ ਅੱਖਾਂ ਬੰਦ ਕਰਕੇ, ਨਦੀ ਦੀ ਇਕਸਾਰ ਵਹਿੰਦੀ ਧਾਰ ਨੂੰ ਦੇਖ ਰਿਹਾ ਸੀ।

ਤੁਸ਼ਾਰ ਉੱਤਰ ਵਾਲੀ ਬਾਲਕੋਨੀ ਵਿਚ ਆ ਖੜ੍ਹਾ ਹੋਇਆ। ਦੇਖਿਆ ਪਾਗਲ ਨਿਸ਼ਚਿੰਤ ਹੋ ਕੇ ਮੌਲਸ਼੍ਰੀ ਦੇ ਰੁੱਖ ਹੇਠ ਬੈਠਾ ਹੈ। ਟੱਪ-ਟੱਪ ਮੌਲਸ਼੍ਰੀ ਦੇ ਫੁੱਲ ਉਸਦੇ ਸਿਰ ਤੇ ਮੋਢਿਆਂ 'ਤੇ ਡਿੱਗ ਰਹੇ ਨੇ। ਤੁਸ਼ਾਰ ਦੀਆਂ ਅੱਖਾਂ ਵਿਚ ਅੱਥਰੂ ਆ ਗਏ। 'ਹਾਏ ਇਹ ਪਾਗਲ, ਪ੍ਰੇਮ ਲਈ ਨਈਂ, ਹੁਣ ਸਿਰਫ਼ ਭੋਜਨ ਲਈ ਉਸਦਾ ਬੈਠਣਾ ਬਾਕੀ ਰਹਿ ਗਿਆ ਏ।'

ਕੁਝ ਨਹੀਂ ਚਾਹੀਦਾ ਅਰੁਣ ਨੂੰ, ਮੌਲਸ਼੍ਰੀ ਦੀ ਛਾਂ ਵਿਚ ਉਸਨੇ ਆਪਣੇ ਹਿਰਦੇ ਨੂੰ ਸਮੇਟ ਲਿਆ ਹੈ। ਕਲਿਆਣੀ ਦਾ ਮਨ ਵੀ ਸ਼ੰਕਾ ਰਹਿਤ ਹੋ ਗਿਆ ਹੈ। ਅਰੁਣ ਨੂੰ ਉਸਨੇ ਨੇੜਿਓਂ ਦੇਖਿਆ ਹੈ। ਉਹ ਕੰਬ ਗਈ ਸੀ, ਦੁੱਖ ਨਾਲ, ਭੈ ਨਾਲ, ਹਮਦਰਦੀ ਨਾਲ—ਉਸਨੇ ਦੇਖੀ ਅਰੁਣ ਦੇ ਚਿਹਰੇ ਦੀ ਮੁਰਦਾਨੀ। ਹੁਣ ਅਰੁਣ ਨੂੰ ਕੁਝ ਚੇਤੇ ਨਹੀਂ।

ਇਸ ਵਾਰੀ ਠੰਢ ਬਹੁਤ ਹੈ। ਮੌਲਸ਼੍ਰੀ ਦੇ ਰੁੱਖ ਦੇ ਸੁੱਕੇ ਪੱਤੇ ਝੜ ਰਹੇ ਨੇ, ਪਾਗਲ ਦੇ ਸਰੀਰ ਦੇ ਪਾਟੇ ਕੱਪੜਿਆਂ ਵਿਚ ਪੁਰੇ ਦੀ ਠੰਢੀ ਹਵਾ ਪ੍ਰਵੇਸ਼ ਕਰ ਰਹੀ ਹੈ—ਹੂ...ਹੂ...ਹੂ...। ਕਲਿਆਣੀ ਨੂੰ ਬੜਾ ਤਰਸ ਆ ਰਿਹਾ ਹੈ। ਦੁੱਖਾਂ ਦਾ ਕੋਈ ਬਰਫ਼ੀਲਾ ਤੋਦਾ ਰੇਗਿਸਤਾਨ ਵਿਚ ਜਾ ਡਿੱਗਾ ਹੈ। ਮੰਗਲਾ ਦੇ ਹੱਥ ਇਕ ਪੁਰਾਣਾ ਕੰਬਲ ਭਿਜਵਾ ਦਿੱਤਾ ਹੈ ਕਲਿਆਣੀ ਨੇ। ਪਾਗਲ ਉਹ ਕੰਬਲ ਲਈ ਨਿਰਵਿਕਾਰ ਤੇ ਸ਼ਾਂਤ ਬੈਠਾ ਹੋਇਆ ਹੈ। ਕਲਿਆਣੀ ਦੇ ਦਿਲ ਵਿਚ ਚਸਕ ਹੈ। ਯਾਦ ਆਉਂਦੀ ਹੈ ਉਸਨੂੰ ਪ੍ਰੇਮ ਦੀ ਉਹ ਗੱਲ। ਕੀ ਤੁਸ਼ਾਰ ਉਸਨੂੰ ਹੁਣ ਵੀ ਪ੍ਰੇਮ ਕਰਦਾ ਹੈ, ਕੀ ਪਤਾ? ਕਦੇ-ਕਦਾਰ, ਹਿੰਸਾ ਨਾਲ ਭਰਿਆ ਉਸਨੂੰ ਮਥਣ ਲੱਗਦਾ ਹੈ ਤੇ ਫੇਰ ਅਰਸੇ ਤਕ ਠੁੱਸ।

ਉਹ ਜੋ ਪ੍ਰੇਮ ਲਈ ਪਾਗਲ ਹੈ—ਹਾਂ, ਉਹੀ ਅਰੁਣ—ਉਹ ਬੈਠਾ ਹੈ ਖਾਣੇ ਦੀ ਆਸ ਵਿਚ। ਕਲਿਆਣੀ ਨੂੰ ਵੀ ਨਹੀਂ ਪਛਾਣਦਾ। ਕਿੰਜ ਜਿਊਂਦੀ ਰਹੇ ਕਲਿਆਣੀ? ਕੀ ਇਵੇਂ ਹੀ ਜਿਊਣਾ ਪਏਗਾ ਉਸਨੂੰ?

ਤੁਸ਼ਾਰ 'ਤੇ ਆਪਣੇ ਸਿਰ 'ਤੇ ਤਣੇ ਕਰੇਨ-ਹੈਮਰ ਦਾ ਅਹਿਸਾਸ ਹਮੇਸ਼ਾ ਭਾਰੂ ਰਹਿੰਦਾ ਹੈ। ਡਰ। ਕਿਤੇ ਉਹ ਠਾਹ ਦੇਣੇ ਹੇਠਾਂ ਨਾ ਆ ਡਿੱਗੇ? ਬਿਨਾਂ ਕਾਰਨ ਕੰਬਣ ਲੱਗਦਾ ਹੈ ਦਿਲ, ਦਰਦ ਨਾਲ ਛਟਪਟਾਉਣ ਲੱਗਦਾ ਹੈ।

ਸਵੇਰੇ ਠੀਕ ਨੌਂ ਵਜੇ ਤੁਸ਼ਾਰ ਪਾਨ ਦੀ ਪੀਕ ਥੁੱਕਣ ਲਈ ਉੱਤਰ ਵਾਲੀ ਬਾਲਕੋਨੀ ਵਿਚ ਆਉਂਦਾ ਹੈ। ਪਾਗਲ ਉੱਥੇ ਹੀ ਬੈਠਾ ਹੁੰਦਾ ਹੈ, ਮੌਲਸ਼੍ਰੀ ਦੇ ਹੇਠ। ਦੋਵੇਂ ਇਕ ਦੂਜੇ ਨੂੰ ਦੇਖਦੇ ਨੇ। ਕੰਪਨੀ ਨੂੰ ਇਸ ਸਾਲ 19 ਲੱਖ ਰੁਪਏ ਦਾ ਫ਼ਾਇਦਾ ਹੋਇਆ ਹੈ। ਥਕਾਣ ਵੱਧ ਰਹੀ ਹੈ। ਦਿਨ ਢਲਦੇ ਹੀ ਚਮਗਿੱਦੜਾਂ ਦੀ ਡਰ ਵਾਂਗ ਉਤਰ ਆਉਂਦੀ ਹੈ ਇਕ ਅੰਨ੍ਹੀ ਥਕਾਣ। ਅੰਦਰ-ਮਨ ਨੂੰ ਝੰਜੋੜਦੀ ਹੈ ਇਕ ਤਿੱਖੀ ਕਾਮਨਾ। ਛੁੱਟੀ, ਝੂਠੇ ਮੌਕੇ, ਛਲੇਡਾ-ਮੁਕਤੀ ਲਈ ਬਿਨਾਂ ਵਜ੍ਹਾ ਪ੍ਰੇਸ਼ਾਨ ਹੈ ਤੁਸ਼ਾਰ। ਸਮਾਂ ਆਪਣੀ ਤੋਰ ਤੁਰਦਾ ਜਾ ਰਿਹਾ ਹੈ। ਉਮਰ ਵੱਧ ਰਹੀ ਹੈ।

ਪਾਗਲ ਜਿੱਦਾਂ ਇਕ ਨਦੀ ਦੇ ਕੰਢੇ ਬੈਠਾ ਹੈ। ਧੁੱਪ-ਛਾਂ ਦੀ ਇਹ ਨਦੀ ਕਿੰਨੀ ਸੁੰਦਰ ਹੈ। ਅੱਧਾ ਚਾਨਣ, ਅੱਧਾ ਹਨੇਰਾ। ਅਨੰਤ, ਅਮੁੱਕ ਸ਼ਾਮ। ਨਦੀ ਦੀ ਅਟੁੱਟ ਵਹਿੰਦੀ ਧਾਰ। ਪਾਗ਼ਲ ਇਕ ਟੱਕ ਦੇਖਦਾ ਰਹਿੰਦਾ ਹੈ। ਮੌਲਸ਼੍ਰੀ ਦੇ ਰੁੱਖ ਤੋਂ ਝੜ-ਝੜ ਡਿੱਗਦੇ ਰਹਿੰਦੇ ਨੇ ਕਦੀ ਪੱਤੇ, ਕਦੀ ਫੁੱਲ। ਬਰਖਾ ਹੁੰਦੀ ਹੈ, ਹਨੇਰੀਆਂ ਆਉਂਦੀਆਂ ਨੇ, ਲੰਘ ਜਾਂਦੀਆਂ ਨੇ—ਫੇਰ ਨਜ਼ਰ ਆਉਂਦੀ ਹੈ ਧੁੱਪ।

ਧੁੱਪ-ਛਾਂ ਦੀ ਨਦੀ ਵਹਿੰਦੀ ਰਹਿੰਦੀ ਹੈ, ਵਹਿੰਦੀ ਰਹਿੰਦੀ ਹੈ।

ਪਾਗਲ ਬੈਠਾ ਰਹਿੰਦਾ ਹੈ।

**ਅਨੁਵਾਦ : ਮਹਿੰਦਰ ਬੇਦੀ, ਜੈਤੋ**

**ਤਮਿਸ਼ ਕਹਾਣੀ**

# ਚੂਹੇ

## —ਅਸ਼ੋਕ ਮਿੱਤਰਨ

ਜਦੋਂ ਅਗਲੇ ਦਿਨ ਵੀ ਉਹੀ ਕੁਝ ਦੁਹਰਾਇਆ ਗਿਆ ਤਾਂ ਗਣੇਸ਼ਨ ਨੂੰ ਬੜਾ ਗੁੱਸਾ ਆਇਆ। ਅੱਜ ਰਾਤ ਵੀ ਖਾਣੇ ਤੋਂ ਵਿਹਲੀਆਂ ਹੋ ਕੇ, ਰਸੋਈ ਨੂੰ ਧੋ-ਬੁਹਾਰ ਕੇ, ਘਰ ਦੀਆਂ ਔਰਤਾਂ ਚੱਟਾਈ ਵਿਛਾ ਕੇ ਲੇਟ ਗਈਆਂ। ਇਹ ਕੋਈ ਨਿਆਣੀਆਂ ਤਾਂ ਨਈਂ—ਦੀਦੀ ਪੰਜਾਹ ਦੀ ਹੋ ਚੱਲੀ ਏ, ਪਤਨੀ ਚਾਲੀ ਪਾਰ ਕਰ ਗਈ ਏ ਤੇ ਧੀ ਰਾਣੀ ਤੇਰ੍ਹਾਂ ਦੀ ਹੋ ਚੱਲੀ ਏ। ਡੋਸਾ ਜਾਂ ਪਪੜੇ ਦਾ ਇਕ ਅੱਧਾ ਟੁਕੜਾ ਨਾ ਸਹੀ, ਗਰੀ ਦਾ ਟੁਕੜਾ ਵੀ ਨਈਂ ਬਚਾਅ ਸਕਦੀਆਂ। ਹੁਣ ਕੀ ਸਵਾਹ ਰੱਖਣੀ ਏਂ ਚੂਹੇਦਾਨੀ 'ਚ। ਮਰਨ ਦਿਓ, ਮੈਨੂੰ ਕੀ? ਗਣੇਸ਼ਨ ਹਿਰਖ ਵੱਸ ਚਾਦਰ ਲਪੇਟ ਕੇ ਪੈ ਗਿਆ।

ਮੁਸ਼ਕਲ ਨਾਲ ਅੱਧਾ ਘੰਟਾ ਬੀਤਿਆ ਹੋਏਗਾ ਕਿ ਕਿਸੇ ਚੀਜ਼ ਦੇ ਡਿੱਗਣ ਦੇ ਖੜਾਕ ਨੇ ਜਗਾ ਦਿੱਤਾ। ਚੂਹਾ ਉਂਜ ਈ ਕਿਧਰੇ ਚਹਿਲ ਕਦਮੀ ਕਰ ਰਿਹਾ ਏ। ਪਿੱਤਲ ਦੀ ਪਰਾਤ ਲਗਾਤਾਰ ਕੰਧ ਨਾਲ ਟਕਰਾ ਰਹੀ ਏ। ਮਤਲਬ ਚੂਹੇ ਰਾਮ ਹੁਣ ਦੁਛੱਤੀ 'ਤੇ ਚੜ੍ਹ ਗਏ ਨੇ। ਕਚਰ-ਕਚਰ ਦੀ ਆਵਾਜ਼। ਚੂਹਾ ਪੁਰਾਣੇ ਅਖ਼ਬਾਰਾਂ ਦੇ ਢੇਰ ਤੋਂ ਹੋ ਕੇ ਅੱਗੇ ਵੱਧ ਰਿਹਾ ਏ। ਖੱਟ ਦੀ ਆਵਾਜ਼ ਨਾਲ—ਹੁਣ ਉਹ ਦੁਛੱਤੀ ਤੋਂ ਅਲਮਾਰੀ 'ਤੇ ਛਾਲ ਮਾਰ ਗਿਆ ਏ। ਅਲਮਾਰੀ ਉੱਤੋਂ ਟੀਨ ਦੇ ਖ਼ਾਲੀ ਡੱਬਿਆਂ ਦਾ ਖੜਾਕ। ਚੂਹਾ ਹੁਣ ਅਲਮਾਰੀ ਤੋਂ ਰੈਕ ਵੱਲ ਵੱਧ ਰਿਹਾ ਏ। ਕੁਛ ਚਿਰ ਸ਼ਾਂਤੀ। ਫੇਰ ਕਿਸੇ ਚੀਜ਼ ਦੇ ਡਿੱਗਣ ਦੀ ਆਵਾਜ਼ ਨੇ ਉਸਦੀ ਪਤਨੀ ਨੂੰ ਵੀ ਜਗਾ ਦਿੱਤਾ। ਤੇਲ ਵਾਲੀ ਪੀਪੀ ਦਾ ਢੱਕਣ ਡੇਗਿਆ ਏ। ਉਨੀਂਦੀਆਂ ਅੱਖਾਂ ਨਾਲ ਪਤਨੀ ਨੇ ਢੱਕਣ ਚੁੱਕ ਕੇ ਲਾ ਦਿੱਤਾ ਤੇ ਉਸਨੂੰ ਟੋਕਰੀ ਹੇਠ ਪੂਰੀ ਤਰ੍ਹਾਂ ਢਕ ਦਿੱਤਾ। ਉਹ ਪਤਨੀ ਵੱਲ ਦੇਖ ਕੇ ਦੰਦ ਪੀਂਹਦਾ ਹੋਇਆ ਬੋਲਿਆ, "ਕਿੰਨੀ ਵਾਰੀ ਕਿਹੈ ਬਈ ਰਾਤ ਨੂੰ ਮਾੜਾ ਮੋਟਾ ਕੁਛ ਬਚਾ ਲਿਆ ਕਰ, ਪਰ ਸਾਰਾ ਕੁਛ ਹੜੱਪ ਜਾਂਦੀ ਐ।"

"ਕੁਛ ਹੋਏ ਤਾਂ ਬਚਾ ਕੇ ਰੱਖਾਂ। ਕੀ ਰੱਖਦੀ? ਉਪਮਾ ਜਾਂ ਰਸਮ। ਆਖੋ ਤਾਂ ਉਪਮਾ ਲਟਕਾ ਦਿਆਂ ਚੂਹੇਦਾਨੀ 'ਚ।" ਉਹ ਹਿਰਖ ਕੇ ਬੋਲੀ।

"ਪਤਾ ਨਈਂ ਕੀ ਸਮਝਦੀ ਐ ਆਪਣੇ ਆਪ ਨੂੰ।"

"ਕੁਛ ਵੀ ਨਈਂ। ਡੋਸਾ ਜਾਂ ਬੜਾ ਹੁੰਦਾ ਤਾਂ ਬਚਾ ਵੀ ਰੱਖਦੀ। ਆਪਣੇ ਘਰ ਰੋਜ਼ ਡੋਸੇ ਬੜੇ ਈ ਬਣਦੇ ਐ ਨਾ!" ਉਹ ਵਿਅੰਗ ਵਾਕ ਛੱਡਦੀ ਹੋਈ ਬੋਲੀ।

"ਮੈਨੂੰ ਕੀ, ਚੂਹਾ ਰੋਜ਼ ਸਤਿਆਨਾਸ ਕਰਦਾ ਫਿਰੇ।" ਉਹ ਬੋਲਿਆ। ਪਤਨੀ ਨੇ ਕੋਈ ਉੱਤਰ ਨਾ ਦਿੱਤਾ। ਸਬਜ਼ੀ ਵਾਲੀ ਟੋਕਰੀ ਦੇਖੀ। ਇਕ ਸੁੱਕਾ ਪਿਆਜ ਨਿਕਲਿਆ।

"ਚਾਹੋ ਤਾਂ ਇਹ ਰੱਖ ਕੇ ਦੇਖ ਲਓ।"

ਪਿਆਜ ਉਸਨੇ ਪਤਨੀ ਦੇ ਮੂੰਹ 'ਤੇ ਮਾਰਿਆ। ਸੱਟ ਤਾਂ ਲੱਗੀ, ਪਰ ਉਸਨੇ ਕੁਛ ਕਿਹਾ ਨਹੀਂ। ਉਹ ਚੁੱਪਚਾਪ ਜਾ ਕੇ ਪੈ ਗਈ। ਗਣੇਸ਼ਨ ਨੂੰ ਨੀਂਦ ਨਾ ਆਈ। ਕੋਠੀ ਵਰਗੇ ਦੋ ਛੋਟੇ ਕਮਰਿਆਂ 'ਚ, ਜਿੱਥੇ ਦਸ ਆਦਮੀ ਇਕੱਠੇ ਸੌਣੇ ਤਾਂ ਦੂਰ, ਬੈਠ ਕੇ ਖਾ ਵੀ ਨਈਂ ਸਕਦੇ, ਉੱਥੇ ਚਾਰ-ਪੰਚ ਚੂਹੇ ਤੇ ਚਕਚੂੰਧਰ ਘੁੰਮ ਰਹੇ ਨੇ। ਉਹ ਕੱਪੜੇ ਕੁਤਰ ਜਾਂਦੇ ਨੇ। ਢੱਕਣ ਡੇਗ ਦਿੰਦੇ ਨੇ। ਟਮਾਟਰ ਖਾ ਜਾਂਦੇ ਨੇ ਤੇ ਕਈ ਵਾਰੀ ਤੇਲ ਵੀ ਪੀ ਜਾਂਦੇ ਨੇ। ਆਲੇ 'ਚ ਰੱਖੇ ਦੀਵੇ ਦੀਆਂ ਬੱਤੀਆਂ ਧੂ ਲੈ ਜਾਂਦੇ ਨੇ।



ਗਣੇਸ਼ਨ ਨੇ ਟੰਗਣੀ 'ਤੇ ਟੰਗੀ ਕਮੀਜ਼ ਲਾਹ ਕੇ ਪਾ ਲਈ। ਜੇਬ ਵਿਚ ਚਵਾਨੀ ਪਾਈ ਤੇ ਦਰਵਾਜ਼ਾ ਬਾਹਰੋਂ ਬੰਦ ਕਰਕੇ ਸੜਕ 'ਤੇ ਨਿੱਕਲ ਆਇਆ। ਹੋਟਲ ਬੰਦ ਹੋ ਚੁੱਕੇ ਸਨ। ਚਾਹ ਤੇ ਪਾਨ ਵਾਲੀਆਂ ਦੁਕਾਨਾਂ ਅਜੇ ਖੁੱਲ੍ਹੀਆਂ ਸਨ। ਬੜਾ, ਪੂਰਾ ਨਾ ਸਹੀ ਅੱਧਾ ਤਾਂ ਮਿਲ ਈ ਜਾਏਗਾ—ਵਾਧੂ ਏ। ਕਿਤੇ ਕੁਛ ਬਚਿਆ ਹੋਏਗਾ ਤਦੇ ਨਾ। ਡਬਲ ਰੋਟੀ, ਬਿਸਕੁਟ ਤੇ ਕੇਲੇ ਤਾਂ ਹਰੇਕ ਥਾਂ ਮਿਲਦੇ ਸਨ, ਪਰ ਇਹ ਸਾਰੀਆਂ ਚੀਜ਼ਾਂ ਪਹਿਲਾਂ ਈ ਆਜਮਾ ਚੁੱਕਿਆ ਸੀ ਉਹ—ਚੂਹਿਆਂ ਨੇ ਪੂਛ ਨਈਂ ਸੀ ਮਾਰੀ। ਹੁਣ ਜਦੋਂ ਦੇ ਦਾਲ ਤੇ ਤੇਲ ਦੇ ਭਾਅ ਅਸਮਾਨੀ ਚੜ੍ਹੇ ਨੇ, ਡੋਸਾ-ਬੜਾ ਰੋਜ਼-ਰੋਜ਼ ਕੌਣ ਬਣਾਉਂਦਾ ਏ। ਚੌਲਾਂ ਦਾ ਉਪਮਾ ਜਾਂ ਸੂਜੀ ਦਾ ਉਪਮਾ ਤੇ ਕਦੇ ਖਿਚੜੀ...ਇਹਨਾਂ ਤਿੰਨਾਂ ਦੀ ਤਰਤੀਬ 'ਚ ਫੇਰ ਬਦਲ ਹੁੰਦਾ ਰਹਿੰਦਾ ਏ। ਹੁਣ ਹਾਲਤ ਇਹ ਐ ਕਿ ਚੂਹਿਆਂ ਨੂੰ ਤਾਂ ਕੀ ਗਣੇਸ਼ਨ ਨੂੰ ਵੀ ਇਹਨਾਂ ਤਿੰਨਾਂ ਪਕਵਾਨਾਂ ਦੇ ਨਾਂ ਨਾਲ ਧੁੜਧੁੜੀ ਆਉਣ ਲੱਗਦੀ ਏ। ਚੂਹਿਆਂ ਨੇ ਅੱਜ ਭਲਾ ਸ਼ਗਣ ਦੇਖਿਆ ਹੋਏਗਾ। ਗਣੇਸ਼ਨ ਖ਼ਾਲੀ ਹੱਥ ਵਾਪਸ ਮੁੜਨ ਲੱਗਾ ਸੀ। ਕੁਛ ਦੂਰ ਮੈਦਾਨ ਵਿਚ ਭਾਸ਼ਣ ਚੱਲ ਰਹੇ ਸਨ। ਮੁਸ਼ਕਲ ਨਾਲ ਚਾਲੀ ਪੰਜਾਹ ਦੀ ਭੀੜ ਹੋਏਗੀ। ਮੰਚ 'ਤੇ ਵਕਤਾ ਜ਼ੋਰ-ਜ਼ੋਰ ਨਾਲ ਭਾਸ਼ਣ ਦੇ ਰਹੇ ਸਨ। ਗਣੇਸ਼ਨ ਵੀ ਉੱਥੇ ਜਾ ਅੱਪੜਿਆ। ਵਕਤਾ ਨਿਕਸਨ ਨੂੰ ਚੇਤਾਵਨੀ ਦੇ ਰਿਹਾ ਸੀ, ਫੇਰ ਚੀਨ ਨੂੰ, ਫੇਰ ਬ੍ਰਿਟੇਨ ਨੂੰ। ਫੇਰ ਰੂਸ, ਪਾਕਿਸਤਾਨ ਤੇ ਅਖ਼ੀਰ 'ਚ ਇੰਦਰਾ ਗਾਂਧੀ ਤੇ ਤਮਿਲਨਾਡੂ ਦੇ ਨੇਤਾਵਾਂ ਨੂੰ। ਕਾਸ਼, ਉਹ ਚੇਤਾਵਨੀ ਚੂਹਿਆਂ ਤਕ ਪਹੁੰਚੀ ਹੁੰਦੀ ਤਾਂ ਭੱਜ ਕੇ ਬੰਗਾਲ ਦੀ ਖਾੜੀ 'ਚ ਜਾ ਸ਼ਰਨ ਲੈਂਦੇ। ਇਹ ਚੂਹੇ ਤਮਿਲ ਕਿਉਂ ਨਈਂ ਸਿੱਖ ਲੈਂਦੇ! ਗਣੇਸ਼ਨ ਨੇ ਸੋਚਿਆ।

ਭਾਸ਼ਣ ਨਾਲੋਂ ਵੱਧ ਇਕ ਪਾਸੇ ਖੜ੍ਹੇ ਰੇਹੜੀ ਵਾਲੇ ਦੁਆਲੇ ਜੁੜੀ ਭੀੜ ਨੇ ਗਣੇਸ਼ਨ ਨੂੰ ਆਪਣੇ ਵੱਲ ਖਿੱਚਿਆ। ਰੇਹੜੀ 'ਤੇ ਇਕ ਸਟੋਵ ਬਲ ਰਿਹਾ ਸੀ। ਗਰਮਾਗਰਮ ਪਕਵਾਨ ਤਲੇ ਜਾ ਰਹੇ ਸੀ ਤੇ ਹੱਥੋਂ-ਹੱਥ ਵਿਕ ਵੀ ਰਹੇ ਸੀ।

ਗਣੇਸ਼ਨ ਵੀ ਉੱਥੇ ਪਹੁੰਚ ਗਿਆ। ਕੜਾਹੀ ਵਿਚ ਮਿਰਚ ਦੇ ਪਕੌੜੇ ਕਿਸ਼ਤੀਆਂ ਵਾਂਗ ਤੈਰ ਰਹੇ ਸਨ। ਇਕ ਆਦਮੀ ਨੇ ਕਿਹਾ, "ਬੜੇ ਬਣਾਵੀਂ ਭਾ।" ਪਰ ਉਸਨੇ ਅਗਲੀ ਵਾਰੀ ਵੀ ਮਿਰਚ ਦੇ ਪਕੌੜੇ ਹੀ ਬਣਾਏ। ਗਣੇਸ਼ਨ ਨੇ ਵੀ ਧੀਮੀ ਆਵਾਜ਼ 'ਚ ਕਿਹਾ, "ਬੜੇ ਬਣਾ ਭਰਾ।" ਪਰ ਮਿਰਚ ਦੇ ਪਕੌੜਿਆਂ ਦੀ ਮੰਗ ਕੁਛ ਵੱਧ ਈ ਸੀ। ਇਕ ਆਦਮੀ ਕਾਰ 'ਚੋਂ ਉਤਰਿਆ ਤੇ ਅੱਠ ਪਕੌੜਿਆਂ ਦਾ ਆਰਡਰ ਦੇ ਕੇ ਪਿਸ਼ਾਬ ਘਰ ਵੱਲ ਚਲਾ ਗਿਆ। ਗਣੇਸ਼ਨ ਫੇਰ ਬੋਲਿਆ, "ਏਸ ਵਾਰੀ ਬੜੇ ਬਣਾਵੀਂ ਭਰਾ।" ਮਿਰਚ ਦੇ ਪਕੌੜੇ ਕੜਾਹੀ ਵਿਚੋਂ ਨਿਕਲਦੇ ਹੀ ਪੱਤਲਾਂ 'ਚ ਸਜ ਕੇ ਵੰਡੇ ਗਏ।

"ਥੌਨੂੰ ਬੜੇ ਚਾਹੀਦੇ ਐ ਨਾ, ਕਿੰਨੇ ਚਾਹੀਦੇ ਐ?" ਗਣੇਸ਼ਨ ਨੂੰ ਇਕ ਕਹਿਣ ਲੱਗਿਆਂ ਸ਼ਰਮ ਮਹਿਸੂਸ ਹੋਈ ਤੇ ਉਹ ਥਿੜਕਦੀ ਜਿਹੀ ਆਵਾਜ਼ 'ਚ ਬੋਲਿਆ, "ਦੋ...।"

"ਬਸ ਅਹਿ ਅਗਲੀ ਵਾਰੀ ਕੱਢ ਦੇਨੇ ਆਂ।" ਤੇ ਉਸਨੇ ਫੇਰ ਮਿਰਚ ਦੇ ਪਕੌੜਿਆਂ ਦਾ ਪੂਰ ਪਾ ਦਿੱਤਾ। ਖ਼ਾਸੀ ਦੇਰ ਤੋਂ ਬੜਿਆਂ ਦੀ ਮੰਗ ਕਰ ਰਿਹਾ ਆਦਮੀ ਝਗੜ ਪਿਆ। ਉਸਨੂੰ ਸ਼ਾਂਤ ਕਰਾਉਂਦਾ ਹੋਇਆ ਰੇਹੜੀ ਵਾਲਾ ਬੋਲਿਆ, "ਬਸ ਥੋੜ੍ਹਾ ਚਿਰ ਹੋਰ ਠਹਿਰ ਜਾਓ ਬਾਊ ਜੀ! ਇਹ ਵੀ ਕਾਫੀ ਦੇਰ ਦੇ ਖੜ੍ਹੇ ਐ। ਹੁਣੇ ਬਸ ਦੋ ਮਿੰਟ 'ਚ ਤਿਆਰ ਕਰ ਦੇਨਾਂ।"

ਗਣੇਸ਼ਨ ਨੂੰ ਇਹ ਉਡੀਕ ਰੜਕਣ ਲੱਗ ਪਈ। ਰੇਹੜੀ ਵਾਲੇ ਦੇ ਦੁਆਲੇ ਖ਼ਾਸੀ ਭੀੜ ਸੀ। ਸਾਰੇ ਆਪੋ-ਆਪਣੇ ਪਕਵਾਨ ਦੀ ਉਡੀਕ ਕਰ ਰਹੇ ਸਨ। ਉਹ ਉਸ ਬਾਰੇ ਵੀ ਇਵੇਂ ਸੋਚ ਰਹੇ ਹੋਣਗੇ, ਪਰ ਜਦੋਂ ਉਹਨਾਂ ਨੂੰ ਇਹ ਪਤਾ ਲੱਗੇਗਾ ਕਿ ਬੜੇ ਉਹ ਆਪਣੀ ਖਾਤਰ ਨਈਂ, ਚੂਹਿਆਂ ਨੂੰ ਮਾਰਨ ਲਈ ਲੈ ਜਾ ਰਿਹਾ ਏ, ਤਾਂ ਕੀ ਪ੍ਰਤੀਕ੍ਰਿਆ ਹੋਏਗੀ ਉਹਨਾਂ ਦੀ? ਗਣੇਸ਼ਨ ਨੂੰ ਬੜਾ ਦੁੱਖ ਹੋਇਆ।

ਬੜੇ ਕੜਾਹੀ ਵਿਚੋਂ ਨਿਕਲੇ ਤਾਂ ਗਣੇਸ਼ਨ ਨੂੰ ਸਭ ਤੋਂ ਪਹਿਲਾਂ ਕਾਲੈ-ਮੁਰਸੁ (ਤਮਿਸ਼

ਦਾ ਇਕ ਅਖ਼ਬਾਰ) ਦੇ ਇਕ ਟੁਕੜੇ ਵਿਚ ਲਪੇਟ ਕੇ ਫੜਾ ਦਿੱਤੇ ਗਏ। ਤੇਲ ਦੀ ਚਿਕਨਾਹਟ ਭਰੀ ਗਰਮੀ ਅਖ਼ਬਾਰ ਦੇ ਟੁਕੜੇ ਵਿਚੋਂ ਹੋ ਕੇ ਉਸਦੀ ਹਥੇਲੀ ਗਰਮਾਉਣ ਲੱਗੀ।

ਗਣੇਸ਼ਨ ਵਾਪਸ ਘਰ ਵੱਲ ਪਰਤ ਪਿਆ। ਉਹ ਵਾਰੀ-ਵਾਰੀ ਹੱਥ ਬਦਲ ਰਿਹਾ ਸੀ। ਹਥੇਲੀਆਂ ਵੀ ਅਖ਼ਬਾਰ ਦੇ ਟੁਕੜੇ ਵਾਂਗ ਤੇਲ ਨਾਲ ਤਰ ਹੋ ਗਈਆਂ। ਵਿਚਾਰਾ ਰੇਹੜੀ ਵਾਲਾ, ਉਹ ਕੀ ਜਾਣੇ ਕਿ ਬੜੇ ਕਿਸ ਦੀ ਖਾਤਰ ਲਏ ਜਾ ਰਹੇ ਨੇ। ਇਹੀ ਬੜੇ ਘਰੇ ਬਣੇ ਹੁੰਦੇ ਤਾਂ ਸ਼ਾਇਦ ਉਸਨੂੰ ਏਨੀ ਖੇਚਲ ਨਾ ਕਰਨੀ ਪੈਂਦੀ। ਪਰ ਉਸਨੂੰ ਬੜੀ ਤਕੀਫ਼ ਝੱਲਣੀ ਪੈ ਰਹੀ ਸੀ। ਉਹ ਕਮੀਜ਼ ਗੰਦੀ ਨਈਂ ਸੀ ਕਰਨਾ ਚਾਹੁੰਦਾ। ਚਾਬੀ ਜੇਬ ਵਿਚ ਸੀ। ਉਸਨੇ ਕਾਗਜ਼ ਸਮੇਤ ਬੜੇ ਹੇਠਾਂ ਰੱਖ ਦਿੱਤੇ ਤੇ ਹਥੇਲੀ ਦਾ ਤੇਲ ਆਪਣੇ ਗੋਡਿਆਂ ਨੂੰ ਮਲ ਲਿਆ। ਘਰ ਅੰਦਰ ਪਹੁੰਚ ਕੇ ਚੂਹੇਦਾਨੀ ਵਿਚ ਇਕ ਬੜਾ ਲਟਕਾ ਦਿੱਤਾ ਤੇ ਦੂਜਾ ਬੜਾ ਖ਼ੁਦ ਖਾ ਲਿਆ। ਪੰਜਾਹ ਸਾਲ ਦੀ ਉਮਰ ਦਾ ਆਦਮੀ ਦੇਰ ਰਾਤ ਨੂੰ ਬੜਾ ਖਾ ਲਏ ਤਾਂ ਇਸਦਾ ਸਿੱਟਾ ਘਾਤਕ ਵੀ ਹੋ ਸਕਦਾ ਏ, ਇਹ ਉਹ ਚੰਗੀ ਤਰ੍ਹਾਂ ਜਾਣਦਾ ਸੀ। ਪਰ ਉਸਨੂੰ ਲੱਗਿਆ, ਜਿਵੇ ਇਹ ਕੋਈ ਪਸ਼ਚਾਤਾਪਾ ਹੋਏ। ਉਹ ਲੇਟ ਗਿਆ ਤੇ ਥੋੜ੍ਹੀ ਦੇਰ 'ਚ ਈ ਸੌਂ ਗਿਆ।

ਸਵੇਰ ਦੀ ਗਣੇਸ਼ਨ ਦੇ ਪੇਟ 'ਚ ਗੜਬੜ ਹੋ ਰਹੀ ਸੀ। ਚੂਹਾ ਪਿੰਜਰੇ ਵਿਚ ਕੈਦ ਸਾਰੀ ਰਾਤ ਚੂੰ-ਚੂੰ, ਚੀਂ-ਚੀਂ ਕਰਦਾ ਰਿਹਾ ਸੀ। ਪਤਨੀ ਨੇ ਈ ਉਸਨੂੰ ਦੱਸਿਆ ਸੀ। ਹੁਣ ਚੂਹੇ ਨੂੰ ਕਿਤੇ ਛੱਡ ਕੇ ਆਉਣਾ ਪਏਗਾ।

ਗਣੇਸ਼ਨ ਚੂਹੇਦਾਨੀ ਚੁੱਕ ਕੇ ਬਾਹਰ ਨਿਕਲ ਆਇਆ। ਪਤਾ ਨਈਂ ਚੂਹਾ ਛੋਟਾ ਏ ਜਾਂ ਵੱਡਾ। ਉਸਦਾ ਨੱਕ ਵਾਰ-ਵਾਰ ਬਾਹਰ ਨਿਕਲ ਰਿਹਾ ਸੀ, ਪਰ ਇਸ ਤੋਂ ਛੋਟੇ ਜਾਂ ਵੱਡੇ ਹੋਣ ਦਾ ਅੰਦਾਜ਼ਾ ਨਈਂ ਲੱਗ ਸਕਦਾ ਸੀ। ਖ਼ੈਰ ਜੋ ਵੀ ਹੋਏ, ਘਰ ਦੇ ਕੱਪੜੇ ਟੁੱਕਣ ਵਾਲਾ, ਸਬਜ਼ੀਆਂ ਕੁਤਰਨ ਵਾਲਾ, ਪੀਪੀ ਦਾ ਢੱਕਣ ਲਾਹੁਣ ਵਾਲਾ ਛੋਟਾ ਹੋਏ ਜਾਂ ਵੱਡਾ ਕੀ ਫ਼ਰਕ ਪੈਂਦਾ ਏ। ਇਸ ਵਾਰ ਉਹ ਉਸਨੂੰ ਨਾਲੇ 'ਚ ਨਈਂ ਛੱਡੇਗਾ। ਉਹ ਮੈਦਾਨ ਵੱਲ ਤੁਰ ਪਿਆ। ਗਣੇਸ਼ਨ ਦੇਰ ਤਕ ਉਹਨਾਂ ਸ਼ਰਾਰਤੀ ਮੁੰਡਿਆਂ ਦੇ ਜਾਣ ਦੀ ਉਡੀਕ 'ਚ ਖੜ੍ਹਾ ਰਿਹਾ ਤੇ ਉਹ ਮੁੰਡੇ ਢੱਕਣ ਖੁੱਲ੍ਹਣ ਦੀ ਉਡੀਕ 'ਚ ਸਨ। ਗਣੇਸ਼ਨ ਨੇ ਚੂਹੇਦਾਨੀ ਹੇਠਾਂ ਰੱਖ ਦਿੱਤੀ ਤੇ ਦਰਵਾਜ਼ਾ ਖੋਲ੍ਹ ਦਿੱਤਾ। ਚੂਹਾ ਬਾਹਰ ਨਿਕਲ ਕੇ ਭੱਜਿਆ। ਚੂਹਾ ਨਾ ਵੱਡਾ ਸੀ ਨਾ ਛੋਟਾ। ਖੁੱਲ੍ਹੇਪਨ ਦਾ ਆਦੀ ਵੀ ਨਈਂ ਸੀ ਜਾਪਦਾ, ਸੋ ਹੱਕਾ-ਬੱਕਾ, ਲੁੜਕਦਾ ਹੋਇਆ ਏਧਰ-ਉਧਰ ਭੱਜਣ-ਦੌੜਣ ਲੱਗਾ। ਇਕ ਮੁੰਡੇ ਨੇ ਡਲਾ ਮਾਰਿਆ।

"ਨਾ ਬੇਟਾ, ਜਾਣ-ਦੇ ਉਸਨੂੰ।" ਗਣੇਸ਼ਨ ਬੋਲਿਆ। ਉਦੋਂ ਈ ਕਿਤੋਂ ਉੱਡਦਾ-ਉੱਡਦਾ ਇਕ ਕਾਂ ਆ ਗਿਆ। ਉਸਨੇ ਚੂਹੇ 'ਤੇ ਚੂੰਝ ਨਾਲ ਵਾਰ ਕੀਤਾ ਤੇ ਫੇਰ ਉੱਡ ਗਿਆ। ਚੂਹਾ ਇਕ ਵਾਰ ਭੁੜਕਿਆ ਤੇ ਤੇਜ਼ੀ ਨਾਲ ਅੰਨ੍ਹੇਵਾਹ ਏਧਰ-ਉਧਰ ਭੱਜਣ ਲੱਗਾ। ਕਾਂ ਨੇ ਇਕ ਲੰਮਾ ਚੱਕਰ ਕੱਟਿਆ ਤੇ ਫੇਰ ਕਾਹਲ ਨਾਲ ਹੇਠਾਂ ਉਤਰਿਆ। ਚੂਹੇ ਨੂੰ ਲੁਕਣ ਲਈ ਕੋਈ ਥਾਂ ਨਾ ਮਿਲੀ। ਕਾਂ ਨੇ ਚੂਹੇ ਨੂੰ ਚੂੰਝ 'ਚ ਫੜਿਆ ਤੇ ਉੱਡ ਗਿਆ। ਗਣੇਸ਼ਨ ਦਾ ਮਨ ਭਰ ਆਇਆ।

ਘਰ ਮੁੜਦਿਆਂ ਹੋਇਆਂ ਉਸਨੇ ਦੇਖਿਆ ਕਿ ਚੂਹੇਦਾਨੀ ਵਿਚ ਲਟਕਿਆ ਹੋਇਆ ਬੜਾ ਓਵੇਂ ਹੀ ਸਾਬਤ ਪਿਆ ਹੈ। ਚੂਹੇ ਨੇ ਉਸਨੂੰ ਮੂੰਹ ਵੀ ਨਈਂ ਸੀ ਲਾਇਆ। ਉਸਦਾ ਦੁੱਖ ਹੋਰ ਵੀ ਡਾਢ੍ਹਾ ਹੋ ਗਿਆ।

**ਅਨੁਵਾਦ : ਮਹਿੰਦਰ ਬੇਦੀ, ਜੈਤੋ**



**ਕਸ਼ਮੀਰੀ ਕਹਾਣੀ**

# ਸਮਾਜ ਸੇਵਾ

**—ਰਤਨ ਤਲਾਸ਼ੀ**

ਸ਼ਹਿਰ ਦੀਆਂ ਸੜਕਾਂ ਸੁੰਨਸਾਨ ਸਨ। ਲੱਗਦਾ ਸੀ ਜਿੱਦਾਂ ਸਾਰਾ ਸ਼ਹਿਰ ਹੀ ਖਾਲੀ ਹੋ ਗਿਆ ਹੋਵੇ। ਕਿੱਧਰੇ-ਕਿੱਧਰੇ ਦੋ-ਤਿੰਨ ਕੁੱਤੇ ਇੱਧਰ-ਉੱਧਰ ਘੁੰਮਦੇ ਹੋਏ, ਸੜਕਾਂ ਸੁੰਘਦੇ ਹੋਏ ਭਟਕ ਰਹੇ ਸਨ। ਇਕ ਚੌੜੀ ਜਿਹੀ ਗਲੀ ਤੋਂ ਇਕ ਮਜ਼ਦੂਰ ਰੇਹੜੀ ਚਲਾਉਂਦੇ ਹੋਏ ਸੜਕ ਵੱਲ ਮੁੜਨ ਲੱਗਾ। ਰੇਹੜੀ ਵਿੱਚ ਸੀਮੈਂਟ ਦੇ ਦੋ ਵੱਡੇ-ਵੱਡੇ ਬੋਰੇ ਸਨ। ਉਸ ਦੇ ਪਿੱਛੇ-ਪਿੱਛੇ ਖ਼ਵਾਜਾ ਸਲਾਮ ਆ ਰਿਹਾ ਸੀ। ਸੜਕ 'ਤੇ ਪਹੁੰਚਦੇ ਹੀ ਮਜ਼ਦੂਰ ਨੇ ਰੇਹੜੀ ਰੋਕ ਕੇ ਅੱਗੇ-ਪਿੱਛੇ ਨਜ਼ਰ ਦੌੜਾਈ। ਜਦੋਂ ਦੂਰ-ਦੂਰ ਤਕ ਕੋਈ ਦਿਖਾਈ ਨਾ ਦਿੱਤਾ ਤਾਂ ਉਸ ਨੇ ਮੁੜ ਕੇ ਕਿਹਾ, "ਖ਼ਵਾਜਾ ਕਰਫਿਊ ਸਖ਼ਤ ਏ। ਪਤਾ ਨ੍ਹੀਂ, ਤੁਹਾਨੂੰ ਕੀ ਮਜ਼ਬੂਰੀ ਪੈ ਗਈ ਏ। ਅੱਗੇ ਮਿਲਟਰੀ ਵਾਲੇ ਹੋਣਗੇ ਫਿਰ।"

"ਫਿਰ ਕੀ ?" ਖ਼ਵਾਜਾ ਨੇ ਹੱਸਦੇ ਹੋਏ ਕਿਹਾ, "ਡਰਦਾ ਕਿਉਂ ਏਂ, ਮੈਂ ਤੇਰੇ ਨਾਲ ਹਾਂ। ਚਲ।"

**

ਅਸਲ ਵਿੱਚ ਸ਼ਹਿਰ ਵਿੱਚ ਕਈ ਹਫ਼ਤਿਆਂ ਤੋਂ ਹਾਲਾਤ ਵਿਗੜੇ ਹੋਏ ਸਨ। ਤਿੰਨ-ਚਾਰ ਹਫ਼ਤੇ ਤੋਂ ਕਦੇ ਹੜਤਾਲ ਤੇ ਕਦੇ ਕਰਫਿਊ ਦਾ ਦੌਰ ਚਲ ਰਿਹਾ ਸੀ। ਅਧਖੜ ਉਮਰ ਦੇ ਕਾਰੋਬਾਰੀ ਖ਼ਵਾਜਾ ਸਲਾਮ ਨੇ ਸ਼ਹਿਰ ਤੋਂ ਥੋੜ੍ਹਾ ਬਾਹਰ ਵੱਲ ਕੁਝ ਜ਼ਮੀਨ ਖਰੀਦੀ ਹੋਈ ਸੀ। ਇਸ ਪਲਾਟ ਦੇ ਨਾਲ ਹੀ ਚਰਾਂਦ ਪੈਂਦੀ ਸੀ। ਸਲਾਮ ਨੂੰ ਪਤਾ ਸੀ ਕਿ ਹੜਤਾਲ ਤੇ ਕਰਫਿਊ ਵੇਲੇ ਹੀ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਨਾ ਆਸਾਨ ਹੁੰਦਾ ਹੈ। ਹੜਤਾਲ ਸ਼ੁਰੂ ਹੁੰਦੇ ਹੀ ਉਸ ਨੇ ਉਸ ਥਾਂ 'ਤੇ ਇਕ ਇਮਾਰਤ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਉਸ ਦਾ ਵਿਚਾਰ ਸੀ ਕਿ ਇਨ੍ਹਾਂ ਦਿਨਾਂ ਵਿੱਚ ਹੀ ਘੱਟੋ-ਘੱਟ ਇਕ ਮੰਜ਼ਿਲ ਤਾਂ ਤਿਆਰ ਹੋ ਹੀ ਜਾਏ ਤੇ ਛੱਤ ਵੀ ਪੈ ਜਾਏ। ਇਸ ਇਲਾਕੇ ਵਿੱਚ ਚਰਾਂਦ ਨੂੰ ਕਬਜ਼ਾਉਣ ਦੇ ਬਹਾਨੇ ਹੋਰ ਵੀ ਬਹੁਤ ਥਾਵਾਂ 'ਤੇ ਉਸਾਰੀ ਦਾ ਕੰਮ ਚਲ ਰਿਹਾ ਸੀ। ਹੋਰ ਤਾਂ ਸਭ ਠੀਕ ਸੀ ਪਰ ਹੜਤਾਲ ਤੇ ਕਰਫਿਊ ਕਾਰਣ ਉਸਾਰੀ ਦੀ ਸਾਮੱਗਰੀ ਮਿਲਣਾ ਔਖਾ ਹੋ ਰਿਹਾ ਸੀ ਜਿਸ ਕਾਰਣ ਕਈਆਂ ਦਾ ਕੰਮ ਰੁਕਿਆ ਹੋਇਆ ਸੀ।

ਖ਼ਵਾਜਾ ਸਲਾਮ ਨੂੰ ਕਿੱਧਰੇ ਕਨਸੋਅ ਮਿਲੀ ਕਿ ਇਕਅੱਧ ਕਿਲੋਮੀਟਰ ਦੀ ਦੂਰੀ 'ਤੇ ਇਕ ਕਾਲੋਨੀ ਵਿੱਚ ਸਰਕਾਰੀ ਹਸਪਤਾਲ ਦੀ ਉਸਾਰੀ ਦਾ ਕੰਮ ਪਿੱਛਲੇ ਕੁਝ ਮਹੀਨਿਆਂ ਤੋਂ ਚਲ ਰਿਹਾ ਸੀ। ਪਰ ਕੁਝ ਅਰਸੇ ਤੋਂ ਇਹ ਕੰਮ ਬੰਦ ਪਿਆ ਹੋਇਆ ਸੀ। ਉਥੋਂ ਦੇ ਚੌਕੀਦਾਰ ਨਾਲ ਗਠਜੋੜ ਕਰ ਕੇ ਖ਼ਵਾਜਾ ਸਲਾਮ ਪਿੱਛਲੇ ਕੁਝ ਦਿਨਾਂ ਤੋਂ ਸਵੇਰੇ-ਸ਼ਾਮ ਜਦੋਂ ਵੀ ਮੌਕਾ ਮਿਲਦਾ, ਇਕ-ਇਕ ਜਾਂ ਦੋ-ਦੋ ਬੋਰੀਆਂ ਸੀਮੈਂਟ ਲੈ ਆਉਂਦਾ ਸੀ।

ਇਸ ਵੇਲੇ ਵੀ ਉਹ ਉਥੋਂ ਸੀਮੈਂਟ ਦੀਆਂ ਦੋ ਬੋਰੀਆਂ ਰੇਹੜੀ ਵਿੱਚ ਧਰ ਕੇ ਇਸ ਸੁੰਨਸਾਨ ਰਾਹ ਤੋਂ ਲਿਜਾ ਰਿਹਾ ਸੀ। ਰੇਹੜੀ ਲਿਜਾਉਂਦੇ ਹੋਏ ਮਜ਼ਦੂਰ ਦੀ ਨਜ਼ਰ ਸੜਕ 'ਤੇ ਪਈ ਤਾਂ ਬੋਲਿਆ, "ਖ਼ਵਾਜਾ, ਤੌਬਾ ਤੌਬਾ ! ਦੇਖੋ ਇੱਥੇ ਖ਼ੂਨ ਦੇ ਧੱਬੇ ਨੇ। ਲੱਗਦਾ ਏ, ਇੱਥੇ ਕੁਝ ਦੇਰ ਪਹਿਲਾਂ ਹੀ ਗੋਲੀ ਚਲੀ ਏ। ਪਤਾ ਨ੍ਹੀਂ ਕਿਸ ਬੇਗੁਨਾਹ ਦਾ ਖ਼ੂਨ ਇੱਥੇ ਡੁੱਲਿਆ ਏ।"

"ਉਸ ਪਾਸੇ ਕਿਉਂ ਦੇਖ ਰਿਹਾ ਏਂ। ਆਪਣੇ ਕੰਮ ਨਾਲ ਕੰਮ ਰੱਖ। ਛੇਤੀ ਚਲ। ਉਥੇ ਮਿਸਤਰੀ ਬੇਕਾਰ ਬੈਠੇ ਨੇ।" ਖ਼ਵਾਜਾ ਨੇ ਰੁੱਖੇਪਨ ਨਾਲ ਕਿਹਾ।

ਮਜ਼ਦੂਰ ਨੇ ਖਿੱਝ ਕੇ ਕਿਹਾ, "ਕੀ ਮੁਸੀਬਤ ਏ। ਮੈਂ ਇਸ ਖ਼ੂਨ ਤੋਂ ਰੇਹੜੀ ਨ੍ਹੀਂ ਲਿਜਾਵਾਂਗਾ। ਇਹ ਗੁਨਾਹ ਏ ਤੇ ਇਹ ਗੁਨਾਹ ਤੁਹਾਡੇ ਸਿਰ ਲੱਗੇਗਾ।"

ਖ਼ਵਾਜਾ ਸਲਾਮ ਨੇ ਗੁੱਸੇ ਨਾਲ ਕਿਹਾ, "ਓਏ ਬੇਵਕੂਫ਼ਾ! ਇਹੋ ਜਿਹੇ ਹਾਲਾਤ ਵਿੱਚ ਤੈਨੂੰ ਕੁਝ ਕਮਾਉਣ ਦਾ ਮੌਕਾ ਦੇ ਕੇ ਜੋ ਪੁੰਨ ਦਾ ਕੰਮ ਕੀਤਾ ਏ, ਉਹ ਕੁਝ ਨ੍ਹੀਂ। ਜੇ ਕੰਮ ਨਾ ਮਿਲਣ ਕਾਰਣ ਅੱਜ ਤੇਰੇ ਘਰ ਚੁੱਲ੍ਹਾ ਨਾ ਬਲੇ ਤਾਂ ਤੇਰੀ ਬੀਵੀ-ਬੱਚਿਆਂ ਦਾ ਕੀ ਹਾਲ ਹੋਏਗਾ?"

ਸੌ ਦੋ ਸੌ ਗਜ ਇਸ ਖਾਮੋਸ਼ ਸੜਕ ਤੋਂ ਲੰਘ ਕੇ ਉਨ੍ਹਾਂ ਨੇ ਇਕ ਹੋਰ ਸੜਕ ਪਾਰ ਕਰ ਕੇ ਇਕ ਗਲੀ ਵਿੱਚ ਮੁੜਨਾ ਸੀ। ਉਹ ਸੜਕ ਪਾਰ ਹੀ ਕਰ ਰਹੇ ਸਨ ਕਿ ਸਾਹਮਣੇ ਇਕ ਫੌਜੀ ਖੜਾ ਨਜ਼ਰ ਆਇਆ।

"ਰੁਕੋ ਰੁਕੋ, ਕਿੱਥੇ ਜਾ ਰਹੇ ਹੋ। ਤੁਹਾਨੂੰ ਪਤਾ ਨ੍ਹੀਂ, ਕਰਫਿਊ ਲੱਗਾ ਹੋਇਆ ਏ।" ਖ਼ਵਾਜਾ ਥੋੜ੍ਹਾ ਜਿਹਾ ਸਹਿਮ ਗਿਆ। ਫਿਰ ਸੰਭਲ ਕੇ ਮੇਮਣੇ ਜਿਹਾ ਮੂੰਹ ਬਣਾ ਕੇ ਕਹਿਣ ਲੱਗਾ, "ਜਨਾਬ ਮਸਜਿਦ ਦੀ ਦੀਵਾਰ ਡਿੱਗ ਪਈ ਸੀ। ਬਸ, ਉਸੇ ਦੀ ਮੁਰੰਮਤ ਕਰ ਰਹੇ ਹਾਂ। ਅੱਜ ਫ਼ੁਰਸਤ ਏ, ਕਿਉਂਕਿ ਦੁਕਾਨ ਬੰਦ ਏ। ਸੋਚਿਆ, ਕਿਉਂ ਨਾ ਅੱਜ ਇਹ ਸਵਾਬ ਦਾ ਕੰਮ ਹੋ ਜਾਏ ਤੇ ਸਮਾਜ ਸੇਵਾ ਵੀ।"

ਇਹ ਸੁਣ ਕੇ ਫੌਜੀ ਹੱਸਦੇ ਹੋਏ ਬੋਲਿਆ, "ਬਕਵਾਸ ਨਾ ਕਰ। ਝੂਠਾ, ਡਰਾਮੇਬਾਜ਼ ਆਦਮੀ।"

ਖ਼ਵਾਜਾ ਨੇ ਫਿਰ ਕਿਹਾ, "ਸਰ, ਅਸੀਂ ਸ਼ਾਂਤੀ ਮੰਨਣ ਵਾਲੇ ਲੋਕ ਹਾਂ। ਇਨ੍ਹਾਂ ਨੌਜਵਾਨਾਂ ਨੇ ਕਸ਼ਮੀਰ ਨੂੰ ਬਰਬਾਦ ਕੀਤਾ ਏ।"

"ਹਾਂ, ਨੌਜਵਾਨਾਂ ਨੇ ਬਰਬਾਦ ਕੀਤਾ ਤੇ ਤੂੰ ਆਬਾਦ ਕਰ ਰਿਹਾ ਏਂ। ਡਰਾਮੇਬਾਜ਼, ਝੂਠਾ! ਹੱਛਾ.. ਹੁਣ ਛੇਤੀ ਨਾਲ ਭੱਜ ਜਾ ਇੱਥੋਂ।" ਫੌਜੀ ਨੇ ਤਨਜ਼ ਕਰਦੇ ਹੋਏ ਕਿਹਾ।

ਦੋਵਾਂ ਨੇ ਜਲਦੀ ਨਾਲ ਸੜਕ ਪਾਰ ਕੀਤੀ। ਸੜਕ ਦੇ ਮੁਹਾਨੇ 'ਤੇ ਪੁੱਜਦੇ ਹੀ ਮਜ਼ਦੂਰ ਨੇ ਠਹਾਕਾ ਮਾਰ ਕੇ ਹੱਸਦੇ ਹੋਏ ਕਿਹਾ, "ਡਰਾਮੇਬਾਜ਼ !"

ਖ਼ਵਾਜਾ ਸਲਾਮ ਗੁੱਸੇ ਵਿੱਚ ਲਾਲ-ਪੀਲਾ ਹੋ ਕੇ ਮਜ਼ਦੂਰ ਨੂੰ ਘੂਰਨ ਲੱਗਾ। ਦੋਵੇਂ ਗਲੀ ਅੰਦਰ ਦਾਖਿਲ ਹੋ ਗਏ। ਖ਼ਵਾਜਾ ਨੇ ਪਹਿਲੇ ਪਿੱਛੇ ਮੁੜ ਕੇ ਸੜਕ ਵੱਲ ਦੇਖਿਆ। ਫਿਰ ਮਜ਼ਦੂਰ ਵੱਲ ਮੁੜ ਕੇ ਉਸ ਨੂੰ ਕੱਸ ਕੇ ਇਕ ਥੱਪੜ ਕੱਢ ਮਾਰਿਆ। ਮਜ਼ਦੂਰ ਇਕ ਹੱਥ ਨਾਲ ਰੇਹੜੀ ਸੰਭਾਲਦੇ ਹੋਏ ਦੂਜੇ ਨਾਲ ਆਪਣੀ ਗੱਲ ਪਲੋਸਦੇ ਹੋਏ ਨਾਰਾਜ਼ਗੀ ਨਾਲ ਬੋਲਿਆ, "ਖ਼ਵਾਜਾ, ਮੈਂ ਕੀ ਕੀਤਾ ਏਂ। ਮੈਂ ਮਜ਼ਦੂਰੀ ਕਰ ਰਿਹਾ ਹਾਂ। ਤੂੰ ਮੈਨੂੰ ਖਰੀਦ ਨ੍ਹੀਂ ਲਿਆ।"

"ਦਿਮਾਗ਼ ਖ਼ਰਾਬ ਏ ਤੇਰਾ। ਤੂੰ ਹੱਸਿਆ ਕਿਉਂ, ਫਿਰ ਫੌਜੀ ਨੂੰ 'ਡਰਾਮੇਬਾਜ਼' ਕਿਉਂ ਕਿਹਾ, ਜੇ ਕਿਤੇ ਉਹ ਸੁਣ ਲੈਂਦਾ ਤਾਂ।" ਖ਼ਵਾਜਾ ਨੇ ਉਸ ਨੂੰ ਸਮਝਾਉਣ ਦੇ ਲਹਿਜ਼ੇ ਵਿੱਚ ਕਿਹਾ।

"ਨਾ ਤਾਂ ਮੈਂ ਫੌਜੀ 'ਤੇ ਹੱਸਿਆ ਹਾਂ ਤੇ ਨਾ ਮੈਂ ਉਸ ਨੂੰ ਡਰਾਮੇਬਾਜ਼ ਕਿਹਾ।" ਮਜ਼ਦੂਰ ਨੇ ਖ਼ਵਾਜਾ ਵੱਲ ਸਿੱਧੇ ਤੱਕਦੇ ਹੋਏ ਕਿਹਾ, "ਮੈਂ ਫੌਜੀ ਦੇ ਮੂੰਹੋਂ ਤੁਹਾਡੇ ਲਈ ਇਕਦਮ ਠੀਕ ਲਫ਼ਜ਼ ਸੁਣ ਕੇ ਹੱਸਿਆ ਸੀ। ਉਹ ਤੁਹਾਨੂੰ ਜਾਣਦਾ ਏ?"

"ਓਏ ਬੇਵਕੂਫ਼ਾ ! ਮੈਂ ਤੈਨੂੰ ਡਰਾਮੇਬਾਜ਼ ਲੱਗਦਾ ਹਾਂ। ਚਲ ਜਲਦੀ, ਚਲ।" ਸ਼ਰਮਿੰਦਗੀ ਕਾਰਣ ਖ਼ਵਾਜਾ ਦੇ ਮੂੰਹੋਂ ਹੋਰ ਕੁਝ ਨਾ ਨਿਕਲਿਆ।

ਮਜ਼ਦੂਰ ਰੇਹੜੀ ਲੈ ਕੇ ਅੱਗੇ-ਅੱਗੇ ਤੇ ਖ਼ਵਾਜਾ ਉਸ ਦੇ ਪਿੱਛੇ-ਪਿੱਛੇ ਤੁਰਦੇ ਹੋਏ ਹੁਣ ਗਲੀ ਦੇ ਦੂਜੇ ਸਿਰੇ 'ਤੇ ਜਾ ਪਹੁੰਚੇ ਸਨ। ਇੱਥੋਂ ਉਨ੍ਹਾਂ ਨੇ ਇਕ ਹੋਰ ਗਲੀ ਵਿੱਚ ਦਾਖਿਲ ਹੋਣਾ



ਸੀ। ਗਲੀ ਦੇ ਮੋੜ 'ਤੇ ਪੁੱਜਦੇ ਹੀ ਇਕ ਮਕਾਨ ਦੀ ਬਾਰੀ ਵਿਚੋਂ ਕਿਸੇ ਨੇ ਆਵਾਜ਼ ਦਿੱਤੀ, "ਸਲਾਮ ਸਾਹਬ ! ਸੀਮੈਂਟ ਕਿੱਥੋਂ ਮਿਲਿਆ ?"

"ਪੁਰਾਣੀ ਕਾਲੋਨੀ ਤੋਂ। ਪਰ ਹੁਣ ਉਥੇ ਨਾ ਜਾਣਾ। ਉਸ ਪਾਸੇ ਸਖ਼ਤ ਕਰਫਿਊ ਏ।"

ਇਹ ਸੁਣ ਕੇ ਮਜ਼ਦੂਰ ਹੈਰਾਨ ਹੋ ਗਿਆ ਤੇ ਖ਼ਵਾਜਾ ਤੋਂ ਪੁੱਛਣ ਲੱਗਾ, "ਖ਼ਵਾਜਾ, ਅਸੀਂ ਕਿਹੜੀ ਪੁਰਾਣੀ ਕਾਲੋਨੀ ਤੋਂ ਇਹ ਸੀਮੈਂਟ ਲੈ ਕੇ ਆਏ ਹਾਂ। ਇਹ ਤਾਂ ਦੋ ਨੰਬਰ ਦਾ।"

ਉਸ ਦੀ ਗੱਲ ਨੂੰ ਵਿਚੋਂ ਹੀ ਟੁਕਦੇ ਹੋਏ ਖ਼ਵਾਜਾ ਨੇ ਡਾਂਟਦੇ ਹੋਏ ਕਿਹਾ, "ਚੁੱਪ ਕਰ ਪਾਗਲਾ। ਛੇਤੀ-ਛੇਤੀ ਤੁਰ।"

ਉਹ ਤੇਜ਼ੀ ਨਾਲ ਗਲੀ ਵਿਚੋਂ ਲੰਘ ਰਹੇ ਸਨ ਕਿ ਉਦੋਂ ਹੀ ਇਕ ਮਕਾਨ ਦੀ ਦੂਜੀ ਮੰਜ਼ਿਲ ਦੀ ਬਾਰੀ ਤੋਂ ਕਿਸੇ ਨੇ 'ਵਾਜ਼ ਮਾਰੀ, "ਖ਼ਵਾਜਾ ਸਲਾਮ। ਕਿਥੋਂ ਲਿਆਏ ਹੋ? ਮੈਂ ਪਰੇਸ਼ਾਨ ਹਾਂ। ਮੇਰਾ ਕੰਮ ਠੱਪ ਪਿਆ ਏ।"

ਖ਼ਵਾਜਾ ਜਲਦੀ ਵਿੱਚ ਸੀ। ਉਸ ਨੇ ਬਿਨਾਂ ਰੁਕੇ ਹੀ ਜਵਾਬ ਦਿੱਤਾ, "ਮੀਰ ਸਾਹਬ ! ਗੋਗਜਿ ਬਾਗ਼ ਤੋਂ ਮਿਲੇਗਾ, ਪਰ ਅੱਜ ਉਥੇ ਨਾ ਜਾਣਾ। ਹਾਲਾਤ ਠੀਕ ਨ੍ਹੀਂ।" ਇਹ ਕਹਿੰਦੇ ਹੋਏ ਉਸ ਨੇ ਮਜ਼ਦੂਰ ਵੱਲ ਦੇਖਿਆ।

ਮਜ਼ਦੂਰ ਨੇ ਮੁਸਕਰਾਉਂਦੇ ਹੋਏ ਪੁੱਛਿਆ, "ਖ਼ਵਾਜਾ, ਤੁਹਾਡੀ ਜ਼ੁਬਾਨ ਤੋਂ ਸੱਚ ਕਿਉਂ ਨ੍ਹੀਂ ਨਿਕਲਦਾ ?"

ਖ਼ਵਾਜਾ ਨੇ ਬੇਸ਼ਰਮੀ ਨਾਲ ਜਵਾਬ ਦਿੱਤਾ, "ਚਲ ਚਲ ਜਲਦੀ। ਇਸ ਸ਼ਹਿਰ ਵਿੱਚ ਕੀ ਮੈਂ ਹੀ ਸੱਚ ਬੋਲਣ ਦਾ ਠੇਕਾ ਲਿਆ ਏ। ਕਿਸੇ ਨੂੰ ਕੀ ਕਹਾਂ, ਸੀਮੈਂਟ ਕਿਥੋਂ ਲਿਆਇਆ ਹਾਂ।"

**

ਹੁਣ ਇਸ ਗਲੀ ਤੋਂ ਨਿਕਲ ਕੇ ਉਨ੍ਹਾਂ ਨੇ ਇਕ ਖੁੱਲ੍ਹੇ ਮੈਦਾਨ ਤੋਂ ਲੰਘਣਾ ਸੀ। ਅਚਾਨਕ ਕਿੱਧਰੋਂ ਇਕ ਬੰਦੂਕਧਾਰੀ ਨੌਜਵਾਨ ਸਾਹਮਣੇ ਆ ਟਪਕਿਆ। ਨੌਜਵਾਨ ਨੇ ਆਪਣੀ ਇਕ ਲੱਤ ਰੇਹੜੀ ਵਿੱਚ ਪਈ ਬੋਰੀ 'ਤੇ ਰੱਖਦੇ ਹੋਏ ਬਹੁਤ ਰੋਹਬ ਨਾਲ ਪੁੱਛਿਆ, "ਓਏ ਸਲਾਮ ਬੁੱਢੇ, ਇਹ ਹਰਾਮ ਦਾ ਮਾਲ ਕਿੱਥੋਂ ਲਿਆ ਰਿਹਾ ਏਂ? ਖ਼ੈਰ ਚਾਹੁੰਦਾ ਏਂ ਤਾਂ ਮਾਲ ਇੱਥੇ ਲਾਹ ਕੇ ਭੱਜ ਜਾ ਇਥੋਂ।"

ਖ਼ਵਾਜਾ ਡਰ ਨਾਲ ਕੰਬਣ ਲੱਗਾ। ਫਿਰ ਥੋੜ੍ਹੀ ਜਿਹੀ ਹਿੰਮਤ ਕਰ ਕੇ, ਹੱਥ ਜੋੜ ਕੇ ਕਹਿਣ ਲੱਗਾ, "ਜਨਾਬ, ਮੈਂ ਤੁਹਾਡੇ ਲਈ ਦਸ ਥੈਲੀਆਂ ਮੰਗਵਾ ਕੇ ਤੁਹਾਡੇ ਘਰ ਭਿਜਵਾ ਦੇਵਾਂਗਾ। ਬਸ, ਸਾਨੂੰ ਅੱਜ ਇਹ ਲੈ ਜਾਣ ਦਿਓ। ਸਾਡੇ ਮੁਹੱਲੇ ਵਿੱਚ ਜਿਹੜੀ ਮਸਜਿਦ ਏ, ਇਹ ਉਸੇ ਦੀ ਮੁਰੰਮਤ ਲਈ ਹੀ ਏ। ਮਿਸਤਰੀ ਉਡੀਕਦਾ ਪਿਆ ਏ।"

ਨੌਜਵਾਨ ਨੇ ਮਸਜਿਦ ਦਾ ਨਾਂ ਸੁਣਦੇ ਹੀ ਆਪਣੀ ਲੱਤ ਚੁੱਕੀ ਤੇ ਕਿਹਾ, "ਲੈ ਜਾ, ਲੈ ਜਾ। ਸ਼ਾਬਾਸ਼ ! ਇਹੀ ਸਮਾਜ ਸੇਵਾ ਏ।" ਇਹ ਕਹਿ ਕੇ ਉਨ੍ਹਾਂ ਨੂੰ ਲੰਘਣ ਦਾ ਰਾਹ ਦੇ ਦਿੱਤਾ।

ਮੈਦਾਨ ਤੋਂ ਲੰਘਦੇ ਹੋਏ ਖ਼ਵਾਜਾ ਮਨ ਹੀ ਮਨ ਉਸ ਨੌਜਵਾਨ ਨੂੰ ਬੁਰਾ-ਭਲਾ ਕਹਿੰਦੇ ਹੋਏ ਮਜ਼ਦੂਰ ਦੇ ਪਿੱਛੇ-ਪਿੱਛੇ ਚਲ ਰਿਹਾ ਸੀ। ਨਾਲ ਹੀ ਮਨ ਵਿੱਚ ਉਹ ਆਪਣੀ ਚਾਲਾਕੀ 'ਤੇ ਖੁਸ਼ ਵੀ ਹੋ ਰਿਹਾ ਸੀ। ਮਜ਼ਦੂਰ ਵੀ ਖਾਮੋਸ਼ੀ ਨਾਲ ਚਲਦੇ ਹੋਏ ਮਨ ਵਿੱਚ ਖ਼ਵਾਜਾ ਦੀ ਚਾਲਾਕੀ ਤੇ ਮੱਕਾਰੀ ਬਾਰੇ ਸੋਚਦਾ ਜਾ ਰਿਹਾ ਸੀ।

**ਅਨੁਵਾਦ : ਜਸਵਿੰਦਰ ਕੌਰ ਬਿੰਦਰਾ**

**ਕੰਨੜ ਕਹਾਣੀ**

# ਮਨ ਦੀ ਮਾਇਆ

**—ਡਾ. ਨਾ. ਮੋਗਸਾਲੇ**

ਉਸ ਬਾਜ਼ਾਰ ਵਿੱਚ ਤਿੰਨ ਡਿਪਾਰਟਮੈਂਟਲ ਸਟੋਰਜ਼ ਸਨ। ਉਨ੍ਹਾਂ ਦੇ ਮਾਲਕ ਸਦਾਨੰਦਜੀ ਉਸ ਬਾਜ਼ਾਰ ਵਿੱਚ ਸਥਿਤ ਪ੍ਰਤਿਸ਼ਠਿਤ ਭੁਵਨਪ੍ਰਸਾਦ ਕਾਲਜ ਵਿੱਚ ਹਿਸਟਰੀ ਦੇ ਪ੍ਰੋਫ਼ੈਸਰ ਸਨ। ਪਰ ਉਨ੍ਹਾਂ ਨੂੰ ਪ੍ਰੋਫ਼ੈਸਰ ਕਹਿਣ 'ਤੇ ਕੋਈ ਯਕੀਨ ਨਾ ਕਰਦਾ। ਜਨਮ ਤੋਂ ਹੀ ਉਹ ਜਿੱਦਾਂ ਮਾਰਵਾੜੀ ਸਨ। ਉਨ੍ਹਾਂ ਨੇ ਉਸ ਬਾਜ਼ਾਰ 'ਤੇ ਕਬਜ਼ਾ ਕਰਨ ਵਾਲੇ ਗੌੜ ਸਾਰਸਵਥ ਬ੍ਰਾਹਮਣਾਂ ਜਾਂ ਵਪਾਰੀਆਂ ਨੂੰ ਪਿੱਛੇ ਧੱਕ ਕੇ, ਉਸ ਬਾਜ਼ਾਰ ਵਿੱਚ ਇਕ ਨਾਮੀ ਸੇਠ ਦੇ ਰੂਪ ਵਿੱਚ ਨਾਂ ਕਮਾਇਆ ਸੀ। ਉਨ੍ਹਾਂ ਨੇ ਕਛੂਕੰਮੇ ਵਾਂਗ ਆਪਣੀ ਕਾਬਲੀਅਤ ਨੂੰ ਆਪਣੇ ਅੰਦਰ ਛੁਪਾ ਕੇ ਰੱਖਿਆ ਹੋਇਆ ਸੀ। ਉਸ ਬਾਜ਼ਾਰ ਦੇ ਰੋਟਰੀ ਕਲਬ ਵਾਲੇ ਜਾਂ ਲਾਇੰਸ ਕਲਬ ਵਾਲੇ ਉਨ੍ਹਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਕੇ ਜਨਤਕ ਤੌਰ 'ਤੇ ਉਨ੍ਹਾਂ ਦਾ ਫਾਇਦਾ ਨਹੀਂ ਚੁੱਕ ਸਕੇ ਸਨ। ਇਸ ਗੱਲ ਨੂੰ ਅਜੇ ਵੀ ਕਈ ਲੋਕ ਮੰਨਦੇ ਸਨ। ਜਦੋਂ ਉਹ ਕਾਲਜ ਦੇ ਪ੍ਰੋਫ਼ੈਸਰ ਸਨ, ਉਨ੍ਹਾਂ ਦਾ ਜੂਨੀਅਰ ਸਾਥੀ ਸ਼ਿਵਾਨੰਦ ਕਾਮਤ ਅੱਜ ਵੀ ਉਨ੍ਹਾਂ ਦਾ ਜਿਗਰੀ ਦੋਸਤ ਸੀ। ਇਹ ਗੱਲ ਸਿਰਫ਼ ਉਸ ਕਾਲਜ ਦੇ ਪ੍ਰਿੰਸੀਪਲ ਲਈ ਹੀ ਨਹੀਂ ਸਗੋਂ ਬਾਜ਼ਾਰ ਦੀਆਂ ਨਾਮੀ ਹਸਤੀਆਂ ਲਈ ਵੀ ਅਚਰਜ ਦੀ ਗੱਲ ਸੀ। ਉਂਜ ਸਦਾਨੰਦਜੀ ਕੰਜੂਸ ਨਹੀਂ ਸਨ। ਜੇ ਕਾਮਤ ਕਹਿੰਦਾ ਕਿ ਉਨ੍ਹਾਂ ਨੂੰ ਫਲਾਣੇ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਉਹ ਕਦੇ ਮਨਾ ਨਹੀਂ ਕਰਦੇ ਸਨ।

ਸਦਾਨੰਦਜੀ ਦਾ ਇਕ ਦੂਜਾ ਚਿਹਰਾ ਵੀ ਸੀ, ਇਹ ਗੱਲ ਕਾਮਤ ਤੋਂ ਇਲਾਵਾ ਹੋਰ ਕਿਸੇ ਨੂੰ ਬਾਜ਼ਾਰ ਵਿੱਚ ਪਤਾ ਨਹੀਂ ਸੀ। ਉਹ ਇਕ ਨਾਮੀ ਕਹਾਣੀਕਾਰ ਹਨ, ਇਹ ਗੱਲ ਬਾਜ਼ਾਰ ਵਿੱਚ ਤਾਂ ਕੀ, ਸਾਹਿਤਕ ਜਗਤ ਵਿੱਚ ਨਵੇਂ ਆਏ ਲੋਕਾਂ ਤਕ ਨੂੰ ਪਤਾ ਨਹੀਂ ਸੀ। ਹਾਲਾਂਕਿ ਉਨ੍ਹਾਂ ਨੇ ਹੁਣ ਤਕ ਸਿਰਫ਼ ਚੌਦ੍ਹਾਂ ਕਹਾਣੀਆਂ ਹੀ ਲਿਖੀਆਂ ਸਨ ਪਰ ਉਨ੍ਹਾਂ ਵਿਚੋਂ 'ਬਾਜ਼' ਕਹਾਣੀ ਲਈ ਉਨ੍ਹਾਂ ਨੂੰ ਕੌਮੀ ਪੱਧਰ ਦਾ ਪੁਰਸਕਾਰ ਮਿਲਿਆ ਸੀ। ਉਨ੍ਹਾਂ ਦੇ ਕਹਾਣੀ-ਸੰਗ੍ਰਹਿ 'ਚਿਹਰੇ' ਨੂੰ ਸਾਹਿਤ ਅਕਾਦਮੀ ਦਾ ਸਨਮਾਨ ਮਿਲਿਆ ਸੀ। ਉਨ੍ਹਾਂ ਦੀਆਂ ਸੱਤ ਚੋਣਵੀਆਂ ਕਹਾਣੀਆਂ ਮੰਗਲੂਰ, ਬੰਗਲੌਰ ਤੇ ਮੈਸੂਰ ਯੂਨੀਵਰਸਿਟੀਆਂ ਦੇ ਪਾਠਕ੍ਰਮ ਵਿੱਚ ਸ਼ਾਮਿਲ ਸਨ। ਪਰ ਇਹ ਸਾਰੀਆਂ ਗੱਲਾਂ ਉਨ੍ਹਾਂ ਨੇ ਕਿਸੇ ਨੂੰ ਨਹੀਂ ਦੱਸੀਆਂ ਸਨ ਤੇ ਨਾ ਹੀ ਉਹ ਕਹਿਣਾ ਚਾਹੁੰਦੇ ਸਨ। ਉਹ 'ਦਿਗਗੱਜ' ਨਾਮਕ ਉਪਨਾਮ ਨਾਲ ਤਿੰਨ-ਚਾਰ ਸਾਲਾਂ ਵਿੱਚ ਇਕਅੱਧ ਕਹਾਣੀ ਲਿਖਦੇ ਸਨ। ਦਿਗਗੱਜ ਨਾਂ ਬਹੁਤਾ ਮਸ਼ਹੂਰ ਨਹੀਂ ਸੀ। ਹਾਲਾਂਕਿ ਉਨ੍ਹਾਂ ਦਾ ਜਿਗਰੀ ਦੋਸਤ ਕਾਮਤ ਕਿਸੇ ਨਾਲ ਵੀ ਗੱਲ ਕਰਦੇ ਹੋਏ, ਉਨ੍ਹਾਂ ਦੀ ਸਾਹਿਤਕਾਰ ਵਜੋਂ ਤਾਰੀਫ਼ ਜ਼ਰੂਰ ਕਰਦਾ ਸੀ। ਦੋਸਤਾਂ ਨੂੰ ਲੱਗਦਾ ਸੀ ਕਿ ਉਹ ਸ਼ਿਵਾਨੰਦ ਦਾ ਚਮਚਾ ਹੈ, ਪਰ ਉਸ ਦੇ ਸਾਹਮਣੇ ਹਾਂ ਵਿੱਚ ਹਾਂ ਮਿਲਾਉਂਦੇ ਸਨ।

'ਸਦਾਨੰਦ ਡਿਪਾਰਟਮੈਂਟਲ ਸਟੋਰਜ਼' ਪਹਿਲੇ ਬਾਜ਼ਾਰ ਦੇ ਉਸ ਕੋਨੇ ਵਿੱਚ ਸੀ, ਜਿੱਥੋਂ ਦੁਰਗਾ ਮੰਦਰ ਜਾਣ ਵਾਲਾ ਰਾਹ ਸੀ। ਉਸ ਦੁਕਾਨ ਦੀ ਸਥਾਪਨਾ ਸਦਾਨੰਦ ਦੇ ਪਿਤਾ ਸੁੱਬਾਰਾਏਜੀ ਨੇ ਕੀਤੀ ਸੀ। ਉਨ੍ਹਾਂ ਦੇ ਪਿਤਾ ਦਾ ਨਾਂ ਅਮਰ ਰਹੇ, ਇਹ ਸੋਚ ਕੇ ਉਨ੍ਹਾਂ ਨੇ ਦੁਕਾਨ ਦਾ ਨਾਂ ਆਪਣੇ ਪੁੱਤਰ ਦੇ ਨਾਂ 'ਤੇ ਰੱਖਿਆ ਸੀ। ਸੁੱਬਾਰਾਏ ਦੇ ਜ਼ਮਾਨੇ ਵਿੱਚ ਦੁਕਾਨ ਦਾ ਕਾਰੋਬਾਰ ਐਨਾ ਵਧੀਆ ਨਹੀਂ ਸੀ। ਇਸੇ ਕਰ ਕੇ ਜਦੋਂ ਸਦਾਨੰਦਜੀ ਨੇ ਮੈਸੂਰ ਯੂਨੀਵਰਸਿਟੀ ਤੋਂ ਐਮ.ਏ. ਹਿਸਟਰੀ ਕਰ ਕੇ



ਚੰਗੀ ਪੋਜ਼ੀਸ਼ਨ ਹਾਸਿਲ ਕੀਤੀ ਤਾਂ ਪਿਤਾ ਨੇ ਸੋਚਿਆ ਕਿ ਪੁੱਤਰ ਨੂੰ ਪੜ੍ਹਾ ਕੇ ਉਨ੍ਹਾਂ ਨੇ ਚੰਗਾ ਹੀ ਕੀਤਾ। ਇਸਲਈ ਉਨ੍ਹਾਂ ਨੇ ਪੁੱਤਰ ਨੂੰ ਕਿਹਾ, "ਤੂੰ ਦੁਕਾਨ ਦੇ ਝੰਜਟ ਵਿੱਚ ਪੈ ਕੇ ਕੀ ਕਰਨਾ ਏਂ। ਤੂੰ ਪੜ੍ਹ-ਲਿਖ ਗਿਆ ਏਂ, ਕਾਲਜ ਵਿੱਚ ਨੌਕਰੀ ਕਰ ਲੈ।" ਉਨ੍ਹਾਂ ਨੇ ਉਸ ਬਾਜ਼ਾਰ ਵਿੱਚ ਸਥਿਤ ਭੁਵਨੇਸ਼ਵਰ ਕਾਲਜ ਵਿੱਚ ਸਦਾਨੰਦ ਨੂੰ ਨੌਕਰੀ ਦਿਵਾ ਦਿੱਤੀ, ਜੋ ਉਨ੍ਹਾਂ ਦਿਨਾਂ ਵਿੱਚ ਹੀ ਖੁੱਲ੍ਹਿਆ ਸੀ।

ਸਦਾਨੰਦਜੀ ਜਦੋਂ ਕਾਲਜ ਮਗਰੋਂ ਪਿਤਾ ਨਾਲ ਸਟੋਰਜ਼ 'ਤੇ ਬੈਠਣ ਲੱਗੇ ਤਾਂ ਕਾਰੋਬਾਰ ਵਿੱਚ ਤਰੱਕੀ ਹੋਣ ਲੱਗੀ। ਸੁੱਬਾਰਾਏਜੀ ਨੇ ਪਹਿਲੇ ਦੁਕਾਨ 'ਤੇ ਦੋ ਨੌਕਰ ਰੱਖੇ। ਇਕ ਸਾਲ ਅੰਦਰ ਹੀ ਦੋ ਹੋਰ ਨੌਕਰ ਰੱਖਣੇ ਪੈ ਗਏ। ਕਾਰੋਬਾਰ ਵੱਧਦਾ ਜਾਣ ਲੱਗਾ ਤਾਂ ਸਦਾਨੰਦਜੀ ਨੂੰ ਲੱਗਾ ਕਿ ਇਕ ਹੋਰ ਡਿਪਾਰਟਮੈਂਟਲ ਸਟੋਰ ਬਾਜ਼ਾਰ ਵਿੱਚ ਕਿਉਂ ਨਾ ਖੋਲ੍ਹਿਆ ਜਾਏ। ਇਹ ਗੱਲ ਉਨ੍ਹਾਂ ਨੇ ਆਪਣੇ ਪਿਤਾ ਦੇ ਸਾਹਮਣੇ ਰੱਖੀ ਤਾਂ ਉਨ੍ਹਾਂ ਕਿਹਾ, "ਜੇ ਉਹ ਨੌਕਰੀ ਛੱਡ ਕੇ ਦੁਕਾਨ ਦਾ ਕੰਮ ਵਧਾਉਣਾ ਚਾਹੁੰਦੇ ਨੇ ਤਾਂ ਕਰ ਸਕਦੇ ਨੇ।"

ਉਸ ਜ਼ਮਾਨੇ ਵਿੱਚ ਪ੍ਰੋਫੈਸਰ ਦੀ ਨੌਕਰੀ ਵਿੱਚ ਛੇ-ਸੱਤ ਹਜ਼ਾਰ ਦੀ ਤਨਖ਼ਾਹ ਮਿਲਦੀ ਸੀ। ਉਨ੍ਹਾਂ ਸੋਚਿਆ, ਐਨੀ ਤਨਖ਼ਾਹ ਨਾਲੋਂ ਦੁਕਾਨ ਸੰਭਾਲਣਾ ਹੀ ਬਿਹਤਰ ਹੈ। ਉਨ੍ਹਾਂ ਨੇ ਇਕ ਦਿਨ ਸਿੰਡੀਕੇਟ ਮੈਨੇਜਰ ਨਾਲ ਮੁਲਾਕਾਤ ਕੀਤੀ। ਮੈਨੇਜਰ ਨੇ ਕਿਹਾ, "ਕਾਰੋਬਾਰ ਲਈ ਤੁਹਾਨੂੰ ਕਿੰਨੀ ਰਕਮ ਚਾਹੀਦੀ ਏ, ਮੈਂ ਦਿਵਾ ਦੇਵਾਂਗਾ।"

ਸਦਾਨੰਦਜੀ ਨੇ ਤੁਰੰਤ ਬਾਜ਼ਾਰ ਦੇ ਵਿਚਕਾਰ ਇਕ ਡਿਪਾਰਟਮੈਂਟਲ ਸਟੋਰ ਦੀ ਸਥਾਪਨਾ ਕੀਤੀ। ਉਹ ਸਟੋਰ ਸਾਰੇ ਬਾਜ਼ਾਰ ਵਿੱਚ ਸਭ ਤੋਂ ਵੱਡਾ ਸੀ। ਇਕ ਤਰ੍ਹਾਂ ਨਾਲ ਉਸ ਜ਼ਮਾਨੇ ਵਿੱਚ ਉਨ੍ਹਾਂ ਨੇ 'ਮੌਲ' ਦੀ ਸਥਾਪਨਾ ਕੀਤੀ, ਜਿੱਥੇ ਸਭ ਕੁਝ ਮਿਲਦਾ ਸੀ।

ਚਾਰ ਹੀ ਸਾਲਾਂ ਵਿੱਚ ਸਦਾਨੰਦਜੀ ਦਾ ਡਿਪਾਰਟਮੈਂਟਲ ਸਟੋਰ ਨਾ ਸਿਰਫ਼ ਉਸ ਬਾਜ਼ਾਰ ਵਿੱਚ ਸਗੋਂ ਆਸ-ਪਾਸ ਦੇ ਹੋਰ ਇਲਾਕਿਆਂ ਵਿੱਚ ਵੀ ਪ੍ਰਸਿੱਧ ਹੋ ਗਿਆ। ਕਾਰੋਬਾਰ ਵੱਧਦਾ ਦੇਖ ਕੇ ਹੋਰ ਇਲਾਕਿਆਂ ਦੇ ਕਾਰੋਬਾਰੀ ਵੀ ਇਸ ਤਰ੍ਹਾਂ ਦੇ ਸਟੋਰਜ਼ ਖੋਲ੍ਹਣ ਵਿੱਚ ਦਿਲਚਸਪੀ ਲੈਣ ਲੱਗੇ। ਪਰ ਉਹ ਪੰਜ-ਛੇ ਮਹੀਨਿਆਂ ਵਿੱਚ ਘਾਟੇ ਵਿੱਚ ਆ ਗਏ। ਉਨ੍ਹਾਂ ਵਿਚੋਂ ਇਕ-ਦੋ ਨੇ ਸਦਾਨੰਦਜੀ ਤਕ ਪਹੁੰਚ ਕਰ ਕੇ ਕਿਹਾ ਕਿ ਜੇ ਉਹ ਉਨ੍ਹਾਂ ਦੇ ਇਹ ਸਟੋਰ ਸੰਭਾਲ ਲੈਣ ਤਾਂ ਉਹ ਬਿਨਾਂ ਮੁਨਾਫ਼ੇ ਦੇ ਉਨ੍ਹਾਂ ਨੂੰ ਸੌਂਪ ਦੇਣਗੇ। ਸਦਾਨੰਦਜੀ ਨੇ ਮੁਸਕਰਾ ਕੇ ਮਨ੍ਹਾ ਕੀਤਾ। ਪਰ ਭਵਿੱਖ ਵਿੱਚ ਉਨ੍ਹਾਂ ਦਾ ਨਿਸ਼ਚਾ ਅਨੇਕ ਥਾਵਾਂ 'ਤੇ ਇਹੋ ਜਿਹੇ ਸਟੋਰ ਖੋਲ੍ਹਣ ਦਾ ਸੀ।

ਲਗਭਗ ਇਸੇ ਵੇਲੇ ਉਨ੍ਹਾਂ ਦਾ ਆਪਣਾ ਪੁੱਤਰ ਅਨੰਤ ਬੀ.ਕੌਮ. ਪੜ੍ਹ ਰਿਹਾ ਸੀ। ਆਪਣੀ ਇੱਛਾ ਦੀ ਪੂਰਤੀ ਲਈ ਉਨ੍ਹਾਂ ਨੇ ਅਨੰਤ ਨੂੰ ਐਮ.ਬੀ.ਏ. ਕਰਨ ਲਈ ਪ੍ਰੇਰਿਤ ਕੀਤਾ। ਅਨੰਤ ਦੇ ਐਮ.ਬੀ.ਏ. ਹੋਣ ਮਗਰੋਂ ਸਦਾਨੰਦਜੀ ਨੇ ਦੋ-ਤਿੰਨ ਬੈਂਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਪੁੱਤਰ ਨੂੰ ਕਿਹਾ, "ਪਹਿਲਾਂ ਇਸੇ ਬਾਜ਼ਾਰ ਵਿੱਚ ਇਕ ਮੌਲ ਦੀ ਸਥਾਪਨਾ ਕਰਨ ਉਪਰਾਂਤ ਦੂਜੇ ਬਾਜ਼ਾਰਾਂ ਵਿੱਚ ਵੀ ਕੋਸ਼ਿਸ਼ ਕੀਤੀ ਜਾ ਸਕਦੀ ਏ।" ਅਨੰਤ ਨੇ ਅਜੇ ਦੋ ਸਾਲ ਰੁੱਕਣ ਲਈ ਕਿਹਾ।

ਉਸ ਦੀ ਦੂਰਦ੍ਰਿਸ਼ਟੀ ਕੰਮ ਆਈ ਤੇ ਉਨ੍ਹਾਂ ਨੇ ਹੋਰ ਇਲਾਕਿਆਂ ਮੂਡਬਿਦਰੇ ਤੇ ਕਾਕਰਲਾ ਵਿੱਚ ਵੀ ਅਜਿਹੇ ਮੌਲਜ਼ ਖੋਲ੍ਹ ਲਏ। ਹੁਣ ਉਹ ਹਮੇਸ਼ਾ ਹੋਂਡਾਸਿਟੀ ਵਿੱਚ ਆਣ-ਜਾਣ ਲੱਗਾ। ਇਹ ਦੇਖ ਕੇ ਸਦਾਨੰਦਜੀ ਨੇ ਕਾਰੋਬਾਰ ਦੀ ਸਾਰੀ ਜ਼ਿੰਮੇਵਾਰੀ ਪੁੱਤਰ ਨੂੰ ਸੌਂਪ ਦਿੱਤੀ। ਉਹ ਬਸ ਆਪਣੇ ਪਿਤਾ ਵੱਲੋਂ ਖੋਲ੍ਹੀ ਪਹਿਲੀ ਦੁਕਾਨ 'ਤੇ ਕੁਝ ਦੇਰ ਜਾ ਕੇ ਬੈਠਣ ਲੱਗੇ।

ਪੰਜ ਥਾਵਾਂ 'ਤੇ ਸਦਾਨੰਦਜੀ ਦੇ ਡਿਪਾਰਟਮੈਂਟਲ ਸਟੋਰਜ਼ ਬਹੁਤ ਵਧੀਆ ਤਰੀਕੇ ਨਾਲ ਚਲ ਰਹੇ ਸਨ। ਪਰ ਵਧਦੇ ਕੰਮ ਕਾਰਣ ਨੌਕਰਾਂ ਦੀ ਸਮੱਸਿਆ ਬਣੀ ਹੀ ਰਹਿੰਦੀ ਸੀ। ਇਕ ਦਿਨ ਸਦਾਨੰਦਜੀ ਨੇ ਪੁੱਤਰ ਨੂੰ ਕਿਹਾ,

"ਅਨੰਤ, ਮਾਮੂਲੀ ਜਿਹੀ ਗੱਲ ਏ, ਤੂੰ ਹਮੇਸ਼ਾ ਕੰਮ 'ਤੇ ਕੁੰਵਾਰੀਆਂ ਕੁੜੀਆਂ ਨੂੰ ਨੌਕਰੀ 'ਤੇ ਰੱਖਦਾ ਏਂ। ਸ਼ਾਦੀ ਤੈਅ ਹੋਣ ਤੇ ਉਹ ਨੌਕਰੀ ਛੱਡ ਕੇ ਚਲੀਆਂ ਜਾਂਦੀਆਂ ਨੇ। ਸਾਨੂੰ ਇਸ ਨਿਯਮ ਨੂੰ ਬਦਲਣਾ ਪਏਗਾ। ਹੁਣ ਅਸੀਂ ਸਿਰਫ਼ ਵਿਆਹੀਆਂ ਔਰਤਾਂ ਨੂੰ ਹੀ ਨੌਕਰੀ 'ਤੇ ਰੱਖਾਂਗੇ। ਸੁਆਣੀਆਂ ਸਥਾਈ ਤੌਰ ਤੇ ਨੌਕਰੀ 'ਤੇ ਰਹਿ ਸਕਦੀਆਂ ਨੇ। ਉਨ੍ਹਾਂ ਨੂੰ ਤਨਖ਼ਾਹ ਦੇ ਨਾਲ ਕੁਝ ਬੋਨਸ ਵੀ ਦਿੱਤਾ ਜਾਏਗਾ।"

ਅਨੰਤ ਨੂੰ ਇਹ ਸੋਚ ਕੇ ਖ਼ੁਸ਼ੀ ਹੋਈ ਕਿ ਪਿਤਾ ਨੇ ਭਾਵੇਂ ਐਮ.ਬੀ.ਏ. ਨਹੀਂ ਕੀਤੀ, ਪਰ ਉਹ ਉਸ ਤੋਂ ਬਹੁਤ ਜ਼ਿਆਦਾ ਅਨੁਭਵੀ ਹਨ। ਫਿਰ ਵੀ ਉਸ ਨੇ ਪਿਤਾ ਨੂੰ ਪੁੱਛਿਆ, "ਕਿਸੇ ਨੂੰ ਨੌਕਰੀ 'ਤੇ ਰੱਖਦੇ ਹੋਏ ਇਹ ਗੱਲ ਕਿੱਦਾਂ ਪੁੱਛੀ ਜਾ ਸਕਦੀ ਏ ਕਿ ਉਹ ਵਿਆਹਿਤ ਨੇ ਜਾਂ ਨਹੀਂ ? ਇਹ ਮੇਰੇ ਤੋਂ ਨਹੀਂ ਹੋਏਗਾ।"

ਸਦਾਨੰਦਜੀ ਨੇ ਹੱਸਦੇ ਹੋਏ ਕਿਹਾ, "ਤੂੰ ਇਸ ਦੀ ਫ਼ਿਕਰ ਨਾ ਕਰ। ਇਹ ਸਭ ਮੈਂ ਆਪ ਦੇਖ ਲਵਾਂਗਾ।" ਅਨੰਤ ਨੂੰ ਨੌਕਰੀ ਲਈ ਇਹ ਗੱਲ ਹਾਸੇ ਭਰੀ ਤਾਂ ਲੱਗੀ ਪਰ ਉਹ ਚੁੱਪ ਹੀ ਰਿਹਾ।

ਸਦਾਨੰਦਜੀ ਰੋਜ਼ ਜਿਸ ਕਾਊਂਟਰ 'ਤੇ ਜਾ ਬੈਠਦੇ ਸਨ, ਉਸ ਦੇ ਅੱਗੇ ਉਨ੍ਹਾਂ ਨੇ ਇਕ ਬੋਰਡ ਲੱਗਾ ਦਿੱਤਾ, 'ਸਾਡੇ ਮੌਲਜ਼ ਲਈ ਨੌਕਰਾਂ ਦੀ ਲੋੜ ਏ, ਪਰ ਇੱਥੇ ਸਿਰਫ਼ ਵਿਆਹਿਤਾਂ ਨੂੰ ਹੀ ਨੌਕਰੀ ਦਿੱਤੀ ਜਾਏਗੀ।' ਉਨ੍ਹਾਂ ਦੀ ਦੁਕਾਨ ਵਿੱਚ ਦਇਆਨੰਦ ਪ੍ਰਭੂ ਅਕਾਉਂਟੈਂਟ ਸਨ, ਜੋ ਉਨ੍ਹਾਂ ਦੇ ਹੀ ਹਾਣੀ ਸਨ। ਉਨ੍ਹਾਂ ਨੇ ਕਿਹਾ, "ਇਹ ਕੀ ਹੈ ? ਇਸ ਬੋਰਡ ਨੂੰ ਹਟਾ ਦਿਓ।" ਸਦਾਨੰਦਜੀ ਨੇ ਉਸ ਨੂੰ ਸਮਝਾਇਆ ਕਿ ਅਣਵਿਆਹਿਆਂ ਨੂੰ ਨੌਕਰੀ 'ਤੇ ਰੱਖਣ ਤਾਂ ਕਾਰੋਬਾਰ ਦਾ ਨੁਕਸਾਨ ਹੁੰਦਾ ਹੈ। ਮੈਨੂੰ ਦੇਖ ਕੇ ਸ਼ਾਇਦ ਲੋਕ ਦੋ-ਚਾਰ ਦਿਨ ਹੱਸਣਗੇ, ਪਰ ਦੇਖੋ, ਮੈਂ ਇਤਿਹਾਸ ਪੜ੍ਹਿਆ ਹੈ। ਇਤਿਹਾਸ ਤੋਂ ਕਿਸੇ ਨੇ ਕਦੇ ਕੁਝ ਨਹੀਂ ਸਿੱਖਿਆ ਹੈ।

ਇਹ ਕਹਿ ਕੇ ਉਨ੍ਹਾਂ ਦਇਆਨੰਦ ਦਾ ਮੂੰਹ ਬੰਦ ਕਰ ਦਿੱਤਾ। ਬਾਜ਼ਾਰ ਦੇ ਲੋਕਾਂ ਨੇ ਸੋਚਿਆ, "ਸੱਤਰ ਸਾਲ ਦਾ ਇਹ ਬੁੱਢਾ ਸਠਿਆ ਗਿਆ ਏ।" ਪਰ ਜਦੋਂ ਛੇ ਮਹੀਨੇ ਵਿੱਚ ਹੀ ਉਨ੍ਹਾਂ ਨੇ ਆਪਣੇ ਸਾਰੇ ਮੌਲਜ਼ ਲਈ ਵਿਆਹੇ ਹੋਏ ਨੌਕਰਾਂ ਦੀ ਨਿਯੁਕਤੀ ਕਰ ਦਿਖਾਈ ਤਾਂ ਸਾਰਿਆਂ ਦੇ ਮੂੰਹ ਆਪੇ ਹੀ ਬੰਦ ਹੋ ਗਏ।

ਸਦਾਨੰਦਜੀ ਦੇ ਲਗਾਤਾਰ ਸਟੋਰ 'ਤੇ ਆ ਕੇ ਬੈਠਣ 'ਤੇ ਉਹ ਸਾਰੇ ਮੌਲਜ਼ ਦਾ ਕੇਂਦਰੀ ਦਫ਼ਤਰ ਹੀ ਬਣ ਗਿਆ। ਹੁਣ ਤਕ ਸਦਾਨੰਦਜੀ ਨੇ ਆਪਣੇ ਸਟੋਰ ਵਿੱਚ ਚੀਫ਼ ਅਕਾਉਂਟੈਂਟ ਪ੍ਰਭੂ ਨੂੰ ਮਿਲਾ ਕੇ ਹੋਰ ਚਾਰ ਮਰਦਾਂ ਨੂੰ ਨੌਕਰੀ 'ਤੇ ਰੱਖ ਲਿਆ ਸੀ। ਅਜੇ ਵੀ ਉਨ੍ਹਾਂ ਨੂੰ ਦੋ ਹੋਰ ਨੌਕਰਾਂ ਦੀ ਲੋੜ ਸੀ। ਹੁਣ ਉਹ ਜ਼ਿਆਦਾ ਸਮਾਂ ਦੁਕਾਨ 'ਤੇ ਹੀ ਬਿਤਾਉਂਦੇ ਸਨ। ਆਪਣੀ ਉਮਰ ਤੋਂ ਵੱਧ ਉਹ ਕੰਮ ਕਰ ਸਕਦੇ ਸਨ, ਉਨ੍ਹਾਂ ਨੂੰ ਦੇਖ ਕੇ ਇਹੀ ਪ੍ਰਤੀਤ ਹੁੰਦਾ ਸੀ।

ਇਕ ਦਿਨ ਗੀਤਾ ਨਾਮਕ ਅਣਵਿਆਹੀ ਕੁੜੀ ਨੌਕਰੀ ਦੀ ਭਾਲ ਵਿੱਚ ਉਨ੍ਹਾਂ ਕੋਲ ਆਈ ਤੇ ਬੇਨਤੀ ਕੀਤੀ, "ਜੀ, ਮੈਨੂੰ ਨੌਕਰੀ ਚਾਹੀਦੀ ਏ। ਤੁਹਾਡੇ ਅੱਗੇ ਬਿਨਤੀ ਏ ਕਿ ਮੈਨੂੰ ਇੱਥੇ ਨੌਕਰੀ ਦੇ ਦਿਓ। ਬੜੀ ਕ੍ਰਿਪਾ ਹੋਵੇਗੀ।"

ਸਦਾਨੰਦਜੀ ਨੇ ਉਸ ਦਾ ਧਿਆਨ ਉਥੇ ਪਏ ਬੋਰਡ ਵੱਲ ਦਿਵਾਇਆ ਤੇ ਕਿਹਾ, "ਸ਼ਾਇਦ ਤੂੰ ਇਸ ਬੋਰਡ ਨੂੰ ਪੜ੍ਹਿਆ ਨਹੀਂ।"



"ਜੀ, ਇਹ ਬੋਰਡ ਮੈਂ ਚਾਰ-ਪੰਜ ਵਾਰ ਪੜ੍ਹਿਆ ਏ।" ਗੀਤਾ ਨੇ ਸ਼ਿਸ਼ਟਾਚਾਰੀ ਢੰਗ ਨਾਲ ਜਵਾਬ ਦਿੱਤਾ।

"ਓਹ, ਇਹ ਗੱਲ ਏ।" ਉਨ੍ਹਾਂ ਬੇਚੈਨੀ ਨਾਲ ਕਿਹਾ, "ਅਜੇ ਤੇਰਾ ਵਿਆਹ ਨਹੀਂ ਹੋਇਆ। ਤੂੰ ਇੱਥੇ ਇਕ-ਦੋ ਸਾਲ ਕੰਮ ਕਰ ਕੇ ਚਲੀ ਜਾਏਂਗੀ। ਤੂੰ ਇੱਥੇ ਜੋ ਵੀ ਸਿੱਖਿਆ ਹੋਵੇਗਾ, ਉਹ ਸਭ ਬੇਕਾਰ ਹੋ ਜਾਏਗਾ। ਸਾਨੂੰ ਫਿਰ ਨਵੇਂ ਸਿਰ੍ਹੇ ਤੋਂ ਕਿਸੇ ਨੂੰ ਰੱਖਣਾ ਪਏਗਾ ਤੇ ਕੰਮ ਸਮਝਾਉਣਾ ਪਏਗਾ। ਇਸ ਕਰ ਕੇ ਅਸੀਂ ਇੱਥੇ ਸਿਰਫ਼ ਵਿਆਹੇ ਹੋਇਆਂ ਨੂੰ ਹੀ ਇੱਥੇ ਰੱਖਦੇ ਹਾਂ ਤੇ ਬੋਨਸ ਵੀ ਦੇਂਦੇ ਹੁੰਦੇ ਹਾਂ। ਜੇ ਤੇਰੀ ਜਿਹੀ ਕੁੜੀ ਨੂੰ ਰੱਖ ਲਿਆ ਤਾਂ ਅਸੀਂ ਉਸ ਨੂੰ ਬੋਨਸ ਆਦਿ ਨਹੀਂ ਦੇਵਾਂਗੇ।"

"ਜੀ, ਮੈਨੂੰ ਕਾਮਤਜੀ ਨੇ ਇੱਥੇ ਤੁਹਾਡੇ ਕੋਲ ਭੇਜਿਆ ਏ। ਮੈਂ ਉਨ੍ਹਾਂ ਦੀ ਵਿਦਿਆਰਥਣ ਹਾਂ। ਮੈਂ ਪੀ.ਯੂ.ਸੀ. ਪਾਸ ਕੀਤੀ ਏ। ਕੰਪਿਊਟਰ ਵੀ ਸਿੱਖਿਆ ਹੋਇਆ। ਅੱਗੇ ਪੜ੍ਹਨ ਦੀ ਇੱਛਾ ਸੀ, ਪਰ ਸਹੂਲਤ ਨਹੀਂ ਸੀ। ਮੈਂ ਪ੍ਰਾਈਵੇਟ ਹੀ ਪੜ੍ਹ ਰਹੀ ਸੀ। ਅਸੀਂ ਚਾਰ ਭੈਣਾਂ ਹਾਂ, ਅਜੇ ਕਿਸੇ ਦਾ ਵੀ ਵਿਆਹ ਨਹੀਂ ਹੋਇਆ। ਮੇਰੇ ਵਿਆਹ ਨੂੰ ਅਜੇ ਦਸ ਸਾਲ ਲੱਗਣਗੇ। ਤੁਸੀਂ ਆਪਣੇ ਨਿਯਮ ਨੂੰ ਥੋੜ੍ਹਾ ਢਿੱਲਾ ਕਰੋ। ਤੁਸੀਂ ਆਪਣੇ ਨੌਕਰਾਂ ਨੂੰ ਕਹਿ ਦੇਣਾ ਕਿ ਮੈਂ ਵਿਆਹੀ ਹੋਈ ਹਾਂ।" ਗੀਤਾ ਨੇ ਮੁਸਕਰਾਉਂਦੇ ਹੋਏ ਕਿਹਾ।

ਸਦਾਨੰਦਜੀ ਨੇ ਅਜੇ ਤਕ ਇਹੋ ਜਿਹੀ ਕੁੜੀ ਨਹੀਂ ਦੇਖੀ ਸੀ। ਉਨ੍ਹਾਂ ਨੇ ਕੁੜੀ ਨੂੰ ਸਿਰ ਤੋਂ ਲੈ ਕੇ ਪੈਰਾਂ ਤੀਕ ਦੇਖਿਆ ਤੇ ਸੋਚਿਆ ਕਿ ਕੁੜੀ ਹੁਸ਼ਿਆਰ ਹੈ। ਗਰੀਬ ਹੈ, ਪੜ੍ਹਨ ਦੀ ਲਾਲਸਾ ਵੀ ਹੈ। ਇਕ ਮੌਕਾ ਕਿਉਂ ਨਾ ਦਿੱਤਾ ਜਾਏ ? ਅਖ਼ੀਰ ਉਨ੍ਹਾਂ ਕਿਹਾ, "ਕੱਲ੍ਹ ਆਉਣਾ, ਦੇਖਾਂਗੇ।"

ਸਦਾਨੰਦਜੀ ਨੇ ਇਹ ਗੱਲ ਸ਼ਾਮ ਨੂੰ ਆਪਣੀ ਬੀਵੀ ਤੇ ਮੁੰਡੇ ਅੱਗੇ ਰੱਖੀ ਤੇ ਕਿਹਾ, "ਕੁੜੀ ਹੁਸ਼ਿਆਰ ਏ। ਮੈਂ ਸੋਚਦਾ ਹਾਂ ਕਿ ਮੈਂ ਉਸ ਨੂੰ ਆਪਣੇ ਨਿੱਜੀ ਸਹਾਇਕਾ ਦੇ ਤੌਰ ਤੇ ਰੱਖ ਲਵਾਂ। ਉਹ ਕੁਝ ਦੇਰ ਤਕ ਕਚਹਿਰੀ ਵਿੱਚ ਵੀ ਮਦਦ ਕਰ ਦੇਵੇਗੀ। ਵਿਚਾਰੀ ਗਰੀਬ ਕੁੜੀ ਏ।"

"ਗੁਡ ਆਇਡੀਆ। ਹੁਣ ਤੁਸੀਂ ਘਰ ਵਿੱਚ ਹੀ ਉਸ ਤੋਂ ਕੰਮ ਕਰਵਾ ਸਕਦੇ ਹੋ। ਤੁਹਾਡੀ ਉਮਰ ਹੁਣ ਆਰਾਮ ਨਾਲ ਰਹਿਣ ਦੀ ਏ। ਤੁਹਾਨੂੰ ਸੁਖ ਮਿਲੇਗਾ।" ਅਨੰਤ ਨੇ ਕਿਹਾ।

ਪਰ ਰਾਤ ਨੂੰ ਬੀਵੀ ਨੇ ਇਤਰਾਜ਼ ਕਰਦੇ ਹੋਏ ਕਿਹਾ, "ਹੁਣ ਤੁਹਾਨੂੰ ਨਿੱਜੀ ਸਹਾਇਕਾ ਦੀ ਕੀ ਲੋੜ ਏ ? ਉਹ ਵੀ ਕੁੰਵਾਰੀ ਕੁੜੀ ਦੀ ?"

"ਗੱਲ ਇਹ ਏ ਕਿ ਉਸ ਨੂੰ ਟਾਈਪਿੰਗ ਵੀ ਆਉਂਦੀ ਏ। ਹਿਸਾਬ-ਕਿਤਾਬ ਵੀ ਜਾਣਦੀ ਏ। ਸਾਡੇ ਅਕਾਉਂਟੈਂਟ ਸਾਹਬ ਵੀ ਮੇਰੇ ਵਾਂਗ ਸੱਤਰ ਸਾਲਾਂ ਦੇ ਹੋ ਗਏ ਨੇ। ਉਨ੍ਹਾਂ ਨੂੰ ਇਕ ਕਾਗਜ਼ ਤਿਆਰ ਕਰਨ ਵਿੱਚ ਅੱਧਾ ਦਿਨ ਲੱਗ ਜਾਂਦਾ ਏ।" ਸਦਾਨੰਦਜੀ ਨੇ ਆਪਣੀ ਬੀਵੀ ਨੂੰ ਸਮਝਾਇਆ।

"ਠੀਕ ਏ, ਤੁਹਾਡੀ ਮਰਜ਼ੀ। ਹੁਣ ਤੁਸੀਂ ਉਸ ਨੂੰ ਹੀ ਦੇਖਦੇ ਹੋਏ ਬੈਠੋਗੇ। ਮੇਰਾ ਤਾਂ ਹੁਣ ਰੱਬ ਹੀ ਮਾਲਕ ਏ।"

ਸਦਾਨੰਦਜੀ ਮੁਸਕਰਾਏ, ਪਰ ਉਨ੍ਹਾਂ ਬੀਵੀ ਦੀ ਕਿਸੇ ਗੱਲ ਦਾ ਕੋਈ ਜਵਾਬ ਨਾ ਦਿੱਤਾ।

ਗੀਤਾ ਨੌਕਰੀ 'ਤੇ ਆਉਣ ਲੱਗੀ। ਦੁਕਾਨ 'ਤੇ ਆਉਣ ਤੋਂ ਪਹਿਲਾਂ ਉਹ ਸਦਾਨੰਦਜੀ ਦੇ ਘਰ ਜਾਂਦੀ ਸੀ। ਕਚਹਿਰੀ ਲਈ ਕਿਹੜੀਆਂ-ਕਿਹੜੀਆਂ ਚੀਜ਼ਾਂ ਦੀ ਲੋੜ ਹੈ, ਉਨ੍ਹਾਂ ਨੂੰ ਨਾਲ

ਲੈ ਕੇ ਉਹ ਸਦਾਨੰਦ ਜੀ ਨਾਲ ਕਾਰ ਵਿੱਚ ਬੈਠ ਕੇ ਜਾਂਦੀ ਸੀ। ਸ਼ਾਮ ਨੂੰ ਮੁੜਣ ਤੋਂ ਪਹਿਲਾਂ, ਜੋ ਵੀ ਖ਼ਤੋ-ਕਿਤਾਬਤ ਕਰਨੀ ਹੁੰਦੀ ਸੀ, ਉਹ ਢੰਗ ਨਾਲ ਨਿਪਟਾ ਦੇਂਦੀ ਸੀ। ਸਦਾਨੰਦਜੀ ਨੇ ਜਲਦੀ ਹੀ ਉਸ ਨੂੰ ਬੈਂਕ ਦੇ ਸਾਰੇ ਕੰਮਕਾਜਾਂ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ। ਛੇ ਮਹੀਨਿਆਂ ਵਿੱਚ ਹੀ ਗੀਤਾ ਨੇ ਆਪਣੀ ਸਮਝਦਾਰੀ ਨਾਲ ਸਦਾਨੰਦਜੀ ਨੂੰ ਪ੍ਰਭਾਵਿਤ ਕਰ ਲਿਆ ਤੇ ਉਹ ਸਮਝ ਗਏ ਕਿ ਕਚਹਿਰੀ ਲਈ ਵੀ ਗੀਤਾ ਬਹੁਤ ਲਾਹੇਵੰਦ ਸਿੱਧ ਹੋ ਰਹੀ ਸੀ।

ਸਦਾਨੰਦਜੀ ਨੇ ਕਾਮਤ ਤੇ ਪੁੱਤਰ ਦੇ ਸਾਹਮਣੇ ਵੀ ਗੀਤਾ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਇਸ ਕੁੜੀ ਦਾ ਆਉਣਾ ਚੰਗਾ ਰਿਹਾ। ਉਨ੍ਹਾਂ ਆਪਣੀ ਬੀਵੀ ਸਾਹਮਣੇ ਵੀ ਉਸ ਦੀ ਬਹੁਤ ਤਾਰੀਫ਼ ਕੀਤੀ।

ਇਕ ਸਾਲ ਦੇ ਅੰਦਰ ਹੀ ਡਿਪਾਰਟਮੈਂਟਲ ਸਟੋਰ ਦੇ ਨੌਕਰ ਰਮੇਸ਼ ਨੇ ਗੀਤਾ ਨਾਲ ਦੋਸਤੀ ਕਰ ਲਈ। ਉਸ ਨੇ ਗੀਤਾ ਨਾਲ ਮੇਲਜੋਲ ਕਰ ਕੇ ਉਸ ਨਾਲ ਦੋਸਤੀ ਕਿੱਦਾਂ ਕਰ ਲਈ, ਇਸ ਦੀ ਹੈਰਾਨੀ ਸਾਰਿਆਂ ਨੂੰ ਸੀ। ਦੁਪਹਿਰ ਵੇਲੇ ਜਦੋਂ ਉਹ ਰੋਟੀ ਖਾਣ ਬੈਠਦੀ, ਰਮੇਸ਼ ਵੀ ਉਸ ਨਾਲ ਜਾ ਬੈਠਦਾ।

"ਇਹ ਮੇਰੀ ਬੀਵੀ ਦੀ ਬਣਾਈ ਸਪੈਸ਼ਲ ਕੜ੍ਹੀ ਏ। ਤੁਸੀਂ ਵੀ ਜ਼ਰਾ ਖਾ ਕੇ ਦੇਖੋ।" ਰਮੇਸ਼ ਕਹਿੰਦਾ। ਜਦੋਂ ਉਹ ਮਨ੍ਹਾ ਕਰਦੀ ਤਾਂ ਖਾਣ ਲਈ ਜ਼ੋਰ ਮਾਰਦਾ, "ਨਹੀਂ, ਜ਼ਰੂਰ ਖਾ ਕੇ ਦੇਖੋ।"

ਅਕਾਉਂਟੈਂਟ ਪ੍ਰਭੂ ਦਾ ਧਿਆਨ ਰਮੇਸ਼ ਤੇ ਗੀਤਾ ਵੱਲ ਜ਼ਿਆਦਾ ਜਾਣ ਲੱਗਾ। ਉਨ੍ਹਾਂ ਨੂੰ ਲੱਗਾ ਕਿ ਰਮੇਸ਼ ਨੂੰ ਅਕਲ ਹੈ ਨਹੀਂ, ਇਹ ਸਿਆਣੀ ਕੁੜੀ ਦਾ ਦਿਮਾਗ਼ ਖ਼ਰਾਬ ਕਰ ਰਿਹਾ ਹੈ। ਉਨ੍ਹਾਂ ਨੇ ਇਹ ਗੱਲ ਸਦਾਨੰਦਜੀ ਨੂੰ ਦੱਸਣ ਬਾਰੇ ਸੋਚਿਆ। ਪਰ ਜੇ ਸਦਾਨੰਦਜੀ ਨੂੰ ਇਸ ਗੱਲ 'ਤੇ ਯਕੀਨ ਨਾ ਆਇਆ, ਫਿਰ ਕੀ ਕਰਨ। ਉਨ੍ਹਾਂ ਚੁੱਪ ਰਹਿਣਾ ਹੀ ਠੀਕ ਸਮਝਿਆ।

ਇਕ ਸਾਲ ਲੰਘਣ 'ਤੇ ਹੁਣ ਰਮੇਸ਼ ਗੀਤਾ ਨੂੰ ਆਪਣੇ ਸਕੂਟਰ 'ਤੇ ਬਿਠਾ ਕੇ ਸ਼ਾਮ ਨੂੰ ਘਰ ਵੀ ਛੱਡਣ ਜਾਣ ਲੱਗਾ। ਉਸ ਨਾਲ ਸਾਰਿਆਂ ਸਾਹਮਣੇ ਬੜੀ ਨੇੜਤਾ ਨਾਲ ਗੱਲਾਂ ਕਰਨ ਲੱਗਾ। ਇਹ ਗੱਲਾਂ ਸਦਾਨੰਦਜੀ ਦੀ ਨਜ਼ਰ ਵਿੱਚ ਵੀ ਆ ਗਈਆਂ, ਪਰ ਉਨ੍ਹਾਂ ਸੋਚਿਆ ਕਿ ਹੁਣ ਜ਼ਮਾਨਾ ਬਦਲ ਰਿਹਾ ਹੈ। ਪਰ ਰਮੇਸ਼ ਨੂੰ ਗੀਤਾ ਨਾਲ ਬਹੁਤੀ ਨੇੜਤਾ ਬਣਾਉਂਦੇ ਦੇਖ ਕੇ ਪ੍ਰਭੂਜੀ ਤੋਂ ਨਾ ਰਿਹਾ ਗਿਆ। ਉਨ੍ਹਾਂ ਇਕ ਦਿਨ ਹਿੰਮਤ ਕਰ ਕੇ ਇਹ ਗੱਲ ਸਦਾਨੰਦਜੀ ਨੂੰ ਕਹਿ ਹੀ ਦਿੱਤੀ, "ਤੁਸੀਂ ਇਕ ਵਾਰ ਰਮੇਸ਼ ਨੂੰ ਇਸ ਗੱਲ ਲਈ ਟੋਕ ਤਾਂ ਦਿਓ ਜ਼ਰਾ।"

ਸਦਾਨੰਦਜੀ ਨੇ ਰਮੇਸ਼ ਨੂੰ ਘਰ ਬੁਲਾ ਕੇ ਇਸ ਬਾਰੇ ਸਾਵਧਾਨ ਕਰਦੇ ਹੋਏ ਕਿਹਾ, "ਦੇਖੋ, ਤੁਸੀਂ ਗੀਤਾ ਦੇ ਪਿੱਛੇ ਹੋਏ ਹੋ। ਇਹ ਤਕਰਾਰ ਸਾਡੀ ਦੁਕਾਨ ਵਿੱਚ ਚਲ ਰਹੀ ਏ। ਇਹ ਠੀਕ ਨਹੀਂ।"

ਸਦਾਨੰਦਜੀ ਦੀ ਬੀਵੀ ਨੇ ਕਿਹਾ, "ਇੰਜ ਹੀ ਹੋਵੇਗਾ, ਮੈਨੂੰ ਪਹਿਲਾਂ ਹੀ ਪਤਾ ਸੀ। ਹੁਣ ਤੁਹਾਡੀ ਵੀ ਗੀਤਾ ਨਾਲ ਦੋਸਤੀ ਵੱਧ ਰਹੀ ਏ, ਮੇਰੇ ਤੋਂ ਇਹ ਦੇਖਿਆ ਨਹੀਂ ਜਾ ਰਿਹਾ।"

ਸਦਾਨੰਦਜੀ ਨੇ ਬੀਵੀ ਦੀਆਂ ਗੱਲਾਂ ਦੀ ਪਰਵਾਹ ਨਾ ਕੀਤੀ। ਦੋ ਦਿਨ ਬਾਦ ਜਦੋਂ ਸਦਾਨੰਦਜੀ ਡਿਪਾਰਟਮੈਂਟਲ ਸਟੋਰ ਗਏ ਤਾਂ ਉਨ੍ਹਾਂ ਨੇ ਸਿੱਧੇ ਹੀ ਗੀਤਾ ਤੋਂ ਜਾ ਕੇ ਪੁੱਛ ਲਿਆ, "ਗੀਤਾ, ਤੇਰਾ ਰਮੇਸ਼ ਨਾਲ ਕਿਹੋ ਜਿਹਾ ਸੰਬੰਧ ਏ?"

"ਨਹੀਂ ਜੀ, ਮੇਰਾ ਕੋਈ ਸੰਬੰਧ ਨਹੀਂ। ਮੈਂ ਜਿੰਨਾ ਦੂਰ ਜਾਂਦੀ ਹਾਂ, ਇਹ ਓਤਨਾ ਹੀ ਮੇਰੇ



ਨੇੜੇ ਆਉਣ ਦੀ ਕੋਸ਼ਿਸ਼ ਕਰਦੇ ਨੇ। ਕਾਨਾਫੂਸੀ ਕਰਦੇ ਰਹਿੰਦੇ ਨੇ। ਜੇ ਮੈਂ ਸਕੂਟਰ 'ਤੇ ਬੈਠਣ 'ਤੇ ਮਨ੍ਹਾ ਕਰਾਂ ਤਾਂ ਮੈਨੂੰ ਬਲੈਕਮੇਲ ਕਰਨ ਲੱਗਦੇ ਨੇ, ਇਹ ਕਹਿ ਕੇ ਮੈਂ ਇਨ੍ਹਾਂ ਨੂੰ 'ਕਿਸ' ਕੀਤਾ ਏ।" ਇਹ ਕਹਿੰਦੇ ਹੋਏ ਉਹ ਰੋਣ ਲੱਗ ਪਈ।

ਸਦਾਨੰਦਜੀ ਨੂੰ ਲੱਗਾ ਕਿ ਗਲਤੀ ਕੁੜੀ ਦੀ ਨਹੀਂ ਹੈ।

ਉਨ੍ਹਾਂ ਨੇ ਦੂਜੇ ਦਿਨ ਰਮੇਸ਼ ਨੂੰ ਕਿਹਾ, "ਹੁਣ ਤੂੰ ਇੱਥੇ ਨੌਕਰੀ ਨਹੀਂ ਕਰ ਸਕਦਾ।"

ਇਸ ਘਟਨਾ ਨੂੰ ਛੇ ਮਹੀਨੇ ਬੀਤ ਗਏ। ਸਦਾਨੰਦਜੀ ਨੂੰ ਇਕ ਦਿਨ ਇਹ ਜਾਨਣ ਦੀ ਇੱਛਾ ਹੋਈ ਕਿ ਕੁੜੀ ਦੀ ਮੇਰੇ ਬਾਰੇ ਕੀ ਰਾਇ ਹੈ। ਆਖ਼ਿਰ ਇਹ ਇੱਛਾ ਪੈਦਾ ਕਿਉਂ ਹੋਈ ? ਇਸ ਦਾ ਪਤਾ ਉਨ੍ਹਾਂ ਨੂੰ ਆਪ ਵੀ ਨਹੀਂ ਸੀ।

ਜਦੋਂ ਉਨ੍ਹਾਂ ਨੇ ਇਹ ਗੱਲ ਗੀਤਾ ਤੋਂ ਪੁੱਛੀ ਤਾਂ ਉਸ ਨੇ ਕਿਹਾ, "ਮੈਂ ਸਾਰੀ ਜ਼ਿੰਦਗੀ ਤੁਹਾਨੂੰ ਭੁੱਲ ਨਹੀਂ ਸਕਦੀ। ਤੁਹਾਡਾ ਬਹੁਤ ਪ੍ਰਭਾਵ ਮੇਰੇ 'ਤੇ ਪਿਆ ਏ।" ਇਹ ਕਹਿ ਕੇ ਉਹ ਸ਼ਰਮਾ ਗਈ। ਇਸ ਤਰ੍ਹਾਂ ਕਰਦੇ ਹੋਏ ਸਦਾਨੰਦਜੀ ਨੂੰ ਉਹ ਵਿਸ਼ਵਸੁੰਦਰੀ ਜਿਹੀ ਸੁਹਣੀ ਲੱਗੀ। ਉਨ੍ਹਾਂ ਦਾ ਮਨ ਕੀਤਾ ਕਿ ਉਸ ਦਾ ਹੱਥ ਹੌਲੀ ਜਿਹੀ ਦਬਾ ਕੇ ਪਿਆਰ ਜਤਾਉਣਾ ਚਾਹੀਦਾ ਹੈ। ਪਰ ਤੁਰੰਤ ਲੱਗਾ, ਇਹ ਸ਼ਿਸ਼ਟਾਚਾਰ ਨਹੀਂ ਹੈ, ਇਸਲਈ ਉਹ ਚੁੱਪ ਰਹਿ ਗਏ।

ਇਸ ਘਟਨਾ ਦੇ ਬਾਦ ਗੀਤਾ ਹੌਲੀ-ਹੌਲੀ ਸਦਾਨੰਦਜੀ ਦੇ ਮਨ ਵਿੱਚ ਉਤਰਨ ਲੱਗੀ, ਅਜਿਹਾ ਉਨ੍ਹਾਂ ਨੂੰ ਮਹਿਸੂਸ ਹੋਣ ਲੱਗਾ। ਉਹ ਮਾਨਸਿਕ ਤੌਰ 'ਤੇ ਉਨ੍ਹਾਂ 'ਤੇ ਹਾਵੀ ਰਹਿਣ ਲੱਗੀ। ਸਦਾਨੰਦਜੀ ਨੂੰ ਲੱਗਦਾ ਕਿ ਗੀਤਾ ਆਪਣੀ ਹਰ ਗੱਲਬਾਤ ਰਾਹੀਂ ਉਨ੍ਹਾਂ ਨੂੰ ਪਿਆਰ ਕਰ ਰਹੀ ਹੈ। ਉਨ੍ਹਾਂ ਨੇ ਆਪਣੀ ਬੀਵੀ ਨੂੰ ਵੀ ਦੱਸਿਆ ਕਿ ਕਿੱਦਾਂ ਰਮੇਸ਼ ਗੀਤਾ ਨੂੰ ਤੰਗ ਕਰ ਰਿਹਾ ਸੀ, ਇਸ ਕਰ ਕੇ ਉਨ੍ਹਾਂ ਨੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ।

ਇਹ ਸੁਣ ਕੇ ਬੀਵੀ ਨੇ ਛੇੜਿਆ, "ਦੁਸ਼ਟ ਰਮੇਸ਼ ਨਹੀਂ, ਤੁਸੀਂ ਹੋ। ਮੈਂ ਦੇਖ ਰਹੀ ਹਾਂ, ਤੁਸੀਂ ਗੀਤਾ ਨੂੰ ਪਿਆਰ ਕਰਨ ਲੱਗ ਪਏ ਹੋ ਤੇ ਉਹ ਵੀ ਤੁਹਾਨੂੰ ਪਿਆਰ ਕਰ ਰਹੀ ਏ। ਉਸ ਦੀਆਂ ਅੱਖਾਂ ਇਹ ਦੱਸਦੀਆਂ ਨੇ। ਆਖ਼ਿਰ ਮੈਂ ਵੀ ਤੁਹਾਡੇ ਨਾਲ ਪਿਆਰ-ਵਿਆਹ ਕੀਤਾ ਏ ਇਸ ਲਈ ਮੈਂ ਇਹ ਗੱਲ ਸਮਝ ਸਕਦੀ ਹਾਂ।" ਇਹ ਸੁਣ ਕੇ ਸਦਾਨੰਦਜੀ ਨੂੰ ਇਹ ਗੱਲ ਸੱਚ ਲੱਗਣ ਲੱਗੀ ਤੇ ਉਨ੍ਹਾਂ ਨੂੰ ਆਪਣੇ 'ਤੇ ਸ਼ੱਕ ਹੋਣ ਲੱਗਾ।

ਉਸ ਦਿਨ ਤੋਂ ਸਦਾਨੰਦਜੀ ਨੇ ਗੀਤਾ ਦੇ ਚਾਲ-ਚਲਨ ਨੂੰ ਤਿੱਖੀ ਨਜ਼ਰ ਤੋਂ ਦੇਖਣਾ ਸ਼ੁਰੂ ਕੀਤਾ। ਉਨ੍ਹਾਂ ਦਾ ਇਹ ਇਰਾਦਾ ਪੱਕਾ ਹੋ ਗਿਆ ਕਿ ਗੀਤਾ ਉਨ੍ਹਾਂ ਨੂੰ ਪਿਆਰ ਕਰਦੀ ਹੈ। ਉਨ੍ਹਾਂ ਨੇ ਫਿਰ ਤੋਂ ਸ਼ਾਂਤੀਨਾਥ ਦੇਸਾਈ ਦਾ ਕਥਾ-ਸੰਗ੍ਰਹਿ 'ਦੈਂਤ' ਪੜ੍ਹਨਾ ਸ਼ੁਰੂ ਕਰ ਦਿੱਤਾ। ਬੀਵੀ ਨੇ ਦੇਖਿਆ, ਇਹ ਪੁਸਤਕ ਉਹ ਲਗਾਤਾਰ ਪੜ੍ਹ ਰਹੇ ਸਨ। ਉਸ ਨੇ ਟੋਕਿਆ, "ਇਸ ਉੱਮਰ ਵਿੱਚ ਇਹ ਕੀ ਪਾਗਲਪਨ ਏ? ਇਹ ਕਹਾਣੀਆਂ ਪੜ੍ਹਨ ਦੀ ਤੁਹਾਡੀ ਉਮਰ ਏ?"

"ਮੈਂ ਤਾਂ ਐਵੇਂ ਹੀ ਇਹ ਕਿਤਾਬ ਪੜ੍ਹ ਰਿਹਾ ਹਾਂ। ਤੂੰ ਕਿਹਾ ਸੀ ਕਿ ਮੈਨੂੰ ਗੀਤਾ ਨਾਲ ਪਿਆਰ ਹੋ ਗਿਆ ਏ। ਇਹ ਗੱਲ ਮੈਨੂੰ ਪਸੰਦ ਨਹੀਂ ਆਈ ਸੀ। ਇਸ ਲਈ ਮੈਂ ਕਿਤਾਬਾਂ ਵੱਲ ਮੁੜ ਪਿਆ ਹਾਂ।" ਸਦਾਨੰਦਜੀ ਨੇ ਹੱਸਦੇ ਹੋਏ ਕਿਹਾ।

"ਸੋਚ ਲਓ ਕਿ ਉਹ ਤੁਹਾਨੂੰ ਚਾਹੁੰਦੀ ਏ ਜਾਂ ਤੁਸੀਂ ਉਸ ਨੂੰ। ਪਰ ਇਹ ਗੱਲ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਮੈਂ ਦੇਹੀ ਤੌਰ ਤੇ ਹੁਣ ਅਸਮਰਥ ਹਾਂ। ਫਿਰ ਇਹ ਪੁਸਤਕ ਪੜ੍ਹਨ ਦਾ ਸ਼ੌਕ ਕਿਉਂ?"

ਸਦਾਨੰਦਜੀ ਦੀ ਬੀਵੀ ਨੇ ਅੱਗੋਂ ਕਿਹਾ, "ਕੁਝ ਲੋਕਾਂ ਵਿੱਚ ਇਸਤਰੀ ਨੂੰ ਦੇਖਣ ਦੀ ਕਾਮਨਾ ਹੁੰਦੀ ਏ। ਕੁਝ ਲੋਕਾਂ ਵਿੱਚ ਇਸਤਰੀਆਂ ਦੇ ਨੇੜੇ ਰਹਿਣ ਦੀ ਕਾਮਨਾ ਹੁੰਦੀ ਏ। ਕੁਝ ਲੋਕ ਇਸਤਰੀ ਨਾਲ ਸੈਕਸ ਕਰਨਾ ਚਾਹੁੰਦੇ ਨੇ। ਇਹ ਸਭ ਮੈਨੂੰ ਪਤਾ ਏ। ਅਲੱਾਮਾ ਨੇ ਕਿਹਾ ਹੈ, 'ਇਸਤਰੀ ਮਾਇਆ ਨਹੀਂ ਹੈ, ਸੋਨਾ ਮਾਇਆ ਨਹੀਂ ਹੈ। ਮਿੱਟੀ ਮਾਇਆ ਨਹੀਂ ਹੈ। ਇਹ ਸਭ ਮਨ ਦੀ ਮਾਇਆ ਹੈ।' ਤੁਸੀਂ ਆਪ ਹੀ ਇਹੋ ਜਿਹੀ ਇਕ ਕਹਾਣੀ ਲਿਖੀ ਸੀ। ਹੁਣ ਇੰਜ ਵਿਹਾਰ ਕਰ ਰਹੇ ਹੋ, ਜਿਸ ਨਾਲ ਇਨ੍ਹਾਂ ਗੱਲਾਂ ਦਾ ਸਮਰਥਨ ਕਰ ਰਹੇ ਹੋ। ਪਰ ਤੁਸੀਂ ਇਹ ਗੱਲ ਸਮਝ ਨਹੀਂ ਰਹੇ ਹੋ, ਪਰ ਮੈਂ ਸਮਝ ਰਹੀ ਹਾਂ।"

ਬੀਵੀ ਦੀ ਗੱਲ ਠੀਕ ਹੈ ਕਿ ਨਹੀਂ, ਉਹ ਇਸ ਦਾ ਨਿਰਣਾ ਨਾ ਕਰ ਸਕੇ।

ਇਕ ਦਿਨ ਜਦੋਂ ਉਨ੍ਹਾਂ ਦੀ ਬੀਵੀ ਘਰ ਨਹੀਂ ਸੀ, ਗੀਤਾ ਘਰ ਆਈ। ਸਦਾਨੰਦਜੀ ਨੇ ਗੀਤਾ ਨੂੰ ਕਿਹਾ, "ਗੀਤਾ, ਮੇਰਾ ਤੇਰੇ ਨਾਲ ਲਿਪਟ ਕੇ ਤੈਨੂੰ ਚੁੰਮਣ ਦਾ ਮਨ ਕਰ ਰਿਹਾ ਏ। ਕੀ ਤੂੰ ਮੌਕਾ ਦੇਵੇਂਗੀ?"

ਇਹ ਗੱਲ ਸੁਣਦੇ ਹੀ ਗੀਤਾ ਨੇ ਹਿਰਨੀ ਵਾਂਗ ਡਰਦੇ ਹੋਏ ਕਿਹਾ, "ਤੁਸੀਂ ਇਹ ਕੀ ਕਹਿ ਰਹੇ ਹੋ। ਮੈਨੂੰ ਸਮਝ ਵਿੱਚ ਨਹੀਂ ਆ ਰਿਹਾ। ਮੈਂ ਇਹੋ ਜਿਹੀ ਕੁੜੀ ਨਹੀਂ ਹਾਂ। ਤੁਸੀਂ ਜੇ ਅੱਗੋਂ ਵੀ ਇਹੋ ਜਿਹੀ ਮੰਗ ਰੱਖੋਗੇ ਤਾਂ ਮੈਂ ਨੌਕਰੀ ਛੱਡ ਕੇ ਚਲੀ ਜਾਵਾਂਗੀ।" ਉਸ ਦੀ ਗੱਲ ਸੁਣ ਕੇ ਸਦਾਨੰਦਜੀ ਘਬਰਾ ਗਏ।

ਦੂਜੇ ਦਿਨ ਗੀਤਾ ਕੰਮ 'ਤੇ ਨਹੀਂ ਆਏਗੀ, ਉਨ੍ਹਾਂ ਨੇ ਇਹ ਸੋਚਿਆ। ਪਰ ਉਹ ਰੋਜ਼ ਵਾਂਗ ਹੀ ਹੱਸਦੀ ਹੋਈ ਆਈ ਤੇ ਕੰਮ 'ਤੇ ਲੱਗ ਗਈ। ਇਹ ਦੇਖ ਕੇ ਸਦਾਨੰਦਜੀ ਨੂੰ ਤੱਸਲੀ ਹੋਈ। ਪਰ ਉਨ੍ਹਾਂ ਦੇ ਮਨ ਵਿੱਚ ਸੰਘਰਸ਼ ਚੱਲਣ ਲੱਗਾ ਕਿ ਉਨ੍ਹਾਂ ਨੇ ਅਜਿਹਾ ਕਹਿ ਕੇ ਗਲਤੀ ਕੀਤੀ ਹੈ? ਆਖ਼ਿਰ ਗੀਤਾ ਉਨ੍ਹਾਂ ਦੀ ਪੋਤਰੀ ਦੀ ਉਮਰ ਦੀ ਕੁੜੀ ਹੈ।

ਮੈਂ ਉਸ 'ਤੇ ਮੋਹਿਤ ਕਿਉਂ ਹੋਇਆ? ਉਹ ਇਸ ਦਾ ਹਲ ਲੱਭਣ ਲੱਗੇ, ਪਰ ਉਨ੍ਹਾਂ ਦੀ ਸਮਝ ਵਿੱਚ ਕੁਝ ਨਾ ਆਇਆ। ਜਦੋਂ ਜਵਾਬ ਨਾ ਮਿਲਿਆ ਤਾਂ ਉਨ੍ਹਾਂ ਦੀ ਸੋਚ ਤੇ ਭਾਵਨਾਵਾਂ ਨੇ ਇਕ ਨਵਾਂ ਆਕਾਰ ਲੈ ਲਿਆ। ਅੱਲਾਮਾ ਨੇ ਕਿਹਾ ਸੀ, 'ਜੋ ਮਨ ਦਾ ਸਿੱਟਾ, ਉਹੀ ਅਸਲੀ ਸਿੱਟਾ। ਉਨ੍ਹਾਂ ਨੇ ਇਸੇ ਨੂੰ ਪਿਛੋਕੜ ਵਿੱਚ ਰੱਖ ਕੇ ਕਹਾਣੀ ਲਿਖੀ, 'ਸਿੱਟਾ।'

ਇਹ ਕਹਾਣੀ ਲਿਖਣ ਮਗਰੋਂ ਉਨ੍ਹਾਂ ਗਹਿਰਾ ਸਾਹ ਲਿਆ। ਇਹ ਕਹਾਣੀ ਦੀਵਾਲੀ ਦੇ 'ਦਰਪਣ ਵਿਸ਼ੇਸ਼ ਅੰਕ' ਵਿੱਚ ਛਪੀ। ਸਦਾਨੰਦਜੀ ਨੇ ਇਹ ਕਹਾਣੀ ਵਾਰ-ਵਾਰ ਪੜ੍ਹੀ ਤੇ ਇਸ ਗੱਲ 'ਤੇ ਮਾਣ ਮਹਿਸੂਸ ਕੀਤਾ ਕਿ ਇਹ ਕਹਾਣੀ ਉਨ੍ਹਾਂ ਨੇ ਲਿਖੀ ਹੈ? ਫਿਰ ਸੋਚਿਆ, ਇਹ ਕਹਾਣੀ ਗੀਤਾ ਨੂੰ ਦਿਖਾਉਣੀ ਚਾਹੀਦੀ ਹੈ। ਪਰ ਉਹ ਇਸ ਬਾਰੇ ਕੀ ਪ੍ਰਤੀਕ੍ਰਿਆ ਦੇਵੇਗੀ ? ਇਕ ਹਫ਼ਤੇ ਤਕ ਉਹ ਚੁੱਪ ਰਹੇ।

"ਤੁਸੀਂ ਇਹੋ ਜਿਹੀਆਂ ਕਹਾਣੀਆਂ ਲਿਖਦੇ ਹੋ? ਜੇ ਗੀਤਾ ਨੇ ਇਹ ਪੁੱਛ ਲਿਆ ਤਾਂ।" ਇਹ ਸੋਚ ਕੇ ਉਹ ਦੋਚਿੱਤੀ ਵਿੱਚ ਪੈ ਗਏ। ਫਿਰ ਸੋਚਿਆ ਕਿ, ਮੈਂ ਤਾਂ 'ਦਿਗਗੱਜ' ਨਾਂ ਤੋਂ ਕਹਾਣੀ ਲਿਖੀ ਹੈ, ਉਸ ਨੂੰ ਕਿੱਦਾਂ ਪਤਾ ਲੱਗੇਗਾ। ਉਨ੍ਹਾਂ ਨੇ ਦਰਪਣ ਦਾ ਦੀਵਾਲੀ ਵਿਸ਼ੇਸ਼ ਅੰਕ ਉਸ ਨੂੰ ਫੜਾਉਂਦੇ ਹੋਏ ਕਿਹਾ, "ਇਸ ਵਿੱਚ ਇਕ ਬਹੁਤ ਵਧੀਆ ਕਹਾਣੀ ਏ, ਉਹ ਜ਼ਰੂਰ ਪੜ੍ਹੀਂ।"

ਇਸ ਕਹਾਣੀ ਵਿਚਲਾ ਕਥਾਨਾਇਕ ਸਦਾਨੰਦਜੀ ਦੀ ਉਮਰ ਦਾ, ਆਪਣੀ ਘੱਟ ਉਮਰ ਦੀ ਨਿੱਜੀ ਸਹਾਇਕਾ ਤੋਂ ਪੁੱਛਦਾ ਹੈ, 'ਉਸ ਨੂੰ ਗਲੇ ਲੱਗਾ ਕੇ ਇਕ ਵਾਰ ਚੁੰਮਣ ਦੀ ਕਾਮਨਾ ਹੋ ਰਹੀ ਹੈ। ਤੂੰ ਇਸ ਕਾਮਨਾ ਨੂੰ ਪੂਰਾ ਕਰਨ ਦਾ ਇਕ ਮੌਕਾ ਦੇਵੇਂਗੀ?' ਸਹਾਇਕਾ ਮਨ੍ਹਾ ਕਰ ਦੇਂਦੀ ਹੈ। ਪਰ ਪਾਤਰ ਫਿਰ ਕਹਿੰਦਾ ਹੈ, 'ਤੂੰ ਆਪਣੇ ਆਪ ਨੂੰ ਮਾੜਾ ਸਮਝਣ ਕਾਰਣ ਇਸ ਗੱਲ ਨੂੰ



ਸਵੀਕਾਰ ਨਹੀਂ ਕਰ ਰਹੀ। ਜਦਕਿ ਮੈਂ ਤੈਨੂੰ ਪਿਆਰ ਕਰਦਾ ਹਾਂ, ਇਸ ਲਈ ਇਹ ਕਾਮਨਾ ਹੋ ਰਹੀ ਹੈ, ਪਰ ਸੱਚ ਇਹ ਹੈ ਕਿ ਇਸ ਵਿੱਚ ਕੋਈ 'ਵਾਸਨਾ' ਨਹੀਂ, ਇਹ 'ਪੂਜਾ' ਵਾਂਗ ਹੈ। ਪੂਜਾ ਇਸ ਲਈ ਕਿਉਂਕਿ ਮੈਂ ਤੈਨੂੰ ਗਲੇ ਲੱਗਾ ਕੇ ਤੇਰੇ ਮੱਥੇ 'ਤੇ ਪਿਆਰ ਦੇਣਾ ਚਾਹੁੰਦਾ ਹਾਂ। ਜਦਕਿ ਤੈਨੂੰ ਲੱਗਾ ਕਿ ਇਹ ਚੁੰਮਣ ਬੁੱਲ੍ਹਾਂ 'ਤੇ ਹੋਏਗਾ। ਇਹੋ ਜਿਹੀ ਗੱਲ ਨਹੀਂ ਹੈ।'

ਇਹ ਸੁਣ ਕੇ ਕਹਾਣੀ ਵਿਚਲੀ ਸਹਾਇਕਾ ਕੁਝ ਨਹੀਂ ਕਹਿੰਦੀ। ਪਰ ਦੋ ਦਿਨ ਬਾਦ ਕਥਾਨਾਇਕ ਨੂੰ ਮੋਬਾਇਲ 'ਤੇ ਮੈਸੇਜ ਕਰ ਕੇ ਖੁਸ਼ੀ ਨਾਲ ਦੱਸਦੀ ਹੈ, 'ਮਾਫ਼ ਕਰਨਾ, ਮੈਂ ਤੁਹਾਨੂੰ ਗਲਤ ਸਮਝਿਆ। ਜੇ ਤੁਸੀਂ ਨਿਸ਼ਕਾਮ ਭਾਵਨਾ ਨਾਲ ਮੇਰਾ ਚੁੰਮ ਲਵੋਂਗੇ ਤਾਂ ਮੈਂ ਉਸ ਦਾ ਸਵਾਗਤ ਕਰਾਂਗੀ। ਤੁਹਾਨੂੰ ਪਤਾ ਏ ਨਾ, ਸਤਿਕਾਮ ਲੇਖਕ ਨੂੰ ਇਕ ਲੇਖਿਕਾ ਨੇ ਪਿਤਾ ਤੇ ਪਤੀ ਦੋਵੇਂ ਹੀ ਮੰਨ ਲਿਆ ਸੀ। ਜੇ ਸਾਡਾ ਸੰਬੰਧ ਵੀ ਅਜਿਹਾ ਹੋ ਜਾਏ ਤਾਂ ਮੈਂ ਤੁਹਾਡੀ ਗੱਲ ਮੰਨ ਸਕਦੀ ਹਾਂ।' ਪਰ ਇਹ ਮੈਸੇਜ ਪਹੁੰਚਣ ਤੋਂ ਪਹਿਲਾ ਹੀ ਕਥਾਨਾਇਕ ਦਿਲ ਦੇ ਦੌਰੇ ਨਾਲ ਮਰ ਜਾਂਦਾ ਹੈ।

ਇਹ ਪੜ੍ਹ ਕੇ ਗੀਤਾ ਨੂੰ ਬਹੁਤ ਦੁੱਖ ਹੋਇਆ। ਇਹੀ ਕਹਾਣੀ ਦਾ ਅੰਤ ਵੀ ਸੀ।

ਅਗਲੇ ਦਿਨ ਗੀਤਾ ਨੇ ਸਦਾਨੰਦਜੀ ਨੂੰ ਖੁਸ਼ੀ ਨਾਲ ਇਕ ਮੈਸੇਜ ਕੀਤਾ, "ਤੁਸੀਂ ਮੇਰੇ ਜਿਸਮ ਦੇ ਕਿਸੇ ਵੀ ਹਿੱਸੇ ਨੂੰ ਚੁੰਮ ਸਕਦੇ ਹੋ। ਮੈਂ ਉਸ ਨੂੰ ਸ਼ਾਬਾਸ਼ੀ ਸਮਝ ਕੇ ਸਵੀਕਾਰ ਕਰ ਲਵਾਂਗੀ।"

ਇਹ ਮੈਸੇਜ ਪੜ੍ਹ ਕੇ ਸਦਾਨੰਦਜੀ ਨੇ ਉਸ ਨੂੰ ਮੋੜਵਾਂ ਜਵਾਬ ਨਾ ਭੇਜਿਆ। ਗੀਤਾ ਉਡੀਕਦੀ ਰਹੀ, ਪਰ ਸਦਾਨੰਦਜੀ ਦੀ ਕੋਈ ਪ੍ਰਤੀਕ੍ਰਿਆ ਉਸ ਨੂੰ ਨਾ ਮਿਲੀ।

ਇਕ ਦਿਨ ਉਸ ਨੂੰ ਸਵੇਰੇ-ਸਵੇਰੇ ਸਦਾਨੰਦਜੀ ਦਾ ਐਸ.ਐਮ.ਐਸ. ਆਇਆ। ਉਸ ਨੇ ਧੜਕਦੇ ਦਿਲ ਨਾਲ ਪੜ੍ਹਿਆ। ਲਿਖਿਆ ਸੀ, "ਮੈਂ ਤੈਨੂੰ ਫੁੱਲ ਸਮਝਿਆ ਸੀ, ਪਰ ਉਹ ਮੇਰਾ ਭਰਮ ਸੀ। ਹੁਣ ਪਤਾ ਲੱਗਾ ਕਿ ਤੂੰ ਫੁੱਲ ਨਹੀਂ, ਇਸਤਰੀ ਹੈਂ ਤੇ ਮੈਂ ਹੁਣ ਇਕ ਇਸਤਰੀ ਨੂੰ ਸੁੰਘਣ ਵਿੱਚ ਸਮਰਥ ਨਹੀਂ ਹਾਂ। ਮੈਨੂੰ ਮਾਫ਼ ਕਰ ਦੇ।"

ਇਸ ਦੇ ਬਾਦ ਇਕ ਹੋਰ ਟਿੱਪਣੀ ਸੀ, 'ਕਵਿਤਾ ਦੀ ਭਾਸ਼ਾ ਵੱਖਰੀ ਹੈ ਤੇ ਸਰੀਰ ਦੀ ਵੱਖਰੀ। ਇਹ ਅਜੇ ਤਕ ਪਤਾ ਨਹੀਂ ਸੀ। ਇਹ ਪਤਾ ਲਗਾਉਣ ਲਈ ਹੀ ਮੈਂ ਇਸ ਨਜ਼ਰੀਏ ਤੋਂ ਕਹਾਣੀ ਲਿਖੀ ਸੀ। ਉਸ ਵਿੱਚ ਆਪਣਾ ਦਿਲ ਖੋਲ੍ਹ ਕੇ ਰੱਖ ਦਿੱਤਾ ਸੀ। ਹੁਣ ਤੈਨੂੰ ਬਿਨਾਂ ਛੂਹੇ ਹੀ ਚੁੰਮ ਰਿਹਾ ਹਾਂ। ਬਸ..।'

**ਅਨੁਵਾਦ : ਜਸਵਿੰਦਰ ਕੌਰ ਬਿੰਦਰਾ**

---

**ਪੰਨਾ ਨੰ. 81 ਦਾ ਬਾਕੀ**

ਐਨਾ ਕਹਿ ਕੇ ਫੁੱਲਬਾਬੂ ਤੇਜ਼ੀ ਨਾਲ ਉੱਠ ਖੜੇ ਹੋਏ। ਦਨੇਸ਼ ਪੰਡਤ ਦੇ ਕਮਰੇ ਵਿੱਚ ਜਾ ਕੇ ਕਮਰਾ ਅੰਦਰੋਂ ਬੰਦ ਕਰ ਲਿਆ।

ਗੰਗਾਰਾਮ ਫੁਲਬਾਬੂ ਵਾਲੇ ਕਮਰੇ ਵਿੱਚ ਇੱਕਲਾ ਬੈਠਾ ਆਪਣੀ ਪਿੱਛਲੀ ਜੇਬ੍ਹ ਵਿੱਚ ਰਸੀਦ ਰੱਖਦੇ ਹੋਏ, ਕੁਰਸੀ ਤੋਂ ਵਾਰ-ਵਾਰ ਖੜ੍ਹੇ ਹੋਣ ਦੀ ਕੋਸ਼ਿਸ਼ ਵਿੱਚ ਅਸਫਲ ਹੋ ਰਿਹਾ ਸੀ।

ਉਸ ਨੇ ਆਪਣੀ ਗਰਦਨ ਉੱਤੇ ਹੱਥ ਫੇਰਿਆ। ਉਸ ਨੂੰ ਲੱਗਾ ਉਸ ਦੀ ਗਰਦਨ ਗਾਇਬ ਹੈ। ਉਸ ਨੇ ਖੜ੍ਹੇ ਹੋ ਕੇ ਗੇਂਦਾਲਾਲ ਨੂੰ ਪੁਕਾਰਿਆ।

ਪਰ ਇਹ ਕੀ? ਉਸ ਦੀ ਆਵਾਜ਼ ਨੂੰ ਕੀ ਹੋਇਆ ? ਗੇਂਦਾਲਾਲ ਦੀ ਬਜਾਏ ਕੁਕੜੂੰਕੁਕੜੂੰਕੁਕੜੂੰ।

**ਅਨੁਵਾਦ : ਡਾ. ਜਸਵਿੰਦਰ ਕੌਰ ਬਿੰਦਰਾ**

## ਰਾਜਸਥਾਨੀ ਕਹਾਣੀ

# ਹਲਾਲ

**—ਚਰਣ ਸਿੰਘ ਪਥਿਕ**

ਜ਼ਿਲ੍ਹਾ ਸਿੱਖਿਆ ਅਧਿਕਾਰੀ ਗੰਗਾਰਾਮ ਜਦੋਂ ਏ.ਪੀ.ਓ. ਤੋਂ ਆਪਣੇ ਦਫ਼ਤਰ ਪੁਜਾ ਤਾਂ ਉਸ ਦੀਆਂ ਲੱਤਾਂ ਕੰਬ ਰਹੀਆਂ ਸਨ। ਰਿਆਸਤੀ ਦੌਰ ਦੀ ਪੁਰਾਣੀ ਦੋ ਮੰਜ਼ਿਲਾਂ ਵੱਡੀ ਹਵੇਲੀ ਵਿੱਚ ਸਥਿਤ ਜ਼ਿਲ੍ਹਾ ਸਿੱਖਿਆ ਅਧਿਕਾਰੀ ਦਾ ਇਹ ਦਫ਼ਤਰ ਏ.ਪੀ.ਓ. ਤੇ ਸਸਪੈਂਡ ਹੋਣ ਵਾਲੇ ਅਧਿਆਪਕਾਂ ਲਈ ਜੇਲ੍ਹ ਤੋਂ ਘੱਟ ਨਹੀਂ ਸੀ।

ਇਕ ਮਾਮੂਲੀ ਜਿਹੀ ਗੱਲ ਉੱਤੇ ਬਲੌਕ ਸਿੱਖਿਆ ਅਧਿਕਾਰੀ ਨੇ ਉਸ ਨੂੰ ਏ.ਪੀ.ਓ. ਦਾ ਹੁਕਮ ਫੜਾ ਦਿੱਤਾ। ਸਿੱਖਿਆ ਅਧਿਕਾਰੀ ਨੂੰ ਸਾਫ਼ ਨਿਰਦੇਸ਼ ਸੀ ਕਿ ਜੇ ਕੋਈ ਅਧਿਆਪਕ ਜ਼ਰਾ ਵੀ ਕੋਤਾਹੀ ਵਰਤੇ ਤਾਂ ਉਸ ਨੂੰ ਏ.ਪੀ.ਓ. ਬਣਾ ਕੇ ਸਿੱਧੇ ਜ਼ਿਲ੍ਹਾ ਦਫ਼ਤਰ ਭੇਜ ਦੇਵੇ। ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਇਸ ਨੂੰ ਆਪਣੀ ਕਮਾਈ ਦਾ ਇਕ ਜ਼ਰੀਆ ਬਣਾਇਆ ਹੋਇਆ ਸੀ।

ਗੰਗਾਰਾਮ ਕੋਲੀ ਉਸੇ ਯੋਜਨਾ ਦਾ ਸ਼ਿਕਾਰ ਸੀ।

ਜਦੋਂ ਉਹ ਹਾਜ਼ਿਰੀ ਦਰਜ਼ ਕਰਵਾਉਣ ਦਾ ਬਿਨੈ-ਪੱਤਰ ਲੈ ਕੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੇ ਦਫ਼ਤਰ ਵੜਿਆ ਤਾਂ ਉਸ ਦਾ ਗਲਾ ਖੁਸ਼ਕ ਹੋ ਰਿਹਾ ਸੀ। ਮੇਜ਼ 'ਤੇ ਬਿਨੈ-ਪੱਤਰ ਰੱਖਦੇ ਹੋਏ ਬੜੀ ਮੁਸ਼ਕਿਲ ਨਾਲ ਉਸ ਦੇ ਮੂੰਹੋਂ ਨਿਕਲਿਆ, 'ਸਰ !' ਅੱਗੋਂ ਬੋਲਣਾ ਉਹ ਜਿੱਦਾਂ ਭੁੱਲ ਹੀ ਗਿਆ, ਉਸ ਨੇ ਇਸ ਅਫ਼ਸਰ ਬਾਰੇ ਸੁਣਿਆ ਹੋਇਆ ਸੀ ਕਿ ਉਹ ਬਹੁਤ ਸਖ਼ਤ ਤੇ ਸੜੀਅਲ ਜਿਹਾ ਬੰਦਾ ਹੈ। ਜਦੋਂ ਗੰਗਾਰਾਮ ਨੇ 'ਸਰ' ਕਿਹਾ, ਉਸ ਵੇਲੇ ਅਫ਼ਸਰ ਆਪਣੇ ਚਹੇਤੇ ਬਾਬੂ ਦਨੇਸ਼ ਪੰਡਤ ਨਾਲ ਉਲਝਿਆ ਹੋਇਆ ਸੀ।

ਅਫ਼ਸਰ ਨੇ ਕੜਕ ਕੇ ਪੁੱਛਿਆ, 'ਇਹ ਕੀ ਏ ?'

'ਸਰ, ਹਾਜ਼ਿਰ ਹੋਣ ਦਾ ਬਿਨੈ-ਪੱਤਰ ਏ।'

'ਓਏ ਪੰਡਤ, ਪੜ੍ਹ ਏਹਨੂੰ।' ਅਫ਼ਸਰ ਨੇ ਬਿਨੈ-ਪੱਤਰ ਦਨੇਸ਼ ਬਾਬੂ ਵੱਲ ਸਰਕਾ ਦਿੱਤਾ। ਦਨੇਸ਼ ਬਾਬੂ ਨੇ ਬਿਨੈ-ਪੱਤਰ ਪੜ੍ਹ ਕੇ ਇਕ ਨਜ਼ਰ ਗੰਗਾਰਾਮ ਵੱਲ ਮਾਰੀ। ਫਿਰ ਸਾਹਬ ਵੱਲ ਮੁਖਾਤਿਬ ਹੋ ਕੇ ਨਾਪਸੰਦਗੀ ਨਾਲ ਬੋਲਿਆ, 'ਏਪੀਓ ਵਾਲਾ ਮਾਮਲਾ ਏ ਸਰ ।'

'ਹੂੰ !' ਅਫ਼ਸਰ ਨੇ ਆਪਣੀ ਗੰਜ ਉੱਤੇ ਹੱਥ ਫੇਰਦੇ ਹੋਏ ਪੁੱਛਿਆ, 'ਕੀ ਨਾਂ ਏ ?'

'ਸਰ ਗੰਗਾਰਾਮ..।' ਗੰਗਾਰਾਮ ਦੀਆਂ ਲੱਤਾਂ ਅਜੇ ਵੀ ਕੰਬ ਰਹੀਆਂ ਸਨ। ਵੀਹ ਸਾਲਾਂ ਦੀ ਸਾਫ਼-ਸੁਥਰੀ ਅਧਿਆਪਕੀ ਉੱਤੇ ਇਹ ਪਹਿਲਾ ਵਾਰ ਸੀ।

'ਪੂਰਾ ਨਾਂ-ਪਤਾ ਦੱਸ।'

'ਸਰ ਗੰਗਾਰਾਮ ਕੋਲੀ ਵਲਦ ਕਲੂਆ ਕੋਲੀ, ਪਿੰਡ ਕੈਮਲਾ, ਸਰਕਾਰੀ ਪ੍ਰਾਇਮਰੀ ਸਕੂਲ ਬੜਾਪੁਰਾ।'

'ਹੱਛਾ ਹੱਛਾ ਕੋਲੀ ਏਂ ।'

'ਜੀ।'

'ਹੂੰ, ਕੀ ਹੋਇਆ ਸੀ ?'



'ਸਰ.., ਹੋਇਆ ਇਹ ਕਿ ਸਕੂਲ ਦੇ ਇਕਦਮ ਪਿੱਛੇ ਰਹਿਣ ਵਾਲੇ ਪੰਚਾਇਤੀ ਮੈਂਬਰ ਦੀ ਮਾਂ ਮਰ ਗਈ ਸੀ। ਮੈਂਬਰ ਨੇ ਸੰਸਕਾਰ ਤੋਂ ਬਾਦ ਗ਼ਮੀ ਕਾਰਣ ਸਕੂਲ ਬੰਦ ਕਰਵਾ ਦਿੱਤਾ। ਸਾਹਮਣੇ ਰਹਿਣ ਵਾਲਿਆਂ ਨੇ ਇਸ ਗੱਲ ਦੀ ਸ਼ਿਕਾਇਤ ਤੁਹਾਡੇ ਅੱਗੇ ਕੀਤੀ ਸੀ।'

'ਹੱਛਾ ਹੱਛਾ...ਹੁਣ ਯਾਦ ਆਇਆ।'

ਅਫ਼ਸਰ ਨੇ ਯਾਦ ਆਉਣ ਵਾਂਗ ਬੋਲਣਾ ਜਾਰੀ ਰੱਖਿਆ, 'ਤੁਸੀਂ ਤਾਂ ਅੱਜ ਦੇ ਹਰ ਅਖ਼ਬਾਰ 'ਚ ਛਾਏ ਹੋਏ ਹੋ, ਮਾਟਸਾਬ੍ਹ..! ਹਰ ਅਖ਼ਬਾਰ 'ਚ ਤੁਹਾਡੀ ਹੀ ਖ਼ਬਰ ਏ। ਚੰਗਾ ਨਾਂ ਰੋਸ਼ਨ ਕੀਤਾ ਏ ਤੁਸੀਂ ਸਿੱਖਿਆ ਵਿਭਾਗ ਦਾ।'

ਫਿਰ ਮੇਜ਼ 'ਤੇ ਘੰਟੀ ਮਾਰ ਕੇ ਗੇਂਦਾ ਲਾਲ ਚਪੜਾਸੀ ਨੂੰ ਬੁਲਾਇਆ।

'ਅੱਜ ਦੇ ਸਾਰੇ ਅਖ਼ਬਾਰ ਲੈ ਕੇ ਆ।' ਗੇਂਦਾ ਲਾਲ ਰੋਬੋਟ ਵਾਂਗ ਪਲਟਿਆ ਤੇ ਸਾਰੇ ਅਖ਼ਬਾਰ ਲਿਆ ਕੇ ਮੇਜ 'ਤੇ ਰੱਖ ਦਿੱਤੇ। ਅਫ਼ਸਰ ਨੇ ਸਾਰੇ ਅਖ਼ਬਾਰਾਂ ਦੇ ਸਥਾਨਕ ਸੰਸਕਰਣ ਕੱਢ ਕੇ ਦਨੇਸ਼ ਬਾਬੂ ਸਾਹਮਣੇ ਲਹਿਰਾ ਕੇ ਕਿਹਾ, 'ਓਏ ਪੰਡਤ, ਦੇਖ ਤਾਂ ਸਹੀ ! ਹਰਾਮਖੋਰੀ ਦੀ ਵੀ ਹੱਦ ਹੁੰਦੀ ਏ ।'

ਦਨੇਸ਼ ਬਾਬੂ ਨੇ ਖ਼ਬਰਾਂ 'ਤੇ ਚਲਦੀ ਨਜ਼ਰ ਮਾਰ ਕੇ ਬੇਕਦਰੇ ਅੰਦਾਜ਼ ਨਾਲ ਕਿਹਾ, 'ਕਰੇਲਾ ਉੱਤੋਂ ਨਿੰਮ ਚੜ੍ਹਿਆ !! ਮਾਸਟਰ ਉੱਤੋਂ ਐਸ. ਸੀ.।'

'ਉਹੀ ਤਾਂ !' ਅਫ਼ਸਰ ਦਾ ਚਿਹਰਾ ਸਖ਼ਤ ਹੋ ਗਿਆ।

'ਛੁੱਟੀ, ਕਿਉਂਕਿ ?'

'ਸਰ, ਮੈਂਬਰ ਦੀ ਮਾਂ ਮਰ ਗਈ ਸੀ। ਛੁੱਟੀ ਉਨ੍ਹਾਂ ਨੇ ਕਰਵਾਈ ਸੀ।'

'ਮੈਂਬਰ ਦੀ ਮਾਂ ਮਰੀ ਸੀ, ਪ੍ਰਧਾਨਮੰਤਰੀ ਦੀ ਤਾਂ ਨ੍ਹੀਂ ਮਰੀ ਸੀ।'

'ਸਰ,' ਗੰਗਾਰਾਮ ਦਾ ਸੰਘ ਸੁੱਕਣ ਲੱਗਾ। ਪਿਆਸ ਜ਼ੋਰ ਦੀ ਲੱਗੀ ਹੋਈ ਸੀ।

'ਓਏ, ਕੀ ਸਰ ਸਰ, ਲਾਈ ਹੋਈ ਏ। ਮੁਫ਼ਤ ਦੀ ਤਨਖ਼ਾਹ ਲੈਂਦੇ ਹੋ, ਬੱਚਿਆਂ ਨੂੰ ਕੀ ਪੜ੍ਹਾਉਂਦੇ ਹੋ। ਸਿੱਖਿਆ ਵਿਭਾਗ ਦਾ ਭੱਠਾ ਬਿਠਾਇਆ ਹੋਇਆ ਏ।'

ਗੰਗਾਰਾਮ ਦਾ ਸਾਂਵਲਾ ਰੰਗ ਹੋਰ ਗਹਿਰਾ ਹੋ ਗਿਆ। ਅਫ਼ਸਰ ਦੇ ਸੁਰ ਵਿੱਚ ਸੁਰ ਮਿਲਾ ਕੇ ਦਨੇਸ਼ ਪੰਡਤ ਨੇ ਆਪਣੀ ਭੜਾਸ ਕੱਢਦੇ ਹੋਏ ਕਿਹਾ, 'ਸਰ, ਐਸਏਸੀ/ ਐਸਟੀ ਵਾਲਿਆਂ ਨੇ ਹਰ ਵਿਭਾਗ ਦਾ ਬੈਂਡ ਵਜਾ ਕੇ ਰੱਖਿਆ ਹੋਇਆ ਏ। ਰਿਜਰਵੇਸ਼ਨ ਨਾਲ ਨੌਕਰੀ ਮਿਲ ਜਾਂਦੀ ਏ। ਕੰਮ ਦੇ ਨਾਂ 'ਤੇ ਆਂਡਾ। ਕੁਝ ਕਹੋ ਤਾਂ ਐਸਸੀ ਦੀ ਧਮਕੀ ਦੇਂਦੇ ਨੇ।'

'ਉਹੀ ਤਾਂ। ਹੁਣ ਜਾਂਚ ਹੋਣ ਤੇ ਜਦੋਂ ਸਤਾਰਾਂ ਸੀਸੀ ਦਾ ਨੋਟਿਸ ਮਿਲੇਗਾ, ਪਤਾ ਉਦੋਂ ਲੱਗੇਗਾ। ਸਭ ਐਸਸੀ / ਓਸੀ ਵੜ ਜਾਏਗਾ।'

ਜ਼ਿਲ੍ਹਾ ਅਧਿਕਾਰੀ ਨੇ ਕੜਕ ਲਹਿਜ਼ੇ ਵਿੱਚ ਕਹਿ ਕੇ ਬਿਨੈ-ਪੱਤਰ 'ਤੇ ਰਿਮਾਰਕ ਲੱਗਾ ਕੇ ਗੰਗਾਰਾਮ ਨੂੰ ਕਿਹਾ, 'ਜਾ, ਜਾ ਕੇ ! ਇਹ ਫੁੱਲਬਾਬੂ ਨੂੰ ਦੇ ਦੇ।'

ਗੰਗਾਰਾਮ ਦਾ ਸਿਰ ਚਕਰਾ ਗਿਆ। ਪਿੰਡ ਤੋਂ ਸੱਠ ਕਿਲੋਮੀਟਰ ਦੂਰ ਜ਼ਿਲ੍ਹੇ ਦੇ ਵੱਡੇ ਦਫ਼ਤਰ ਉਹ ਸਵੇਰੇ ਚਾਹ ਦਾ ਇਕ ਕੱਪ ਪੀ ਕੇ ਤੁਰਿਆ ਸੀ। ਹੁਣ ਲੰਚ ਟਾਈਮ ਹੋਣ ਵਾਲਾ ਹੈ। ਉਸ ਨੇ ਦਫ਼ਤਰ ਤੋਂ ਬਾਹਰ ਆ ਕੇ ਗੇਂਦਾ ਲਾਲ ਚਪੜਾਸੀ ਨੂੰ ਪੁੱਛਿਆ, 'ਫੁੱਲ ਬਾਬੂ ਕਿਹੜੇ ਕਮਰੇ 'ਚ ਨੇ ?'

'ਦੂਜੀ ਮੰਜ਼ਿਲ, ਕਮਰਾ ਨੰ. 2 'ਚ।' ਗੇਂਦਾ ਲਾਲ ਨੇ ਇਸ਼ਾਰਾ ਕਰ ਕੇ ਦੱਸਿਆ।

ਗੰਗਾਰਾਮ ਦੂਜੀ ਮੰਜ਼ਿਲ ਚੜ੍ਹ ਕੇ ਕਮਰਾ ਨੰ. 2 ਵਿੱਚ ਪੁਜਾ। ਫੁੱਲਬਾਬੂ ਨੂੰ ਬਿਨੈ-ਪੱਤਰ ਦੇਂਦੇ ਹੋਏ ਉਸ ਦੇ ਹੱਥ ਜੁੜ ਗਏ। ਫੁੱਲ ਬਾਬੂ ਨੇ ਬਿਨੈ-ਪੱਤਰ ਪੜ੍ਹ ਕੇ ਸਾਬ੍ਹ ਦਾ ਰਿਮਾਰਕ ਪੜ੍ਹਿਆ। ਮੇਜ ਦੀ ਦਰਾਜ ਵਿਚੋਂ ਇਕ ਰਜਿਸਟਰ ਕੱਢ ਕੇ ਗੰਗਾਰਾਮ ਨੂੰ ਫੜਾਉਂਦੇ ਹੋਏ ਕਿਹਾ, 'ਇਸ ਵਿੱਚ ਆਪਣਾ ਨਾਂ ਲਿਖ ਕੇ ਦਸਖ਼ਤ ਕਰ ਦਿਓ।'

ਗੰਗਾਰਾਮ ਨੇ ਕੰਬਦੇ ਹੱਥਾਂ ਨਾਲ ਰਜਿਸਟਰ ਫੜ ਕੇ ਪੰਨੇ ਪਲਟ ਕੇ ਆਪਣਾ ਨਾਂ, ਸਕੂਲ ਦਾ ਨਾਂ ਲਿਖ ਕੇ ਦਸਖ਼ਤ ਕਰ ਦਿੱਤੇ।

ਰਿਆੜ ਕਰਦੇ ਹੋਏ ਪੁੱਛਿਆ, 'ਮੇਰੇ ਲਾਇਕ ਕੋਈ ਕੰਮ ਬਾਬੂ ਜੀ ?'

'ਕੰਮ ਹੀ ਕਰਦੇ ਤਾਂ ਏਪੀਓ ਕਿਉਂ ਹੁੰਦੇ !'

'ਬਾਬੂ ਜੀ ਨੂੰ ਕੀ.......।'

ਗੰਗਾਰਾਮ ਦੀ ਗੱਲ ਅਣਸੁਣੀ ਕਰਦੇ ਹੋਏ ਫੁੱਲ ਬਾਬੂ ਨੇ ਕਿਹਾ, 'ਰਹਿਣ ਦਿਓ। ਸਭ ਪੜ੍ਹ ਲਿਆ ਏ ਅਖ਼ਬਾਰ 'ਚ। ਐਸਸੀ ਵਾਲਿਆਂ ਨੂੰ ਬਦਨਾਮ ਕਰ ਕੇ ਰੱਖ ਦਿੱਤਾ ਏ ਕੰਮਚੋਰਾਂ ਨੇ। ਮੈਂ ਵੀ ਐਸਸੀ ਹਾਂ। ਜਾਟਵ ਹਾਂ। ਪਰ ਮਜਾਲ, ਕਦੇ ਕਿਸੇ ਨੇ ਤੂੰ ਵੀ ਕਿਹਾ ਹੋਵੇ। ਅਗਲੇ ਸਾਲ ਰਿਟਾਇਰ ਹੋਣਾ ਏ। ਆਪਣੇ ਕੰਮ ਦੀ ਬਦੌਲਤ ਅੱਜ ਤਕ ਬੇਦਾਗ਼ ਰਿਹਾ ਹਾਂ। ਲੰਚ 'ਚ ਸਾਹਮਣੇ ਹੁਕਮ ਕਾਛੀ ਦੀ ਚਾਹ ਦੀ ਦੁਕਾਨ 'ਤੇ ਮਿਲਣਾ। ਠੀਕ ਏ..।'

'ਜੀ..।' ਗੰਗਾਰਾਮ ਦੇ ਹੱਥ ਅਜੇ ਵੀ ਜੁੜੇ ਹੋਏ ਸਨ। ਹੁਕਮ ਕਾਛੀ ਦੀ ਪਿੱਛਲੇ ਤੀਹ ਸਾਲਾਂ ਤੋਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੇ ਦਫ਼ਤਰ ਸਾਹਮਣੇ ਚਾਹ ਦੀ ਦੁਕਾਨ ਹੈ। ਚਾਹ, ਬਿਸਕੁਟ, ਨਮਕੀਨ, ਬਰਫ਼ੀ, ਬੀੜੀ, ਸਿਗਰੇਟ ਤੇ ਗੁਟਕਾ ਆਦਿ ਵੇਚਦਾ ਹੈ। ਦਫ਼ਤਰ ਦੇ ਅਫ਼ਸਰ ਤੇ ਸਾਰੇ ਕਰਮਚਾਰੀ ਚਾਹ ਇਥੋਂ ਹੀ ਮੰਗਵਾਉਂਦੇ ਹਨ। ਦੁਕਾਨ 'ਤੇ ਕਦੇ ਹੁਕਮ, ਕਦੇ ਉਸ ਦੀ ਬੀਵੀ ਪਿਤਕਾਲੀ ਜਾਂ ਉਸ ਦਾ ਪੁੱਤਰ ਬੈਠਾ ਹੁੰਦਾ ਹੈ। ਗੰਗਾਰਾਮ ਦਫ਼ਤਰ ਤੋਂ ਨਿਕਲ ਕੇ ਹੁਕਮ ਕਾਛੀ ਦੀ ਦੁਕਾਨ ਸਾਹਮਣੇ ਪਏ ਬੈਂਚ 'ਤੇ ਜਾ ਬੈਠਾ। ਉਸ ਨੇ ਪਾਣੀ ਮੰਗ ਕੇ ਪੀਤਾ। ਹੁਣ ਉਸ ਨੂੰ ਭੁੱਖ ਸਤਾਉਣ ਲੱਗੀ ਸੀ।

ਲੰਚ ਹੋਇਆ ਤਾਂ ਫੁੱਲ ਬਾਬੂ ਦਨੇਸ਼ ਪੰਡਤ ਨਾਲ ਆ ਕੇ ਗੰਗਾਰਾਮ ਦੀ ਬਗਲ ਵਿੱਚ ਬੈਠ ਗਿਆ। ਦੁਕਾਨ 'ਤੇ ਅੱਜ ਪਿਤਕਾਲੀ ਬੈਠੀ ਹੋਈ ਸੀ।

'ਕਹਿ ਫੁੱਲ ਬਾਬੂ..। ਅੱਜ ਕੋਈ ਮੱਛਰਿਆ ਫੱਸੀ ਕਿ ਨ੍ਹੀਂ ?' ਪਿਤਕਾਲੀ ਨੇ ਅੱਖਾਂ ਨਚਾਉਂਦੇ ਹੋਏ ਫੁੱਲ ਬਾਬੂ ਤੋਂ ਪੁੱਛਿਆ।

'ਤੂੰ ਵੀ ਹੱਦ ਕਰਦੀ ਏਂ ਪਿਤਕਾਲੀ।' ਫੁੱਲ ਬਾਬੂ ਇਸ ਚਾਣਚੱਕ ਹਮਲੇ ਤੋਂ ਝੁਲਸ ਗਿਆ।

'ਕਾਹੇਂ ਭੈਨ ਕੇ ਮਾਮਾ., ਮੈਂ ਕੀ ਗਲਤ ਕਿਹਾ ?'

'ਭੈਨ ਕੇ ਮਾਮਾ..' ਪਿਤਕਾਲੀ ਕਾਛਿਨ ਦਾ ਤਕੀਆ ਕਲਾਮ ਸੀ। ਜਦੋਂ ਉਹ ਬੋਲਣਾ ਸ਼ੁਰੂ ਕਰਦੀ ਤਾਂ ਚੰਗਿਆਂ-ਚੰਗਿਆਂ ਦੀ ਮਿੱਟੀ ਪਲੀਤ ਕਰ ਦੇਂਦੀ। ਦਫ਼ਤਰ ਵਿੱਚ ਮੱਛੀ, ਬਕਰਾ ਤੇ ਮੁਰਗਾ ਜਿਹੇ ਕੋਡਵਰਡਾਂ ਪਿੱਛੇ ਜਿੰਨੇ ਵੀ ਖੇਡ ਹੁੰਦੇ ਸਨ, ਪਿਤਕਾਲੀ ਨੂੰ ਉਨ੍ਹਾਂ ਬਾਰੇ ਪੂਰੀ ਜਾਣਕਾਰੀ ਸੀ। ਪਤਾ ਨਹੀਂ ਕਿੰਨੇ ਅਧਿਕਾਰੀ-ਕਰਮਚਾਰੀ ਆਏ ਤੇ ਗਏ, ਜਦਕਿ ਉਹ ਅਜੇ ਵੀ ਇਸ ਦੁਕਾਨ 'ਤੇ ਕਾਇਮ ਸੀ।

ਦਨੇਸ਼ ਬਾਬੂ ਉਦੋਂ ਤਕ ਦਸ ਚਾਹ, ਚਾਰ ਸੌ ਗਰਾਮ ਨਮਕੀਨ, ਇਕ ਪਾਵ ਬਰਫ਼ੀ ਦਾ ਆਰਡਰ ਦੇ ਚੁੱਕਾ ਸੀ। ਚਾਹ ਬਣਨ ਤਕ ਫੁੱਲ ਬਾਬੂ ਸਿਗਰੇਟ ਲੈ ਕੇ ਫੂੰਕਦੇ ਰਹੇ। ਪਿਤਕਾਲੀ



ਬੋਲੀ, 'ਦਨੇਸ਼ ਬਾਮਣ, ਪਿਛਲੀ ਉਧਾਰੀ ਬਾਕੀ ਏ। ਅੱਜ ਹਿਸਾਬ ਕਰ ਦੋ।'

'ਹਾਂ, ਹਾਂ..।' ਦਨੇਸ਼ ਬਾਬੂ ਨੇ ਕਿਹਾ।

'ਅੱਜ ਨਕਦ ਏ ਕਿ ਉਧਾਰ ?'

'ਨਕਦ ਏ।' ਫੁੱਲ ਬਾਬੂ ਬੋਲੇ, 'ਤਿੰਨ ਚਾਹ ਇੱਥੇ ਦੇ ਦੇ। ਬਾਕੀ ਦੀ ਚਾਹ ਕੇਤਲੀ 'ਚ ਪਾ ਦੇ। ਨਮਕੀਨ ਤੇ ਬਰਫ਼ੀ ਵੀ ਥੈਲੀ ਵਿੱਚ ਪਾ ਦੇ।'

ਪਿਤਕਾਲੀ ਨੇ ਤਿੰਨਾਂ ਨੂੰ ਚਾਹ ਫੜਾ ਕੇ ਫੁੱਲ ਬਾਬੂ ਨੂੰ ਪੁੱਛਿਆ, 'ਈ ਕੌਨ ਏ ?' ਇਸ਼ਾਰਾ ਗੰਗਾਰਾਮ ਵੱਲ ਸੀ।

'ਮਾਸਟਰ ਏ।'

'ਉਹ ਤਾਂ ਮੈਂ ਸਮਝ ਗਈ। ਪਰ ਭੈਨ ਕੇ ਮਾਮਾਈ ਬਤਾ ਕਿ ਬਕਰਾ ਏ ਕਿ ਮੁਰਗਾ..?'

'ਮੁਰਗਾ..।' ਫੁੱਲ ਬਾਬੂ ਨੇ ਦਨੇਸ਼ ਵੱਲ ਦੇਖਦੇ ਹੋਏ ਕਿਹਾ।

ਗੰਗਾਰਾਮ ਭੌਂਚੱਕਾ ਜਿਹਾ ਇੱਧਰ-ਉੱਧਰ ਦੇਖਣ ਲੱਗਾ। ਉਸ ਦੇ ਪੱਲੇ ਕੁਝ ਨਹੀਂ ਪੈ ਰਿਹਾ ਸੀ।

'ਨੀਚੋ ਕਿ ਉਚੋ ?' ਪਿਤਕਾਲੀ ਨੇ ਗੰਗਾਰਾਮ ਦੇ ਸਾਂਵਲੇ ਚਿਹਰੇ ਨੂੰ ਭੇਦ ਦੀ ਨਜ਼ਰ ਨਾਲ ਦੇਖਦੇ ਹੋਏ ਫਿਰ ਪੁੱਛਿਆ।

'ਨੀਚੋ।' ਫੁੱਲ ਬਾਬੂ ਨੇ ਸਿਗਰੇਟ ਦਾ ਆਖ਼ਰੀ ਸੂਟਾ ਖਿਚਿਆ।

'ਓਏਭੈਨ ਕੇ ਮਾਮਾਨੇਕ ਹੋਲੈਂ ਕੱਟਿਓ ।' ਗੰਗਾਰਾਮ ਨੇ ਜਲਦੀ ਨਾਲ ਚਾਹ ਸੁੜਕੀ। ਉਹ ਖੜ੍ਹਾ ਹੋਣ ਹੀ ਵਾਲਾ ਸੀ ਕਿ ਫੁੱਲ ਬਾਬੂ ਨੇ ਹੁਕਮ ਦੇਣ ਦੇ ਲਹਿਜੇ ਵਿੱਚ ਕਿਹਾ, 'ਮਾਟ ਸਾਬ ? ਇਹ ਕੇਤਲੀ ਦੀ ਚਾਹ, ਨਮਕੀਨ, ਬਰਫ਼ੀ ਅੰਦਰ ਸਾਬ੍ਹ ਦੇ ਕਮਰੇ ਵਿੱਚ ਦੇ ਆਓ।'

ਗੰਗਾਰਾਮ ਦੀ ਗਰਦਨ ਫੱਸੀ ਹੋਈ ਸੀ। ਅੱਜ ਏਪੀਓ ਦਾ ਪਹਿਲਾ ਦਿਨ ਹੈ। ਇਕ ਹੱਥ ਵਿੱਚ ਕੇਤਲੀ, ਦੂਜੇ ਵਿੱਚ ਨਮਕੀਨ ਤੇ ਬਰਫ਼ੀ ਦੀ ਥੈਲੀ ਫੜੇ ਉਹ ਮਰੀਅਲ ਕਦਮਾਂ ਨਾਲ ਦਫ਼ਤਰ ਅੰਦਰ ਵੜਿਆ।

'ਯਾਕਿ ਜਾਤ ਤੋਂ ਬਤਾ..?'

'ਕੋਲੀ।' ਫੁੱਲ ਬਾਬੂ ਨੇ ਦੱਸਿਆ।

'ਹਉ..। ਜਬਹਿ ਕਾਰੋ ਰੰਗ ਹੈ। ਸਿਕਲ ਤੇ ਹੀ ਲਗ ਰਿਯੋ ਹੈ। ਠੀਕ ਹੌਲੇ ਉਤਾਰਿਯੋ ਨੱਥ ਫੁੱਲ ਬਾਬੂ। ਗਰੀਬ ਮਾਸਟਰ ਹੈ।'

'ਹੌਲੀ ਬੋਲ ਮਹਾਰਾਣੀ। ਤੇਰੇ ਹੱਥ ਜੋੜਦਾਂ।' ਫੁੱਲ ਬਾਬੂ ਰੂੰ ਦੇ ਫਾਹੇ ਜਿਹੀ ਨਰਮੀ ਨਾਲ ਬੋਲਿਆ।

ਗੰਗਾਰਾਮ ਨੂੰ ਆਉਂਦੇ ਦੇਖ ਪਿਤਕਾਲੀ ਚੁੱਪ ਹੋ ਗਈ। ਉਹ ਆ ਕੇ ਬੈਂਚ 'ਤੇ ਬੈਠਾ ਹੀ ਸੀ ਕਿ ਦੋਨੋਂ ਖੜ੍ਹੇ ਹੋ ਕੇ ਇੱਕਠਿਆਂ ਹੀ ਬੋਲੇ, 'ਕਿੰਨੇ ਹੋਏ ?'

ਪਿਤਕਾਲੀ ਨੇ ਹਿਸਾਬ ਦੱਸਿਆ। ਪਿੱਛਲਾ ਉਧਾਰ ਵੀ ਉਸ ਵਿੱਚ ਜੋੜ ਦਿੱਤਾ। ਫੁੱਲ ਬਾਬੂ ਤੇ ਦਨੇਸ਼ ਬਾਬੂ ਨੇ ਜੇਬ੍ਹ ਵਿੱਚ ਹੱਥ ਪਾਇਆ ਹੀ ਸੀ ਕਿ ਗੰਗਾਰਾਮ ਨੇ ਕਿਹਾ, 'ਰਹਿਣ ਦਿਓ, ਮੈਂ ਦੇਂਦਾ ਹਾਂ।'

'ਤੁਸੀਂ ਕਿਉਂ ? ਅਸੀਂ ਮਾਲ ਨ੍ਹੀਂ ਖਾਂਦੇ ਸਾਬ੍ਹ।' ਫੁੱਲ ਬਾਬੂ ਗੰਗਾਰਾਮ ਦਾ ਮੋਢਾ ਪਲੋਸ ਕੇ ਹੱਸ ਪਿਆ। 'ਅੱਜ ਤਾਂ ਤੁਹਾਡੇ ਵੱਲੋਂ ਠੀਕ ਏ, ਪਰ ਸੌ ਦਾ ਪਿੱਛਲਾ ਉਧਾਰ ਵੀ ਏ।'

'ਸਭ ਹੋ ਜਾਏਗਾ ਬਾਬੂ ਜੀ, ਸਮਝੋ ਕਿ ਅਸੀਂ ਪਾਰਟੀ ਦਿੱਤੀ ਏ।' ਹੁਣ ਤਕ ਗੰਗਾਰਾਮ ਨੇ ਪਿਤਕਾਲੀ ਨੂੰ ਪੈਸੇ ਚੁੱਕਾ ਦਿੱਤੇ ਸਨ। ਹਵਾ ਵਿੱਚ ਖੁਸ਼ਕੀ ਸੀ। ਪਹਿਲਾ ਦਿਨ ਤੇ ਛੇ ਸੌ ਦੀ

ਚਪੇਟ। ਫੁੱਲ ਬਾਬੂ ਪਲਟ ਕੇ ਆਏ। ਗੰਗਾਰਾਮ ਦੇ ਮੋਢੇ 'ਤੇ ਹੱਥ ਰੱਖ ਕੇ ਖੜ੍ਹੇ ਹੋਣ ਦਾ ਇਸ਼ਾਰਾ ਕੀਤਾ। ਇਕ ਪਾਸੇ ਲਿਜਾ ਕੇ ਆਪਣੀ ਜੇਬ੍ਹ ਵਿਚੋਂ ਇਕ ਕਾਰਡ ਕੱਢ ਕੇ ਉਸ ਨੂੰ ਫੜਾਇਆ। ਖ਼ੁਦ ਹਾਥੀ ਦੀ ਚਾਲ ਨਾਲ ਦਫ਼ਤਰ ਵੱਲ ਚਲ ਪਏ।

ਗੰਗਾਰਾਮ ਨੇ ਕਾਰਡ ਪੜ੍ਹਿਆ।

ਫੁੱਲਚੰਦ ਜਾਟਵ

ਜ਼ਿਲ੍ਹਾ ਪ੍ਰਧਾਨ, ਅੰਬੇਦਕਰ ਸੰਘਰਸ਼ ਸਮਿਤੀ

ਪ੍ਰਧਾਨ ਸਕੱਤਰ, ਸਰਬ ਰਾਜਸਥਾਨ ਦਲਿਤ ਕਰਮਚਾਰੀ ਸੰਘ

ਹੇਠਾਂ ਘਰ ਦਾ ਸਿਰਨਾਵਾਂ ਲਿਖਿਆ ਹੋਇਆ ਸੀ।

ਰੋਜ਼ ਬੱਸ ਤੋਂ ਸੱਠ ਕਿਲੋਮੀਟਰ ਆਉਣਾ ਤੇ ਫਿਰ ਵਾਪਸ ਜਾਣਾ। ਰੋਟੀ ਮਿਲੀ ਤਾਂ ਠੀਕ ਨਹੀਂ ਮਿਲੀ ਤਾਂ ਵੀ ਠੀਕ। ਇਕ ਮਹੀਨਾ ਹੋ ਚੁੱਕਾ ਸੀ। ਗੰਗਾਰਾਮ ਦਾ ਵਜਨ ਦਸ ਕਿਲੋ ਘੱਟ ਹੋ ਗਿਆ ਸੀ। ਚਿਹਰਾ ਹੋਰ ਸਾਂਵਲਾ ਹੋ ਕੇ ਨਿਚੋੜੇ ਹੋਏ ਨੀਂਬੂ ਜਿਹਾ ਹੋ ਗਿਆ ਸੀ। ਡੀਈਓ ਦਫ਼ਤਰ ਵਿੱਚ ਏਪੀਓ ਸੰਸਪੈਂਡ, ਟਰਮੀਨੇਟ, ਸੋਲ੍ਹਾਂ ਸੀਸੀ, ਸੱਤਰਾਂ ਸੀਸੀ ਦਾ ਨਾਂ ਸੁਣ-ਸੁਣ ਕੇ ਉਹ ਕਈ ਵਾਰ ਡਿਪਰੈਸ਼ਨ ਵਿੱਚ ਆ ਚੁੱਕਾ ਸੀ।

ਅੱਜ ਬਾਰ੍ਹਾਂ ਅਪਰੈਲ ਹੈ। ਉਹ ਉਕਤਾ ਕੇ ਰੋਜ਼ ਫੁੱਲ ਬਾਬੂ ਤੋਂ ਪੁੱਛਦਾ ਹੈ, 'ਜੌਬ ਕਦੋਂ ਤਕ ਚਲਦੀ ਰਹੇਗੀ? ਮੈਂ ਕੋਈ ਗਬਨ ਥੋੜ੍ਹੇ ਕੀਤਾ ਏ। ਇਕ ਜਵਾਨ ਔਰਤ ਦੀ ਗ਼ਮੀ ਵਿੱਚ ਹਾਫ਼-ਟਾਈਮ ਬਾਦ ਸਕੂਲ ਬੰਦ ਰੱਖਿਆ, ਬਸ।'

'ਮਾਟ ਸਾਬ੍ਹ। ਤੁਸੀਂ ਸਰਕਾਰੀ ਕੰਮ 'ਚ ਲਾਪਰਵਾਹੀ, ਅਨੁਸ਼ਾਸਨਹੀਣਤਾ ਤੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਏ। ਫਿਰ ਵੀ ਤੁਸੀਂ ਬੇਸ਼ਰਮ ਹੋ ਕੇ ਕਹਿੰਦੇ ਹੋ ਕਿ ਤੁਸੀਂ ਕੋਈ ਗ਼ੈਰ-ਸਮਾਜਕ ਕੰਮ ਨ੍ਹੀਂ ਕੀਤਾ। ਸ਼ਰਮ ਵੇਚ ਖਾਧੀ ਏ ਕਿ ਕੁਝ ਬਾਕੀ ਏ। ਅਜੇ ਤਾਂ ਏਪੀਓ ਹੋਏ ਹੋ। ਫਿਰ ਸਸਪੈਂਡ ਹੋਵੋਗੇ ਤੇ ਉਸ ਤੋਂ ਬਾਦ, ਜਾਣਦੇ ਹੋ, ਕੀ ਹੋਏਗਾ ?'

'ਕੀ ਹੋਏਗਾ! ਮੈਨੂੰ ਫਾਂਸੀ ਲੱਗੇਗੀ।'

'ਸਿੱਧੇ ਟਰਮੀਨੇਟ ! ਸਮਝਿਆ!'

'ਸਮਝ ਗਿਆ।'

ਗੰਗਾਰਾਮ ਬੁੜਬੁੜ ਕਰਦੇ ਹੋਏ ਫੁੱਲਬਾਬੂ ਦੇ ਕਮਰੇ ਤੋਂ ਬਾਹਰ ਨਿਕਲਿਆ। ਉਸ ਦੇ ਚਾਰੋਂ ਪਾਸੇ ਮਗਰਮੱਛ ਸਨ। ਸਾਰਿਆਂ ਦੇ ਜਬੜੇ ਫੱਟੇ ਹੋਏ ਸਨ। ਹਰ ਰੋਜ਼ ਕੋਈ ਉਸ ਨੂੰ ਸੱਤਰਾਂ ਸੀਸੀ ਤੇ ਟਰਮੀਨੇਟ ਦਾ ਕਾਲਪਨਿਕ ਡੰਡਾ ਮਾਰਦਾ ਤੇ ਉਹ ਤੜਫ ਪੈਂਦਾ। ਤਾਕਤਵਰ ਦੇ ਸਾਹਮਣੇ ਉਸ ਨੇ ਇਕ ਮਹੀਨੇ ਵਿੱਚ ਹਰ ਬਾਬੂ ਤੇ ਅਧਿਕਾਰੀ ਨੂੰ ਨਤਮਸਤਕ ਹੁੰਦੇ ਹੋਏ ਦੇਖਿਆ ਹੈ। ਜੁੱਤੀ ਮਜ਼ਬੂਤ ਹੈ ਤਾਂ ਸਾਰੇ ਸਲਾਮ ਠੋਂਕਦੇ ਹਨ।

ਉਹ ਬਾਹਰ ਆ ਕੇ ਪਿਤਕਾਲੀ ਦੀ ਦੁਕਾਨ 'ਤੇ ਆ ਬੈਠਾ। ਜ਼ਿੰਦਗੀ ਵਿੱਚ ਪਹਿਲੀ ਵਾਰ ਸਿਗਰੇਟ ਪੀਏਗਾ। ਚਾਹ ਤੋਂ ਬਾਦ। ਪਟਰ-ਪਟਰ ਬੋਲਣ ਵਾਲੀ ਪਿਤਕਾਲੀ ਵੀ ਅੱਜ ਬੇਹੱਦ ਉਦਾਸ ਹੈ। ਚੁੱਪ ਹੈ। ਨਹੀਂ ਤਾਂ ਹੁਣ ਤਕ 'ਭੈਨ ਕੇ ਮਾਮਾ, ਭੈਨ ਕੇ ਮਾਮਾ' ਬੋਲ-ਬੋਲ ਕੇ ਉਸ ਦੀ ਜਾਨ ਖਾ ਜਾਂਦੀ। ਇਸ ਇਕ ਮਹੀਨੇ ਵਿੱਚ ਉਹ ਪਿਤਕਾਲੀ ਦੇ ਸੁਭਾ ਨੂੰ ਕੁਝ-ਕੁਝ ਜਾਣ ਗਿਆ ਸੀ। ਪਿਤਕਾਲੀ ਨੇ ਉਸ ਨੂੰ ਹਰ ਬਾਬੂ, ਅਧਿਕਾਰੀ ਬਾਰੇ ਦੱਸ ਦਿੱਤਾ ਸੀ ਕਿ ਕਿਸ ਵੇਸ ਵਿੱਚ ਕੌਣ ਛੁੱਪਿਆ ਹੈ।

ਚਾਹ ਪੀ ਕੇ ਉਹ ਸਿਗਰੇਟ ਪੀਣ ਹੀ ਵਾਲਾ ਸੀ ਕਿ ਗੇਂਦਾਲਾਲ ਨੇ ਆ ਕੇ ਉਸ ਨੂੰ ਦੱਸਿਆ ਕਿ ਵੱਡੇ ਬਾਬੂ ਯਾਨੀ ਫੁੱਲ ਬਾਬੂ ਉਸ ਨੂੰ ਯਾਦ ਕਰ ਰਹੇ ਹਨ।



ਉਸ ਨੇ ਸਿਗਰੇਟ ਜੇਬ੍ਹ ਵਿੱਚ ਪਾਈ ਤੇ ਫੁੱਲਬਾਬੂ ਦੇ ਕਮਰੇ ਜਾ ਪਹੁੰਚਿਆ। ਸਿਵਾਏ ਫੁੱਲ ਬਾਬੂ ਦੇ ਉੱਥੇ ਕੋਈ ਵੀ ਨਹੀਂ ਸੀ।

'ਬੈਠੋ ਮਾਟ ਸਾਬ੍ਹ।' ਫੁੱਲ ਬਾਬੂ ਨੇ ਸਾਹਮਣੇ ਪਈ ਕੁਰਸੀ ਵੱਲ ਇਸ਼ਾਰਾ ਕੀਤਾ। ਗੰਗਾਰਾਮ ਬੈਠ ਗਿਆ।

'ਪਰਸੋਂ ਕੀ ਏ ?' ਗੰਗਾਰਾਮ ਦੇ ਬੈਠਦੇ ਹੀ ਫੁੱਲ ਬਾਬੂ ਨੇ ਪ੍ਰਸ਼ਨ ਕੀਤਾ।

'ਪਰਸੋਂ ਚੌਦ੍ਹਾਂ ਅਪਰੈਲ ਏ।'

'ਯਾਨੀ..?'

'ਯਾਨੀ..! ਚੌਦ੍ਹਾਂ ਅਪਰੈਲ ਹੋਰ ਕੀ!'

'ਚੌਦ੍ਹਾਂ ਅਪਰੈਲ ਨੂੰ ਕੀ ਏ?'

'ਸ਼ੁਕਰਵਾਰ ਏ।'

'ਮੈਂ ਵਾਰ ਨ੍ਹੀਂ ਪੁੱਛ ਰਿਹਾ ਯਾਰ ! ਚੌਦ੍ਹਾਂ ਅਪਰੈਲ ਇਕ ਖ਼ਾਸ ਦਿਨ ਏ।'

'ਹਾਂ, ਉਸ ਦਿਨ ਛੁੱਟੀ ਹੁੰਦੀ ਹੈ।'

'ਕਿਸ ਮਾਦਰ ਨੇ ਮਾਸਟਰ ਬਣਾਇਆ ਏ ਤੈਨੂੰ, ਭੈਨ ਕੇ ਮਾਮਾ ? ਤੈਨੂੰ ਚੌਦ੍ਹਾਂ ਅਪਰੈਲ ਦਾ ਪਤਾ ਨ੍ਹੀਂ।'

'ਦੱਸਿਆ ਨਾ, ਛੁੱਟੀ ਹੁੰਦੀ ਏ ਉਸ ਦਿਨ..।'

'ਤੇਰੀ ਤਾਂ ਓਏ ਬੇਵਕੂਫ਼, ਉਸ ਦਿਨ ਅੰਬੇਦਕਰ ਜੈਅੰਤੀ ਏ।'

'ਉਹ ਤਾਂ ਸਭ ਨੂੰ ਪਤਾ ਏ। ਹਰ ਸਾਲ ਆਉਂਦੀ ਏ।'

'ਉਹੀ ਤਾਂ ਕਹਿ ਰਿਹਾ ਹਾਂ, ਜੇ ਅੰਬੇਦਕਰ ਨਾ ਹੁੰਦੇ ਤਾਂ ਤੂੰ ਅੱਜ ਕੱਪੜੇ ਬੁਣ ਰਿਹਾ ਹੁੰਦਾ ਜਾਂ ਬਕਰੀਆਂ ਚਾਰ ਰਿਹਾ ਹੁੰਦਾ ਤੇ ਮੈਂ ਚੌਰਾਹੇ 'ਤੇ ਜੁੱਤੀਆਂ ਗੰਢ ਰਿਹਾ ਹੁੰਦਾ। ਸਾਰੇ ਦਲਿਤ ਦਬੰਗਾਂ ਦੀ ਗੁਲਾਮੀ ਕਰ ਰਹੇ ਹੁੰਦੇ। ਸਾਡੇ ਲਈ ਸਭ ਕੁਝ ਬਾਬਾ ਨੇ ਕੀਤਾ। ਅੱਜ ਉਸੇ ਦੀ ਬਦੌਲਤ ਦਲਿਤ ਭਰਾ ਵੱਡੀਆਂ-ਵੱਡੀਆਂ ਨੌਕਰੀਆਂ ਕਰ ਰਹੇ ਨੇ। ਬਾਕੀ ਸਭ ਜਾਣਦੇ ਹੀ ਹੋ। ਗਣੇਸ਼ ਨੂੰ ਬੁੱਧੀ ਕੌਣ ਦੇਵੇ।'

'ਠੀਕ ਗੱਲ। ਪਰ ਮੇਰੀ ਮੁਕਤੀ ਇੱਥੋਂ ਕਦੋਂ ਹੋਏਗੀ ?'

'ਮੁਕਤੀ ਹੋਏਗੀ। ਜ਼ਰੂਰ ਹੋਏਗੀ। ਪਰ ਚੌਦ੍ਹਾਂ ਅਪਰੈਲ ਦੇ ਬਾਦ। ਉਸ ਦਿਨ ਅੰਬੇਦਕਰ ਪਾਰਕ 'ਚ ਰਾਤ ਨੂੰ ਸਰਬ ਕੁੱਲ ਭਾਰਤੀ ਕਵੀ ਸੰਮੇਲਨ ਹੋਏਗਾ। ਸਾਰੇ ਦਿਨ ਸ਼ਹਿਰ ਦੀਆਂ ਗਲੀਆਂ 'ਚ ਮੋਟਰ-ਸਾਈਕਲ ਰੈਲੀ ਕੱਢੀ ਜਾਏਗੀ। ਬਾਬਾ ਦੇ ਯੋਗਦਾਨ 'ਤੇ ਵਿਦਵਾਨ ਲੋਕ ਚਰਚਾ ਕਰਨਗੇ। ਝੰਡੇ-ਬੈਨਰ-ਪੋਸਟਰ ਨਾਲ ਸ਼ਹਿਰ ਭਰ ਜਾਏਗਾ। ਇਸ ਸਭ 'ਚ ਪੈਸਾ ਲੱਗਦਾ ਏ। ਸਭ ਕੁਝ ਚੰਦੇ ਨਾਲ ਹੋਏਗਾ।'

'ਹਾਂ, ਉਹ ਤਾਂ ਏ।' ਗੰਗਾਰਾਮ ਦੀ ਗਰਦਨ 'ਤੇ ਜਿੰਦਾਂ ਦਬਾਓ ਵੱਧਦਾ ਜਾ ਰਿਹਾ ਸੀ।

ਫੁੱਲ ਬਾਬੂ ਨੇ ਰਸੀਦ ਬੁਕ ਉਸ ਦੇ ਸਾਹਮਣੇ ਰੱਖ ਦਿੱਤੀ।

'ਆਪਣੀ ਮਰਜ਼ੀ ਨਾਲ ਜਿੰਨਾ ਚਾਹੋ ਭਰ ਦੋ। 16 ਅਪਰੈਲ ਨੂੰ ਪੋਸਟਿੰਗ ਆਰਡਰ ਤੁਹਾਡੀ ਜੇਬ੍ਹ 'ਚ ਹੋਵੇਗਾ। ਠੀਕ ਏ।'

'ਠੀਕ ਏ।' ਗੰਗਾਰਾਮ ਨੇ ਰਸੀਦ ਬੁਕ ਵਾਪਸ ਫੁੱਲ ਬਾਬੂ ਨੂੰ ਫੜਾਉਂਦੇ ਹੋਏ ਕਿਹਾ, 'ਤੁਸੀਂ ਆਪ ਹੀ ਭਰ ਦਿਓ।'

'ਪੈਸੇ ਲਿਆਓ ਹੋ।'

'ਹਾਂ।'

'ਕਿੰਨੇ ਨੇ ?'

'ਗਿਆਰਾਂ ਹਜ਼ਾਰ।'

'ਕੱਢ.. ਫਿਰ।'

ਗੰਗਾਰਾਮ ਨੇ ਪੈਂਟ ਦੀ ਪਿੱਛਲੀ ਜੇਬ੍ਹ ਵਿਚੋਂ ਪੂਰੇ ਗਿਆਰਾਂ ਹਜ਼ਾਰ ਕੱਢ ਕੇ ਫੁੱਲਬਾਬੂ ਨੂੰ ਫੜਾ ਦਿੱਤੇ।

'ਤੁਸੀਂ ਵੀ ਐਸਸੀ ਹੋ, ਮੈਂ ਵੀ ਐਸਸੀ ਹਾਂ, ਵਰਨਾ ਵੀਹ ਹਜ਼ਾਰ ਤੋਂ ਘੱਟ 'ਚ ਤਾਂ ਗੱਲ ਵੀ ਨਾ ਕਰਦਾ। ਸਾਬ੍ਹ ਨੂੰ ਬੜੀ ਮੁਸ਼ਕਿਲ ਨਾਲ ਮੈਂ ਰਾਜ਼ੀ ਕੀਤਾ ਏ। ਹੱਥ ਜੋੜੇ, ਪੈਰ ਪਿਆ; ਤਾਂ ਕਿਤੇ ਜਾ ਕੇ ਉਹ ਤੁਹਾਡੇ ਕੰਮ ਲਈ ਤਿਆਰ ਹੋਏ।' ਫੁੱਲ ਬਾਬੂ ਨੇ ਰਸੀਦ ਬੁਕ 'ਤੇ ਕਲਮ ਚਲਾਉਂਦੇ ਹੋਏ ਕਿਹਾ, 'ਸਾਬ੍ਹ ਤਾਂ ਸਵਰਣ ਯਾਨੀ ਉੱਚ ਏ। ਉਨ੍ਹਾਂ ਦਾ ਆਪਣਾ ਜਲਵਾ ਏ। ਜੈਕ-ਚੈਕ ਸਭ ਏ ਉਨ੍ਹਾਂ ਕੋਲ। ਪਰ ਅਸੀਂ ਵੀ ਘੱਟ ਨਹੀਂ। ਕਾਰਡ ਪੜ੍ਹਿਆ ਏ ਨਾ ਮੇਰਾ ?'

'ਪੜ੍ਹਿਆ ਸੀ।'

'ਬਸ ! ਇਸੇ ਲਈ ਦਲਿਤ-ਏਕਤਾ ਲਈ ਹੀ ਅਸੀਂ ਸਮਰਪਿਤ ਹਾਂ।'

'ਆਰਡਰ ਅੱਜ ਨ੍ਹੀਂ ਮਿਲ ਸਕਦਾ ?' ਗੰਗਾਰਾਮ ਨੇ ਹੌਲੀ ਜਿਹੀ ਕਿਹਾ।

'ਸ਼ਾਮ ਨੂੰ ਘਰ ਆ ਜਾਣਾ। ਖੁੱਲ੍ਹ ਕੇ ਚਰਚਾ ਉਥੇ ਹੀ ਕਰਾਂਗੇ। ਲਓ, ਇਹ ਰਸੀਦ ਲੈ ਲਵੋ।'

ਗੰਗਾਰਾਮ ਨੇ ਰਸੀਦ ਪੜ੍ਹੀ। 'ਪੰਜ ਸੌ ਦੀ ਸਹਿਯੋਗ ਰਾਸ਼ੀ।'

'ਪਰ ਰੁਪਏ ਤਾਂ ਗਿਆਰਾਂ ਹਜ਼ਾਰ ਦਿੱਤੇ ਨੇ। ਰਸੀਦ ਪੰਜ ਸੌ ਦੀ. ?'

'ਸਾਬ੍ਹ ਨੂੰ ਕੀ ਹੱਡੀ ਦੇਵਾਂਗਾ। ਪੰਜ ਤਾਂ ਸਾਬ੍ਹ ਦੇ ਨੇ..।'

'ਤਾਂ ਰਸੀਦ ਛੇ ਹਜ਼ਾਰ ਦੀ ਦੇਂਦੇ।'

'ਕਵੀ ਸੰਮੇਲਨ, ਪਰਿਚਰਚਾ, ਝੰਡੇ, ਬੈਨਰ, ਪੋਸਟਰ, ਰੈਲੀ ; ਬਸ ਖਰਚੇ ਹੀ ਖਰਚੇ ਨੇ। ਇਹ ਕੌਣ ਕਰੇਗਾ..? ਮੈਨੂੰ ਕੱਲੇ ਨੂੰ ਹੀ ਕੀ ਰਿਜ਼ਰਵੇਸ਼ਨ ਮਿਲਿਆ ਏ। ਜਾਟਵਾਂ ਨੂੰ ਹੀ ਅਲੱਗ ਤੋਂ। ਬਾਬਾ ਨੇ ਸਾਰੇ ਦਲਿਤਾਂ ਲਈ ਕੀਤਾ ਸੀ ਤਾਂ ਸਾਰਿਆਂ ਦਾ ਯੋਗਦਾਨ ਚਾਹੀਦਾ ਏ ਕਿ ਨ੍ਹੀਂ..?'

'ਪਰ ਰਸੀਦ ਸਿਰਫ਼ ਪੰਜ ਸੌ ਦੀ ਏ ?'

'ਸ਼ਾਮ ਨੂੰ ਘਰ ਆਉਣਾ। ਠੀਕ ਏ। ਉਥੇ ਹੀ ਗੱਲ ਕਰਾਂਗੇ। ਕੁਝ ਡ੍ਰਿੰਕ ਵਗੈਰਾ ਲੈਂਦੇ ਹੋ..?'

'ਕਦੇ-ਕਦੇ।'

'ਫਿਰ ਠੀਕ ਏ, ਇਕ ਰੌਇਲ ਸਟੈਗ ਲੈ ਆਉਣਾ। ਅੱਜ ਮੇਰੇ ਵੱਲੋਂ ਪਾਰਟੀ ਸਹੀ। ਆਪਣੇ ਦਫ਼ਤਰ ਦੇ ਬਾਬੂ ਲੋਕ ਵੀ ਹੋਣਗੇ। ਮਟਨ ਚਿਕਨ ਆਦਿ ਕੁਝ..?'

'ਜੀ ਕਦੀ-ਕਦੀ..।'

'ਫਿਰ ਠੀਕ ਏ, ਦੇਸੀ ਮੁਰਗਾ ਲੈ ਲੈਣਾ। ਕੋਈ ਗੱਲ ਨ੍ਹੀਂ। ਮੁਰਗੇ ਦਾ ਬੰਦੋਬਸਤ ਤਾਂ ਦਨੇਸ਼ ਪੰਡਤ ਕਰੇਗਾ, ਦੁਪਹਿਰ ਨੂੰ ਉਸ ਨੂੰ ਕਹਿ ਦਿੱਤਾ ਸੀ। ਘਰ ਦਾ ਸਿਰਨਾਵਾਂ ਕਾਰਡ 'ਚ ਹੈ ਹੀ। ਆਟੋ 'ਤੇ ਆ ਜਾਣਾ। ਦੇਸੀ ਮੁਰਗੇ ਦਾ ਸਵਾਦ ਤੁਹਾਨੂੰ ਵਰ੍ਹਿਆਂ ਤੀਕ ਯਾਦ ਰਹੇਗਾ। ਠੀਕ ਏ।'

**ਬਾਕੀ ਪੰਨਾ ਨੰ. 74 'ਤੇ**



## ਤਲਾਕ

**-ਕਿਰਪਾਲ ਕਜ਼ਾਕ**

ਇਸ ਵਾਰ ਗੁਰੀਏ ਜਿੱਤ ਲਈ ਹਰ ਹੀਲਾ ਵਰਤਣ ਦੀ ਠਾਣ ਲਈ।

ਉਤੋਂ ਤ੍ਰਿਖਾ ਦਾ ਸਾਥ। ਚੜ੍ਹਦੀ ਉਮਰ। ਸੁਤਵਾਂ ਪਿੰਡਾ। ਸੰਧੂਰੀ ਰੰਗ। ਤਿੱਖੇ ਨਕਸ਼। ਚਿੱਟਾ ਲਿਬਾਸ। ਹੱਥੀਂ ਸਿਮਰਨਾ। ਐਮ.ਬੀ.ਏ. ਫਾਇਨਾਂਸ। ਗੁਰੀਏ ਦੇ ਪੈਰ ਭੋਇੰ 'ਤੇ ਨਹੀਂ ਸਨ।

ਗੁਰੀਆ ਖ਼ੁਦ ਸੋਹਣਾ ਸੀ। ਸਿੱਖੀ ਸਰੂਪ। ਤ੍ਰਿਖਾ ਨੂੰ ਚੰਗਾ ਲਗਦਾ। ਤ੍ਰਿਖਾ ਸੋਚਿਆ, ਇਸ ਵਾਰ ਜਿੱਤ ਲਈ ਕੋਈ ਕੱਚ ਨਹੀਂ। ਪੇਸ਼ੀ 'ਤੇ ਜਾਣ ਵੇਲੇ ਤ੍ਰਿਖਾ ਨੇ ਗੁਰੀਏ ਨੂੰ ਮਿੱਠਾ ਦਹੀਂ ਖੁਆਇਆ। ਰਾਹ ਵਿਚ ਪਾਨੀ ਨਾਲ ਭਰਿਆ ਭਾਂਡਾ ਰੱਖਿਆ। ਦੇਗ ਕਰਾਈ। ਅਰਦਾਸ ਕੀਤੀ। ਕਿਸੇ ਸਹੇਲੀ ਰਾਹੀਂ ਵੱਡੀ ਰਕਮ ਤਾਰ ਕੇ ਮੁਕਤਸਰੋਂ, ਲੜਦੇ ਸੱਪਾਂ ਦੇ ਜੋੜੇ 'ਤੇ ਪਾਇਆ ਕੱਪੜਾ ਮੰਗਵਾਇਆ। ਜਿਸ ਬਾਰੇ ਧਾਰਨਾਂ ਸੀ ਕਿ ਮੁਕੱਦਮੇ 'ਤੇ ਲੈ ਜਾਓ ਤਾਂ ਜੱਜ ਨੂੰ ਅੰਨ੍ਹਿਆਂ ਕਰਕੇ ਫ਼ੈਸਲਾ ਕੱਪੜੇ ਵਾਲੇ ਦੇ ਹੱਕ ਵਿਚ ਕਰਵਾਉਂਦਾ ਸੀ।

ਫਿਰ ਵੀ ਗੁਰੀਏ ਤੇ ਰਮੀ ਦੇ ਤਲਾਕ ਵਿਚ ਹੋ ਰਹੀ ਦੇਰੀ ਕਾਰਨ ਤ੍ਰਿਖਾ ਤੜਪ ਰਹੀ ਸੀ। ਹਾਲਾਂ ਕਿ ਵਾਹ ਲੱਗਦੇ ਜ਼ਬਤ ਰੱਖਦੀ। ਦਿਲ ਡੋਲਦਾ ਤਾਂ ਸਿਮਰਨ ਕਰਨ ਲੱਗਦੀ। ਫਿਰ ਵੀ ਕਦੇ ਉਸ ਵਿਚ ਪੰਜ ਸਾਲ ਪਹਿਲਾਂ ਵਾਲੀ ਤ੍ਰਿਖਾ ਜਾਗ ਉਠਦੀ ਤਾਂ ਦੇਹ ਟੁੱਟਣ ਲੱਗਦੀ। ਮਨ ਕਾਬੂ ਨਾ ਰਹਿੰਦਾ। ਗੁਰੀਏ ਨੂੰ ਦੇਖਦੇ ਹੀ ਪਿਘਲਣ ਲੱਗਦੀ। ਸਬਰ ਟੁੱਟਦਾ। ਇਸ ਵਾਰ ਵੀ ਇਵੇਂ ਹੀ ਹੋਇਆ। ਪ੍ਰਭਾਤ ਫੇਰੀ 'ਤੇ ਮਿਲੀ। ਮੂੰਹ-ਝਾਖਰਾ ਸੀ। ਸੰਗਤ ਵਿਚੋਂ ਗੁਰੀਏ ਦਾ ਝੱਗਾ ਤੁਣਕ ਪਰ੍ਹਾਂ ਲੈ ਗਈ। ਉਹ ਤਪੀ ਪਈ ਸੀ।

"ਕੀ ਹੋਇਆ ?" ਗੁਰੀਏ ਘਾਬਰੀ ਹੋਈ ਨੂੰ ਪੁੱਛਿਆ।

"ਆਇਆ ਨਹੀਂ ਕਰਨਾਂ ਮੈਂ।"

"ਕਿਉਂ ?"

"ਹੱਦ ਹੁੰਦੀ ਐ ਯਾਰ! ਬਹੁਤ ਹੋ ਗਏ ਢੋਲਕੀਆਂ ਛੈਣੇ। ਫਿਰੀ ਜਾਓ ਸੜਕਾਂ 'ਤੇ ਨੰਗੇ ਪੈਰੀਂ। ਕੀ ਮਿਲਿਆ ? ਮੇਰਾ ਤਾਂ ਨਿਤਨੇਮ। ਕੀਰਤਨ। ਸਭ ਤੋਂ ਚੱਕਿਆ ਗਿਆ ਮਨ। ਕੁੜੀਆਂ ਟਿੱਚਰਾਂ ਕਰਦੀਐਂ। ਕਹਿੰਦੀਆਂ ਫੇਰੀ ਜਾਹ ਸਿਮਰਨੇ।" ਉਸ ਕਾਹਲੀ ਨਾਲ ਗੱਲ ਮੁਕਾਈ। "ਦੇਖ ਗੁਰੀ ! ਉਸ ਕੁੱਤੀ ਦਾ ਕਰਨੈ ਕੁਝ ਕਰ; ਨਹੀਂ ਮੇਰੀ ਫਤਿਹ"। ਤ੍ਰਿਖਾ ਹੱਥ ਜੋੜੇ।

"ਪਲੀਜ਼ ਤਖ਼ੂ ! ਯਾਰ ਮੇਰੇ ਵੱਲ ਦੇਖ। ਤੇਰੇ ਸਾਮ੍ਹਣੇ ਕੇਸ ਮਿਗਲਾਨੀ ਨੂੰ ਦਿੱਤਾ। ਮੈਂ ਲੱਖਾਂ ਨਹੀਂ ਦੇਖੇ। ਇਸ ਵਾਰ ਚੱਢਾ ਵਿੱਚ ਐ। ਜ਼ਿਆਦਾ ਮਨ ਉਦਾਸ ਐ ਤਾਂ ਆ ਜਾ ਕਿਸੇ ਦਿਨ।"

ਤਦੇ ਕੋਈ ਸੇਵਾਦਾਰ ਚਾਹ ਤੇ ਮੱਠੀਆਂ ਦਾ ਲੰਗਰ ਦੇਣ ਆ ਗਿਆ।

ਦੋਵੇਂ ਤ੍ਰੱਭਕ ਕੇ ਵੱਖ ਹੋਏ।

ਕਾਫ਼ੀ ਚੁੱਪੀ ਤੋਂ ਬਾਦ ਗੁਰੀਏ ਫਿਰ ਕਿਹਾ।

"ਆ ਜਾ ਕਿਸੇ ਦਿਨ...ਕੀ ਦਿੱਕਤ ਐ ?"

"ਹੱਦ ਹੋ ਗਈ। ਮੈਂ ਕਹਿੰਨੀ ਆਂ ਤੁਰਦੀ ਕਰ; ਤੈਨੂੰ ਆਉਣ ਦੀ ਪਈ ਐ।"

"ਡਰਦੀ ਐਂ ?"

"ਹਾਂ ਡਰਦੀ ਆਂ...ਮਰਿਆਦਾ...ਪੇਰੇਂਟਸ ਕੋਈ ਇਕ ਡਰ ਐ ?"

"ਓ ਕੇ ਬਾਬਾ, ਰੀਲੈਕਸ ! ਤੂੰ ਅਰਦਾਸ ਕਰ ਬੱਸ ਮਿਗਲਾਨੀ ਆ ਜੇ ਹੱਥ ਹੇਠ।"

"ਕੌਣ ਐ ਮਿਗਲਾਨੀ ?"

"ਤੂੰ ਮਿਗਲਾਨੀ ਨੀ ਸੁਣਿਆ ? ਬਹੁਤ ਵੱਡੀ ਤੋਪ ਐ ਦਿੱਲੀ ਦੀ। ਪਰ ਕਹਿੰਦੇ ਰੰਗੀਨ ਐ ਥੋੜ੍ਹਾ। ਪਰ ਕੋਈ ਨਾ...ਚੱਢਾ ਐ ਵਿਚ। ਗੁਰੂ ਭਲੀ ਕਰੂਗਾ।"

ਤ੍ਰਿਖਾ ਲੰਮਾ ਹਉਕਾ ਲਿਆ।" ਚੱਲ ਦੇਖਦੇ ਆਂ ਤੇਰਾ ਮਿਗਲਾਨੀ ਵੀ...।"

ਗੁਰੀਆ ਅਤੇ ਤ੍ਰਿਖਾ ਇਕ ਦੂਜੇ ਲਈ ਤੜਪ ਰਹੇ ਸਨ। ਇਹ ਸੱਚ ਸੀ।

ਗੁਰੀਆ ਅੰਮ੍ਰਿਤਧਾਰੀ ਸੀ। ਪਰ ਜਦੋਂ ਤੋਂ ਤ੍ਰਿਖਾ ਨਾਲ ਦੁਬਾਰਾ ਮੇਲ ਹੋਇਆ; ਉਹ ਧੌਲੇ ਪੁੱਟਣ ਦਾ ਪਾਪ ਵੀ ਕਰਨ ਲੱਗਾ ਸੀ। ਉਹ ਸੋਚਦਾ, ਧੌਲਿਆਂ ਵਾਲਾ ਪਾਪ ਤ੍ਰਿਖਾ ਦੀ ਖ਼ਾਤਰ ਸੀ। ਅਸਲ ਵਿਚ ਤ੍ਰਿਖਾ ਹੀ ਸੀ ਜਿਸ ਕਾਰਨ ਉਹਦੀ ਵਿਆਹੁਤਾ ਜ਼ਿੰਦਗੀ ਉਥਲ-ਪੁਥਲ ਹੋਈ। ਗੁਰੀਆ ਇਹ ਗੱਲ ਮਹਿਸੂਸ ਤਾਂ ਕਰਦਾ। ਮੰਨਦਾ ਨਹੀਂ ਸੀ। ਜਿੰਦਗੀ ਨਰਕ ਤੋਂ ਬਦਤਰ ਹੋਈ ਪਈ ਸੀ। ਤਲਾਕ ਦੇ ਕੇਸ ਨੇ ਸ਼ੁਰੂ ਵਿਚ ਹੀ ਗੁਰੀਏ ਦੀ ਧੁੱਕੀ ਕੱਢ ਦਿੱਤੀ ਸੀ। ਅਸਲ ਵਿਚ ਗੁਰੀਆ ਇਸ ਰਾਹ ਦਾ ਪਾਂਧੀ ਹੀ ਨਹੀਂ ਸੀ। ਤਹੱਮਲ ਨੇ ਸਾਥ ਨਾ ਦਿੱਤਾ ਤਾਂ ਲਪੇਟਿਆ ਗਿਆ। ਇਸ ਲਈ ਕਈ ਝੂਠ ਸੱਚ ਮਾਰਨ 'ਤੇ ਵੀ ਤਲਾਕ ਦਾ ਕੋਈ ਮੁੱਦਾ ਨਹੀਂ ਸੀ ਬਣ ਰਿਹਾ। ਹਾਰ ਕੇ ਕੇਸ ਮਿਗਲਾਨੀ ਨੂੰ ਦੇਣਾ ਪਿਆ। ਕਈ ਵੇਰ ਗੁਰੀਏ ਨੂੰ ਲਗਦਾ, ਗ਼ਲਤੀ ਹੋ ਗਈ। ਪਰ ਤ੍ਰਿਖਾ ਦੀ ਚੁੱਕ ਸਾਹ ਹੀ ਨਹੀਂ ਸੀ ਲੈਣ ਦੇ ਰਹੀ।

ਇਕ ਤਰੀਕ ਤੇ ਗੁਰੀਏ ਦਾ ਵਕੀਲ ਤਲਾਕ ਦਾ ਤਰਕ ਪੇਸ਼ ਨਾ ਕਰ ਸੱਕਿਆ ਤਾਂ ਤ੍ਰਿਖਾ ਗੁਸੇ 'ਚ ਆਈ।

"ਨਿਕਲ ਗਈ ਤੇਰੇ ਵਕੀਲ ਦੀ ਫੂਕ...। ਪੈਸੇ ਕਰਕੇ ਘਟੀਆ ਵਕੀਲ ਕੀਤਾ ? ਲੈ ਚੁੱਕ।" ਉਸ ਖਾਲੀ ਚੈੱਕਬੁੱਕ ਗੁਰੀਏ ਦੇ ਪੈਰਾਂ 'ਚ ਵਗਾਹ ਮਾਰੀ।

ਗੁਰੀਆ ਤ੍ਰਿਖਾ ਨੂੰ ਕਾਲਜ ਤੋਂ ਜਾਣਦਾ ਸੀ। ਬੜੀ ਚੱਕਵੀਂ ਕੁੜੀ ਸੀ। ਵਜੂਦ ਦੀ ਥਾਂ ਅੱਗ ਤੁਰੀ ਫਿਰਦੀ। ਪਰ ਗੁਰੀਆ ਦੂਰ ਹੀ ਰਿਹਾ। ਗੁਰੀਏ ਦੇ ਮਾਪੇ ਨਿੱਕੇ ਹੁੰਦੇ ਹੀ ਚੱਲ ਵੱਸੇ ਸਨ। ਅਨਾਥ ਗੁਰੀਆ ਗ੍ਰੰਥੀ ਮਾਮੇ ਦੀ ਸ਼ਰਨ ਵਿਚ ਪਲਿਆ। ਡਾਲੀ ਮੰਗ ਕੇ ਢਿੱਡ ਭਰਿਆ।ਕਿਤਾਬੀ ਕੀੜਾ ਨਿਕਲਿਆ। ਇੰਜੀਨੀਅਰ ਬਣਿਆ। ਨੌਕਰੀ ਲਈ। ਸਿੱਖੀ ਦੀ ਚਿਣਗ ਕਾਇਮ ਰਹੀ।

ਰੋਜ਼ ਗੁਰਦੁਆਰਾ। ਹਰ ਛੁੱਟੀ ਸੇਵਾ ਦੇ ਲੇਖੇ। ਇਕ ਦਿਨ ਮੂੰਹ-ਹਨੇਰੇ ਪ੍ਰਕਰਮਾਂ ਵਿਚ ਉਸ ਲਾਟ ਬਲਦੀ ਦੇਖੀ। ਨੇੜੇ ਗਿਆ ਤਾਂ ਤ੍ਰਿਖਾ ਸੀ। ਗੁਰੀਆ ਹੈਰਾਨ। ਕਿੱਥੇ ਕਾਲਜ ਵਾਲੀ ਤ੍ਰਿਖਾ। ਕਿੱਥੇ ਇਹ। ਚਿੱਟੇ ਵਸਤ੍ਰ। ਨੀਲੀ ਕੇਸਕੀ। ਨੰਗੇ ਪੈਰ। ਹੱਥ ਵਿਚ ਝਾੜੂ। ਪ੍ਰਕਰਮਾਂ ਧੋ ਰਹੀ। ਗੁਰੀਏ ਥਿੜਕ ਕੇ ਹੱਥ ਜੋੜੇ।

"ਪਛਾਣਿਆ ?"

"ਗੁਰਿੰਦਰ ਹੋ ਨਾ ?"

"ਜੀ !"

"ਰੋਜ਼ ਆਉਂਦੇ ਹੋ ?"

"ਨਹੀਂ ਛੁੱਟੀ ਦੇ ਦਿਨ।"

"ਮੈਂ ਵੀ...।"

"ਮੈਂ ਤਾਂ ਤੁਹਾਡਾ ਇਹ ਰੂਪ ਪਹਿਲੀ ਵਾਰ ਦੇਖਿਆ।"

ਤ੍ਰਿਖਾ ਲੰਮਾ ਸਾਹ ਲੈ ਅਸਮਾਨ ਵੱਲ ਹੱਥ ਚੁੱਕਿਆ।"ਸਭ ਉਹਦੇ ਹੱਥ ਐ।"

"ਇਹ ਪਹਿਲਾਂ ਤਾਂ ਨਹੀਂ ਸੀ ?" ਗੁਰੀਏ ਕੇਸਕੀ ਬਾਰੇ ਕਿਹਾ।

"ਨਹੀਂ ਥੋੜ੍ਹਾ ਚਿਰ ਪਹਿਲਾਂ ਸ਼ੁਰੂ ਕੀਤੀ।"



"ਕੋਈ ਖਾਸ ਕਾਰਨ ?"

ਤ੍ਰਿਖਾ ਚੁੱਪ ਹੋ ਗਈ ਅਤੇ ਸਰੋਵਰ ਦੀਆਂ ਪੌੜੀਆਂ ਤੇ ਜਾ ਬੈਠੀ।

ਗੁਰੀਏ ਨੂੰ ਲੱਗਾ, ਕੁਝ ਗ਼ਲਤ ਕਿਹਾ ਗਿਆ।

"ਮੁਆਫ਼ ਕਰਨਾ ਮੈ..."

"ਨਹੀਂ ਨਹੀਂ ਐਸੀ ਗੱਲ ਨਹੀਂ। ਸੋਚਿਆ ਗੁਰੂ ਘਰ ਬੈਠਕੇ ਝੂਠ ਕਿਉਂ ਬੋਲਾਂ। ਦਰਅਸਲ ਕਾਲਜ ਟਾਈਮ ਬੜੇ ਸੁਪਨੇ ਦੇਖੇ। ਬਾਹਰ ਆਏ ਤਾਂ ਸਭ ਠੁੱਸ। ਨਾ ਨੌਕਰੀ। ਨਾ ਪੈਸਾ। ਨਾ ਸ਼ੋਹਰਤ। ਬੜਾ ਮਨ ਟੁੱਟਿਆ। ਕਾਲਜ ਦੀਆਂ ਦੋਸਤੀਆਂ ਵੀ ਬਹੁਤਾ ਸਾਥ ਨਾ ਦਿੱਤਾ। ਮਨ ਉਦਾਸ ਰਹਿਣ ਲੱਗਾ। ਫਿਰ ਅੰਮ੍ਰਿਤ ਛਕ ਲਿਆ। ਕੇਸਕੀ ਧਾਰਨ ਕਰ ਲਈ। ਹੁਣ ਮਨ ਸ਼ਾਂਤ ਹੈ।

"ਗ੍ਰਹਿਸਤ ਤੋਂ ਛੁੱਟੀ ?"

"ਕਿਉਂ ? ਛੁੱਟੀ ਕਿਉਂ ? ਸਿੱਖੀ ਵਿਚ ਕੋਈ ਬੰਦਿਸ਼ ਤਾਂ ਨਹੀਂ।"

"ਬੰਦਿਸ਼ ਤਾਂ ਨਹੀਂ, ਪਰ ਕਹਿੰਦੇ ਕੇਸਕੀ ਦੀ ਮਰਿਆਦਾ ਬਹੁਤ ਸਖ਼ਤ ਹੈ।"

"ਸਖ਼ਤ ਤਾਂ ਹੈ। ਪਰ ਜੇ ਮਨ ਸ਼ਾਂਤ ਹੈ ਤਾਂ ਕੁਝ ਵੀ ਔਖਾ ਨਹੀਂ।"

"ਦੇਰ ਬਾਦ ਮਿਲੇ, ਪਰ ਖੁਸ਼ੀ ਹੋਈ।"

"ਮੈਨੂੰ ਵੀ...।"

ਫਤਿਹ ਬੁਲਾਅ ਦੋਵੇਂ ਵੱਖ ਤਾਂ ਹੋ ਗਏ; ਪਰ ਇਕ ਦੂਜੇ ਦੇ ਦਿਲ ਵਿਚ ਬੈਠ ਗਏ। ਨਾ ਚਾਹੁੰਦੇ ਵੀ ਛੁੱਟੀ ਦੇ ਦਿਨ ਇਕ ਦੂਜੇ ਨੂੰ ਸ਼ਿੱਦਤ ਨਾਲ ਉਡੀਕਦੇ। ਸੇਵਾ ਦੇ ਪੱਜ ਸਰੋਵਰ ਦੀਆਂ ਪੌੜੀਆਂ ਤੇ ਜਾ ਬੈਠਦੇ। ਡਲਕਦੇ ਪਾਣੀ ਵਿਚ ਇਕ ਦੂਜੇ ਦੇ ਪਲ-ਪਲ ਖੰਡਿਤ ਹੁੰਦੇ ਨਕਸ਼ ਪਕੜਦੇ। ਹਉਕੇ ਭਰਦੇ ਅਤੇ ਵਿਛੜ ਜਾਂਦੇ।

ਗੁਰੀਏ ਨੂੰ ਪਤਾ ਲੱਗਾ, ਤ੍ਰਿਖਾ ਰਾਵਲਪਿੰਡੀ ਜਵੈਲਰਜ਼ ਵਾਲਿਆਂ ਦੀ ਲਾਡਲੀ ਸੀ। ਕਾਲਜ ਟਾਈਮ ਕੁਝ ਥਿੜਕੀ, ਫਿਰ ਸੰਭਲ ਗਈ। ਕਾਲਜ ਤੋਂ ਬਾਦ ਮਨ ਉਦਾਸ ਰਹਿਣ ਲੱਗਾ ਤਾਂ ਮਨ ਦੀ ਸ਼ਾਂਤੀ ਲਈ ਬ੍ਰਹਮਕੁਮਾਰੀਆਂ ਨੂੰ ਮਿਲੀ। ਪ੍ਰਭਾਵਿਤ ਹੋਈ। ਪਤਾ ਲੱਗਾ, ਬ੍ਰਹਮਕੁਮਾਰੀ ਜੀਵਨ ਵਿਚ ਬਹੁਤ ਕੁਝ ਵਰਜਤ ਸੀ। ਪਿੱਛੇ ਹਟ ਗਈ। ਘਰ ਵਿਚ ਸਿੱਖੀ ਦਾ ਬੋਲਬਾਲਾ ਸੀ। ਇਕ ਦਿਨ ਪਿਤਾ ਜੀ ਦੇ ਵਾਕਿਫ਼, ਇਕ ਮਹਾਤਮਾ ਘਰ ਆਏ। ਮਙ੍ਹੋਰ ਉਮਰ। ਤੇਜੱਸਵੀ ਚਿਹਰਾ। ਤ੍ਰਿਖਾ ਨੂੰ ਕੋਲ ਬਿਠਾਇਆ। ਬਚਨ ਕੀਤਾ। ਚੌਂਕੜਾ ਮਾਰ। ਅੰਤਰ-ਧਿਆਨ ਹੋ। ਜਿਵੇਂ ਹੀ ਸੰਤਾ ਤ੍ਰਿਖਾ ਦੇ ਮੱਥੇ 'ਤੇ ਹੱਥ ਰਖਿਆ। ਅੰਦਰ ਝਰਨਾਹਟ ਛਿੜੀ। ਤ੍ਰਿਖਾ ਦੀ ਕਾਇਆ ਹੀ ਪਲਟ ਗਈ। ਤ੍ਰਿਖਾ ਖੁਸ਼। ਮਾਪੇ ਖੁਸ਼। ਸੰਤਾਂ ਕਿਸੇ ਵੱਡੀ ਕੰਪਨੀ ਦੇ ਮਾਲਕ ਨੂੰ ਫੋਨ ਕੀਤਾ। ਉੱਤਰ ਮਿਲਿਆ। ਅੱਜ ਤੋਂ ਤ੍ਰਿਖਾ ਦੀ ਨੌਕਰੀ ਪੱਕੀ।

ਸੇਵਾ ਦੇ ਪੱਜ ਫਿਰ ਵੀ ਮਿਲਦੇ। ਗੱਲਾਂ ਕਰਦੇ। ਹਉਕੇ ਭਰਦੇ। ਇਕ ਦੂਜੇ ਦੇ ਅੰਦਰ ਝਾਕਦੇ। ਤ੍ਰਿਖਾ ਸਿਮਰਨਾਂ ਫੇਰੀ ਜਾਂਦੀ। ਗੁਰੀਆ ਵਾਹਿਗੁਰੂ ਉਚਰੀ ਜਾਂਦਾ। ਦਿਲ ਦੀ ਗੱਲ ਹਰ ਵੇਰ ਅੱਗੇ ਪੈ ਜਾਂਦੀ।

ਫਿਰ ਅਚਾਨਕ ਤ੍ਰਿਖਾ ਕਈ ਦਿਨ ਗੁਰਦੁਆਰੇ ਨਾ ਆਈ। ਗੁਰੀਏ ਨੂੰ ਫ਼ਿਕਰ ਹੋਇਆ। ਪਤਾ ਲੱਗਾ, ਸੰਤਾਂ ਨੇ ਆਪਣੇ ਕਿਸੇ ਸੇਵਕ ਨਾਲ ਉਸਦਾ ਰਿਸ਼ਤਾ ਤਹਿ ਕਰ ਦਿੱਤਾ।

ਮਿਲੀ ਤਾਂ ਤ੍ਰਿਖਾ ਅੰਬਰਾਂ ਵਿਚ ਸੀ। ਉਸ ਹੁੱਭ ਕੇ ਦੱਸਿਆ।

"ਦੇਖੋ ਰੱਬ ਦੀ ਮਿਹਰ! ਜਿਵੇਂ ਦਾ ਚਾਹਿਆ, ਤਿਵੇਂ ਦਾ ਮਿਲਿਆ। ਉਮਰ ਵਿਚ ਮੈਥੋਂ ਸਾਲ ਵੱਡਾ। ਦਸ ਘੋੜੇ। ਜਾਣੀ ਵੱਡੇ ਟਰੱਕ। ਟਰੈਵਲ ਏਜੰਸੀ। ਦੁਬਈ ਤੱਕ ਕਾਰੋਬਾਰ। ਕੱਲਾ-ਕਾਰਾ। ਅੰਨ੍ਹਾਂ ਪੈਸਾ। ਚੱਲੋ, ਤੁਸੀਂ ਦੱਸੋ। ਤੁਸੀਂ ਆਪਣੇ ਬਾਰੇ ਕੀ ਸੋਚਿਆ ?"

ਇਕ ਪਲ ਗੁਰੀਏ ਨੂੰ ਕੋਈ ਗੱਲ ਹੀ ਨਾ ਅਹੁੜੀ। ਕੰਨਾਂ ਵਿਚ ਸਿਰਫ਼ ਸਾਂ-ਸਾਂ ਹੋਈ। ਫਿਰ ਲੰਮਾ ਹਉਕਾ ਲਿਆ ਤੇ ਕਿਹਾ।

"ਤੈਨੂੰ ਮਿਲਣ ਤੋਂ ਬਾਦ ਤਾਂ ਕੁਝ ਸੋਚਿਆ ਹੀ ਨਹੀਂ ਸੀ। ਹੁਣ ਦੇਖੋ ਕੀ ਬਣਦੈ।" ਗੁਰੀਏ ਨੂੰ ਲੱਗਾ, ਉਹ ਰੋ ਪਵੇਗਾ।

"ਠੀਕ ਹੈ, ਦੁਬਾਰਾ ਮਿਲੇ ਤਾਂ ਦੱਸਣਾ।" ਤ੍ਰਿਖਾ ਨੇ ਇਤਨੀ ਬੇ-ਪ੍ਰਵਾਹੀ ਨਾਲ ਕਿਹਾ, ਗੁਰੀਏ ਦਾ ਦਿਲ ਬੁਝ ਗਿਆ।

ਥੋੜ੍ਹੇ ਦਿਨਾਂ ਬਾਦ ਮਿਲੇ ਤਾਂ ਤ੍ਰਿਖਾ ਕੋਲ ਆਪਣੇ ਬਾਰੇ ਦੱਸਣ ਕਈ ਕਿੱਸੇ ਸਨ। ਗੁਰੀਏ ਨੂੰ ਸਿਰਫ਼ ਇਤਨਾਂ ਪੁੱਛਿਆ।

"ਹਾਂ ਜੀ! ਕੀ ਬਣਿਆ?"

ਗੁਰੀਏ ਕੋਲ ਦੱਸਣ ਲਈ ਕੁਝ ਵੀ ਨਹੀਂ ਸੀ। ਫਿਰ ਵੀ ਉਸ ਕਿਹਾ।

"ਪਿਛਲੇ ਹਫ਼ਤੇ ਲੰਗਰ ਦੀ ਰਸਦ ਲੈ ਕੇ ਦਿੱਲੀ ਗਿਆ। ਸੰਗਤ ਨਾਲ। ਚੁਰਾਸੀ ਵਾਲੇ ਦੰਗਿਆਂ ਦੇ ਕੈਂਪ ਵਿਚ। ਦੱਸ ਨਹੀਂ ਸਕਦਾ, ਦਿਲ ਪੱਛਿਆ ਗਿਆ। ਸੋਚਿਆ, ਇਹ ਜਖ਼ਮ ਦਾਲ ਆਟੇ ਨਾਲ ਤਾਂ ਨਹੀਂ ਭਰਨੇ। ਕੋਈ ਵੱਡੀ ਸੇਵਾ ਕੀਤੀ ਜਾਏ।

"ਕੀ?"

ਲੰਮੀ ਚੁੱਪ ਤੋਂ ਬਾਦ ਕਿਹਾ।

"ਸੋਚਦਾਂ ਕਿਸੇ ਦੰਗਾ ਪੀੜਤ ਕੁੜੀ ਨਾਲ ਵਿਆਹ ਕਰਾ ਕੇ ਜ਼ਖ਼ਮ ਭਰਾਂ।"

"ਸੱਚ?"

"ਕਿਉਂ, ਠੀਕ ਨਹੀਂ?"

"ਠੀਕ ਨਹੀਂ ਕਮਾਲ! ਮੈਂ ਤਾਂ ਐਸਾ ਸੋਚ ਵੀ ਨਹੀਂ ਸਕਦੀ ਗੁਰੀ ਜੀ, ਯੂਅਰ ਗ੍ਰੇਟ।" ਤ੍ਰਿਖਾ ਹੈਰਾਨ ਰਹਿ ਗਈ।

ਗੁਰੀਏ ਆਖ ਤਾਂ ਦਿੱਤਾ, ਅੰਦਰੇ-ਅੰਦਰ ਕੰਬਿਆ ਵੀ। ਹੁਣੇ ਮਨ ਵਿਚ ਆਈ ਅਤੇ ਆਖ ਦਿੱਤਾ।

ਇਹ ਗੱਲ ਗੁਰੀਏ ਤੇ ਤ੍ਰਿਖਾ ਵਿਚ ਹੋਈ। ਮਹਿਜ਼ ਇਕ ਇੱਛਾ ਵਜੋਂ। ਪਤਾ ਨਹੀਂ ਕਿਥੋਂ ਬਾਹਰ ਨਿਕਲੀ; ਸ਼ਾਮ ਤੱਕ ਪ੍ਰਸੰਸਾ ਦੇ ਕਈ ਫੋਨ ਆ ਗਏ। ਸ਼ਹਿਰ ਦੀਆਂ ਕਈ ਸਿਖ ਸੰਸਥਾਵਾਂ ਵਿੱਚ ਗੁਰੀਆ ਇਕ ਸੇਵਾਦਾਰ ਵਜੋਂ ਜਾਣਿਆ ਜਾਂਦਾ ਸੀ। ਇਸ ਲਈ ਗੱਲ ਪ੍ਰਸੰਸਾ ਦੇ ਖੰਭਾਂ ਨਾਲ ਐਸੀ ਉੱਡੀ, ਪਤਾ ਹੀ ਨਾ ਲੱਗਾ ਕਦੋਂ ਅਖ਼ਬਾਰ ਦੀ ਸੁਰਖ਼ੀ 'ਚ ਜਾ ਕੇ ਬੈਠ ਗਈ। ਗੁਰੀਆ ਉਦਾਸ ਹੋ ਗਿਆ। ਉਹਨੂੰ ਲੱਗਾ, ਹਾਸੇ ਦਾ ਮੜ੍ਹਾਸਾ ਹੋ ਗਿਆ ਸੀ। ਇਸ ਤੋਂ ਪਹਿਲਾਂ ਕਿ ਗੁਰੀਆ ਵਾਪਿਸ ਮੁੜਦਾ; ਵੱਡੇ ਗੁਰਦੁਆਰੇ ਸਿਰੋਪਾ ਦੇ ਕੇ ਸਨਮਾਨ ਦਿੱਤਾ।

ਗੁਰੀਏ ਨੂੰ ਮਨ ਹੀ ਮਨ ਪਛਤਾਵਾ ਹੋਇਆ। ਬਿਨਾਂ ਸੋਚੇ ਕਿਉਂ ਮੂੰਹੋਂ ਕੱਢਿਆ। ਜਿੱਥੇ ਵੀ ਖੜ੍ਹਦਾ ਲੋਕ ਤਾਰੀਫ਼ ਕਰਨ ਲੱਗਦੇ। ਮਨ ਦੁਬਿਧਾ ਵਿਚ ਘਿਰ ਜਾਂਦਾ। ਉਹ ਹੋਰ ਉਦਾਸ ਹੋਇਆ ਜਦੋਂ ਲੋਕ ਮੱਤਾਂ ਦੇਣ ਲੱਗੇ।

"ਸਿੱਖੀ ਆਪਣੇ ਥਾਂ ਭਾਈ! ਵਿਆਹ ਸ਼ਾਦੀ ਆਪਣੇ ਥਾਂ। ਭਲਿਆ ਲੋਕਾ, ਕੱਲਾ-ਕਾਰਾ ਤੂੰ ਬੰਦਾ। ਬੇਦਾਗ। ਆਪਣੇ ਪੈਰੀਂ ਖੜੋਤਾ। ਤੇਰੀ ਕਿਉਂ ਮਾਰੀ ਗਈ ਮੱਤ। ਦੰਗਿਆਂ ਦੀ ਗਾਰ 'ਚ ਜਾ ਡਿੱਗਾ। ਹੋਸ਼ ਕਰ ਭਾਈ।"

ਗੁਰੀਆ ਦੁਬਿਧਾ ਵਿਚ ਫਸ ਗਿਆ। ਤਦ ਤੱਕ ਸੰਸਥਾਵਾਂ ਇਤਨਾਂ ਉਛਾਲ ਦਿਤਾ; ਵਾਪਸੀ ਥੁੱਕ ਕੇ ਚੱਟਣ ਤੁੱਲ ਹੋ ਗਈ। ਦਿਨਾਂ ਵਿਚ ਹੀ ਵੱਡੇ ਗੁਰਦੁਆਰੇ ਕਮੇਟੀ ਬਣੀ। ਦਿੱਲੀ ਕੈਂਪ-ਕਮੇਟੀ ਨਾਲ ਗੱਲਬਾਤ ਤਹਿ ਹੋਈ ਅਤੇ ਪੰਜ ਸਿੱਖਾਂ ਦਾ ਜੱਥਾ ਗੁਰੀਆ ਵਿਆਹੁਣ ਤੁਰਿਆ।



ਸਭ ਦਾ ਗੁਣਾ ਰਮੀ ਤੇ ਪਿਆ। ਐਮ.ਏ. ਤੱਕ ਪੜ੍ਹੀ। ਸੋਹਣੀ ਸੁਨੱਖੀ। ਲੋੜਵੰਦ। ਰਮੀ ਜਮਨਾ ਪਾਰ ਤ੍ਰਲੋਕਪੁਰੀ ਦੇ ਉਸ ਇਲਾਕੇ ਦੀ ਪੀੜਤ ਸੀ; ਜਿੱਥੇ ਸਭ ਤੋਂ ਵੱਧ ਘਾਣ ਹੋਇਆ। ਬਹੁਤਾ ਇਲਾਕਾ ਗਰੀਬ ਸਿੱਖਾਂ ਦਾ ਸੀ। ਰਮੀ ਦਾ ਪਿਤਾ ਘਰ ਵਿਚ ਹੀ ਲੱਕੜੀ ਖਰਾਦਣ ਦਾ ਕੰਮ ਕਰਦਾ। ਰਮੀ ਨੂੰ ਉਸ ਪੁੱਤਾਂ ਵਾਂਗ ਪਾਲਿਆ। ਉਹਦੀ ਇੱਛਾ ਸੀ, ਪੜ੍ਹ ਲਿਖ ਕੇ ਧੀ ਅਫ਼ਸਰ ਬਣੇ। ਢਿੱਡ ਵੱਢ ਕੇ ਐਮ.ਏ. ਅੰਗਰੇਜ਼ੀ ਕਰਵਾਈ। ਇਹ ਤਾਂ ਸ਼ੁਕਰ ਦੰਗਿਆਂ ਵੇਲੇ ਰਮੀ ਕਿਸੇ ਸਹੇਲੀ ਦੇ ਘਰ ਸੀ। ਇਸ ਲਈ ਬਚ ਗਈ। ਪਰਤੀ ਤਾਂ ਮਾਂ ਪਿਉ ਦੇ ਪਿੰਜਰ ਵੀ ਨਹੀਂ ਸਨ।...

ਰਮੀ ਤਬਾਹ ਹੋ ਗਈ। ਫਿਰ ਭਟਕਣ ਦਾ ਸਿਲਸਲਾ। ਆਖਿਰ ਕੈਂਪ ਤੋਂ ਸਹਾਰਾ ਮਿਲਿਆ। ਤਾਲੀਮ ਦੇਖ ਪ੍ਰਬੰਧਕਾਂ ਕੈਂਪ ਦੇ ਕਾਲ-ਸੈਂਟਰ ਵਿਚ ਹੀ ਕੰਮ ਦੇ ਦਿੱਤਾ। ਦੁਵੱਲੀ ਪੁਣਛਾਣ ਹੋਈ। ਰਜ਼ਾਮੰਦੀ ਹੋਈ ਤਾਂ ਵਿਆਹ ਦਾ ਸਬੱਬ ਬਣਿਆ।...

ਰਮੀ ਕੈਂਪ ਤੋਂ ਸ਼ਗਨਾਂ ਨਾਲ ਵਿਦਾਅ ਹੋਈ। ਸ਼ਗਨਾਂ ਨਾਲ ਹੀ ਗ੍ਰਹਿ ਪ੍ਰਵੇਸ਼ ਹੋਇਆ। ਕੋਈ ਆਪਣਾ ਨਹੀਂ ਸੀ, ਸਭ ਰਸਮਾਂ ਸੰਗਤ ਨੇ ਹੀ ਨਿਭਾਈਆਂ।

ਸ਼ਾਮ ਹੋਈ। ਸਭ ਚਲੇ ਗਏ ਤਾਂ ਗੁਰੀਏ ਕਿਹਾ।

"ਅੱਜ ਤੋਂ ਬਾਦ ਪਿਛਲਾ ਖ਼ਤਮ...ਨਵਾਂ ਜੀਵਨ ਸ਼ੁਰੂ।"

ਰਮੀ ਦਾ ਰੋਣ ਨਿਕਲ ਆਇਆ। ਕੈਸਾ ਆਦਮੀ ਸੀ। ਕਿਤਨੀ ਅਸਾਨੀ ਨਾਲ ਆਖ਼ ਦਿੱਤਾ; ਪਿਛਲਾ ਖ਼ਤਮ। ਦੋ ਲਫ਼ਜ਼ ਕਹੇ ਤੇ ਖ਼ਤਮ। ਸੈਂਕੜੇ ਲੋਕ, ਘਰ, ਤਬਾਹ ਹੋ ਗਏ। ਬੱਚੇ ਯਤੀਮ ਤੇ ਔਰਤਾਂ ਵਿਧਵਾ। ਰਮੀ ਨੂੰ ਲੱਗਾ, ਉਸਦਾ ਪਤੀ ਸੰਵੇਦਨਸ਼ੀਲ ਨਹੀਂ ਸੀ। ਇਤਨੇ ਭਿਆਨਕ ਹਾਦਸੇ ਨੂੰ ਸਧਾਰਨ ਅੱਖ ਨਾਲ ਦੇਖ ਰਿਹਾ ਸੀ। ਫਿਰ ਇਹ ਸੋਚ ਹਉਕਾ ਲਿਆ, ਸ਼ਾਇਦ ਦੰਗਿਆਂ ਦੀ ਭਿਆਨਕਤਾ ਇਹਦੇ ਅਨੁਭਵ ਦਾ ਹਿੱਸਾ ਨਹੀਂ ਸੀ; ਇਸ ਲਈ ਉਸਦੀ ਪੀੜਾ ਨੂੰ ਨਹੀਂ ਸੀ ਸਮਝ ਰਿਹਾ। ਉਸ ਉਹਦੇ ਮਨ ਨੂੰ ਪੜ੍ਹਨ ਦੀ ਇੱਛਾ ਨਾਲ ਪੁੱਛਿਆ।

"ਮੈਂ ਬਰਬਾਦ ਹੋ ਗਈ। ਮੇਰਾ ਕੋਈ ਨਹੀਂ। ਮੈਂ ਬੇਬਸੀ ਅਤੇ ਲਾਚਾਰੀ ਵਿਚ ਵਿਆਹ ਦਾ ਫ਼ੈਸਲਾ ਕੀਤਾ। ਕਿਉਂਕਿ ਹੋਰ ਕੋਈ ਚਾਰਾ ਹੀ ਨਹੀਂ ਸੀ। ਤੁਸੀਂ ਮੇਰੇ ਜਿਹੀ ਅਨਾਥ ਨਾਲ ਕਿਉਂ ਵਿਆਹ ਕਰਵਾਇਆ ?"

"ਮਹਿਜ ਸੇਵਾ...।"

"ਕਿਸ ਚੀਜ਼ ਦੀ ?"

"ਸਿੱਖੀ ਦੀ..."

"ਸੇਵਾ ਜਾਂ ਅਹਿਸਾਨ ਬਦਲੇ ਪ੍ਰਸਿੱਧੀ ?"

ਗੁਰੀਏ ਤ੍ਰਭਕ ਕੇ ਰਮੀ ਵੱਲ ਦੇਖਿਆ ਅਤੇ ਕਿਹਾ।

"ਕੋਈ ਅਹਿਸਾਨ ਨਹੀਂ। ਮਹਿਜ ਸੇਵਾ।"

"ਕਲ੍ਹ ਨੂੰ ਕਹੋਗੇ ਅਨਾਥ ਕੁੜੀ। ਦਾਜ ਦੀ ਕੌਡੀ ਨਹੀਂ। ਦੇਖੋ... ਮੇਰਾ ਤਿਆਗ ਤੇ ਕੁਰਬਾਨੀ।"

"ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰੂ ਸਾਮ੍ਹਣੇ ਲਏ ਫੇਰੇ। ਮੇਲ ਵਾਹਿਗੁਰੂ ਕਰਵਾਇਆ। ਤਿਆਗ ਕਿਥੋਂ ਆ ਗਿਆ ?"

"ਠੀਕ ਹੈ। ਤੁਹਾਨੂੰ ਪਤੈ ਮੈਂ ਪੜ੍ਹੀ ਲਿਖੀ ਹਾਂ। ਮੈਂ ਵੀ ਕੰਮ ਕਰਾਂਗੀ, ਇਕ ਤਾਂ ਬਰਾਬਰ ਮਦਦ ਕਰਾਂ। ਦੂਜਾ ਬੀਤੇ ਨੂੰ ਭੁੱਲ ਸਕਾਂ।"

"ਕੰਮ ਬਾਦ ਵਿਚ। ਪਹਿਲਾਂ ਘਰ ਸੰਭਾਲ ਤੇ ਨਵੇਂ ਜੀਵਨ ਦੀ ਸ਼ੁਰੂਆਤ ਕਰੀਏ।"

ਰਮੀ ਅਟੈਚੀ ਅਤੇ ਮਨ ਅੰਦਰ ਲੈ ਕੇ ਗਈ। ਪੂਰਾ ਘਰ ਨਿਹਾਰਿਆ। ਇਸਤਰੀ ਦੀ

ਅਣਹੋਂਦ ਕਾਰਨ ਹਰ ਜਗ੍ਹਾ ਬੇਤਰਤੀਬੀ ਦਾ ਆਲਮ ਸੀ। ਸੋਚਿਆ, ਸਵੇਰੇ ਪਤੀ ਨੂੰ ਉਸਦੀ ਦਿਨਚਰਿਆ ਪੁੱਛੇਗੀ ਅਤੇ ਘਰ ਦੀ ਤਰਤੀਬ ਲਈ ਸਮਾਂ ਵਿਉਂਤੇਗੀ। ਰੋਟੀ-ਟੁਕ ਤੋਂ ਬਾਦ ਰਮੀ ਬਿਸਤਰ ਵੱਲ ਆਈ ਤਾਂ ਗੁਰੀਆ ਉਡੀਕ ਰਿਹਾ ਸੀ। ਜਿਵੇਂ ਹੀ ਰਮੀਂ ਘਰੇਲੂ ਪਹਿਰਾਵੇ ਦੇ ਸਾਦੇ ਲੀੜਿਆਂ ਵਿਚ ਸਾਮ੍ਹਣੇ ਆਈ ਤਾਂ ਗੁਰੀਆ ਦੇਖਦਾ ਹੀ ਰਹਿ ਗਿਆ। ਰਮੀ ਨੂੰ ਲੱਗਾ, ਗੁਰੀਆ ਉਸਦੇ ਡੁੱਲ੍ਹਦੇ ਜੋਬਨ ਨੂੰ ਦੇਖ ਰਿਹਾ ਸੀ। ਉਹ ਸ਼ਰਮਾਈ। ਇਸ ਤੋਂ ਪਹਿਲਾਂ ਕਿ ਉਹ ਪਿੰਡੇ ਨੂੰ ਕੱਜਣ ਦੀ ਕੋਸ਼ਿਸ਼ ਕਰਦੀ। ਗੁਰੀਏ ਹੈਰਾਨੀ 'ਚ ਕਿਹਾ।

"ਤੇਰੀ ਕਿਰਪਾਨ ? ਤੂੰ ਅੰਮ੍ਰਿਤ ਨਹੀਂ ਛਕਿਆ ?"

"ਨਹੀਂ।" ਰਮੀਂ ਹੈਰਾਨ ਹੋਈ। ਅੰਮ੍ਰਿਤ ਬਾਰੇ ਕਿਉਂ ਪੁੱਛਿਆ।

"ਹੈਂ ! ਸੱਚ ?"

"ਹਾਂ !"

"ਮਾਂ ਪਿਉ ਵੀ ਨਹੀਂ ?"

"ਨਹੀਂ।"

"ਫਿਰ ਮਾਰੇ ਕਿਉਂ ਗਏ ?"

"ਉਨ੍ਹਾਂ ਪੁੱਛ ਕੇ ਮਾਰਿਆ ਅੰਮ੍ਰਿਤ ਛਕਿਆ ਕਿ ਨਹੀਂ। ਸਿਧਾ ਟਾਰਗਟ ਸੀ; ਦਾੜ੍ਹੀ ਕੇਸ ਤੇ ਪੱਗ। ਦੂਜਾ ਗ਼ਰੀਬ। ਕੋਠੀਆਂ ਵਾਲਾ ਮਰਿਆ ਕੋਈ। ਜਾਂ ਕੋਈ ਘਰ ਤੋਂ ਬਾਹਰ ਮਿਲਿਆ ਉਹ ਮਰਿਆ...।" ਉਹਦਾ ਰੋਣ ਨਿਕਲਿਆ।

ਰਮੀ ਦੇ ਧੁਰ ਅੰਦਰਲੇ ਜ਼ਖ਼ਮ ਛਿੱਲੇ ਗਏ।

"ਫਿਰ ਤੂੰ ਕਿਵੇਂ ਬਚ ਗਈ ?" ਗੁਰੀਆ ਤਲਖ਼ ਸੀ।

"ਘਰੋਂ ਬਾਹਰ ਸੀ, ਸਹੇਲੀ ਦੇ ਘਰ।"

ਗੁਰੀਆ ਸੋਚੀਂ ਪੈ ਗਿਆ। ਕਿਤਨੀ ਭੁੱਲ ਹੋਈ। ਉਹ ਕਮਰੇ ਤੋਂ ਬਾਹਰ ਲਾਅਨ ਵਿਚ ਟਹਿਲਣ ਲੱਗਾ। ਰਮੀ ਨੂੰ ਲੱਗਾ ਇਤਨੇਂ ਕੱਟੜ ਆਦਮੀ ਨਾਲ ਸ਼ਾਦੀ ਕਰਕੇ ਭੁੱਲ ਕੀਤੀ। ਕੈਸਾ ਆਦਮੀ ਸੀ ? ਜਿਸਨੂੰ ਪੀੜਾ ਤੋਂ ਵੱਧ ਧਰਮ ਦਿੱਸ ਰਿਹਾ ਸੀ। ਹਿੰਮਤ ਕਰਕੇ ਬਾਹਰ ਗਈ। ਪੁੱਛਿਆ।

"ਬਾਹਰ ਕਿਉਂ ਆ ਗਏ ?"

ਇਹ ਹਿਸਾਬ ਤਾਂ ਧੋਖਾ ਹੋ ਗਿਆ। ਉਹ ਕਹਿੰਦਾ-ਕਹਿੰਦਾ ਰੁਕਿਆ ਅਤੇ ਹਉਕਾ ਲੈਂਦੇ ਕਿਹਾ। "ਮੈਂ ਤਾਂ ਤੈਨੂੰ ਸਿੱਖ ਕੁੜੀ ਸਮਝਿਆ।"

ਕੁਝ ਪਲ, ਰਾਤ ਅਤੇ ਚੁੱਪ ਦੋਹਾਂ ਦੁਆਲੇ ਤਣ ਗਏ। ਰਮੀ ਸਿਸਕੀ।

"ਵੈਸੇ ਤੁਸੀਂ ਕਿਸੇ ਪੀੜਤ ਕੁੜੀ ਨਾਲ ਸ਼ਾਦੀ ਕੀਤੀ ਜਾਂ ਸਿੱਖ ਕੁੜੀ ਨਾਲ ?"

"ਦੋਹਾਂ ਨਾਲ...।"

"ਪਰ ਕਮੇਟੀ ਨੂੰ ਜੋ ਤੁਸੀਂ ਪੱਤਰ ਲਿਖਿਆ। ਮੈਂ ਖ਼ੁਦ ਪੜ੍ਹਿਆ। ਉਸ ਵਿਚ ਸਿਰਫ਼ ਕਿਸੇ ਦੰਗਾ ਪੀੜਤ ਪੜ੍ਹੀ ਲਿਖੀ ਲੋੜਵੰਦ ਕੰਨਿਆਂ ਦੀ ਮੰਗ ਸੀ। ਅੰਮ੍ਰਿਤਪਾਨ ਵਾਲੀ ਸ਼ਰਤ ਬਿਲਕੁਲ ਨਹੀਂ ਸੀ।"

ਗੁਰੀਏ ਨੂੰ ਬੱਜਰ ਭੁੱਲ ਦਾ ਅਹਿਸਾਸ ਹੋਇਆ। ਉਹਦਾ ਹਿਰਦਾ ਕੰਬਿਆ। ਵਿਆਹ ਕੋਰਟ ਵਿਚ ਹੋਇਆ। ਅਨੰਦ ਕਾਰਜ ਗੁਰਦੁਆਰੇ। ਇਸ ਹਿਸਾਬ ਤਾਂ ਇੱਟ ਪੱਕੀ ਲੱਗ ਚੁੱਕੀ ਸੀ। ਗੁਰੀਏ ਦੇ ਧੁਰ ਅੰਦਰ ਪਛਤਾਵੇ ਦੀ ਕੋਈ ਚੀਸ ਉੱਠੀ।

"ਦੇਖੋ ਜੀ ! ਹਾਲੇ ਕੁਝ ਨਹੀਂ ਵਿਗੜਿਆ। ਮੈਂ ਤੁਹਾਡੇ ਲਾਇਕ ਨਹੀਂ ਤਾਂ ਗੱਲ ਇੱਥੇ ਹੀ ਖ਼ਤਮ।" ਰਮੀ ਦੂਰ ਜਾ ਖੜ੍ਹੀ।



ਗੁਰੀਆ ਸੋਚਾਂ ਵਿਚ ਘਿਰ ਗਿਆ। ਕਿਸ ਮੁੱਦੇ 'ਤੇ ਕਿੰਤੂ ਕਰ ਬੈਠਾ। ਗੱਲ ਬਾਹਰ ਨਿਕਲੀ ਤਾਂ ਸ਼ਹਿਰ ਵਿਚ ਜਿਤਨੀ ਵਾਹ-ਵਾਹ ਹੋਈ; ਸਭ ਗਈ। ਲੋਕ ਕਹਿਣਗੇ ਮੂਰਖ਼, ਸਿੱਖੀ ਵਿਚ ਇਹੀ ਤਾਂ ਵਡਿਆਈ ਹੈ। ਭੁੱਲੇ ਭਟਕੇ ਵੀ ਗੁਰੂ ਵਾਲੇ ਬਣ ਸਕਦੇ ਹਨ। ਸਵੇਰੇ ਗੁਰੂ ਦੇ ਚਰਨੀ ਲਾਉਣਾ ਸੋਚ ਗੁਰੀਆ ਬਰਾਮਦੇ ਵਿਚ ਹੀ ਸੌਂ ਗਿਆ।

ਸਵੇਰ ਹੋਈ ਤਾਂ ਰਮੀ ਜਾਣ ਲਈ ਖੜ੍ਹੀ ਸੀ।

"ਵਾਪਸ ਜਾ ਰਹੀ ਹਾਂ ਮੈਂ।"

"ਚਾਹ ਪੀਤੀ ?"

ਰਮੀਂ ਚੁੱਪ ਸੀ। ਤਣਾਓ ਨਾਲ ਭਰੀ।

"ਤੂੰ ਚਾਹ ਬਣਾ, ਇਸ਼ਨਾਨ ਕਰ, ਤੇ ਅੰਮ੍ਰਿਤ ਦੀ ਦਾਤ ਝੋਲੀ ਪੁਆ।"

"ਕਿਵੇਂ ?"

"ਹੁਣੇ ਚੱਲਦੇ ਹਾਂ ਗੁਰਦੁਆਰੇ।"

"ਇਹ ਸ਼ਰਤ ਹੈ ?"

"ਹਾਂ !"

"ਮੇਰੀ ਨਾਂਹ ਹੈ।"

"ਕਿਉਂ ?"

"ਸ਼ਰਤਾਂ ਵਾਲੇ ਰਿਸ਼ਤੇ ਨਿਭਦੇ ਨਹੀਂ।"

"ਕਿਉਂ ?"

"ਸ਼ਰਤ ਖ਼ਤਮ। ਰਿਸ਼ਤਾ ਖ਼ਤਮ।"

"ਮੇਰੇ ਲਈ ਮਰਿਆਦਾ ਅਹਿਮ ਹੈ।"

"ਮੇਰੇ ਲਈ ਮਰਿਆਦਾ ਤੋਂ ਪਹਿਲਾਂ ਸ਼ਰਧਾ ਅਤੇ ਸਤਿਕਾਰ ਜ਼ਰੂਰੀ ਹੈ।"

"ਤੂੰ ਸਿੱਖੀ ਨੂੰ ਪਿਆਰ ਨਹੀਂ ਕਰਦੀ ?"

ਰਮੀ ਕੁਝ ਨਾ ਬੋਲੀ ਤਾਂ ਗੁਰੀਆ ਕੁਝ ਤਲਖ਼ ਹੋਇਆ।

"ਪਿਆਰ ਨਹੀਂ ਕਰਦੀ ਤਾਂ ਕੈਂਪ 'ਚ ਕਿਉਂ ਗਈ ? "

"ਕਿਉਂ ਗਈ ? ਘਰ ਸੜ ਗਿਆ। ਟੱਬਰ ਮਰ ਗਿਆ। ਸੜਕ ਤੇ ਆ ਗਈ। ਕੈਂਪ ਨੇ ਕੋਈ ਸ਼ਰਤ ਨਹੀਂ ਰੱਖੀ। ਕਿਹਾ, ਜੋ ਬਰਬਾਦ ਹੋ ਗਿਆ, ਆਓ... ਤਾਂ ਗਈ।"

"ਇਹੀ ਤਾਂ ਕਹਿ ਰਿਹਾਂ ਮੈਂ... ਵਾਜਾਂ ਮਾਰਦੀ ਐ ਸਿੱਖੀ। ਕੋਈ ਆਓ ਤੇ ਗੁਰੂ ਵਾਲੇ ਬਣੋ। ਤੂੰ ਵੀ ਪਿਛਲੀ ਭੁੱਲ ਬਖ਼ਸ਼ਾਅ ਤੇ ਗੁਰੂ ਵਾਲੀ ਬਣ।"

ਰਮੀ ਨੂੰ ਲੱਗਾ, ਜਿਉਣ ਲਈ 'ਜੈਸਾ ਦੇਸ, ਵੈਸਾ ਭੇਸ' ਹੀ ਬਿਹਤਰ ਸੀ। ਵਾਪਸ ਜਾ ਕੇ ਕੀ ਕਰਾਂਗੀ ? ਨਾ ਘਰ, ਨਾ ਕੋਈ ਸਾਕ ਸੰਬੰਧੀ। ਕੀ ਪਤਾ, ਨਵੇਂ ਸਾਥ ਵਿਚ ਉਹ ਪਿਛਲਾ ਸਚਮੁਚ ਹੀ ਭੁੱਲ ਜਾਵੇ।

"ਠੀਕ ਹੈ। ਮੈਂ ਸਹਿਮਤ ਹਾਂ।" ਰਮੀ ਅੰਦਰ ਗਈ। ਸੂਟਕੇਸ ਅਤੇ ਮਨ ਦੁਬਾਰਾ ਟਿਕਾਇਆ। ਨਾਸ਼ਤਾ ਬਣਾਇਆ। ਇਸ਼ਨਾਨ ਕੀਤਾ। ਕੀਰਤਨ ਸੁਣਿਆ। ਦੇਗ ਕਰਾਈ। ਪ੍ਰਕਰਮਾ ਕੀਤੀ ਅਤੇ ਸਾਰਾ ਤਣਾਓ, ਸਰੋਵਰ ਵਿਚ ਡੋਬ ਪਰਤ ਆਈ।

ਦੋਵੇਂ ਨਵੇਂ ਜੀਵਨ ਦੇ ਰਾਹ ਤੁਰਨ ਲੱਗੇ।

ਤੁਰਨ ਕੀ, ਦੌੜਨ ਲੱਗੇ। ਸੁਨੱਖੀ ਰਮੀ, ਅੰਗਰੇਜ਼ੀ ਦੀ ਐਮ.ਏ. ਸੀ। ਛੇਤੀ ਗੁਰਦੁਆਰਾ ਕਮੇਟੀ ਦੇ ਕਾਲਜ ਵਿਚ ਅਧਿਆਪਕਾ ਵਜੋਂ ਮਰਜ ਹੋ ਗਈ। ਹੁਣ ਘਰ ਰਮੀ ਦਾ ਸੀ। ਜਿੱਥੇ ਜਾਂਦੇ,

ਇਕੱਠੇ ਜਾਂਦੇ। ਹੱਸਦੇ ਖੇਡਦੇ ਤੇ ਚਹਿਕਦੇ। ਹਰ ਇਤਵਾਰ ਪ੍ਰਕਰਮਾਂ ਦੀ ਸੇਵਾ। ਕੀਰਤਨ। ਦੇਗ। ਨਿਸ਼ਾਨ ਸਾਹਿਬ ਦੀ ਮੁੱਠੀ ਚਾਪੀ। ਹਰ ਆਏ ਗਏ ਦੀ ਆਉ-ਭਗਤ। ਘਰ, ਬੋਲਚਾਲ ਅਤੇ ਪਹਿਰਾਵਾ, ਹਰ ਚੀਜ਼ ਵਿਚ ਸਲੀਕਾ। ਇਥੋਂ ਤੱਕ ਕਿ ਦੋਹਾਂ ਵੱਲੋਂ ਬੇਹਦ ਖੁਸ਼ ਦਿੱਸਣ ਤੇ ਜ਼ੋਰ। ਦੋਵੇਂ ਚੋਟੀ ਦੇ ਕਾਲਾਕਾਰ। ਨਿਪੁੰਨ।

ਪਰ ਕੋਈ ਨਹੀਂ ਸੀ ਜਾਣਦਾ; ਇਹ ਸ਼ਾਂਤ ਸਮੁੰਦਰ ਦੀਆਂ ਤਹਿਆਂ ਵਿਚ ਕਿਤਨੇ ਅਸੀਮ ਜਵਾਰ੍ਹਭਾਟੇ ਸਨ।...

ਗੁਰੀਏ ਨੂੰ ਲਗਦਾ, ਰਮੀ ਉਹਦੇ ਕਾਹਲੀ ਵਿਚ ਲਏ ਫ਼ੈਸਲੇ ਦਾ ਖ਼ਮਿਆਜਾ ਸੀ। ਤ੍ਰਿਖਾ ਦੇ ਮੁਕਾਬਲੇ ਰਮੀ ਕੀ ਸੀ ? ਤ੍ਰਿਖਾ ਯਾਦ ਆਉਂਦੀ ਤਾਂ ਰਮੀ ਦਿਸਣੋਂ ਹਟ ਜਾਦੀ। ਚਾਹੁਣ ਤੇ ਵੀ ਉਹ ਰਮੀ ਨਾਲ ਨਾ ਭਿੱਜਦਾ। ਅਧੂਰਾ ਰਹਿ ਜਾਂਦਾ।

ਰਮੀ ਸੋਚਦੀ, ਐਸੇ ਆਦਮੀ ਨਾਲ ਕਿਉਂ ਸ਼ਾਦੀ ਕੀਤੀ। ਜਿਸਨੂੰ ਮਨੁੱਖ ਤੋਂ ਵੱਧ ਧਰਮ ਦਿੱਸਦਾ ਸੀ। ਜਿਹੜਾ ਸਿੱਖੀ ਸਿਧਾਂਤਾਂ ਨੂੰ ਛੱਡ ਰੋਜ਼ ਰਾਤ ਨੂੰ ਦਾੜ੍ਹੀ ਅਤੇ ਮੁੱਛਾਂ ’ਤੇ ਇਸ ਲਈ ਪੱਟੀਆਂ ਬੰਨ੍ਹ ਕੇ ਸੌਂਦਾ ਸੀ ਤਾਂ ਕਿ ਉਹਨਾਂ ਦੀ ਦਿੱਖ ਦਰਸ਼ਨੀ ਰਹੇ। ਅਲਮਾਰੀ ਵਿਚ ਪਏ ਅੰਡਰਵੀਅਰ ਦੋਸਤਾਂ ਦੇ ਦੱਸਦਾ ਸੀ ਅਤੇ ਮਮਟੀ ’ਚ ਬੈਠ ਕੇ ਚੋਰੀ ਧੌਲੇ ਕਤਰਦਾ ਸੀ। ਇਸ ਲਈ, ਨਾ ਚਾਹੁਣ ’ਤੇ ਵੀ ਰਮੀ ਨੂੰ ਲਗਦਾ, ਉਸਦੇ ਅਤੇ ਪਤੀ ਵਿਚਾਲੇ ਕੋਈ ਖਾਈ ਸੀ, ਜੋ ਕੋਸ਼ਿਸ਼ ਤੇ ਵੀ ਉਸਤੋਂ ਪਾਰ ਨਾ ਹੁੰਦੀ। ਕਦੇ ਖਾਈ ਪਾਰ ਕਰਨ ਲਈ ਠਿੱਲ੍ਹਦੀ ਵੀ ਤਾਂ ਪਾਰ ਜੌਹਨ ਖਲੋਤਾ ਦਿਸਦਾ। ਉਸਦਾ ਜਮਾਤੀ। ਈਸਾਈ। ਰਮੀ ਨਾਲ ਦੂਰ ਤੱਕ ਜਾ ਚੁੱਕਾ।...

ਗੁਰੀਏ ਦੇ ਸਾਹਾਂ ’ਚ ਤ੍ਰਿਖਾ ਸੀ। ਸੰਧੂਰੀ ਰੰਗ। ਤਿੱਖੇ ਨਕਸ਼। ਕਿਸੇ ਵੀ ਰਿਸ਼ੀ ਦਾ ਸਤ ਭੰਗ ਕਰਨ ਦੇ ਸਮਰੱਥ।

ਰਮੀ ਦੇ ਚੇਤਿਆਂ ਵਿਚ ਜੌਹਨ ਸੀ। ਸਾਂਵਲਾ ਰੰਗ। ਇਸਪਾਤੀ ਜੁੱਸਾ। ਰੁਮਾਂਟਿਕਤਾ ਦੀ ਸਿਖ਼ਰ। ਰਮੀ ਨੂੰ ਰੂਹ ਵਿਚ ਜਜ਼ਬ ਕਰ ਲੈਣ ਦੇ ਸਮਰੱਥ।

ਦੋਵੇਂ ਡਰਦੇ। ਕਿਤੇ ਜਵਾਰ੍ਹਭਾਟੇ ਦਿੱਸ ਨਾ ਜਾਣ। ਕਿਧਰੇ ਰੂਹ ਤੋਂ ਪਰਦਾ ਚੁਕਿਆ ਨਾ ਜਾਵੇ। ਇਸ ਲਈ ਫੂਕ-ਫੂਕ ਕਦਮ ਧਰਦੇ। ਬਨਾਉਟੀ ਜਿਹਾ ਹਾਸਾ ਹੱਸਦੇ। ਮਸਨੂਈ ਜਿਹੀ ਮੁਹੱਬਤ ਕਰਦੇ ਅਤੇ ਖੁਸ਼ ਦਿੱਸਣ ਲਈ ਟਿੱਲ ਲਾਉਂਦੇ।

ਜਿਵੇਂ ਹੀ ਬਿਸਤਰ ’ਤੇ ਬੱਤੀ ਬੁੱਝਦੀ। ਹਨੇਰੇ ਦੀ ਪਰਤ ਫ਼ੈਲਦੀ। ਦੋਹਾਂ ਦੇ ਚਹੇਤੇ; ਦੋਹਾਂ ਵਿਚ ਪ੍ਰਵੇਸ਼ ਕਰ ਜਾਂਦੇ। ਰਮੀ ਅਤੇ ਜੌਹਨ। ਤ੍ਰਿਖਾ ਅਤੇ ਗੁਰੀਆ ਅੱਗ ਦੀ ਪੌੜੀ ਚੜ੍ਹਨ ਲੱਗਦੇ। ਜਿਵੇਂ ਹੀ ਸਿਖ਼ਰ ’ਤੇ ਪੁੱਜਦੇ...ਆਪਣੀ ਹੀ ਅਗਨ ਵਿਚ ਭਸਮ ਹੋ...ਨੀਂਦ ਦੇ ਅੰਧਕਾਰ ਵਿਚ ਜਾ ਡਿੱਗਦੇ। ਸਵੇਰ ਹੁੰਦੀ। ਨਵੇਂ ਸਿਰੇ ਤੋਂ ਵਜੂਦ ਧਾਰਦੇ। ਗੁਰੀਆ ਅਤੇ ਰਮੀ। ਸੂਰਜ ਦੀ ਰੌਸ਼ਨੀ ਵਿਚ ਫਿਰ ਨੱਠ ਤੁਰਦੇ। ਰੋਜ਼ਮਰਾ ਵਾਂਗ।

ਸਭ ਕੁਝ ਠੀਕ-ਠਾਕ ਸੀ। ਰਮੀ ਨਿਤਨੇਮੀ ਸੀ। ਗੁਰੀਆ ਸਿੱਖੀ ਸਰੂਪ। ਦੰਪਤੀ ਜੀਵਨ। ਦੋਵੇਂ ਖੁਸ਼। ਦੋਵੇਂ ਮਸਤ ਚਾਲ।

ਅਚਾਨਕ ਕੁਝ ਗਲਤ ਵਾਪਰ ਗਿਆ।...

ਇਕ ਰਾਤ ਆਵੇਸ਼ ਵਿਚ ਰਮੀ ਦੇ ਮੂੰਹੋਂ ਜੌਹਨ ਦਾ ਨਾਂ ਨਿਕਲ ਗਿਆ।...

ਗੁਰੀਏ ਅੰਦਰੋਂ ਕੜੱਕ ਕਰਕੇ ਕੁਝ ਟੁੱਟਿਆ। ਉਹ ਬਿਖ਼ਰ ਗਿਆ। ਇਹ ਜੌਹਨ ਕੌਣ ਸੀ ? ਪਰ ਉਹ ਸੰਭਲ ਗਿਆ। ਨਿੱਕੀ ਜਿਹੀ ਕਾਹਲੀ ਨਾਲ ਘਰ ਟੁੱਟ ਸਕਦਾ ਸੀ। ਹਾਲੇ ਸਬਰ ਬਾਰੇ ਸੋਚ ਹੀ ਰਿਹਾ ਸੀ ਜਾਂ ਇਕ ਹੋਰ ਸੱਟ ਵੱਜੀ।

ਅਲਮਾਰੀ ਵਿਚੋਂ ਦਵਾਈਆਂ ਦੀ ਇਕ ਲੰਮੀ ਲਿਸਟ ਵਾਲੀ ਪਰਚੀ ਮਿਲੀ। ਰਮੀ



ਤੰਦਰੁਸਤ। ਮੈਂ ਰਾਜ਼ੀ ਬਾਜ਼ੀ। ਫਿਰ ਦਵਾਈਆਂ ਕਿਸ ਲਈ ? ਰਮੀ ਘਰ ਨਹੀਂ ਸੀ। ਦਵਾਈ-ਫਰੋਸ਼ ਤੋਂ ਪੁੱਛਿਆ। ਜਿਵੇਂ ਹੀ ਪਤਾ ਲੱਗਾ, ਗੁਰੀਏ ਹੇਠੋਂ ਜ਼ਮੀਨ ਖਿਸਕ ਗਈ। ਕਿਸੇ ਨਾ-ਮੁਰਾਦ ਅਤੇ ਲਾ-ਇਲਾਜ ਬਿਮਾਰੀ ਦੀ ਦਵਾਈਆਂ ਵਾਲੀ ਲਿਸਟ ਸੀ। ਗੁਰੀਆ ਸਣ-ਕੱਪੜੀ ਮੱਚ ਉੱਠਿਆ। ਗੁਰੀਏ ਨੂੰ ਲੱਗਾ ਉਹ ਤਬਾਹ ਹੋ ਚੁੱਕਾ ਸੀ। ਉਸ ਗ਼ੈਰ-ਸਿੱਖ ਹੋਣਾ ਬਰਦਾਸ਼ਤ ਕਰ ਲਿਆ। ਜੌਹਨ ਦਾ ਨਾਂ ਸੁਣ ਲਿਆ, ਤੇ ਹੁਣ ਇਹ ਲਾ-ਇਲਾਜ ਬਿਮਾਰੀ। ਉਹਦਾ ਰੋਣ ਨੂੰ ਜੀ ਕੀਤਾ। ਕਾਸ਼ ਇਸ ਵੇਲੇ ਤ੍ਰਿਖਾ ਦਾ ਮੋਢਾ ਹੁੰਦਾ। ਸਾਹਾਂ ਵਿਚ ਜ਼ਹਿਰ ਅਤੇ ਪੈਰਾਂ ਵਿਚ ਅੱਗ ਲਈ ਉਹ ਘਰ ਮੁੜਿਆ।

ਰਮੀ ਦਸਤਰਖ਼ਾਨ ਦੀ ਤਿਆਰੀ ਵਿਚ ਸੀ।

ਆਉਂਦੇ ਹੀ ਗੁਰੀਆ ਚੀਕਿਆ।

“ਇਹ ਕੀ ਐ ?” ਉਸ ਪਰਚੀ ਲਹਿਰਾਈ।

ਰਮੀ ਇਕ ਪਲ ਸਹਿਮੀ। ਫਿਰ ਸਹਿਜ ਹੋਈ।

“ਹੱਛਾ ਇਹ ? ਐਵੇਂ ਸਕਿੱਨ ਦੀ ਪ੍ਰਾਬਲਮ ਹੈ ਥੋੜ੍ਹੀ।”

“ਤੂੰ ਪਹਿਲਾਂ ਨਹੀਂ ਦੱਸਿਆ। ਇਹ ਥੋੜ੍ਹੀ ਐ ? ਲਾ-ਇਲਾਜ ਹੈ ਇਹ।”

“ਕਦੇ ਗੱਲ ਹੀ ਨਹੀਂ ਹੋਈ, ਦੱਸਦੀ ਕੀ ?”

“ਗੱਲ ਮੈਂ ਕਰਦਾ ? ਇਹ ਉਸ ਸਟੇਜ ਦੀ ਦਵਾਈ ਐ ਜਿਥੇਂ ਰਾਤੋ ਰਾਤ, ਘੰਟਿਆਂ, ਦਿਨਾਂ ਵਿਚ ਫੈਲੇਗੀ ਫੁਲਬਹਿਰੀ ਪੂਰੇ ਜਿਸਮ ਤੇ। ਬਿਮਾਰੀ ਨਹੀਂ ਕੌੜ੍ਹ, ਐ ਇਹ।”

“ਹੱਦ ਕਰਦੇ ਉਂ ? ਮੈਂ ਲੈ ਰਹੀ ਆਂ ਨਾ ਦਵਾਈ।”

“ਬਕਵਾਸ ! ਲਾ-ਇਲਾਜ ਹੈ ਇਹ। ਮੈਂ ਲਿਖ ਕੇ ਦਿਨਾਂ।”

“ਕੋਈ ਲਾ-ਇਲਾਜ ਨਹੀਂ। ਸਵੇਰੇ ਡਾਕਟਰਾਂ ਨੂੰ ਪੁੱਛ ਲਿਉ।”

“ਕਿਹੜੇ ਡਾਕਟਰ। ਮੂਰਖ ਆਂ ਮੈਂ ? ਸਭ ਤੋਂ ਪੁੱਛ ਲਿਆ ਮੈਂ। ਇਹ ਤਾਂ ਏਡਜ਼ ਤੋਂ ਵੀ ਭੈੜੀ ਐ ਸਾਲੀ।”

“ਦੇਖੋ ! ਐਵੇਂ ਬਾਤ ਦਾ ਬਤੰਗੜ ਨਾ ਬਣਾਉ।”

“ਮੈਂ ਬਣਾਇਆ ? ਮੇਰੀ ਤਾਂ ਕਿਸਮਤ ਸੜ ਗਈ ਸਾਲੀ। ਇਕੋ ਬਿਸਤਰ। ਇਕੋ ਬਾਥ। ਹੇ ਰੱਬ ਸੱਚਿਆ ਮੈਂ ਤਾਂ ਬਰਬਾਦ ਹੋ ਗਿਆ ਓਏ...।”

ਗੁਰੀਆ ਉੱਚੀ-ਉੱਚੀ ਰੋਣ ਲੱਗਾ।

ਰਮੀ ਕੁਝ ਤਲਖ ਹੋਈ।

“ਬੰਦ ਕਰੋ ਜੀ ਇਹ ਰੋਣਾ। ਨਿੱਕੀ ਜਿਹੀ ਗੱਲ ਦਾ ਬੱਵਾਲ ਖੜ੍ਹਾ ਕਰ ਲਿਆ।”

“ਤੇਰੇ ਲਈ ਹੋਊਗੀ ਨਿੱਕੀ। ਮੇਰੇ ਲਈ ਨਹੀਂ। ਅੱਜ ਤੈਨੂੰ। ਕੱਲ੍ਹ ਮੈਨੂੰ। ਪਰਸੋਂ ਬੱਚਿਆਂ ਨੂੰ। ਮੈਂ ਤਾਂ ਲੁੱਟਿਆ ਗਿਆ ਓਏ...।”

ਗੁਰੀਆ ਸਿਰ ਹੱਥਾਂ ’ਚ ਲਈ ਬੈਠ ਕੇ ਰੋਣ ਲੱਗਾ। ਫਿਰ ਇਕਾ-ਇਕ ਉੱਠਿਆ ਅਤੇ ਗੁਰੂ ਦੀ ਤਸਵੀਰ ਮੂਹਰੇ ਜਾ ਹੱਥ ਜੋੜੇ।

“ਤੈਂ ਕਿਹੜੇ ਪਾਪਾਂ ਦੇ ਬਦਲੇ ਲਏ ਮੈਤੋਂ ਦਾਤਿਆ।”

ਰਮੀ ਨੂੰ ਲੱਗਾ, ਕੈਸਾ ਆਦਮੀ ਸੀ। ਨਿੱਕੀ-ਨਿੱਕੀ ਗੱਲ ਉਛਾਲਣ ਬੈਠ ਜਾਂਦੈ। ਗੁਰੀਏ ਨੂੰ ਚੇਹ ਚੜ੍ਹੀ। ਕੈਸੀ ਔਰਤ ਸੀ ? ਹਰ ਗੱਲ ’ਚ ਧੋਖਾ।

“ਚਲ ਦਿਖਾ ਕਿੱਥੇ-ਕਿੱਥੇ ਐ ਤੇਰੇ ਕੋੜ੍ਹ।”

ਰਮੀ ਲਈ ਬਰਦਾਸ਼ਤ ਕਰਨਾ ਮੁਸ਼ਕਿਲ ਹੋ ਗਿਆ।

"ਐਸੀ ਗੱਲ ਐ ਤਾਂ ਵਿਆਹ ਤੋਂ ਪਹਿਲਾਂ ਦੇਖਦੇ। ਅੱਜ ਸਾਲ ਬਾਦ ਚੇਤੇ ਆ ਗਿਆ। ਰੱਬ ਨਾ ਕਰੇ ਕੱਲ੍ਹ ਨੂੰ ਤੁਹਾਡੇ ਪਿੰਡੇ 'ਤੇ ਕੋਈ ਦਾਗ ਪੈ ਜਾਏ, ਤਾਂ ਮੈਂ ਵੀ ਇੰਜ ਕਰਾਂ ?"

"ਬੇਸ਼ਕ !"

"ਜੇ ਮੈਂ ਕਹਾਂ ਇੱਥੇ ਆਉਣ ਤੋਂ ਬਾਦ ਹੋਈ ਫਿਰ ?"

"ਸਵਾਲ ਹੀ ਪੈਦਾ ਨਹੀਂ ਹੁੰਦਾ। ਇਹ ਹੁਣ ਦੀ ਫੁਲਬਹਿਰੀ ਦੀਆਂ ਪਰਚੀਐਂ। ਕੀਹਨੂੰ ਮੂਰਖ ਬਣਾਏਗੀ ਤੂੰ।"

"ਉੱਠੋ ਐਵੇਂ ਗੱਲ ਨਾ ਵਧਾਓ। ਮੇਰੇ 'ਚ ਕੋਈ ਨੁਕਸ ਏ ਤਾਂ ਦੱਸੋ। ਘਰ ਨਹੀਂ ਸੰਭਾਲਦੀ ? ਕੰਮ ਨਹੀਂ ਕਰਦੀ, ਜਾਂ ਪਿਆਰ ਨਹੀਂ ਕਰਦੀ ?"

"ਪਿਆਰ ਤੇ ਤੂੰ ? ਜਿਹੜੀ ਸੁੱਤੀ ਪਈ ਪਤਾ ਨਹੀਂ ਕਿਸ ਕੁੱਤੇ ਦਾ ਨਾਂ ਲੈ ਲੈ ਬੁੜਬੁੜਾਉਂਦੀ ਐਂ। ਮੈਂ ਤਾਂ ਹੈਰਾਨ ਹਾਂ ਅੰਨ੍ਹਾਂ ਕਿਵੇਂ ਹੋ ਗਿਆ ਮੈਂ। ਸਾਲ ਤੋਂ ਮੈਂ ਤੇਰਾ ਧੋਖਾ ਹੀ ਨਾ ਦੇਖ ਸਕਿਆ। ਹੁਣ ਤਾਂ ਘਿਨ ਆ ਰਹੀ ਐ ਮੈਨੂੰ ਤੇਰੇ ਤੋਂ।"

"ਦੇਖੋ ! ਬਹੁਤ ਮਾਮੂਲੀ ਗੱਲ ਐ ਇਹ। ਔਰ ਦਵਾਈ ਲੈ ਰਹੀ ਹਾਂ ਮੈਂ ਕਦੇ ਮੌਕਾ ਨਹੀਂ ਲਗਿਆ, ਤਾਂ ਨਹੀਂ ਗੱਲ ਹੋਈ। ਸਵੇਰੇ ਜਿਹੜੇ ਮਰਜ਼ੀ ਡਾਕਟਰ ਨੂੰ ਦਿਖਾਓ ਤੁਸੀਂ।"

"ਕੀ ਕੀ ਦਖਾਵਾਂ ਤੇਰਾ... । ਬਿਮਾਰੀ ਕੀ ਬੇਈਮਾਨੀ...ਪਤਾ ਨਹੀਂ ਕਿੱਥੇ ਕਿੱਥੇ ਕੀ-ਕੀ ਲਈ ਫਿਰਦੀ ਐਂ ਤੂੰ।" ਗੁਰੀਆ ਲਾਚੜ ਗਿਆ।

"ਕੀ ਕੀ ਲਈ ਫਿਰਦੀ ਆਂ ਮੈਂ ? ਚਲੋ ਦੇਖੋ, ਕੀ ਦੇਖਣੈ ਤੁਸੀਂ।"

ਰਮੀ ਗੁੱਸੇ 'ਚ ਕੱਪੜੇ ਲਾਹੁਣ ਨੂੰ ਹੋਈ।

"ਰੁੱਕ !" ਗੁਰੀਆ ਇਤਨੀ ਉੱਚੀ ਚੀਕਿਆ। ਰਮੀ ਡਰੀ।

"ਮੈਂ ਨਹੀਂ ਹੁਣ ਦੁਨੀਆਂ ਦੇਖੂ ਤੈਨੂੰ। ਬੱਚਾ-ਬੱਚਾ। ਦੇਖੀਂ ਹੁਣ ਕੀ ਬਣਦੈ ਤੇਰਾ।" ਇਹ ਬੋਲ ਗੁਰੀਏ ਇਤਨੀ ਉੱਚੀ ਕਹੇ। ਪਹਿਲਾਂ ਕਮਰੇ; ਫਿਰ ਬਾਹਰ, ਫਿਰ ਆਲੇ-ਦੁਆਲੇ ਤੇ ਆਖ਼ਰ ਸ਼ਹਿਰ ਦੇ ਉੱਤੋਂ ਦੀ ਤੈਰਦੇ ਹੋਏ ਤਲਾਕ ਦੇ ਕਾਗਜ਼ਾਂ ਵਿਚ ਜਾ ਬੈਠੇ।

ਬੋਲ ਇਤਨੇਂ ਦੂਰ ਨਾ ਉੱਡਦੇ ਜੇ ਦੋਹਾਂ ਦੇ ਸਾਹਾਂ ਵਿਚ ਤ੍ਰਿਖਾ ਅਤੇ ਜੌਹਨ ਨਾ ਹੁੰਦੇ। ਹਾਲਾਂ ਕਿ ਦੋਵੇਂ ਦਿੱਸਦੇ ਨਹੀਂ ਸਨ। ਪਰ ਤਲਾਕ ਦੇ ਕਾਗ਼ਜ਼ਾਂ ਵਿਚ ਦੋਹਾਂ ਦੀ ਮੂਕ ਦਹਾੜ ਸੀ। ਬਾਤ ਦਾ ਬਤੰਗੜ ਸ਼ਹਿਰੀ ਕਮੇਟੀ ਨੇ ਵੀ ਸੁਣਿਆ। ਉਹਨਾਂ ਗੁਰੀਏ ਨੂੰ ਕਿਹਾ।

"ਧਰਮ ਨੂੰ ਲਾਜ ਨਾ ਲਾ ਸ਼ੇਰਾ ! ਵਾਹਿਗੁਰੂ ਤੇ ਭਰੋਸਾ ਰੱਖ।"

ਗੁਰੀਏ ਤ੍ਰਿਖਾ ਨੂੰ ਪੁੱਛਿਆ। ਉਸ ਕਿਹਾ। "ਜ਼ਿੰਦਗੀ ਵਾਹਿਗੁਰੂ ਨਾਲ ਕੱਟੇਂਗਾ ਕੀ ਤੀਵੀਂ ਨਾਲ ! ਕਰਹਿਤ ਨਹੀਂ ਆਊ ? ਕੀਹਨੂੰ ਛੋਹ ਰਿਹੈਂ। ਕੀਹਦੇ ਹੱਥਾਂ ਦਾ ਖਾ ਰਿਹੈਂ। ਹਰ ਰੋਜ਼ ਪਿੰਡੇ ਤੇ ਫੈਲਦਾ ਕੱਲਰ। ਕਰੇਂਗਾ ਬਰਦਾਸ਼ਤ ?

ਦੁਖੀ ਹੋਈ ਰਮੀ ਪਰਤ ਗਈ। ਦਿੱਲੀ ਕਮੇਟੀ ਬੁਰਾ ਮਨਾਇਆ ਤੇ ਕਿਹਾ।

"ਡਰ ਨਾ, ਭੱਜਣ ਦੇ ਕਿੱਥੋਂ ਤੱਕ ਭੱਜਦੈ।"

ਉਨ੍ਹਾਂ ਮੁਕੱਦਮਾ ਦੂਜੀ ਤੀਜੀ ਪੇਸ਼ੀ, ਦਿੱਲੀ ਤਬਦੀਲ ਕਰਵਾ ਲਿਆ।

ਮਸਲਾ ਅਖ਼ਬਾਰਾਂ ਵਿਚ ਉੱਛਲਿਆ ਤਾਂ ਗੁਰੀਏ ਨਾਲ ਤ੍ਰਿਖਾ ਆ ਖੜ੍ਹੀ।

ਅਸਲ ਵਿਚ ਤ੍ਰਿਖਾ ਸੰਤਾਂ ਦੇ ਸੇਵਕ ਨਾਲ ਵਿਆਹੀ ਤਾਂ ਗਈ ਸੀ। ਬਾਦ 'ਚ ਪਤਾ ਲੱਗਾ, ਉਸਦਾ ਪਤੀ ਸਿਰਫ਼ ਨਾਂ ਦਾ ਹੀ ਕਾਰੋਬਾਰੀ ਸੀ। ਪੈਸਾ 'ਤੇ ਮਲਕੀਅਤ ਸੰਤਾਂ ਦੀ ਸੀ। ਲੱਤ ਮਾਰ ਕੇ ਆ ਗਈ।

ਗੁਰੀਏ ਨੂੰ ਮਿਲੀ ਤਾਂ ਉਸ ਕਿਹਾ।



"ਗੁਰੂ ਦੀ ਸਿੱਖ ਹਾਂ। ਵਿਕਾਊ ਨਹੀਂ। ਤੂੰ ਜ਼ਰਾ ਖੁੱਲ੍ਹੇ ਦਿਲ ਨਾਲ ਸੋਚ ਕੇ ਦੇਖ। ਇਧਰ ਤੇਰਾ ਤੋੜ-ਵਿਛੋੜਾ। ਓਧਰ ਮੇਰਾ। ਤੈਨੂੰ ਨਹੀਂ ਲਗਦਾ ਕੁਦਰਤ ਸਾਡੇ ਦੁਬਾਰਾ ਮੇਲ ਬਾਰੇ ਸੋਚ ਰਹੀ ਹੈ।"

ਗੁਰੀਏ ਸੁਖ਼ ਦਾ ਸਾਹ ਲਿਆ। ਕਾਸ਼ ਇਹ ਸੰਭਵ ਹੋ ਸਕੇ।

"ਸ਼ੁਕਰ ਐ ਤੂੰ ਆ ਗਈ। ਸਭ ਵਾਹਿਗੁਰੂ ਦੀ ਖੇਡ ਐ। ਮੈਂ ਤਾਂ ਖ਼ਾਹਮਖ਼ਾਹ ਫਸ ਗਿਆ ਸੀ।"

"ਦੇਖੀ ਹੈ ਮੈਂ ਤੇਰੀ ਦੰਗਾ ਪੀੜਤ।" ਤ੍ਰਿਖਾ ਟਾਂਚ ਕੀਤੀ।

ਗੁਰੀਏ ਫੁਲਬਹਿਰੀ ਬਾਰੇ ਦਸਿਆ ਤਾਂ ਉਸ ਕਿਹਾ।

"ਲੱਤ ਮਾਰ ਧੋਖੇਬਾਜ਼ ਦੇ।..."

"ਐਨਾਂ ਸੌਖਾ ਨਹੀਂ। ਕੋਰਟ। ਦਿਲੀ ਕਮੇਟੀ। ਕਈ ਕੁਝ ਹੈ ਵਿਚਾਲੇ।"

"ਤੂੰ ਸਾਲ ਕਿਵੇਂ ਕੱਟ ਲਿਆ ?"

ਗੁਰੀਆ ਸੋਚਾਂ ਵਿਚ ਉੱਤਰ ਗਿਆ।

"ਮੈਂ ਪੁੱਛਿਐ, ਫੁਲਬਹਿਰੀ ਦਾ ਪਤਾ ਕਿਉਂ ਨਾ ਲੱਗਿਆ ?"

"ਦਰਅਸਲ...।"

"ਹਾਂ ਹਾਂ ਕੀ ਦਰਅਸਲ ?"

"ਦਰਅਸਲ ਮੈਂ ਉਸ ਨਾਲ ਕਦੇ ਭਿੱਜਿਆ ਹੀ ਨਹੀਂ। ਸੱਚੀ ਗੱਲ ਤਾਂ ਇਹ ਹੈ; ਮੈਂ ਤੈਨੂੰ ਭੁੱਲ ਹੀ ਨਹੀਂ ਸਕਿਆ। ਜਿਸਮ ਉਸਦਾ... ਤਸੱਵੁਰ ਤੇਰਾ। ਕਦੇ ਜੀ ਭਰ ਕੇ ਉਸਨੂੰ ਦੇਖਿਆ ਹੀ ਨਹੀਂ।

"ਕੀ ਕਿਹਾ ? ਰੋਟੀ ਦੀ ਥਾਂ ਤਸੱਵੁਰ ਨਾਲ ਢਿੱਡ ਭਰਿਆ ?"

"ਨਹੀਂ, ਮੂੰਗਫਲੀ ਚੱਬਦੇ ਬਦਾਮ ਦਾ ਤਸੱਵੁਰ ਕੀਤਾ।"

"ਲਾਨ੍ਹਤ ਐ ਤੇਰੇ 'ਤੇ। ਗੁਰੂ ਸਾਹਿਬ ਤਾਂ ਕਹਿੰਦੇ ਕਿਸੇ ਪਰਾਈ ਦਾ ਸੁਪਨਾਂ ਵੀ ਮਾੜਾ। ਤੂੰ ਉਸ 'ਚੋਂ ਮੇਰੇ ਨਾਲ ਈ ਫਲਰਟ ਕਰੀ ਗਿਆ। ਦੇਖ ਗੁਰੂ ਦੇ ਸਿੱਖ ਨੂੰ ਇਹ ਸੋਭਾ ਨਹੀਂ ਦਿੰਦਾ। ਨਹੀਂ ਪਸੰਦ ਤਾਂ ਦਫ਼ਾ ਕਰ।"

ਅਸਲ ਵਿਚ ਜਦੋਂ ਤੋਂ ਤ੍ਰਿਖਾ ਪਤੀ ਨੂੰ ਲੱਤ ਮਾਰ ਕੇ ਆਈ। ਭਵਿੱਖ ਨੂੰ ਲੈ ਕੇ ਬਹੁਤ ਚਿੰਤਤ ਸੀ। ਸੋਚਦੀ, ਕੀ ਬਣੇਗਾ। ਪਰ ਜਿਵੇਂ ਹੀ ਉਸਨੇ ਗੁਰੀਏ ਬਾਰੇ ਸੁਣਿਆ। ਉਸ ਗੁਰੀਏ ਨੂੰ ਸ਼ਹਿ ਦਿੱਤੀ ਅਤੇ ਰਮੀ ਨੂੰ ਖਦੇੜਨ ਲਈ ਟਿੱਲ ਲਾਇਆ।

ਗੁਰੀਆ ਵੀ ਸ਼ਾਇਦ ਇਤਨੀਂ ਹਿੰਮਤ ਨਾ ਕਰਦਾ ਜੇਕਰ ਤ੍ਰਿਖਾ ਉਸਨੂੰ ਰਮੀ ਦਾ ਬਦਲ ਨਾ ਦਿਸਦੀ। ਇਸ ਲਈ ਗੁਰੀਏ ਫੁਲਬਹਿਰੀ ਦਾ ਇਤਨਾਂ ਵੱਡਾ ਮਸਲਾ ਬਣਾ ਲਿਆ। ਰਮੀਂ ਉਸ ਲਈ ਅਛੂਤ ਬਣ ਗਈ। ਇਤਨੀ ਅਛੂਤ ਨਾ ਹੁਣ ਇਹ ਫੁਲਬਹਿਰੀ ਦਾ ਮਸਲਾ ਰਿਹਾ ਸੀ, ਨਾ ਰਮੀ ਦੇ ਗ਼ੈਰ-ਸਿੱਖ ਹੋਣ ਦਾ। ਦੂਜੀ ਤੀਜੀ ਪੇਸ਼ੀ ਜਦੋਂ ਵਕੀਲ ਦੀਆਂ ਦਲੀਲਾਂ ਤੋਂ ਤਲਾਕ ਦਾ ਕੋਈ ਅਧਾਰ ਨਾ ਬਣਿਆ ਅਤੇ ਮੁੱਦੇ ਦੀਆਂ ਧੱਜੀਆਂ ਉੱਡ ਗਈਆਂ ਤਾਂ ਗੁਰੀਏ ਇਸਨੂੰ ਰਮੀ ਤੋਂ ਪਿੱਛਾ ਛੁਡਾਉਣ ਅਤੇ ਤ੍ਰਿਖਾ ਨੂੰ ਪ੍ਰਾਪਤ ਕਰਨ ਦਾ ਵਕਾਰ ਬਣਾ ਲਿਆ।

ਗੁਰੀਏ ਚੱਢੇ ਦੇ ਪੈਰ ਜਾ ਫੜੇ। ਚੱਢੇ ਚੁਟਕੀ ਵਜਾਈ।

"ਕੇਸ ਚੁਟਕੀ 'ਚ। ਮਿਗਲਾਨੀ ਹੈ ਨਾ ਆਪਣਾ। ਇਕ ਹੱਥ ਪੈਸਾ। ਦੂਜੇ ਹੱਥ ਜਿੱਤ। ਪਹਿਲੀ ਗੱਲ ਜੱਜ ਨੂੰ ਗੰਢੂ। ਕੇਸ ਨੂੰ ਸ਼ੇਪ ਦਿਊ ਆਪਣੀ ਮਰਜ਼ੀ ਦੀ। ਹਵਾ 'ਚੋਂ ਮੱਛੀਆਂ ਨਾ ਫੜੇ ਤਾਂ ਕਹੀਂ। ਤਲਾਕ-ਤਲੂਕ ਕਿਆ ਚੀਜ਼ ਐ, ਉਹ ਤਾਂ ਕਤਲ ਨਹੀਂ ਥਾਣੇ ਵੜਨ ਦਿੰਦਾ। ਪਰ ਐਰੇ-ਗੈਰੇ

ਨੂੰ ਦੇਹਲੀ ਨੀ ਚੜ੍ਹਨ ਦਿੰਦਾ। ਆਪਣਾ ਐ ਯਾਰ। ਲੰਗੋਟੀਆ। ਤੇਰੇ ਨਾਲ ਬਣਾਊ ਸਟਿੱਟ। ਉਸ ਰਾਤ ਦਾ ਖਰਚਾ ਵੱਖਰਾ। ਬਾਕੀ ਮੇਰੇ 'ਤੇ ਛੱਡ। ਜੇ ਕਹਿੰਨੈ ਤਾਂ ਪਾਵਾਂ ਟਾਪ ਗੇਅਰ।

ਗੁਰੀਏ ਲਈ ਹੋਰ ਕੋਈ ਚਾਰਾ ਹੀ ਨਹੀਂ ਸੀ। ਗੁਰੀਏ ਨੂੰ ਚੁੱਪ ਦੇਖ; ਚੱਢੇ ਪੱਕ ਕੀਤੀ।

"ਖੇਡ ਪੈਸੇ ਦੀ ਐ ਬ੍ਰਦਰ। ਪਿਛੋਂ ਮੋਕ ਮਾਰਨੀ ਐਂ ਤਾਂ ਹੁਣੇ ਦੱਸ।"

"ਤੁਸੀਂ ਘੀਸੀ ਕਰਾਓ ਦਿੱਲੀ ਦੀ, ਮੇਰੀ ਹਾਂ ਐ।"

ਚੱਢਾ ਦਿੱਲੀ ਦਾ ਰਗ-ਰਗ ਵਾਕਿਫ਼ ਸੀ। ਮਿਗਲਾਨੀ ਦਾ ਪਿਤਾ ਚੱਢਾ ਟਰਾਂਸਪੋਰਟ ਦਾ ਪੱਕਾ ਵਕੀਲ ਸੀ। ਮਿਗਲਾਨੀ ਦੀ ਚੱਢੇ ਨਾਲ ਬੁੱਕਲ ਖੁੱਲ੍ਹੀ ਸੀ। ਚੱਢੇ ਨੇ ਪਹਿਲਾਂ ਵੀ ਕਈ ਕੇਸ ਮਿਗਲਾਨੀ ਰਾਹੀਂ ਚਿੱਤ ਕੀਤੇ ਸਨ। ਚੱਢੇ ਪੇਸ਼ੀ ਤੋਂ ਕੁਝ ਦਿਨ ਪਹਿਲਾਂ ਗੁਰੀਏ ਦੇ ਨਾਂ 'ਤੇ ਪਿਕਾਡਲੀ ਵਿਚ ਕਮਰਾ ਅਤੇ ਰੰਗੀਨ ਸ਼ਾਮ ਬੁੱਕ ਕਰਵਾਈ ਅਤੇ ਗੁਰੀਏ ਨੂੰ ਸਮੇਂ ਸਿਰ ਪੁੱਜਣ ਲਈ ਆਖ ਖ਼ੁਦ ਕਾਨਪੁਰੋਂ ਆਉਂਦੇ ਮਿਗਲਾਨੀ ਨੂੰ ਪਿਕਾਡਲੀ ਲੈ ਕੇ ਆਉਣ ਦੀ ਹਿੱਕ ਥਾਪੜੀ।

ਗੁਰੀਆ ਚੱਕਵੇਂ ਪੈਰੀਂ ਸੀ। ਉਹਨੂੰ ਕਈ ਹੋਰਾਂ ਵੀ ਕਿਹਾ ਸੀ। ਮਿਗਲਾਨੀ ਹੱਥ ਹੇਠ ਤੇ ਜਿੱਤ ਜੇਬ ਵਿਚ। ਉੱਤੋਂ ਤ੍ਰਿਖਾ ਦਾ ਸਾਥ ਅਤੇ ਸੱਪਾਂ ਵਾਲਾ ਕੱਪੜਾ ਵਾਧੂ ਦਾ...।

ਗੁਰੀਆ ਜਿਹੜਾ ਪਹਿਲੀਆਂ ਤਰੀਕਾਂ ਬੱਸ ਅੱਡੇ ਨੇੜਲੇ ਰੈਣ ਬਸੇਰਿਆਂ ਵਿਚ ਕੱਟ ਕੇ ਪਰਤ ਗਿਆ ਸੀ। ਇਸ ਵੇਰ ਚੱਢੇ ਦੀ ਹਿਦਾਇਤ ਮੁਤਾਬਿਕ ਪਿਕਾਡਲੀ ਦੇ ਵਿਸ਼ਾਲ ਪੋਰਚ ਹੇਠ ਸੀ। ਥੋੜ੍ਹੀ ਦੇਰ ਪਹਿਲਾਂ ਉਹ ਬੱਸ ਵਿਚ ਅਤੇ ਹੁਣੇ-ਹੁਣੇ ਟੈਕਸੀ ਵਿਚ ਰਹਿਰਾਸ ਦਾ ਪਾਠ ਮੁਕਾਅ ਕੇ ਹਟਿਆ ਸੀ। ਚੱਢੇ ਕਿਹਾ ਸੀ।

"ਭੁੱਲ ਕੇ ਵੀ ਆਟੋ-ਸ਼ਾਟੋ 'ਚ ਨਾ ਜਾਈਂ। ਭਾਰਾ ਬੈਗ ਨਾ ਚੱਕੀਂ। ਪੇਪਰ- ਵੇਪਰ ਬਰੀਫ਼ਕੇਸ ਵਿਚ। ਟੈਕਸੀ 'ਚ ਜਾਣੈ। ਲੀੜੇ ਕੱਪੜੇ ਚੱਕਵੇਂ। ਦਰਬਾਨ ਸਲੂਟ ਮਾਰੇ ਤਾਂ ਸੌ ਦੀ ਟਿੱਪ। ਸਿੱਧਾ ਰਸੈਪਸ਼ਨ ਤੇ। ਨਾਂ ਦੱਸੀ। ਚਾਬੀ ਲਈਂ। ਕਮਰਾ 104-ਚੌਥੀ ਮੰਜ਼ਿਲ। ਬਹਿਰਾ ਲੈ ਕੇ ਜਾਊ ਆਪੇ। ਮੈਂ ਮਿਗਲਾਨੀ ਲੈ ਕੇ ਆਊਂ। ਆਉਂਦੇ ਨੂੰ ਮਾਹੌਲ ਬਣਾ ਕੇ ਰੱਖੀ। ਵਿਸਕੀ ਨਹੀਂ ਤਾਂ ਕੰਪਨੀ ਸ਼ੇਕ ਬੀਅਰ-ਵੀਅਰ ਲੈ ਲਈਂ। ਬਾਕੀ ਮੱਛੀ ਚਿਕਨ ਜੋ ਜੀ ਕਰੇ। ਨੋਟ ਰੱਖੀਂ ਛੋਟੇ। ਟਿਪ-ਟੂਪ ਲਈ। ਤੇ ਗੱਲ ਸੁਣ। ਇਕ ਖਾਸ ਆਈਟਮ ਆਊ ਮਿਗਲਾਨੀ ਲਈ। ਤੇਰੀ ਜੇਬ ਖ਼ਾਤਰ ਸਸਤੇ ਵਾਲੀ ਐ। ਬਾਕੀ ਗੱਲਾਂ ਮਿਲ ਕੇ।"

ਕਮਰੇ ਵਿਚ ਆ ਗੁਰੀਏ ਹੋਰੂੰ ਜਿਹਾ ਮਹਿਸੂਸ ਕੀਤਾ। ਅਫ਼ਸਰ ਹੋਣ ਤੇ ਵੀ ਉਹ ਐਸੀਆਂ ਥਾਵਾਂ ਤੋਂ ਮਹਿਰੂਮ ਹੀ ਰਿਹਾ ਸੀ। ਅਸਲ 'ਚ ਗੁਰੀਏ ਦਾ ਬਚਪਨ ਯਤੀਮੀ 'ਚ ਬੀਤ ਗਿਆ। ਕਈ ਸਾਲ ਗੁਰਦੁਆਰੇ ਦੀ ਡਾਲੀ ਢੋਂਦਿਆਂ ਲੰਘ ਗਏ। ਅਫ਼ਸਰ ਬਣਿਆ ਤਾਂ ਕਈ ਖੁੱਲ੍ਹਾਂ ਮਰਿਆਦਾ ਨਿਗਲ ਗਈ। ਜੋ ਬਚਿਆ, ਸਿਰ ਦੀ ਛੱਤ ਦੇ ਲੇਖੇ ਲੱਗ ਗਿਆ। ਅਨਾਥ ਅਤੇ ਮਰਿਆਦਾ ਦੀਆਂ ਬੰਦਿਸ਼ਾਂ ਵਿਚ ਬਹੁਤੀਆਂ ਇੱਛਾਵਾਂ ਅਧੂਰੀਆਂ ਹੀ ਰਹੀਆਂ।

ਕਮਰੇ 'ਚ ਆਉਂਦੇ ਹੀ ਲੱਗਾ; ਨਾ ਮੈਂ ਦੰਗਾ ਪੀੜਤ ਵਾਲੇ ਪੰਗੇ 'ਚ ਪੈਂਦਾ; ਨਾ ਤ੍ਰਿਖਾ ਕਿਤੇ ਹੋਰ ਵਿਆਹੀ ਜਾਂਦੀ। ਜਾਂ ਰਮੀ ਹੀ ਉਹਦੇ ਮਨੋਂ ਨਾ ਲਹਿੰਦੀ। ਜੇ ਲਹਿ ਹੀ ਗਈ ਸੀ ਤਾਂ ਤ੍ਰਿਖਾ ਹੀ ਵਾਪਿਸ ਨਾ ਆਉਂਦੀ ਜਾਂ ਫੁਲਬਹਿਰੀ ਹੀ ਨਾ ਦਿੱਸਦੀ।

ਫਿਰ ਲੱਗਾ, ਜੋ ਹੋ ਰਿਹਾ ਸੀ। ਕਿਸੇ ਰੱਬੀ ਰਜ਼ਾ ਅਧੀਨ ਹੋ ਰਿਹਾ ਸੀ।... ਬਹਿਰਾ ਬੜੇ ਅਦਬ ਨਾਲ ਆਖ ਰਿਹਾ ਸੀ।

"ਜ਼ਰੂਰਤ ਪੜੇ ਤੋ ਵੋਹ ਸਾਮਨੇ ਵਾਲੇ ਇੰਟਰਕਾਮ ਪੇ ਪਾਚ ਸੋ ਏਕ ਡਾਇਲ ਕੀਜੀਏਗਾ।"

ਗੁਰੀਏ ਕਮਰਾ ਨਿਹਾਰਿਆ। ਹਰ ਚੀਜ਼ ਸਾਫ਼ ਸੁਥਰੀ। ਲੁਭਾਉਣੀ। ਸੋਫ਼ੇ ਤੇ ਬੈਠਦੇ ਹੀ



ਸੋਚਿਆ। ਚੱਢਾ ਜਲਦੀ ਆ ਜਾਵੇ ਤਾਂ ਠੀਕ। ਰੈਣ ਬਸੇਰੇ ਅਤੇ ਇਸ ਕਮਰੇ ਦਾ ਜ਼ਿਮੀ ਅਸਮਾਨ ਦਾ ਫ਼ਰਕ ਸੀ। ਕੀ ਪਤਾ ਪਹਿਲੇ ਵਕੀਲ ਅਤੇ ਮਿਗਲਾਨੀ ਦਾ ਵੀ ਫਰਕ ਹੋਵੇ। ਫਿਰ ਆਪ ਹੀ ਫ਼ੈਸਲਾ ਕੀਤਾ; ਜ਼ਰੂਰ ਹੋਵੇਗਾ। ਪੋਰਚ ਤੋਂ ਲਾਬੀ ਅਤੇ ਲਾਬੀ ਤੋਂ ਇਸ ਕਮਰੇ ਤੱਕ ਉਹ ਨੋਟਾਂ ਦੀਆਂ ਪੌੜੀਆਂ ਚੜ੍ਹ ਕੇ ਹੀ ਤਾਂ ਪੁੱਜਾ ਸੀ।

ਸੋਫ਼ੇ ਸਾਮ੍ਹਣੇ ਮੇਜ਼ ਤੇ ਤਾਜ਼ੀ ਅਖਬਾਰ, ਕੁਝ ਰਸਾਲੇ ਅਤੇ ਐਸ਼ ਟਰੇਅ ਪਈ ਸੀ। ਐਸ਼ ਟਰੇਅ ਦੇਖ ਕੋਫ਼ਤ ਹੋਈ।

ਬੈੱਡ 'ਤੇ ਜਾ ਕੇ ਪੈ ਗਿਆ। ਜੀ ਨਾ ਲੱਗਾ ਤਾਂ ਕਮਰੇ ਵਿਚ ਟਹਿਲਦਾ ਬਾਰੀ ਲਾਗ ਜਾ ਖਲੋਤਾ। ਦੂਰ ਤੱਕ ਹਨੇਰੇ ਵਿਚ ਡੁੱਬਿਆ ਸ਼ਹਿਰ ਚਾਨਣ ਦੇ ਟਿਮਕਣਿਆਂ ਨਾਲ ਜਗ ਰਿਹਾ ਸੀ। ਇਕਾ-ਇਕ ਅਚਵੀ ਹੋਈ। ਕਾਸ਼ ਇਸ ਵੇਲੇ ਤ੍ਰਿਖਾ ਹੁੰਦੀ। ਅੰਦਰ ਕਿਤੇ ਖੋਹ ਪਈ। ਖਿਆਲ ਆਇਆ ਦਰਬਾਰ ਸਾਹਿਬ ਵਾਲਾ ਕੀਰਤਨ ਸ਼ਾਇਦ ਮੁੱਕ ਚੁੱਕਾ ਸੀ; ਨਹੀਂ ਟੀ.ਵੀ. ਦੇਖ ਲੈਂਦਾ। ਅਨਮੰਨੇ ਮਨ ਖ਼ਬਰਾਂ ਸੁਣਨ ਲੱਗਾ। ਦੇਰ ਬਾਦ ਫੋਨ ਦੀ ਘੰਟੀ ਵੱਜੀ।

"ਪਹੁੰਚ ਗਏ ਬ੍ਰਦਰ...।"

"ਪਹੁੰਚ ਗਿਆ।" ਗੁਰੀਏ ਸੁਖ਼ ਦਾ ਸਾਹ ਲਿਆ।

"ਤੂੰ ਮੂਡ ਬਣਾ, ਮੈਂ ਲੇਟ ਹਾਂ ਥੋੜ੍ਹਾ ਪਰ ਪਹੁੰਚ ਰਿਹਾਂ ਛੇਤੀ।"

ਸੋਚਣ ਲੱਗਾ, ਚੱਢੇ ਦਾ ਮੂਡ ਤੋਂ ਕੀ ਮਤਲਬ ਸੀ। ਜਦ ਕਿ ਉਹਨੂੰ ਪਤੈ ਮੈਂ ਸ਼ਰਾਬ ਨਹੀਂ ਪੀਂਦਾ। ਕੁਝ ਦੇਰ ਬਾਦ ਬਹਿਰਾ ਆਇਆ।

"ਕੁਛ ਲਾਊਂ ਸਾਹਬ ?"

"ਨਹੀਂ, ਅਬੀ ਨਹੀਂ।"

"ਜੀ ਸਾਹਬ !" ਬਹਿਰੇ ਨੀਵੀਂ ਪਾਈ।

ਗੁਰੀਏ ਨੂੰ ਲੱਗਾ, ਕੁਝ ਮੰਗਵਾ ਲੈਣਾ ਚਾਹੀਦਾ ਸੀ। ਨਾਂਹ ਕਰ ਦੇਣੀ ਗ਼ਲਤ ਹੋ ਗਈ। ਦਿਲ 'ਚ ਆਈ ਨਹਾ ਲਵੇ। ਮਿਗਲਾਨੀ ਨਾਲ ਗੱਲਬਾਤ ਨੂੰ ਸੌਖ ਰਹੇਗੀ।...

ਨਹਾ ਕੇ ਪਰਤਿਆ ਤਾਂ ਹੁਣ ਤੱਕ ਪੇਸ਼ ਕੀਤੇ ਤਲਾਕ ਦੇ ਪਹਿਲੂਆਂ ਬਾਰੇ ਸੋਚਣ ਲੱਗਾ। ਮਿਗਲਾਨੀ ਕੀ ਵੱਖਰਾ ਪੇਸ਼ ਕਰੇਗਾ ? ਕੀ ਪਤਾ ਉਹ ਝੂਠ ਬੋਲਣ ਲਈ ਕਹੇ। ਬੋਲਾਂ ਜਾਂ ਨਾ। ਮਨ 'ਚ ਕਸ਼ਮਕਸ਼ ਹੋਈ। ਫਿਰ ਮਨ ਬਣਾਇਆ; ਤ੍ਰਿਖਾ ਲਈ ਉਹ ਕੁਝ ਵੀ ਕਰੇਗਾ।

ਚੱਲਦਾ ਏ.ਸੀ। ਨਰਮ ਬਿਸਤਰ। ਧੀਮੀ ਰੌਸ਼ਨੀ। ਸਫਰ ਦੀ ਥਕਾਵਟ। ਪਤਾ ਹੀ ਨਾ ਲੱਗਾ ਕਦੋਂ ਅੱਖ ਲੱਗ ਗਈ।

ਤਿੱਖੀ ਡੋਰ ਬੈੱਲ ਵੱਜੀ। ਉਹ ਉੱਠ ਕੇ ਬੈਠ ਗਿਆ। ਕਾਹਲੀ ਨਾਲ ਨੀਂਦ 'ਚੋਂ ਬਾਹਰ ਆਇਆ। ਬਜ਼ੁਰਗ ਬਹਿਰੇ ਨਾਲ ਕੋਈ ਖ਼ੂਬਸੂਰਤ ਔਰਤ ਅੰਦਰ ਆਈ।

ਗੁਰੀਏ ਔਰਤ ਅਤੇ ਬਹਿਰੇ ਵੱਲ ਹੈਰਾਨੀ ਨਾਲ ਦੇਖਿਆ।

"ਮਾਲਤੀ, ਆਪ ਕੋ ਮਿਲਨੇ ਕੇ ਲੀਯੇ ਆਈ।" ਬਹਿਰੇ ਕਿਹਾ।

"ਮੈਨੂੰ ?" ਗੁਰੀਏ ਦਾ ਮੱਥਾ ਸੁੰਗੜਿਆ।

"ਵੋਹ ਉਕਾਰਾ ਸਾਹਬ ਹੈਂ ਨਾ ਉਨ੍ਹੋ ਨੇ ਬੋਲਾ ਤਬ ਆਈਂ।"

ਔਰਤ ਨਿੱਝਕ ਅੱਗੇ ਆਈ ਤੇ ਹੱਥ ਵਧਾਇਆ।

"ਮੈਂ ਮਾਲਤੀ...।" ਗੁਰੀਏ ਝਕਦੇ ਜਿਹੇ ਹੱਥ ਮਿਲਾਇਆ।

ਗੁਰੀਏ ਦੇ ਮਨ 'ਚ ਇਕ ਦਮ ਆਈ। ਚੱਢੇ ਨੇ ਸ਼ਾਇਦ ਇਸ ਆਈਟਮ ਬਾਰੇ ਹੀ ਕਿਹਾ ਸੀ। ਫਿਰ ਵੀ ਉਸ ਕਿਹਾ।

"ਮੁਝੇ ਕੁਛ ਦੇਰ ਪਹਿਲੇ ਉਨਕਾ ਫੋਨ ਆਇਆ। ਕੋਈ ਮਿਲਨੇ ਆਏਗਾ। ਐਸਾ ਬੋਲਾ ਨਹੀਂ।"

"ਉਨ੍ਹੀ ਨੇ ਬੋਲਾ ਤਬੀ ਆਈ।" ਬਹਿਰੇ ਕਿਹਾ।

"ਪਰ ਉਹ ਤਾਂ ਕਹਿ ਰਿਹਾ ਸੀ ਮੈਂ ਲੇਟ ਹਾਂ।"

"ਕੋਈ ਬਾਤ ਨਹੀਂ; ਮੈਂ ਤੋ ਆ ਗਈ ਨਾ ਟਾਈਮ ਪੇ।"

ਮਾਲਤੀ ਬੇ-ਪ੍ਰਵਾਹੀ ਨਾਲ ਕਿਹਾ ਅਤੇ ਵਾਲਾਂ ਨੂੰ ਪਿੱਛੇ ਝਟਕਦੇ ਇਤਮੀਨਾਨ ਨਾਲ ਸੋਫ਼ੇ 'ਤੇ ਬੈਠ ਗਈ।

"ਆਪ ਕੇ ਲੀਯੇ ਕੁੱਛ ਲਾਊਂ ?" ਬਹਿਰੇ ਮਾਲਤੀ ਨੂੰ ਪੁੱਛਿਆ।

ਮਾਲਤੀ ਆਪਣਾ ਨਿੱਕੇ ਬੈਗ ਜਿਹਾ ਪਰਸ ਪੈਰਾਂ ਨੇੜੇ ਰੱਖਿਆ ਅਤੇ ਇਕ ਨਜ਼ਰ ਗੁਰੀਏ ਵੱਲ ਦੇਖ ਕਿਹਾ।

"ਆਪ ਲੇ ਚੁਕੇ ਕੁਛ ?"

ਗੁਰੀਏ ਨਾਂਹ ਵਿਚ ਹੱਥ ਜੋੜੇ।

"ਘਨਸ਼ਾਮ ਜੀ ਮੇਰੇ ਲੀਏ ਏਕ ਸਮਾਲ ਡਰਿੰਕ। ਸਲਾਦ ਵਲਾਦ ਕੁਛ। ਅਬੀ ਪਾਨੀ ਦੋ ਪਹਿਲੇ।" ਉਸ ਝਕਦੇ-ਝਕਦੇ ਫਿਰ ਗੁਰੀਏ ਨੂੰ ਕਿਹਾ।

"ਆਪ ਭੀ ਲੇ ਲੇਤੇ, ਕੋਈ ਡਰਿੰਕ ਵਰਿੰਕ।"

"ਚਲੋ ਲਿਮਕਾ ਲੇ ਲੂੰ ਗਾ। ਔਰ ਕੁਛ ਨਹੀਂ।"

"ਬੀਅਰ ਵੀਅਰ ਨਹੀਂ ?"

"ਨਹੀਂ।"

"ਏਕ ਦਮ ਸੇ ?"

"ਜੀ ?"

"ਠੀਕ ਹੈ ਜਾਈਏ।" ਮਾਲਤੀ ਬਹਿਰੇ ਨੂੰ ਕਿਹਾ।

ਬਹਿਰਾ ਚਲਾ ਗਿਆ ਤਾਂ ਮਾਲਤੀ ਆਪਣਾ ਬੈਗ ਨੁਮਾ ਪਰਸ ਚੁੱਕ "ਆਤੀ ਹੂੰ!" ਆਖ ਗੁਸਲਖਾਨੇ ਵੱਲ ਚਲੀ ਗਈ।

ਗੁਰੀਏ ਨੇ ਇਨ੍ਹਾਂ ਹੋਟਲਾਂ ਬਾਰੇ ਸੁਣਿਆ ਤਾਂ ਸੀ। ਅੱਜ ਦੇਖ ਵੀ ਲਿਆ। ਅੰਦਰੇ-ਅੰਦਰ ਭੈਅ ਵੀ ਹੋਇਆ। ਐਹੋ ਜਿਹੇ ਕੰਜਰਖਾਨੇ ਬਾਰੇ ਰੋਜ਼ ਖ਼ਬਰਾਂ ਛਪਦੀਆਂ ਸਨ। ਉਸ ਡਰ ਦੀ ਵਜਾਹ ਨਾਲ ਚੱਢੇ ਨੂੰ ਫੋਨ ਮਿਲਾਇਆ। ਪਰ ਵਿਅਰਥ।

ਡੋਰ ਬੈੱਲ ਹੋਈ। ਬਹਿਰਾ ਘਨਸ਼ਾਮ ਸੀ।

ਉਸ ਸਮਾਨ ਤਿਪਾਈ 'ਤੇ ਰੱਖਿਆ। ਗੁਰੀਏ ਨੂੰ ਲਿਮਕਾ ਦਿੱਤਾ।

"ਕੌਣ ਹੈ ਇਹ ਮੈਡਮ ? ਗੁਰੀਏ ਪੁੱਛਿਆ।

"ਮਾਲਤੀ ਹੈ। ਬਹੁਤ ਅੱਛੀ ਹੈਂ। ਓਕਾਰਾ ਸਾਹਬ ਹੈਂ ਨਾ, ਵੋਹ ਜਾਨਤੇ ਹੈਂ ਇਸੇ। ਅੱਛੀ ਤਰ੍ਹੇਂ।"

"ਕੈਸੇ ਜਾਨਤੇ ਹੈਂ ਵੋਹ ?"

"ਅਰੇ ਸਾਹਬ ਆਪ ਭੀ...।" ਕੋਈ ਜ਼ਰੂਰਤ ਪੜੇ ਤੋ ਪਾਂਚ ਸੌ ਏਕ ਡਾਇਲ ਕੀਜੀਏਗਾ।"

ਕਾਫ਼ੀ ਦੇਰ ਲਗਾਅ ਕੇ ਮਾਲਤੀ ਪਰਤੀ। ਬਿਲਕੁਲ ਬਦਲੀ ਹੋਈ। ਹਲਕਾ ਜਿਹਾ ਮੇਕਅਪ। ਸੈਂਟ ਦੀ ਮਹਿਕ। ਕੇਸ ਖੁੱਲ੍ਹੇ। ਕੱਸਵੀਂ ਪਜਾਮੀ। ਨਿੱਕੀ ਝੱਗੀ। ਸ਼ਾਇਦ ਨਹਾ ਕੇ ਆਈ ਸੀ।



"ਤੁਸੀਂ ਜਾਣਦੇ ਹੋ ਚੱਢੇ ਨੂੰ ?" ਗੁਰੀਏ ਗੱਲ ਤੋਰੀ।

"ਕਬ ਆਏਂਗੇ ਵੋਹ ?"

"ਕਹਿੰਦਾ ਸੀ ਲੇਟ ਹਾਂ ਮੈਂ।"

"ਕਾਹੇ ਕੂ ?"

"ਪਤਾ ਨਹੀਂ ਕਿਉਂ। ਦੱਸਿਆ ਨਹੀਂ।"

"ਕਹਾਂ ਸੇ ਹੈਂ ਆਪ ? ਦਿੱਲੀ ਸੇ ?"

"ਨਹੀਂ, ਪੰਜਾਬ।"

"ਕਾਫ਼ੀ ਦੂਰ ਹੈ ਨਾ ?" ਉਹ ਡਰਿੰਕ ਸ਼ੁਰਕ ਰਹੀ ਸੀ।

"ਦੇਖਾ ਨਹੀਂ ?"

"ਅਰੇ ਸਾਹਬ! ਫੁਰਸਤ ਮਿਲੇ ਤਬ ਨਾ...।"

"ਨੌਕਰੀ ਕਰਕੇ ਜਾਂ ਵੈਸੇ ਟਾਈਮ ਨਹੀਂ ?"

"ਦੋਨੋਂ।"

"ਦਿੱਲੀ ਰਹਿੰਦੇ ਹੋ ?"

"ਹਾਂ, ਲੇਕਿਨ ਯੂਪੀ ਕੀ ਹੂੰ। ਵੈਸੇ ਕਿਆ ਹੈਂ ਤੁਮਾਰੇ ਵੋਹ ਓਕਾਰਾ ਵਾਲੇ ?"

"ਚੱਢਾ ਸਾਹਬ ?"

"ਹਾਂ ਵਹੀ।"

"ਦੋਸਤ ਹੈ ਮੇਰੇ ਬਚਪਨ ਕਾ।"

"ਹੱਛਾ! ਲੇਕਿਨ ਅੱਛੇ ਹੈਂ ਬਹੁਤ...।"

"ਕੈਸੇ ਜਾਨਤੇ ਹੈਂ ਆਪ ?"

"ਅਰੇ ਸਰਦਾਰ ਜੀ, ਕਾਹੇ ਚਿਰੌਰੀ ਕਰਤੇ ਹੈਂ ਆਪ।"

"ਫਿਰ ਬੀ।" ਗੁਰੀਏ ਨੂੰ ਚਿਰੌਰੀ ਵਾਲੀ ਗੱਲ ਸਮਝ ਨਾ ਆਈ।

"ਫੋਨ ਲਗਾਈਏ ਨਾ, ਪੂਛਤੇ ਹੈਂ ਉਨ੍ਹੀ ਸੇ।"

"ਯੂ ਪੀ ਕੌਨ ਸਾ ਜਿਲ੍ਹਾ ਹੈ ?"

"ਗਏ ਕਬੀ ਆਪ ?"

"ਗੱਡੀ ਵਿਚ ਜਾਂਦੇ ਦੇਖਿਆ ਇਲਾਕਾ।"

"ਕੈਸੇ ਲਗਾ ?"

"ਪੰਜਾਬ ਜੈਸਾ ਤੋਂ ਨਹੀਂ। ਲੇਕਿਨ ਠੀਕ ਹੈ। ਆਪ ਸ਼ਹਿਰ ਮੇ ਰਹਿਤੇ ਹੋ ਜਾਂ ਗਾਮ ਮੇ ?"

"ਮੈਂ ? ਅਬ ਕਿਆ ਰਹਿਨਾ। ਜਬ ਵਾਪਿਸ ਗਏ ਹੀ ਨਹੀਂ।

"ਫਿਰ ਬੀ..."

"ਮਾਨੋ ਆਜਮਗੜ੍ਹ ਜਿਲਵਾ, ਨਜਾਮਬਾਦ ਥਨਵਾ... ਛੋਟਾ ਸਾ ਮੌਜੂਵਾ, ਫਰਹੇ ਮਕਨਵਾ।"

"ਕਮਾਲ ਹੈ ਆਪ ਨੇ ਤੋ ਘਰ ਕਾ ਗਾਨਾ ਹੀ ਬਨਾ ਦੀਆ।"

"ਹਾਂ, ਹਾਂ ਪਹਿਲੇ ਗਾਤੀ ਥੀ ਤੋ ਐਸੇ ਹੀ ਬਤਿਆਤੇ ਥੇ ਹਮ।"

"ਗਾਉਂਦੇ ਸੀ ? ਕਿੱਥੇ ? ਮਤਲਬ ਕਹਾਂ ?"

"ਯਹੀਂ ਦਿੱਲੀ ਮੇਂ... ਯਹਾਂ ਵਹਾਂ।"

"ਚਲਦੇ ਫਿਰਦੇ ? ਮਤਲਬ ਯਹਾਂ ਵਹਾਂ, ਕੈਸੇ ?"

"ਚਲਤੇ ਫਿਰਤੇ, ਮਾਨੋ ਢੋਲਕੀਆ ਅਉਰ ਬਾਜਾ ਕੇ ਸਾਥ।"

"ਅਬ ਨਹੀਂ ਗਾਤੇ ?"

"ਛੋੜ ਦੀਆ।"

"ਕਿਉਂ ?"

"ਅਰੇ ਸਾਹਬ ਕਉਨ ਸੁਨਤਾ ਹੈ ਗਾਨਾ। ਕੁਛ ਅਉਰੋ ਦੇਖਤੇ ਹੈਂ ਸਾਲੇ।"

ਗੁਰੀਏ ਗੌਰ ਨਾਲ ਮਾਲਤੀ ਦੇਖੀ। ਛੀਟਕਾ ਬਦਨ। ਡੁੱਲ੍ਹਦੀ ਛਾਤੀ। ਸਾਂਵਲਾ ਰੰਗ। ਪਤਲੇ ਬੁੱਲ। ਨੀਲੀਆਂ ਅੱਖਾਂ। ਠੋਡੀ ਤੇ ਗੁਦਿਆ ਤਿਲ। ਲਿਸ਼ਕਦਾ ਪਿੰਡਾ। ਮੁੱਠੀ ਭਰ ਕਮਰ। ਇਸ ਹਿਸਾਬ ਤਾਂ ਤ੍ਰਿਖਾ ਇਹਦੇ ਪਾਸਕੂ ਵੀ ਨਹੀਂ ਸੀ। ਪਰ ਅਗਲੇ ਹੀ ਪਲ ਉਸ ਇਹ ਖਿਆਲ ਝਟਕ ਦਿੱਤਾ ਤੇ ਸੋਚਿਆ। ਕਿੱਥੇ ਤ੍ਰਿਖਾ। ਉੱਚੀ ਸੁੱਚੀ। ਕਿਥੇ ਇਹ ਸ਼ਰਾਬ ਪੀ ਰਹੀ ਔਰਤ।

ਬਹਿਰਾ ਫਿਰ ਆਇਆ।

"ਕੁੱਛ ਔਰ ?" ਉਸ ਗੁਰੀਏ ਅਤੇ ਮਾਲਤੀ ਨੂੰ ਪੁੱਛਿਆ।

"ਆਪ ਬੀਅਰ ਵੀਅਰ ਲੇ ਲੇਤੇ ਕੁੱਛ…।"

"ਨਹੀਂ ਜੀ, ਮੈਂ ਸ਼ਰਾਬ ਪੀਤਾ ਨਹੀਂ।"

"ਬੀਅਰ ਵੀਅਰ ਵੀ ਨਹੀਂ ?"

"ਜੀ ਨਹੀਂ।"

"ਔਰ ਚਿਕਨ ਵਿਕਨ ?"

"ਜੀ ਨਹੀਂ।"

"ਕਿਉਂ ?"

"ਸ਼ੁਰੂ ਸੇ ਕਬੀ ਖਾਇਆ ਨਹੀਂ।"

"ਕਮਾਲ ਹੈ।" ਮਾਲਤੀ ਹੈਰਾਨੀ ਜ਼ਾਹਰ ਕਰਦੇ ਹਉਕਾ ਲਿਆ।" ਲੇਕਿਨ ਓਕਾਰਾ ਵਾਲੇ ਸਦਾਰ ਜੀ ਤੋ…। ਲੇਕਿਨ ਛੋੜੋ।" ਫਿਰ ਉਸ ਬਹਿਰੇ ਨੂੰ ਕਿਹਾ। "ਘਨਸ਼ਾਮ ਜੀ ਥੋੜ੍ਹਾ ਰੁਕ ਕੇ ਮੇਰੇ ਲੀਏ ਏਕ ਲਾਰਜ ਔਰ ਆਧਾ ਪਲੇਟ ਫਿਸ਼ ਫਿੰਗਰ।"

ਗੁਰੀਏ ਉਚਾਟ ਮਨ ਚੱਢੇ ਨੂੰ ਫੋਨ ਮਿਲਾਇਆ।

"ਹੈਲੋ ! ਹਾਂ ਬ੍ਰਦਰ।"

"ਕਿੱਥੇ ਰਹਿ ਗਏ ਮਹਾਰਾਜ 1 ਕੋਈ ਮੈਡਮ ਆਈ ਐ ਮਿਲਣ। ਵੇਟ ਕਰ ਰਿਹਾਂ ਵੀਰ ਜੀ ਮੈਂ ਵੀ… ਛੇਤੀ ਆਉ ਜੀ।"

"ਅੱਛਾ ਆ ਗਈ ? ਗੱਲ ਕਰਾ।"

ਗੁਰੀਏ ਫੋਨ ਮਾਲਤੀ ਨੂੰ ਦਿੱਤਾ।

"ਅਰੇ ਕਹਾਂ ਹੈਂ ਆਪ ?"

"ਅਰੇ ਪੂਛੋ ਮਤ। ਬਹੁਤ ਬੁਰਾ ਫਸਾ ਹੂੰ ਜਾਮ ਮੇਂ। ਤਾਜੀਏ ਵਾਜੀਏ ਕਾ ਚੱਕਰ ਹੈ ਆਗੇ। ਥੋੜ੍ਹਾ ਟਾਈਮ ਲਗੇਗਾ। ਤੁਮ ਰੁਕਨਾ। ਦੇਖੋ ਜਾਨਾ ਮਤ।"

"ਕਿੱਤਾ ਟਾਈਮ ? ਆਪ ਜਾਨਤੇ ਹੈਂ ਨਾ ਮੈਂ ਜ਼ਿਆਦਾ ਟਾਈਮ ਰੁਕ ਨਹੀਂ ਸਕਤੀ।"

"ਜਾਨਤਾ ਹੂੰ ਲੇਕਿਨ ਰੁਕਨਾ ਪੜੇਗਾ। ਮਿਗਲਾਨੀ ਕੇ ਸਾਥ ਮੀਟਿੰਗ ਹੈ ਇਨਕੀ। ਬਹੁਤ ਜ਼ਰੂਰੀ, ਬਸ ਆਤੇ ਹੈਂ ਹਮ।"

"ਕਿਆ ਕਹਾ ? ਵੋਹ ਸਾਲਾ ਖੜੂਸ। ਉਸ ਕੋ ਤੋ ਦੇਖਤੀ ਨਹੀਂ ਮੈਂ।



"ਅਰੇ ਨਹੀਂ ਬਾਬਾ, ਐਸਾ ਮਤ ਕਰੀਉ। ਆਜ ਕਾ ਜਿੰਮਾ ਮੇਰਾ। ਮਿਗਲਾਨੀ ਕੋ ਮੈਂ ਸੰਭਾਲੂਗਾ। ਕੋਈ ਗੜਬੜੀ ਨਹੀਂ ਹੋ ਗੀ। ਤੁਮ ਰੁਕਨਾ ਬੱਸ।"

ਮਾਲਤੀ ਟਾਈਮ ਦੇਖਿਆ।

"ਦੇਖੋ ਯਹਾਂ ਏਕ ਘੰਟੇ ਸੇ ਹੂੰ ਮੈਂ। ਅਬ ਹੁਆ ਹੈ ਸਾੜ੍ਹੇ ਦਸ। ਏਕ ਘੰਟਾ ਔਰ। ਜਿਆਤਸੀ ਨਹੀਂ। ਆਪ ਤੋ ਜਾਨਤੇ ਹੈਂ।"

ਮਾਲਤੀ ਫੋਨ ਗੁਰੀਏ ਨੂੰ ਦਿੱਤਾ।

"ਰੋਕ ਕੇ ਰੱਖੀਂ ਯਾਰ 1 ਇਹ ਚਾਹੀਦੀ ਐ ਜ਼ਰੂਰੀ। ਤੂੰ ਗੱਲਾਂ 'ਚ ਟਾਈਮ ਲੰਘਾਅ। ਇਹਨੂੰ ਕਹਿ ਖਾਣ ਪੀਣ ਲਈ ਮੰਗਵਾਵੇ ਕੁਛ। ਬਸ ਪਹੁੰਚ ਰਹੇ ਹਾਂ ਅਸੀਂ ਵੀ…।"

ਗੁਰੀਏ ਨੂੰ ਲੱਗਾ ਉਹ ਸੂਲੀ 'ਤੇ ਸੀ। ਕਿਵੇਂ ਰੋਕੇ ? ਕੁਝ ਸਮਝ ਨਹੀਂ ਸੀ ਆ ਰਿਹਾ। ਫਿਰ ਲੱਗਾ ਗੱਲਾਂ ਵਿਚ ਟਾਈਮ ਲੰਘਾਇਆ ਜਾ ਸਕਦਾ ਸੀ। ਗੁਰੀਏ ਨੂੰ ਲੱਗਾ, ਮਿਗਲਾਨੀ ਦੇ ਨਾਂ ਤੋਂ ਚਿੜ੍ਹ ਕੇ ਮਾਲਤੀ ਉਚਾਟ ਹੋ ਗਈ ਲੱਗਦੀ ਸੀ। ਗੁਰੀਏ ਹਿੰਦੀ ਬੋਲਣ ਦੀ ਕੋਸ਼ਿਸ਼ ਕਰਦੇ ਪੁੱਛਿਆ।

"ਕਬ ਸੇ ਹੋ ਦਿੱਲੀ ਮੇਂ ?"

"ਤੀਨ ਸਾਲ ਸੇ।"

"ਅਪਨਾ ਹੈ ਘਰ ?"

"ਅਰੇ ਸਾਹਬ, ਕੈਸੀ ਬਾਤੇਂ ਕਰਤੇ ਹੈਂ ਆਪ

"ਕਿਉਂ ?"

"ਯਹਾਂ ਰੋਟੀ ਕੇ ਲਾਲੇ ਹੈਂ; ਔਰ ਆਪ ਪੂਛਤੇ ਹੈਂ ਖੋਲੀ ਹੈ ਕੇ ਨਹੀਂ।"

"ਫਿਰ ਬੀ ਕਹੀਂ ਤੋ ਰਹਿਤੇ ਹੋ ਨਾ।"

"ਛੋੜੋ ਆਪ ਬਤਾਈਏ।"

"ਮੈਂ… ਪੰਜਾਬ… ਪਟਿਆਲਾ।"

"ਟਰੱਕ ਹੈਂ ਆਪ ਕੇ ?"

"ਨਹੀਂ।"

"ਉਨਕੇ ਤੋਂ ਹੈਂ… ਸਦਾਰ ਜੀ ਕੇ।"

ਤਦੇ ਬਹਿਰਾ, ਮਾਲਤੀ ਲਈ ਲਾਰਜ ਤੇ ਮੱਛੀ ਲੈ ਆਇਆ। ਮੱਛੀ ਦੀ ਅਜੀਬ ਗੰਧ ਗੁਰੀਏ ਦੇ ਨੱਕ ਨੂੰ ਚੜ੍ਹੀ।

"ਘਨਸ਼ਾਮ ਜੀ ਸਾੜ੍ਹੇ ਗਿਆਰਾਂ ਖਾਨੇ ਕੇ ਲੀਏ ਆਨਾ।"

"ਤੁਸੀਂ ਉਡੀਕਣਾ ਨਹੀਂ ਚੱਢੇ ਨੂੰ ?" ਗੁਰੀਆ ਫਿਰ ਪੰਜਾਬੀ ਤੇ ਉੱਤਰ ਆਇਆ।

"ਕਿਆ ਕਰੂੰਗੀ, ਆ ਤੋ ਪਾਏਂਗੇ ਨਹੀਂ।"

"ਕਿਉਂ ?"

"ਬੋਲਾ ਨਹੀਂ ਤਾਜੀਏ ਕਾ ਜਾਮ ਹੈ। ਤੋ ਕੈਸੇ ਆਏਂਗੇ ?"

"ਤਾਜੀਏ ਕਿਆ ?"

"ਮੁਸਲਮਾਨ ਲੋਗ ਸੜਕੋਂ ਪਰ ਨਿਕਲ ਕੇ ਪੀਟਤੇ ਹੈਂ ਨਾ ਖ਼ੁਦ ਕੋ। ਲਾਖੋਂ। ਹੱਜਾਰੋਂ। ਹਿਲ ਜਾਤੀ ਹੈ ਯੂਪੀ ਔਰ ਦਿੱਲੀ।

"ਨਹੀਂ ਆਉਣਗੇ ਫਿਰ ?" ਗੁਰੀਏ ਨੂੰ ਫ਼ਿਕਰ ਹੋਇਆ।

"ਦੇਖੋ, ਸਹੀ ਮੇਂ ਫਸੇ ਹੈਂ ਤੋਂ ਮੁਸ਼ਕਿਲ ਹੈ। ਅਗਰ ਬਨਾ ਰਹੇ ਹੈਂ, ਤੋਂ ਅਬੀ ਆ ਟਪਕੇਂਗੇ। ਔਰ ਵੋਹ ਸਾਲਾ ਮਿਗਲਾਨੀ। ਉਸਕਾ ਕੋਈ ਸੱਚ ਨਹੀਂ। ਵਹੀ ਫਸਾ ਹੋ ਗਾ ਸਾਲਾ ਕਹੀਂ।"

ਗੁਰੀਏ ਮਾਲਤੀ ਨੂੰ ਬੇ-ਝਿਜਕ ਸ਼ਰਾਬ ਪੀਂਦੇ ਦੇਖ ਕਿਹਾ।
"ਸ਼ੁਰੂ ਸੇ ਆਦਤ ਹੈ ?"
"ਅਰੇ ਕਹਾਂ... ਯਾਦਵ ਹੈਂ ਹਮ। ਘਰ ਮੇਂ ਤੋਂ ਕੋਈ ਨਾਮ ਤੱਕ ਨਹੀਂ ਲੇਤਾ। ਯਹਾਂ ਆਨੇ ਸੇ ਪਹਿਲੇ ਮਾਂਸ ਅੰਡਾ ਕੁੱਛੋ ਨਹੀਂ।"
"ਤੋ ਕਿਉਂ ਸ਼ੁਰੂ ਕੀਆ ?"
"ਯਹਾਂ ਕੋਈ ਦੇਖਤਾ ਹੈ ਕਿਆ ?"
"ਕਮਾਲ ਹੈ ? ਊਪਰ ਭਗਵਾਨ ਨਹੀਂ ਹੈ ਕਿਆ ?"
"ਕਹਾਂ ਹੈ ਊਪਰ ?" ਮਾਲਤੀ ਛੱਤ ਵੱਲ ਦੇਖਿਆ। "ਅਰੇ ਸਰਦਾਰ ਜੀ ! ਯਹਾਂ ਆਦਮੀ ਕੋ ਆਦਮੀ ਨਹੀਂ ਦਿਖਤਾ। ਜ਼ਰੂਰਤ ਦਿਖਤੀ ਹੈ ਬੱਸ। ਭਗਵਾਨ ਕਹਾਂ ਦਿਖੇਗਾ।"
"ਮਾਨ ਲੀਆ। ਲੇਕਿਨ ਵੋਹ ਹੈ ਤੋ ਸਹੀ ਨਾ।"
"ਹੋ ਗਾ ...... ਮਗਰ ਮੇਰਾ ਨਹੀਂ। ਹੋ ਗਾ, ਤੋ ਬੀ ਦੇਖੂੰਗੀ ਨਹੀਂ।"
"ਕਿਉਂ ?"
"ਦੇਖੂੰਗੀ ਤੋਂ ਅੰਦਰ ਸੇ ਕਚੋਟੇਗਾ ਕੁਛ। ਕਿਆ ਕਰ ਰਹੀ ਹੋ ਮਾਲਤੀ। ਇਸ ਲੀਏ ਦੇਖੋ ਹੀ ਨਹੀਂ। ਇਸੇ (ਗਿਲਾਸ ਵੱਲ ਦੇਖਦੇ) ਗਟਕੋ ਔਰ ਭੂਲ ਜਾਓ ਸਭ...।"
ਗੁਰੀਏ ਨੂੰ ਅੱਗੋਂ ਕੋਈ ਗੱਲ ਨਾ ਅਹੁੜੀ। ਚੁੱਪ ਦੇਖ ਮਾਲਤੀ ਕਿਹਾ।
"ਭੂਖ ਵੂਖ ਲਗੀ ਹੈ ਤੋ ਆਪ ਲੇ ਲੋ ਕੁਛ।"
"ਕੋਈ ਬਾਤ ਨਹੀਂ, ਉਨਕੇ ਆਨੇ ਸੇ ਖਾ ਲੂੰਗਾ।"
"ਅਰੇ ਸਰਦਾਰ ਜੀ ਖਾ ਲੀਜੀਏ। ਵੋਹ ਕਿਆ ਆਏਂਗੇ ਅਬ।"
"ਫੋਨ ਕਰਕੇ ਦੇਖਦਾਂ।" ਗੁਰੀਆ ਫੋਨ ਕਰਨ ਲੱਗਾ।
ਕੋਈ ਉੱਤਰ ਨਾ ਮਿਲਿਆ ਤਾਂ ਮਾਲਤੀ ਕਿਹਾ।
"ਨਹੀਂ ਮਿਲਾ ਨਾ ?"
"ਨਾ !"
"ਮਿਲੇਗਾ ਬੀ ਨਹੀਂ। ਯਹਾਂ ਦਿੱਲੀ ਕੀ ਭੀੜ ਮੇਂ ਨਾ ਜਾਨੇ ਕਿਤਨੇ ਖੋ ਗਏ। ਓਕਾਰਾ ਜੀ ਤੋਂ ਭੋਲੇ ਹੈਂ ਬੀਚਾਰੇ।"
ਮਾਲਤੀ ਉੱਠੀ ਅਤੇ ਫਿਰ ਗੁਸਲਖਾਨੇ ਵੱਲ ਚਲੀ ਗਈ।
ਗੁਰੀਆ ਸੋਚਣ ਲੱਗਾ। ਸਵਾ ਗਿਆਰਾਂ ਹੋ ਰਹੇ ਸਨ। ਹੁਣੇ ਮਾਲਤੀ ਚਲੀ ਜਾਏਗੀ। ਉਹ ਇੱਕਲਾ ਕੀ ਕਰੇਗਾ ਇਥੇ ? ਪਹਿਲਾਂ ਉਹ ਮਾਲਤੀ ਦੇ ਆਉਣ ਤੋਂ ਡਰਿਆ ਸੀ। ਹੁਣ ਜਾਣ 'ਤੇ ਡਰ ਰਿਹਾ ਸੀ। ਜੇ ਸਚਮੁਚ ਚੱਢਾ ਤੇ ਮਿਗਲਾਨੀ ਨਾ ਆਏ ; ਉਹਦਾ ਕੇਸ ਤਾਂ ਗਿਆ। ਗੁਰੀਏ ਦਾ ਦਿਲ ਡੁੱਬਣ ਲੱਗਾ।
ਉਚਾਟ ਮਨੋਂ ਕਈ ਵੇਰ ਫੋਨ ਮਿਲਾਇਆ। ਪਰ ਵਿਅਰਥ।
ਗੁਰੀਆ ਕਮਰੇ 'ਚ ਟਹਿਲਣ ਲੱਗਾ।
ਇਸ ਵਾਰ ਮਾਲਤੀ ਫਿਰ ਦੇਰ ਲਗਾ ਕੇ ਆਈ। ਉਹ ਕਾਹਲੀ ਵਿਚ ਸੀ ਤੇ ਵਾਰ-ਵਾਰ ਘੜੀ ਵੇਖ ਰਹੀ ਸੀ।
"ਜਾਣੈ ਤੁਸੀਂ ?" ਗੁਰੀਏ ਬੁਝੇ ਮਨ ਕਿਹਾ।
"ਕਿਆ ਕਰੂੰ ? ਆਪ ਹੀ ਬਤਾਈਏ ?"
"ਥੋੜ੍ਹੀ ਦੇਰ ਔਰ ਰੁਕ ਜਾਤੇ।"



"ਅਰੇ ਰੁਕਤੀ ਹੂੰ ਨਾ... ਰੁਕਨੇ ਵਾਲੀ ਬਾਤ ਤੋ ਕੀਜੀਏ।"
"ਕਿਆ ਮਤਲਬ ?"
"ਅਰੇ ਸਰਦਾਰ ਜੀ ਕਾਮ ਪੇ ਹੂੰ ਮੈਂ। ਰੁਕਤੀ ਹੂੰ। ਆਪ ਬੈਠੇਂਗੇ ਮੇਰੇ ਸਾਥ ?"
ਗੁਰੀਏ ਨੂੰ ਲੱਗਾ, ਗੱਲ ਗਲਤ ਪਾਸੇ ਤੁਰ ਪਈ।
"ਨਹੀਂ ਨਹੀਂ ਜੀ! ਮੈਂ ਐਸਾ ਆਦਮੀ ਨਹੀਂ ਹੂੰ। ਦਰਅਸਲ ਚੱਢੇ ਨੇ ਕਿਹਾ ਰੋਕ ਕੇ ਰੱਖਣਾ। ਇਸ ਲਈ।"
"ਤੋ ਬਤਾਈਏ ਕੈਸੇ ਆਦਮੀਂ ਹੈਂ ਆਪ ?" ਮਾਲਤੀ ਗੁਰੀਏ ਦੀਆਂ ਅੱਖਾਂ ਵਿਚ ਸਿੱਧਾ ਦੇਖਿਆ।
ਗੁਰੀਏ ਨੂੰ ਲੱਗਾ, ਉਹ ਫਸ ਗਿਐ। ਥਿੜਕਦੇ ਜਿਹੇ ਕਿਹਾ।
"ਵੈਸੇ ਹੀ ਬਾਤੇਂ ਕਰਤੇ ਹੈਂ, ਉਨਕੇ ਆਨੇ ਤੱਕ।"
ਤਦੇ ਬਹਿਰਾ ਆ ਗਿਆ।
"ਘਨਸ਼ਾਮ ਜੀ ਖਾਨਾ ਲਾਈਏ।"
"ਬਤਾਈਏ!" ਬਹਿਰੇ ਨੋਟ ਬੁੱਕ ਕੱਢੀ।
"ਹਾਂ ਜੀ ਬੋਲੀਏ !" ਮਾਲਤੀ ਗੁਰੀਏ ਨੂੰ ਪੁੱਛਿਆ।
"ਮੇਰੇ ਲਈ ਸਿੰਪਲ ਦਾਲ ਫੁਲਕਾ। ਪਿਉਰ ਵੈੱਜ।" ਗੁਰੀਏ ਕਾਹਲੀ ਨਾਲ ਕਿਹਾ।
"ਆਪ ?" ਬਹਿਰੇ ਮਾਲਤੀ ਨੂੰ ਪੁੱਛਿਆ।
"ਮੇਰੇ ਲੀਏ ਬੀ ਵਹੀ। ਚਪਾਤੀ ਥੋੜ੍ਹੀ ਜ਼ਿਆਦਾ ਔਰ ਦੋ ਮਿਕਸ ਵੈੱਜ।"
"ਕੋਈ ਡਰਿੰਕ ਵਗੈਰਾ ?"
"ਨਹੀਂ, ਰਹਿਨੇ ਦੋ... ਅਬ ਸਰਦਾਰ ਜੀ ਕੁਛ ਨਹੀਂ ਲੇ ਰਹੇ ਤੋ ਮੈਂ ਕਿਆ ਲੂੰ।" ਬਹਿਰਾ ਚਲਾ ਗਿਆ।
ਗੁਰੀਏ ਆਖ਼ਰੀ ਕੋਸ਼ਿਸ਼ ਵਜੋਂ ਕਿਹਾ।
"ਮੈਨੇ ਕਹਾ ਕੁਛ ਦੇਰ ਔਰ ਬਾਤੇ ਕਰਤੇ। ਤਬ ਤਕ ਆ ਜਾਤੇ ਵੋਹ।"
"ਬੱਸ ਬਾਤੇਂ ? ਯਹੀ ਨਾ ਕਿ ਮੈਂ ਕੌਨ ਹੂੰ। ਕਹਾਂ ਸੇ ਆਈ। ਕਿਆ ਨਾਮ। ਕੈਸੇ ਪੜੀ ਇਸ ਚੱਕਰ ਮੇਂ। ਕਿਆ ਹੈ ਐਸੇ ਝੰਜਟ ਮੇ। ਔਰ ਆਖ਼ਰ ਮੇਂ ਪੂਛਨੇ ਔਰ ਬਤਾਨੇ ਵਾਲਾ ਦੋਨੋ ਖਾਲੀ। ਸਾਰੀ ਰਾਤ ਬਾਤੇਂ ਕਰਤੇ ਰਹੋ। ਕੁੱਛ ਹਾਸਿਲ ਹੋਗਾ ਕਿਆ। ਮੈਨੇ ਕਹਾ ਬੈਠੀਏ। ਆਪ ਨੇ ਕਹਾ, ਮੈਂ ਤੋਂ ਐਸਾ ਆਦਮੀ ਹੀ ਨਹੀਂ ਹੂੰ। ਤੋ ਆਪ ਐਸੀ ਜਗ੍ਹਾ ਆਏ ਕਿਉਂ ?"
"ਦਰਅਸਲ ਮੁਕੱਦਮਾ ਹੈ ਤਲਾਕ ਕਾ। ਮਿਗਲਾਨੀ ਜੀ ਕੋ ਮਿਲਨਾ ਥਾ।"
"ਤੋ ਅਈਸਾ ਬੋਲੀਏ ਨਾ ਛੋੜੇਂਗੇ ਕਿਸੀ ਕੋ।"
"ਦਰਅਸਲ..."
"ਮਤਲਬ ਕਿਸੀ ਏਕ ਕੋ ਛੋੜ, ਦੂਸਰੀ ਕੋ ਪਕੜੋਗੇ।"
"ਜੋ ਸਮਝੋ।"
"ਸ਼ਾਦੀ ਹੁਈ ਯਾਂ ਪਿਆਰ ਵਿਆਰ ਕਾ ਚੱਕਰ ਥਾ ?"
"ਨਹੀਂ ਨਹੀਂ ਸ਼ਾਦੀ ਹੁਈ। ਪੱਕੀ।"
"ਫਿਰ ਬੀ ਕਿਸੀ ਦੂਸਰੀ ਕੋ ਪਕੜੋਗੇ।"
"ਪਕੜਨਾ ਕਿਆ। ਸ਼ਾਦੀ ਕਰੂੰਗਾ ਉਸਸੇ।"
"ਕੁਛ ਬੀ ਕਰੋ। ਬਾਤ ਤੋ ਵਹੀ ਹੈ। ਪਹਿਲੇ ਏਕ। ਫਿਰ ਕੋਈ ਦੂਸਰੀ। ਵੋਹ ਨਹੀਂ

ਚਲੇਗੀ ਤੋ ਕੋਈ ਤੀਸਰੀ। ਬਦਲਤੇ ਜਾਓ... ਤੁਮ ਤੋ ਵਹੀ ਰਹੇ ਨਾ। ਬੱਸ ਔਰਤ ਕੋ ਬਦਲ ਲੋ। ਖ਼ੁਦ ਵਹੀ ਰਹੋ।"

ਮਾਲਤੀ ਦਾ ਵਾਰ ਬਹੁਤ ਤਿੱਖਾ ਸੀ। ਗੁਰੀਆ ਸੋਚਦਾ ਰਹਿ ਗਿਆ। ਗੁਰੀਏ ਨੂੰ ਚੁੱਪ ਦੇਖ ਮਾਲਤੀ ਫਿਰ ਕਿਹਾ।

"ਜਬ ਆਪ ਨੇ ਸ਼ਾਦੀ ਕੀ, ਤੋ ਪਤਾ ਥਾ ਦੂਸਰੀ ਆਏਗੀ ? ਨਹੀਂ ਨਾ...। ਅਬ ਕਿਆ ਮਾਲੂਮ, ਕਬ ਤੀਸਰੀ ਆ ਜਾਏ।"

"ਨਹੀਂ ਨਹੀਂ... ਐਸੀ ਬਾਤ ਨਹੀਂ।" ਗੁਰੀਏ ਦਾ ਮਨ ਬੈਠਣ ਲੱਗਾ।

"ਅਰੇ ਸਾਹਬ, ਜਬ ਏਕ ਕੇ ਬਾਦ ਦੂਸਰੀ ਆ ਗਈ। ਤਬ ਤੀਸਰੀ ਹੋ ਯਾ ਚੌਥੀ ਕਿਆ ਫ਼ਰਕ ਪੜਤਾ ਹੈ। ਇਸੀ ਲੀਏ ਬੋਲਾ ਨਾ ਚਲੋ ਆਜ ਹੀ ਸ਼ੁਰੂ ਕਰਤੇ ਹੈਂ ਦੂਸਰੇ ਵਾਲੀ।"

ਬਹਿਰਾ ਖਾਣਾ ਲੈ ਆਇਆ। ਗੁਰੀਏ ਸ਼ੁਕਰ ਕੀਤਾ।

"ਘਬਰਾਈਏ ਨਹੀਂ ਪਈਸਾ ਵਈਸਾ ਨਹੀਂ ਲੂੰ ਗੀ।"

"ਕਿਉਂ ?"

"ਖੁਸ਼ੀ ਸੇ ਦੋ ਗੇ ਤੋ ਲੇ ਬੀ ਲੂੰਗੀ। ਅਬ ਓਕਾਰਾ ਜੀ ਕਾ ਇਤਨਾ ਖਾ ਲੀਆ ਹੈ, ਸੋਚੂੰਗੀ ਮੁਫ਼ਤ ਮੇਂ ਨਹੀਂ ਖਾਇਆ।

ਦੋਵੇਂ ਖਾਣਾ ਖਾਣ ਲੱਗੇ। ਗੁਰੀਏ ਸੋਚਿਆ, ਕੀ ਪਤਾ ਤਦ ਤੀਕ ਚੱਢਾ ਆ ਹੀ ਜਾਵੇ। ਉਸ ਕਿਹਾ।

"ਇਤਨਾ ਸੋਚਤੀ ਹੋ ਤੋ ਛੋੜ ਕਿਉਂ ਨਹੀਂ ਦੇਤੀ।"

"ਬੱਸ ਏਕ ਸਾਲ ਔਰ। ਫਿਰ ਨਹੀਂ।"

"ਏਕ ਸਾਲ ਕਿਉਂ ?" ਗੁਰੀਆ ਹੈਰਾਨ ਸੀ।

ਮਾਲਤੀ ਖਾਣਾ ਛੱਡ ਹਉਕਾ ਲਿਆ।

"ਪਈਸਾ ਚਹੀਏ ਬਹੁਤ। ਇਸ ਲੀਏ।"

"ਕੌਨ-ਕੌਨ ਹੈ ਘਰ ਮੇਂ ?"

"ਮੈਂ ਔਰ ਮੇਰਾ ਪਤੀ...।"

"ਕੀ ਕਿਹਾ ? ਸ਼ਾਦੀਸ਼ੁਦਾ ਹੋ ?" ਗੁਰੀਏ ਦੀ ਖਾਨਿਉਂ ਗਈ।

"ਤੋ ਕਿਆ ?"

"ਕੀ ਕੰਮ ਕਰਦੇ ਤੁਹਾਡਾ ਪਤੀ ?"

"ਅਬੀ ਤੋ ਕੁੱਛ ਨਹੀਂ।"

"ਕਿਉਂ ?" ਗੁਰੀਏ ਨਫ਼ਰਤ ਨਾਲ ਮਾਲਤੀ ਵੱਲ ਦੇਖਿਆ। ਘਿਰਨਾ ਵੱਸ ਆਪਣੀ ਪਲੇਟ ਚੁੱਕ ਹੱਥ ਵਿਚ ਫੜ ਲਈ।

"ਬੱਸ ਐਸੇ ਹੀ।" ਮਾਲਤੀ ਬੇ-ਪ੍ਰਵਾਹੀ ਨਾਲ ਕਿਹਾ।

"ਮਤਲਬ ਔਰਤ ਦੀ ਕਮਾਈ ਤੇ ਐਸ਼ ਕਰਨ ਵਾਲੈ। ਇਹੀ ਨਾ।"

ਗੁਰੀਏ ਨਫ਼ਰਤ ਵਾਲੀ ਚੋਭ ਨਾਲ ਕਿਹਾ।

"ਅਰੇ ਨਹੀਂ, ਐਸਾ ਨਹੀਂ ਹੈ ਵੋਹ।"

"ਦਿੱਲੀ ਕਾ ਹੈ ?"

"ਯੂਪੀ ਕਾ... ਜਾਨਤੇ ਹੈਂ ਓਕਾਰਾ ਸਾਹਿਬ ਉਸੇ।"

"ਮੈਂ ਤੋ ਸੋਚ ਬੀ ਨਹੀਂ ਸਕਤਾ, ਔਰਤ ਐਸਾ ਕਾਮ ਕਰੇ ਔਰ ਆਦਮੀ ਦੇਖਤਾ ਰਹੇ।"



"ਠੀਕ ਬੋਲਾ। ਲੇਕਿਨ ਹੋਤਾ ਹੈ ਕਬੀ ਕਬੀ।"

"ਯਹੀ ਤੋ ਪੂਛ ਰਹਾ ਹੂੰ। ਕਿਉਂ ਹੋਤਾ ਹੈ ਐਸੇ।"

"ਪਈਸਾ ਚਹੀਏ ਨਾ ਬਹੁਤ ਇਸ ਲੀਏ।"

"ਕਿਤਨਾ ?" ਗੁਰੀਆ ਸੋਚ ਰਿਹਾ ਸੀ ਦੇਖਾਂ ਤਾਂ ਸਹੀ ਕਿਤਨਾ ਗਿਰ ਸਕਦੀ ਹੈ ਇਹ। ਉਹਨੂੰ ਮਨ ਹੀ ਮਨ ਦੁੱਖ ਹੋਇਆ। ਅਜਿਹੀ ਗ਼ਲੀਜ਼ ਔਰਤ ਨਾਲ ਗੱਲੀਂ ਪਿਆ।

"ਅਰੇ ਛੋੜੋ ਸਾਹਬ। ਸਾਥ ਸੋਨੇ ਸੇ ਮਨ੍ਹਾਂ ਕਰ ਦੀਆ, ਔਰ ਪੂਛਤੇ ਹੋ ਕਿਤਨਾ।"

ਦੋਵੇਂ ਤਲਖ਼ੀ 'ਚ ਚੁੱਪ ਹੋ ਗਏ। ਕਾਫ਼ੀ ਦੇਰ ਆਪਸ ਵਿਚ ਬੋਲੇ ਨਹੀਂ। ਖਾਣਾ ਖ਼ਤਮ ਕਰ ਦੋਹਾਂ ਹੱਥ ਧੋਤੇ। ਫਿਰ ਆ ਕੇ ਬੈਠ ਗਏ।

ਬਹਿਰਾ ਆਇਆ।

"ਕੋਈ ਸਵੀਟ ਡਿਸ਼ ?"

"ਨਹੀਂ ਮੈਂ ਤਾਂ ਨਹੀਂ ਲਵਾਂਗਾ।" ਗੁਰੀਆ ਤਪਣ ਲੱਗਾ।

"ਮੇਰੇ ਲੀਏ ਬੀ ਛੋੜੋ।" ਮਾਲਤੀ ਵੀ ਸਿਰ ਫੇਰ ਗਈ।

ਬਹਿਰਾ ਬਰਤਨ ਸਮੇਟਣ ਲੱਗਾ।

ਮਾਲਤੀ ਗੁਸਲਖਾਨੇ ਵੱਲ ਚਲੀ ਗਈ।...

ਗੁਰੀਏ ਦਾ ਸਿਰ ਫਟਣ ਲੱਗਾ। ਨਾ ਚੱਢਾ ਆਇਆ, ਨਾ ਮਿਗਲਾਨੀ। ਇਹ ਹਰਾਮਜ਼ਾਦੀ ਵੀ ਜਾ ਰਹੀ ਸੀ। ਮੁਕੱਦਮਾ ਤਾਂ ਗਿਆ। ਗੁਰੀਏ ਦਾ ਮਨ ਭਰ ਆਇਆ। ਪਹਿਲਾਂ ਰਮੀ ਐਸੀ ਮਿਲੀ। ਹੁਣ ਇਹ ਮਾਲਤੀ। ਪੈਸਾ ਬਰਬਾਦ ਗਿਆ। ਬਣਿਆ ਕੱਖ ਨਾ। ਤ੍ਰਿਖਾ ਤਾਂ ਦੂਰ; ਰਮੀ ਹੀ ਚਿਪਕੀ ਪਈ ਸੀ। ਗੁਰੀਏ ਹਉਕਾ ਲਿਆ। ਕਿਉਂ ਚੱਢੇ ਦੀਆਂ ਗੱਲਾਂ 'ਚ ਆਇਆ।

ਮਾਲਤੀ ਪਰਤੀ ਤਾਂ ਗੁਰੀਆ ਦੇਖਦਾ ਰਹਿ ਗਿਆ। ਬਿਲਕੁਲ ਬਦਲੀ ਹੋਈ। ਮੱਥੇ ਪੁਰ ਬਿੰਦੀ। ਕੇਸਾਂ ਵਿਚ ਸੰਧੂਰ ਦੀ ਲੀਕ। ਬਦਲੀ ਹੋਈ ਸਾੜ੍ਹੀ। ਗੁਰੀਏ ਦਾ ਮਨ ਨਫ਼ਰਤ ਨਾਲ ਭਰ ਗਿਆ। ਮਾਲਤੀ ਦੇ ਵੱਡਾ ਸਾਰਾ ਪਰਸ ਚੁੱਕਣ ਦਾ ਮਤਲਬ ਵੀ ਸਮਝ ਵਿਚ ਆ ਗਿਆ। ਕਿਹੋ ਜਿਹੀ ਔਰਤ ਸੀ ? ਇਕ ਪਾਸੇ ਪਤੀ, ਦੂਜੇ ਪਾਸੇ ਜਿਸਮ ਫਰੋਸ਼ੀ। ਉੱਤੋਂ ਬਿੰਦੀ ਅਤੇ ਸੰਧੂਰ।

ਮਾਲਤੀ ਟਹਿਲਦੀ ਹੋਈ, ਗੁਰੀਏ ਦੇ ਨੇੜੇ ਆਈ।

"ਠੀਕ ਹੈ ਸਰਦਾਰ ਜੀ ਚਲਤੀ ਹੂੰ ਮੈਂ।"

ਗੁਰੀਏ ਆਪਣੀਆਂ ਹੀ ਅੱਖਾਂ ਮੂਹਰੇ, ਆਪਣਾ ਹੀ ਮਨਸੂਬਾ ਢਹਿ ਢੇਰੀ ਹੁੰਦੇ ਮਹਿਸੂਸਿਆ ਅਤੇ ਅਣਮੰਨੇ ਜਿਹੇ ਮਨ ਕਿਹਾ।

"ਪੂਛੇਂ ਤੋ ਕਿਆ ਬੋਲੂੰ ਉਨ ਕੋ ?"

"ਬੋਲਨਾ ਕਿਆ ? ਅਬ ਆਏ ਨਹੀਂ ਤੋਂ ਰਾਤ ਭਰ ਬੈਠੂੰਗੀ ਕਿਆ ?"

ਗੁਰੀਏ ਨਫ਼ਰਤ ਨਾਲ ਮੱਥਾ ਸਕੋੜਿਆ ਅਤੇ ਪਾਸਾ ਵੱਟ ਲਿਆ।

ਤਦੇ ਮਾਲਤੀ ਦੋ ਕਦਮ ਤੁਰਦੀ ਹੋਈ ਫਿਰ ਗੁਰੀਏ ਦੇ ਸਾਮ੍ਹਣੇ ਆਈ ਅਤੇ ਕਿਹਾ।

"ਸਾਹਿਬ, ਬੋਲੋ ਤੋ ਯੇਹ ਬਚਾ ਖਾਨਾ ਲੇ ਲੂੰ ?"

ਗੁਰੀਏ ਨੂੰ ਕਚਿਆਣ ਆਈ। ਕਿਹਾ।

"ਕਿਆ ਕਰੋਗੀ ਇਸਕਾ ?"

"ਬੋਲੋਗੇ ਤੋਂ ਲੂੰ ਗੀ, ਨਹੀਂ ਤੋ ਨਹੀਂ।"

"ਲੇ ਲੋ ... ਭੂਖ ਹੈ ਤੋ ਯਹੀਂ ਖਾ ਲੋ।"

ਗੁਰੀਏ ਦੇਖਿਆ, ਮਾਲਤੀ ਪਰਸ ਵਿਚੋਂ ਰੋਟੀ ਵਾਲਾ ਟਿਫ਼ਨ ਕੱਢਿਆ ਅਤੇ ਸੁੱਕੀ

ਸਬਜ਼ੀ ਰੋਟੀਆਂ ਸਮੇਤ ਸਮੇਟਣ ਲੱਗੀ। ਫਿਰ ਉਸ ਪਾਣੀ ਦੀਆਂ ਦੋ ਅੱਧੀਆਂ-ਅੱਧੀਆਂ ਬੋਤਲਾਂ ’ਚੋਂ ਇਕ ਵਿਚ ਕੀਤਾ। ਗੁਰੀਏ ਨੂੰ ਗੁੱਸੇ ਨਾਲ ਦੇਖਦੇ, ਕਿਹਾ। “ਮੁਝੇ ਚਾਹੀਏ ਇਸ ਲੀਏ।”

“ਯਹੀਂ ਪੀ ਲੋ..... ਔਰ ਚਾਹੀਏ ਤੋ ਨਈ ਮੰਗਵਾ ਲੋ।”

“ਨਹੀਂ ਮੁਝੇ ਨਹੀਂ। ਮੇਰੇ ਪਤੀ ਕੇ ਲੀਏ ਚਾਹੀਏ।

“ਇਹ ਬਚਿਆ ਖਾਣਾ ਤੇ ਪਾਣੀ ਉਹਦੇ ਲਈ ਏ ?”

“ਹਾਂ ਸਾਹਬ, ਅਬ ਇਤਨੀਂ ਰਾਤ ਗਏ ਕਹਾਂ ਮਿਲੇਗਾ ਖਾਨਾ ਔਰ ਪਾਨੀ।”

ਗੁਰੀਏ ਦਾ ਸਿਰ ਚਕਰਾਇਆ। ਮੱਥੇ ਹੇਠ ਟੱਸ-ਟੱਸ ਹੋਈ।

“ਕਿੱਥੇ ਐ ਤੇਰਾ ਪਤੀ ?”

“ਖੋਲੀ ਮੇਂ ਹੈ ਸਾਹਿਬ!“

“ਉਸਨੂੰ ਪਤਾ ਹੈ ਤੂੰ ਇੱਥੇ ਹੈਂ ?”

“ਹਾਂ ਹਾਂ ਕਿਉਂ ਨਹੀਂ। ਮਾਲੂੰਮ ਹੈ ਉਸਕੋ।”

ਗੁਰੀਏ ਲਈ ਸੁਣਨਾ ਮੁਸ਼ਕਿਲ ਹੋ ਗਿਆ।

“ਹਦ ਹੋ ਗਈ। ਮੈਂ ਤਾਂ ਹੈਰਾਨ ਹਾਂ। ਤੈਨੂੰ ਏਧਰ ਭੇਜ ਕੇ ਆਪ ਘਰ ਬੈਠੈ। ਕੈਸਾ ਆਦਮੀ ਹੈ ਓਹ ?”

“ਕਿਆ ਕਰੇ ? ਬਿਮਾਰ ਹੈ ਬਹੁਤ। ਚਲ ਬੀ ਨਹੀਂ ਸਕਤਾ।”

“ਕਿਉਂ ? ਕੀ ਹੋਇਆ ਉਹਨੂੰ ?”

ਮਾਲਤੀ ਇਕ ਪਲ ਚੁੱਪ ਹੋ ਗਈ। ਬਹਿਰੇ ਵੀ ਬਰਤਨ ਸਮੇਟਣੇ ਬੰਦ ਕਰ ਦਿੱਤੇ। ਮਾਲਤੀ ਅੱਖਾਂ ਭਰ ਆਈ। ਸਾੜ੍ਹੀ ਦੇ ਪੱਲੂ ਨਾਲ ਅੱਖਾਂ ਪੂੰਝ ਰੋਣ ਵਾਂਗ ਕਿਹਾ।

“ਕੈਂਸਰ ਵਾਲੀ ਬਿਮਾਰੀ ਬਤਾ ਰਹੇਂ ਹੈਂ ਡਾਂਕਟਰ। ਬੋਲਤੇ ਹੈਂ ਇਲਾਜ ਕਰਾਓ। ਠੀਕ ਕਰ ਦੇਂਗੇ; ਏਕ ਸਾਲ ਮੇਂ।”

ਗੁਰੀਏ ਕੰਬਦੇ ਹਿਰਦੇ ਨਾਲ ਮਾਲਤੀ ਨੂੰ ਰੋਟੀਆਂ ਸੰਭਾਲਦੇ ਦੇਖ ਗੱਚ ਭਰ ਲਿਆ ਅਤੇ ਟੁੱਟਦੇ ਬੋਲਾਂ ਨਾਲ ਕਿਹਾ।

“ਲੇਕਿਨ ਕੈਂਸਰ ਤਾਂ ਲਾ-ਇਲਾਜ ਹੈ।”

“ਯਹੀ ਕਹਿਤਾ ਹੈ ਸਾਹਬ ਵੋਹ ਬੀ। ਰੋਤਾ ਹੈ ਹਰ ਬਖ਼ਤ। ਲੇਕਿਨ ਮੈਂ ਨਹੀਂ ਮਾਨਤੀ। ਬੋਲਤੀ ਹੂੰ, ਮੈਂ ਹੂੰ ਨਾ। ਮੌਤ ਕੋ ਛੂਨੇ ਨਹੀਂ ਦੂੰਗੀ ਤੁਮੇਂ।”

ਮਾਲਤੀ ਦੀਆਂ ਅੱਖਾਂ ਵਿਚ ਚਮਕ ਅਤੇ ਚਿਹਰੇ ’ਤੇ ਆਭਾ ਦੇਖ ਗੁਰੀਆ ਸੁੰਨ ਰਹਿ ਗਿਆ। ਇਕਾ ਇਕ ਗੁਰੀਏ ਦੀ ਦੇਹ ਵਿਚ ਕਾਂਬਾ ਛਿੜਿਆ। ਸਿਰ ਨੂੰ ਚੱਕਰ ਆਇਆ। ਰਮੀ ਦੀ ਦੇਹ ’ਤੇ ਫੁਲਬਹਿਰੀ ਦੇ ਚਟਾਕ ਯਾਦ ਆਏ ਅਤੇ ਉਹ ਚੱਕਰ ਖਾ ਕੇ ਫਰਸ਼ ਤੇ ਹੀ ਢੇਰੀ ਹੋ ਗਿਆ।

ਮਾਲਤੀ ਅਤੇ ਬਹਿਰਾ ਦੌੜ ਕੇ ਗੁਰੀਏ ਕੋਲ ਆਏ।

“ਅਰੇ ਕਿਆ ਹੁਆ ? ਆਪ ਠੀਕ ਤੋ ਹੈਂ ?” ਮਾਲਤੀ ਘਾਬਰ ਗਈ। ਉਸ ਹੱਥ ਵਿਚ ਫੜੀ ਪਾਣੀ ਦੀ ਬੋਤਲ ਗੁਰੀਏ ਦੇ ਮੂੰਹ ਵੱਲ ਕੀਤੀ। ਗੁਰੀਏ ਪਾਣੀ ਪੀਣ ਤੋਂ ਨਾਂਹ ਕਰਦੇ ਸਿਰ ਹੱਥਾਂ ਵਿਚ ਲੈ ਲਿਆ ਜਿਵੇਂ ਬਹੁਤ ਪੀੜ ਹੋ ਰਹੀ ਹੋਵੇ। ਕਾਫ਼ੀ ਦੇਰ ਬਾਦ ਹੌਂਸਲਾ ਕਰਦੇ ਹੈਰਾਨੀ ’ਚ ਕਿਹਾ।

“ਕੈਂਸਰ ਨਾਲ ਲੜ ਰਹੀ ਏਂ ਤੂੰ ?”

“ਭਗਵਾਨ ਕੇ ਸਾਮਨੇ ਹਾਥ ਪਕੜਾ ਹੈ ਸਾਹਬ ! ਖ਼ੁਦ ਕੋ ਬੇਚ ਦੂੰਗੀ, ਮਗਰ ਰਾਸਤੇ ਮੇਂ ਨਹੀਂ ਛੋੜੂੰਗੀ। ਕੈਂਸਰ ਵੈਂਸਰ ਕਿਆ ਹੈ ਸਾਲਾ।”



ਮਾਲਤੀ ਗੁਰੀਏ ਦੇ ਸਿਰ ਤੇ ਖੜ੍ਹੀ ਸੀ।...

ਗੁਰੀਏ ਉੱਪਰ ਨੂੰ ਮੂੰਹ ਕਰਦੇ ਮਾਲਤੀ ਵੱਲ ਦੇਖਿਆ। ਲੱਗਾ ਕੋਈ ਦੇਵੀ ਖੜ੍ਹੀ ਸੀ। ਜਿਹੜੀ ਮੌਤ ਨੂੰ ਲਲਕਾਰ ਰਹੀ ਸੀ। ਗੁਰੀਏ ਨੇ ਕੰਬਦੇ ਹੱਥ ਬਟੂਏ ਵੱਲ ਕੀਤੇ।

“ਨਹੀਂ ਲੇਗੀ ਸਾਹਿਬ।” ਘਣਸ਼ਾਮ ਕਿਹਾ। “ਮੈਂ ਜਾਨਤਾ ਹੂੰ ਇਸੇ। ਖ਼ੈਰਾਇਤ ਮੇਂ ਕੁੱਛ ਨਹੀਂ ਲੇਤੀ। ਬੱਸ ਇਸ ਬਚੇ ਹੁਏ ਖਾਨੇ ਕੇ ਸਿਵਾ।”

“ਆਪ ਠੀਕ ਹੈਂ ਨਾ ?” ਮਾਲਤੀ ਗੁਰੀਏ ਨੂੰ ਫਿਰ ਪੁੱਛਿਆ।

ਗੁਰੀਏ ਨੀਵੀਂ ਪਾਈ।

“ਠੀਕ ਹੈ ਚਲਤੀ ਹੂੰ ਮੈਂ।” ਮਾਲਤੀ ਕਿਹਾ, ਅਤੇ ਚਲੀ ਗਈ।

ਗੁਰੀਆ ਉੱਠਿਆ ਅਤੇ ਨਿਸੱਤਾ ਜਿਹਾ ਬੈੱਡ ’ਤੇ ਬੈਠ ਗਿਆ।

ਬਹਿਰੇ ਬਰਤਨ ਸਮੇਟੇ ਤੇ ਕਿਹਾ।

“ਬਹੁਤ ਖ਼ੁੱਦਾਰ ਹੈ ਸਾਹਿਬ ! ਇਸੇ ਬੇਟੀ ਕੀ ਤਰਹੇਂ ਮਾਨਤੇ ਹੈਂ ਹਮ।”

ਬਹਿਰਾ ਚਲਾ ਗਿਆ। ਮਾਲਤੀ ਚਲੀ ਗਈ।...

ਕਮਰਾ ਖਾਲੀ ਸੀ।...

ਗੁਰੀਆ ਕਾਫ਼ੀ ਦੇਰ ਸੁੰਨ ਬੈਠਾ ਰਿਹਾ।

ਫਿਰ ਉਹਨੂੰ ਲੱਗਾ, ਕਮਰਾ ਖਾਲੀ ਨਹੀਂ ਸੀ। ਕਮਰੇ ਵਿਚ ਮਾਲਤੀ ਸੀ। ਸੋਫ਼ੇ ਤੇ ਬੈਠੀ। ਗੁਸਲਖਾਨੇ ਵੱਲ ਗਈ। ਬਚੀ ਹੋਈ ਰੋਟੀ ਅਤੇ ਸਬਜ਼ੀ ਸਮੇਟਦੀ। ਸ਼ਰਾਬ ਦੀਆਂ ਚੁਸਕੀਆਂ ਲੈ ਰਹੀ।

ਅਚਾਨਕ ਮਹਿਸੂਸ ਹੋਇਆ।...

ਉਹ ਫਰਸ਼ ਤੇ ਬੈਠਾ ਸੀ। ਬੈਠਾ ਨਹੀਂ ਚੱਕਰ ਖਾ ਕੇ ਡਿੱਗਿਆ ਸੀ। ਕੋਈ ਵਿਸ਼ਾਲ ਕਾਇਆ। ਕਾਇਆ ਨਹੀਂ ਮਾਲਤੀ। ਉਹਦੇ ਸਾਮ੍ਹਣੇ, ਬਿਲਕੁਲ ਕੋਲ ਖੜ੍ਹੀ ਸੀ।... ਉਹਨੂੰ ਆਪਣੇ ਆਪ ’ਤੇ ਤਰਸ ਆਇਆ। ਗਲਾ ਭਰਿਆ ਅਤੇ ਅੱਥਰੂ ਉਮਡ ਆਏ। ਉਹਦੀ ਭੁੱਬ ਨਿਕਲੀ। ਮਾਲਤੀ ਦੇ ਸਾਮ੍ਹਣੇ ਉਹ ਕੀ ਸੀ ? ਵੇਗ ਵਿਚ ਉਹ ਇਤਨਾ ਵਹਿ ਤੁਰਿਆ; ਬੱਚਿਆਂ ਵਾਂਗ ਰੋਣ ਲੱਗਾ।...

ਹਉਕਾ ਲੈ ਉੱਠਿਆ। ਇਕ ਪਲ ਤ੍ਰਿਖਾ ਅਤੇ ਰਮੀ ਚੇਤੇ ਕਰਨ ਦੀ ਕੋਸ਼ਿਸ਼ ਕੀਤੀ। ਜ਼ਿਹਨ ਵਿਚ ਕੁਝ ਵੀ ਨਾ ਆਇਆ। ਜਿਵੇਂ ਹੀ ਅੱਥਰੂਆਂ ਨਾਲ ਭਿੱਜਾ ਮੂੰਹ ਧੋਤਾ। ਸ਼ੀਸ਼ੇ ’ਚ ਦੇਖਿਆ, ਲੱਗਾ ਅੱਗੇ-ਪਿੱਛੇ, ਆਸੇ-ਪਾਸੇ ਮਾਲਤੀ ਖੜ੍ਹੀ ਸੀ... ਵਿਸ਼ਾਲ ਕਾਇਆ। ਚਿਹਰੇ ’ਤੇ ਆਭਾ ਅਤੇ ਮੌਤ ਨੂੰ ਲਲਕਾਰਦੀ ਹੋਈ। ਅਡੋਲ।...

ਗੁਰੀਏ ਕਾਹਲੀ ਨਾਲ ਚੱਢੇ ਨੂੰ ਫੋਨ ਕੀਤਾ।

“ਬ੍ਰਦਰ ਪੰਜ ਮਿਨਟ...। ਬੱਸ ਆਏ।” ਚੱਢੇ ਘਾਬਰ ਕੇ ਕਿਹਾ।

“ਕੋਈ ਫ਼ਾਇਦਾ ਨਹੀਂ।” ਗੁਰੀਆ ਵਜਦ ਵਿਚ ਸੀ।

“ਗਈ ਮਾਲਤੀ ?” ਚੱਢੇ ਦੀ ਅਵਾਜ਼ ਥਿੜਕੀ।

“ਨਹੀਂ। ਇੱਥੇ ਹੀ ਹੈ। ਮੇਰੇ ਸਾਮ੍ਹਣੇ।”

“ਗੱਲ ਕਰਾ, ਮੈਂ ਲਿਫਟ ਵਿਚ ਹਾਂ।”

“ਕਿਹੈ ਨਾ ਕੋਈ ਫ਼ਾਇਦਾ ਨਹੀਂ।”

“ਕਿਉਂ ?”

“ਮੈਂ ਤਲਾਕ ਨਹੀਂ ਲੈ ਰਿਹਾ।”...

ਮਰਾਠੀ ਕਹਾਣੀ

# ਇਨਸਾਨੀਅਤ ਦਾ ਰਸਾਇਣ

**—ਸੁਬੋਧ ਜਾਵੜੇਕਰ**

ਸਾਰੇ ਦਿਨ ਦਾ ਆਪਣਾ ਕੰਮ ਮੁੱਕਾ ਕੇ ਡਾਕਟਰ ਪੈ ਪ੍ਰਯੋਗਸ਼ਾਲਾ ਤੋਂ ਆਪਣੇ ਦਫ਼ਤਰ ਆਏ ਤਾਂ ਬਹੁਤ ਥੱਕ ਗਏ ਸਨ। ਉਨ੍ਹਾਂ ਦੇ ਸਾਰੇ ਸਹਿਯੋਗੀ, ਸਹਾਇਕ, ਮਾਤਹਿਤ, ਕੰਮ ਕਰਨ ਵਾਲੇ ਕਰਮਚਾਰੀ ਕਦੋਂ ਦੇ ਘਰ ਜਾ ਚੁੱਕੇ ਸਨ। ਉਨ੍ਹਾਂ ਦੇ ਕਮਰੇ ਵਿੱਚ ਹਨੇਰਾ ਸੀ। ਬਟਨ ਦਬਾਉਂਦੇ ਹੀ ਕਮਰੇ ਵਿੱਚ ਰੋਸ਼ਨੀ ਹੋ ਗਈ। ਉਨ੍ਹਾਂ ਨੇ ਘੜੀ 'ਤੇ ਨਜ਼ਰ ਮਾਰੀ। ਸ਼ਾਮ ਦੇ ਸਾਢੇ ਸੱਤ ਵਜ ਗਏ ਸਨ। ਸਵੇਰੇ ਨੌਂ ਵਜੇ ਤੋਂ ਉਹ ਲਗਭਗ ਖੜ੍ਹੇ ਹੋ ਕੇ ਕੰਮ ਕਰ ਰਹੇ ਸਨ। ਦੁਪਹਿਰ ਦੀ ਰੋਟੀ ਵੇਲੇ ਬਸ ਪੰਜ-ਦਸ ਮਿੰਟ ਉਨ੍ਹਾਂ ਕੁਰਸੀ 'ਤੇ ਟੇਕ ਲਾਈ ਹੋਏਗੀ। ਦੁਪਹਿਰ ਦੀ ਰੋਟੀ ਵੀ ਉਨ੍ਹਾਂ ਨੇ ਕੋਈ ਸ਼ਾਮੀ ਚਾਰ ਵਜੇ ਖਾਧੀ ਸੀ। ਰੋਟੀ ਕੀ, ਬਸ ਦੋ-ਚਾਰ ਬੁਰਕੀਆਂ ਛੇਤੀ ਨਾਲ ਨਿਗਲੀਆਂ ਸਨ।

ਕੁਰਸੀ 'ਤੇ ਬੈਠਦੇ ਹੀ ਉਨ੍ਹਾਂ ਨੇ ਟੇਬਲ 'ਤੇ ਪਿਆ ਕੰਪਿਊਟਰ ਔਨ ਕੀਤਾ। ਇਨਬੌਕਸ ਖੋਲ੍ਹ ਕੇ ਅੱਜ ਦੇ ਆਏ ਈਮੇਲ ਪੜ੍ਹਨ ਹੀ ਵਾਲੇ ਸਨ ਕਿ ਮੌਨੀਟਰ ਦੇ ਪਰਦੇ 'ਤੇ ਇਕ ਸੰਦੇਸ਼ ਉਭਰਿਆ।

'ਅੱਜ ਅਸੀਮ ਦਾ ਜਨਮ ਦਿਨ ਹੈ। ਪੰਜ ਵਜੇ ਘਰ ਜਾਣਾ।'

ਸੰਦੇਸ਼ ਦੇਖਦੇ ਹੀ ਡਾਕਟਰ ਨੇ ਮਥੇ 'ਤੇ ਹੱਥ ਮਾਰਿਆ। ਇੰਤਜ਼ਾਮ ਕਰਨ ਦੇ ਬਾਵਜੂਦ ਵੀ ਉਹ ਆਪਣੇ ਬੇਟੇ ਦਾ ਜਨਮ ਦਿਨ ਭੁੱਲ ਹੀ ਗਏ ਸਨ।

'ਹੁਣ ?'

ਹਤਾਸ਼ ਹੋ ਕੇ ਉਹ ਸਕਰੀਨ ਵੱਲ ਦੇਖਦੇ ਰਹੇ। ਹੁਣ ਘਰ ਫੋਨ ਕਰਨ ! ਜਾਂ ਸਿੱਧੇ ਹੀ ਘਰ ਜਾਣ ? ਉਨ੍ਹਾਂ ਨੂੰ ਯਾਦ ਆਇਆ, ਅਸੀਮ ਲਈ ਉਨ੍ਹਾਂ ਨੇ ਕੋਈ ਤੋਹਫ਼ਾ ਵੀ ਨਹੀਂ ਲਿਆ ਸੀ। ਸ਼ਾਮ ਨੂੰ ਜਾਂਦੇ ਹੋਏ ਲੈਣ ਬਾਰੇ ਸੋਚਿਆ ਸੀ।

'ਓ ! ਵਹਾਟ ਏ ਮੇਸ !'

ਪਰ ਸਵਿਤਾ ਨੇ ਵੀ ਮੋਬਾਇਲ 'ਤੇ ਫੋਨ ਕਰ ਕੇ ਯਾਦ ਕਿਉਂ ਨਹੀਂ ਕਰਵਾਇਆ ਸੀ ? ਫਿਰ ਉਨ੍ਹਾਂ ਨੂੰ ਯਾਦ ਆਇਆ ਕਿ ਕੋਈ ਡਿਸਟਰਬ ਨਾ ਕਰੇ, ਇਸ ਲਈ ਉਨ੍ਹਾਂ ਨੇ ਮੋਬਾਇਲ ਬੰਦ ਕੀਤਾ ਹੋਇਆ ਸੀ। ਠੀਕ ਹੈ, ਮੋਬਾਇਲ ਬੰਦ ਸੀ। ਪਰ ਸਦਾਸ਼ਿਵ ਨੂੰ ਕਹਿ ਕੇ ਫੋਨ 'ਤੇ ਬੁਲਾ ਸਕਦੀ ਸੀ। ਘੱਟੋ-ਘੱਟ ਵਾਰੰਗ ਰਾਹੀਂ ਸੁਨੇਹਾ ਭਿਜਵਾ ਦੇਂਦੀ। ਇਹ ਬੀਵੀਆਂ ਵੀ ਬਸ ਐਵੇਂ ਹੀ। ਵੇਲੇ ਸਿਰ ਯਾਦ ਕਰਵਾਉਣਾ ਨਹੀਂ, ਥੋੜ੍ਹਾ ਜਿਹਾ ਭੁੱਲ ਜਾਓ ਤਾਂ ਪਿੱਛੇ ਪੈ ਜਾਂਦੀਆਂ ਹਨ।

ਖ਼ੈਰ ! ਜੋ ਹੋ ਗਿਆ, ਠੀਕ ਹੈ। ਪਰ ਹੁਣ ਠੀਕ ਇਹੀ ਹੈ ਕਿ ਵਕਤ ਜ਼ਾਇਆ ਨਾ ਕਰ ਕੇ ਘਰ ਵੱਲ ਤੁਰ ਪੈਣਾ ਚਾਹੀਦਾ ਹੈ। ਤੋਹਫ਼ਾ ਹੁਣ ਰਹਿਣ ਦਿਓ। ਘਰ ਦੇ ਰਸਤੇ ਵਿੱਚ ਆਉਂਦੀ ਦੁਕਾਨ ਵੀ ਹੁਣ ਬੰਦ ਹੋ ਗਈ ਹੋਵੇਗੀ। ਕਿੱਧਰੋਂ ਦੂਰੋਂ ਲਿਆਉਣ ਨਾਲ ਹੋਰ ਦੇਰ ਹੋ ਜਾਏਗੀ। ਫਿਰ ਦੁਕਾਨ ਵਿੱਚ ਜਾ ਕੇ ਹਮੇਸ਼ਾ ਦਾ ਰੱਫੜ ! ਕੀ ਲੈਣ ! ਇਹੀ ਸਮਝ ਵਿੱਚ ਨਹੀਂ ਆਉਂਦਾ। ਕੱਪੜੇ ਲੈਣ ਤਾਂ ਸਾਇਜ਼ ਪਤਾ ਨਹੀਂ ਹੁੰਦਾ। ਕੋਈ ਹੋਰ ਚੀਜ਼ ਲੈ ਲੈਣ ਤਾਂ ਹੋ ਸਕਦਾ ਹੈ ਕਿ ਉਹ ਅਸੀਮ ਕੋਲ ਪਹਿਲਾਂ ਤੋਂ ਹੀ ਹੋਵੇ। ਅਜਿਹੀ ਹਾਲਤ ਵਿੱਚ ਸਵਿਤਾ ਹੋਰ ਜਾਨ ਖਾਏਗੀ।

ਡਾਕਟਰ ਸਾਹਬ ਨੇ ਕਿਸੇ ਤਰ੍ਹਾਂ ਲੈਬ ਕੋਟ ਲਾਇਆ। ਦਰਾਜ਼ ਤੋਂ ਸਕੂਟਰ ਦੀ ਚਾਬੀ ਕੱਢੀ ਤੇ ਤੁਰ ਪਏ। ਕੰਪਿਊਟਰ ਬੰਦ ਕਰਨ ਤੋਂ ਪਹਿਲਾਂ ਸਰਸਰੀ ਨਜ਼ਰ ਅੱਜ ਦੀਆਂ ਆਈਆਂ



ਈਮੇਲ ਦੇ ਇੰਡੈਕਸ 'ਤੇ ਮਾਰੀ। ਦੋ-ਤਿੰਨ ਸਹਿਯੋਗੀਆਂ ਦੇ ਈਮੇਲਜ਼ ਸਨ। ਵਿਗਿਆਨੀ ਵਿਸ਼ਿਆਂ ਨਾਲ ਸੰਬੰਧਤ ਕੁਝ ਲੇਖ ਮਿੱਤਰਾਂ ਨੇ ਉਨ੍ਹਾਂ ਨੂੰ ਫਾਰਵਰਡ ਕੀਤੇ ਸਨ। ਕੁਝ ਜੰਕ ਮੇਲਜ਼ ਸਨ। ਇਸ ਦੇ ਨਾਲ ਹੀ ਦਿੱਲੀ ਦੇ ਆਲ ਇੰਡੀਆ ਇੰਸਟੀਟਿਊਟ ਦੇ ਭਟਨਾਗਰ ਦੀ ਵੀ ਇਕ ਮੇਲ ਸੀ। ਕੱਲ੍ਹ ਹੀ ਆਈ ਸੀ। ਉਸ ਨੂੰ ਖੋਲ੍ਹ ਕੇ ਪੜ੍ਹਨ ਦਾ ਮਨ ਤਾਂ ਕੀਤਾ, ਪਰ ਹੁਣ ਵਕਤ ਨਹੀਂ ਸੀ। ਇਸਲਈ ਮਜ਼ਬੂਰੀ ਕਾਰਣ ਉਹ ਮੇਲ ਨਾ ਖੋਲ੍ਹ ਕੇ ਉਨ੍ਹਾਂ ਨੇ ਕੰਪਿਊਟਰ ਬੰਦ ਕੀਤਾ ਤੇ ਤੁਰ ਪਏ।

**

"ਪੈ ਸਾਹਬ, ਨਟਰਾਜਨ ਸਾਹਬ ਨੇ ਤੁਹਾਨੂੰ ਬੁਲਾਇਆ ਏ।" ਸਦਾਸ਼ਿਵ ਨੇ ਆਣ ਸੁਨੇਹਾ ਦਿੱਤਾ।

"ਮੈਨੂੰ ਬੁਲਾਇਆ ਏ ? ਹੁਣੇ ਤੁਰੰਤ।" ਨਟਰਾਜਨ ਉਨ੍ਹਾਂ ਦੇ ਬੌਸ ਸਨ।

"ਹਾਂ, ਤੁਹਾਨੂੰ ਨਾਲ ਲੈ ਕੇ ਹੀ ਆਉਣ ਲਈ ਕਿਹਾ ਏ।"

"ਠੀਕ ਏ, ਆ ਰਿਹਾ ਹਾਂ। ਉਨ੍ਹਾਂ ਦੇ ਸੈਕੇਟਰੀ ਨੂੰ ਦੱਸ ਦੇ।"

ਹੱਥਲਾ ਕੰਮ ਆਪਣੇ ਸਹਿਯੋਗੀ ਵਾਰੰਗ ਨੂੰ ਸੌਂਪ ਕੇ ਉਹ ਨਟਰਾਜਨ ਵੱਲ ਚਲ ਪਏ। ਉਨ੍ਹਾਂ ਦਾ ਦਫ਼ਤਰ ਉਸੇ ਇਮਾਰਤ ਦੀ ਉੱਪਰਲੀ ਮੰਜ਼ਿਲ 'ਤੇ ਸੀ। ਉਹ ਡਾਕਟਰ ਪੈ ਦੀ ਹੀ ਰਾਹ ਦੇਖ ਰਹੇ ਸਨ।

"ਆਓ।"

ਉਨ੍ਹਾਂ ਨੂੰ ਦੇਖ ਕੇ ਨਟਰਾਜਨ ਨੇ ਕਿਹਾ।

"ਬੈਠੋ। ਡਾਕਟਰ ਭਟਨਾਗਰ ਦੇ ਈਮੇਲ ਬਾਰੇ ਤੁਸੀਂ ਕੀ ਤੈਅ ਕੀਤਾ ?" ਉਨ੍ਹਾਂ ਨੇ ਸਿੱਧੇ ਹੀ ਮੁੱਦੇ ਦੀ ਗੱਲ ਕੀਤੀ।

"ਈਮੇਲ ? ਭਟਨਾਗਰ ਦਾ ਈਮੇਲ ?" ਡਾਕਟਰ ਪੈ ਨੇ ਸਵਾਲੀਆ ਨਿਗਾਹ ਨਾਲ ਦੇਖਿਆ।

"ਦਿੱਲੀ ਦੇ ਆਲ ਇੰਡੀਆ ਮੈਡੀਕਲ ਇੰਸਟੀਟਿਊਟ ਦੇ ਡਾਕਟਰ ਭਟਨਾਗਰ ਦਾ ਈਮੇਲ ਤੁਹਾਨੂੰ ਕੱਲ੍ਹ ਦਾ ਆਇਆ ਹੋਇਆ ਏ ਨਾ ? ਉਸ ਦੀ ਇਕ ਕਾਪੀ ਉਨ੍ਹਾਂ ਨੇ ਮੈਨੂੰ ਵੀ ਭੇਜੀ ਏ। ਉਸ ਬਾਰੇ ਪੁੱਛ ਰਿਹਾਂ।"

ਪੈ ਨੂੰ ਅਚਾਨਕ ਯਾਦ ਆਇਆ। ਕੱਲ੍ਹ ਸ਼ਾਮ ਨੂੰ ਉਨ੍ਹਾਂ ਨੇ ਬਿਨਾਂ ਪੜ੍ਹੇ ਹੀ ਉਹ ਈਮੇਲ ਛੱਡ ਦਿੱਤੀ ਸੀ। ਹਾਏ ਰੱਬਾ ! ਉਸ ਬਾਰੇ ਤਾਂ ਉਹ ਭੁੱਲ ਹੀ ਗਏ ਸਨ। ਅੱਜ ਸਾਰਾ ਦਿਨ ਕੰਮ ਦੀ ਹੜਬੜੀ 'ਚ ਉਨ੍ਹਾਂ ਨੂੰ ਕੁਝ ਯਾਦ ਹੀ ਨਹੀਂ ਰਿਹਾ ਸੀ। ਕੀ ਸੀ ਉਸ ਈਮੇਲ ਵਿੱਚ ?

"ਹਾਂ ਸਰ, ਭਟਨਾਗਰ ਦੀ ਮੇਲ ਤਾਂ ਆਈ ਏ। ਕੱਲ੍ਹ ਹੀ ਆਈ ਸੀ। ਪਰ ਮੈਂ ਅਜੇ ਪੜ੍ਹੀ ਨਹੀਂ। ਕੰਮ ਦੀ ਹੜਬੜੀ 'ਚ ਰਹਿ ਗਈ। ਸੌਰੀ, ਐਕਸਟਰੀਮਲੀ ਸੌਰੀ !"

"ਮੈਨੂੰ ਲੱਗਾ ਹੀ ਸੀ।" ਪੈ ਦੀ ਥਾਂ 'ਤੇ ਕੋਈ ਹੋਰ ਹੁੰਦਾ ਤਾਂ ਨਟਰਾਜਨ ਉਸ ਨੂੰ ਕੱਚਾ ਖਾ ਜਾਂਦਾ, ਪਰ ਪੈ ਸਾਹਬ ਦੀ ਅਕਲਮੰਦੀ ਦਾ ਉਹ ਕਾਇਲ ਸੀ। ਇਸ ਕਾਰਣ ਉਸ ਦਾ ਭੁਲੱਕੜਪਨ ਉਹ ਸਹਿ ਜਾਂਦਾ ਸੀ। ਕਦੇ-ਕਦੇ ਹੱਸੀ-ਮਜ਼ਾਕ ਵੀ ਕਰ ਲੈਂਦਾ ਸੀ।

"ਠੀਕ ਏ, ਮੈਂ ਦੱਸਦਾ ਹਾਂ, ਕੀ ਏ ਉਸ ਮੇਲ 'ਚ", ਭਟਨਾਗਰ ਦੀ ਮੇਲ ਉਨ੍ਹਾਂ ਨੇ ਜਾਣ ਬੁੱਝ ਕੇ ਨਜ਼ਰਅੰਦਾਜ਼ ਨਹੀਂ ਕੀਤੀ ਹੋਏਗੀ । ਆਪਣੇ ਭੁਲੱਕੜਪਨ ਕਾਰਣ ਪੈ ਭੁੱਲ ਗਏ ਹੋਣਗੇ, ਇਹ ਗੱਲ ਬੌਸ ਨੂੰ ਸਮਝ ਵਿੱਚ ਆ ਗਈ ਸੀ।

"ਸਾਡੇ ਪ੍ਰਧਾਨਮੰਤਰੀ ਸੋਹਨ ਪਰਮਾਰ ਦੀ ਬੀਮਾਰੀ ਦੇ ਸੰਬੰਧ 'ਚ, ਡਾਕਟਰ ਭਟਨਾਗਰ ਨੇ ਲਿਖਿਆ ਏ।"

ਆਮ ਤੌਰ 'ਤੇ ਸਿਆਸਤਦਾਨਾਂ ਪ੍ਰਤੀ ਵਿਗਿਆਨੀਆਂ ਦੇ ਮਨਾਂ ਵਿੱਚ ਬਹੁਤਾ ਆਦਰ ਭਾਵ ਨਹੀਂ ਹੁੰਦਾ, ਸਗੋਂ ਤ੍ਰਿਸਕਾਰ ਦੀ ਭਾਵਨਾ ਵਧੇਰੇ ਹੁੰਦੀ ਹੈ। ਬਹੁਤ ਘੱਟ ਸਿਆਸਤਦਾਨਾਂ ਪ੍ਰਤੀ ਲੋਕਾਂ ਵਿੱਚ ਆਦਰ ਤੇ ਪ੍ਰੇਮ ਹੁੰਦਾ ਹੈ। ਸੋਹਨ ਪਰਮਾਰ ਅਜਿਹੀ ਹੀ ਚੋਣਵੀਂ ਸ਼ਖ਼ਸੀਅਤ ਸੀ। ਇਕਦਮ ਨਿਘਾਰ ਦੇ ਨੀਵੇਂ ਪਾਇਦਾਨ 'ਤੇ ਪਹੁੰਚੀ ਭਾਰਤੀ ਸਿਆਸਤ ਨੂੰ ਕੁਝ ਹੱਦ ਤਕ ਇਸ ਚਿੱਕੜ ਵਿਚੋਂ ਕੱਢਣ ਦਾ ਸਿਹਰਾ ਉਨ੍ਹਾਂ ਨੂੰ ਹੀ ਜਾਂਦਾ ਸੀ।

"ਸੋਹਨ ਪਰਮਾਰ ਬੀਮਾਰ ਨੇ ?" ਪੈ ਨੇ ਪੁੱਛਿਆ।

"ਫਿਲਹਾਲ ਬੀਮਾਰ ਨ੍ਹੀਂ। ਪਰ ਜਲਦੀ ਹੀ ਬੀਮਾਰ ਹੋ ਜਾਣਗੇ।"

"ਕੀ ਮਤਲਬ ? ਮੈਂ ਸਮਝਿਆ ਨ੍ਹੀਂ ?"

"ਤੁਸੀਂ ਈਮੇਲ ਪੜ੍ਹੀ ਹੁੰਦੀ ਤਾਂ ਤੁਹਾਨੂੰ ਪਤਾ ਲੱਗ ਜਾਂਦਾ। ਠੀਕ ਏ, ਮੈਂ ਦੱਸਦਾ ਹਾਂ। ਕੁਝ ਹੀ ਦਿਨਾਂ 'ਚ ਸਾਡੇ ਪ੍ਰਧਾਨਮੰਤਰੀ ਦੀ 'ਸੀਸੀਐਸਟੀ' ਨਾਮਕ ਰੋਗ ਦੀ ਬਲੀ ਚੜ੍ਹ ਜਾਣ ਦੀ ਪੂਰੀ ਸੰਭਾਵਨਾ ਏ।"

"ਸੀਸੀਐਸਟੀ ?"

"ਹਾਂ, ਸੀਸੀਐਸਟੀ। ਸੇਰੇਬ੍ਰਲ ਕਵਹੀਨਰਸ ਸਾਇੰਸ ਥ੍ਰੋਮਬਸਿਸ ਦਾ ਸ਼ੋਰਟ ਫੌਰਮ। ਇਹ ਦਿਮਾਗ਼ ਦੀ ਇਕ ਬੀਮਾਰੀ ਏ। ਇਸ ਬੀਮਾਰੀ ਦੀ ਕੋਈ ਦਵਾਈ ਨ੍ਹੀਂ। ਕੋਈ ਉਪਾਅ ਨ੍ਹੀਂ। ਸਰਜਰੀ ਵੀ ਸੰਭਵ ਨ੍ਹੀਂ ਹੁੰਦੀ। ਬੀਮਾਰੀ ਹੋਣ ਤੇ ਦੋ ਮਹੀਨੇ ਦੇ ਅੰਦਰ ਹੀ ਬੀਮਾਰ ਗੁਜ਼ਰ ਜਾਂਦਾ ਏ।"

"ਸੋਹਨ ਪਰਮਾਰ ਨੂੰ ਸੀਸੀਐਸਟੀ ਹੋ ਗਿਆ ਏ ?"

"ਅਜੇ ਹੋਇਆ ਨ੍ਹੀਂ ਏ, ਪਰ ਕਦੇ ਵੀ ਹੋ ਸਕਦਾ ਏ।"

"ਯਾਨੀ ?" ਪੈ ਇਕਦਮ ਚਕਰਾ ਗਏ।

"ਉਹ ਸਭ ਕੁਝ ਡਾਕਟਰ ਭਟਨਾਗਰ ਦੇ ਮੇਲ 'ਚ ਏ। ਸੋਹਨ ਪਰਮਾਰ ਨੂੰ ਜਲਦੀ ਹੀ ਸੀਸੀਐਸਟੀ ਹੋਏਗਾ ਤੇ ਉਹ ਗੁਜ਼ਰ ਜਾਣਗੇ, ਇਹ ਸੌ ਫੀਸਦੀ ਸੱਚ ਏ।"

"ਔਹ ! ਆਈ ਸੀ ! ਵੈਰੀ ਸੈਡ, ਵੈਰੀ ਵੈਰੀ ਸੈਡ ! ਸਾਡਾ ਅਰਥਚਾਰਾ ਹੁਣ ਕਿੱਤੇ ਠੀਕ ਰਾਹ 'ਤੇ ਆਉਣ ਲੱਗਾ ਸੀ। ਪ੍ਰਧਾਨ ਮੰਤਰੀ ਨੇ ਅਜੇ ਬਹੁਤ ਕੁਝ ਕਰਨਾ ਏ। ਤੇ ਹੁਣ...।"

ਪੈ ਕਾਫੀ ਦੇਰ ਤਕ ਮਾਯੂਸ ਬੈਠੇ ਰਹੇ। ਫਿਰ ਨਟਰਾਜਨ ਨੂੰ ਬੋਲੇ, "ਪਰ ਸਰ, ਇਸ 'ਚ ਮੈਂ ਕੀ ਕਰ ਸਕਦਾਂ ? ਮੈਂ ਡਾਕਟਰ ਹਾਂ, ਪਰ ਚਿਕਿਤਸਕ-ਡਾਕਟਰ ਨ੍ਹੀਂ। ਮੈਂ 'ਸੀਸੀਐਸਟੀ' 'ਤੇ ਰਿਸਰਚ ਨ੍ਹੀਂ ਕਰਦਾ। ਉਹ ਇਕ ਬੀਮਾਰੀ ਏ ਤੇ ਉਸ ਦੇ ਇਲਾਜ ਦੀ ਮੈਨੂੰ ਕੋਈ ਜਾਣਕਾਰੀ ਨ੍ਹੀਂ। ਮੈਂ ਕੀ ਕਰ ਸਕਦਾਂ ?"

"ਤੁਸੀਂ ਜੇਨਟਿਕਸ ਦੇ ਖੇਤਰ 'ਚ ਭਾਰਤ ਦੇ ਸਰਬਸ੍ਰੇਸ਼ਟ ਵਿਗਿਆਨੀ ਹੋ।"

"ਸਰ, ਕੀ ਕਹਿ ਰਹੇ ਹੋ ! ਐਵੇਂ ਹੀ ਮੈਨੂੰ ਹਵਾ ਦੇ ਘੋੜੇ 'ਤੇ ਚੜ੍ਹਾ ਰਹੇ ਹੋ। ਦਿੱਲੀ ਦੇ ਡਾਕਟਰ ਜਗਦੀਸ਼ ਕਾਬਰਾ ਨੇ, ਮੀਣਾ ਨੇ, ਬੇਂਗਲੂਰ ਦੇ ਪੀਪੀਐਨ ਰਾਵ ਨੇ ਖ਼ੂਬ ਕੰਮ ਕੀਤਾ ਏ।"

ਪੈ ਨੇ ਨਿਮਰਤਾ ਨਾਲ ਕਿਹਾ, "ਇਹ ਸੱਚ ਏ ਕਿ ਮੈਂ ਵੀ ਇਸ ਵਿੱਚ ਥੋੜ੍ਹਾ-ਬਹੁਤ ਕੰਮ ਕੀਤਾ ਏ, ਪਰ ਉਸ ਦਾ ਪ੍ਰਧਾਨਮੰਤਰੀ ਦੀ ਬੀਮਾਰੀ ਨਾਲ ਕੀ ਤਾਲੁੱਕ ?"



"ਇਹ ਭਟਨਾਗਰ ਨੂੰ ਤੈਅ ਕਰਨ ਦਿਓ। ਤੁਸੀਂ ਸਿਰਫ਼ ਇਹ ਦੱਸੋ ਕਿ ਤੁਸੀਂ ਪਰਮਾਰ ਨੂੰ ਬਚਾਉਣ ਲਈ ਮਦਦ ਕਰਨ ਲਈ ਤਿਆਰ ਹੋ।"

"ਜੀ ਬੇਸ਼ੱਕ ! ਮੇਰੇ ਤੋਂ ਜੋ ਵੀ ਸੰਭਵ ਹੋਏਗਾ, ਮੈਂ ਜ਼ਰੂਰ ਕਰਾਂਗਾ। ਪਰ ਮੈਂ ਕੀ ਕਰ ਸਕਾਂਗਾ ?"

"ਇਕ ਕੰਮ ਕਰੋ, ਤੁਰੰਤ ਦਿੱਲੀ ਜਾ ਕੇ ਡਾਕਟਰ ਭਟਨਾਗਰ ਨੂੰ ਮਿਲ ਲਓ। ਕੱਲ੍ਹ ਹੀ ਚਲੇ ਜਾਓ। ਮੈਂ ਸਾਰਾ ਬੰਦੋਬਸਤ ਕਰਦਾਂ। ਸਵੇਰੇ ਸੱਤ ਵਜੇ ਦੀ ਫਲਾਇਟ ਏ। ਦਿੱਲੀ 'ਚ ਤੁਹਾਨੂੰ ਲੈਣ ਲਈ ਆਲ ਇੰਡੀਆ ਮੈਡੀਕਲ ਇੰਸਟੀਟਿਊਟ ਦੀ ਗੱਡੀ ਆਏਗੀ। ਭਟਨਾਗਰ ਤੁਹਾਨੂੰ ਸਭ ਕੁਝ ਸਮਝਾ ਦੇਣਗੇ।"

ਦੂਜੇ ਦਿਨ ਦਿੱਲੀ ਵਿੱਚ ਮੈਡੀਕਲ ਦੀ ਭੇਜੀ ਗੱਡੀ ਵਿੱਚ ਬੈਠੇ-ਬੈਠੇ ਪੈ ਨਟਰਾਜਨ ਨਾਲ ਹੋਈ ਸਾਰੀ ਗੱਲਬਾਤ ਯਾਦ ਕਰਨ ਲੱਗੇ, ਪਰ ਉਨ੍ਹਾਂ ਨੂੰ ਇਕ ਗੱਲ ਸਮਝ ਵਿੱਚ ਨਹੀਂ ਆ ਰਹੀ ਸੀ ਕਿ ਪ੍ਰਧਾਨਮੰਤਰੀ ਨੂੰ ਹੋਣ ਵਾਲੀ ਬੀਮਾਰੀ ਬਾਰੇ ਭਟਨਾਗਰ ਐਨੇ ਯਕੀਨ ਨਾਲ ਕਿੱਦਾਂ ਕਹਿ ਸਕਦੇ ਹਨ ? ਇਹ ਗੱਲ ਉਨ੍ਹਾਂ ਦੇ ਪੱਲੇ ਨਹੀਂ ਪੈ ਰਹੀ ਸੀ। ਠੀਕ ਹੈ, ਉਨ੍ਹਾਂ ਨੂੰ ਮਿਲ ਕੇ ਹੀ ਸਮਝ ਵਿੱਚ ਆਏਗਾ।

ਇਕ ਮੋੜ ਕੱਟ ਕੇ ਗੱਡੀ ਪੈ ਨੂੰ ਲੈ ਕੇ ਇੰਸਟੀਟਿਊਟ ਦੇ ਅਹਾਤੇ ਵਿੱਚ ਜਾ ਪੁਜੀ। ਸਾਹਮਣੇ ਸੁਹਣੇ ਲਾਅਨ ਕਾਰਣ ਲੱਗ ਨਹੀਂ ਰਿਹਾ ਸੀ ਕਿ ਇਮਾਰਤ ਹਸਪਤਾਲ ਦੀ ਹੈ। ਇਹ ਇਮਾਰਤ ਹਸਪਤਾਲ, ਪ੍ਰਯੋਗਸ਼ਾਲਾ ਤੇ ਦਫ਼ਤਰ ਦਾ ਤ੍ਰਿਵੇਣੀ ਸੰਗਮ ਸੀ । ਇਹ ਛੇ ਮੰਜ਼ਿਲੀ ਇਮਾਰਤ ਆਪਣੀ ਸਾਦਗੀ ਕਾਰਣ ਚੰਗੀ ਲੱਗ ਰਹੀ ਸੀ।

ਪੰਡਤ ਜਵਾਹਰਲਾਲ ਨਹਿਰੂ ਦਾ ਪੰਜਾਹ ਵਰ੍ਹੇ ਪਹਿਲੇ ਦੇਖਿਆ ਇਹ ਸੁਪਨਾ ਅੱਜ ਵੀ ਉਨ੍ਹਾਂ ਨੂੰ ਯਾਦ ਦਿਵਾਉਂਦੇ ਹੋਏ ਸ਼ਾਨ ਨਾਲ ਖੜ੍ਹਾ ਹੈ।

ਆਪਣਾ ਪਰਿਚੈ ਦੇਂਦੇ ਹੀ ਰਿਸੈਪਸ਼ਨਿਸਟ ਨੇ ਉਨ੍ਹਾਂ ਨੂੰ ਸਿੱਧੇ ਡਾਕਟਰ ਭਟਨਾਗਰ ਦੇ ਦਫ਼ਤਰ ਭੇਜ ਦਿੱਤਾ। ਉਨ੍ਹਾਂ ਦੀ ਸੈਕੇਟਰੀ ਪੈ ਨੂੰ ਲੈ ਕੇ ਅੰਦਰ ਵੜੀ।

"ਆਓ ਜੀ ਆਓ..।" ਕੁਰਸੀ ਤੋਂ ਉੱਠਦੇ ਹੋਏ ਡਾ. ਭਟਨਾਗਰ ਨੇ ਕਿਹਾ, "ਮੈਂ ਤੁਹਾਨੂੰ ਹੀ ਉਡੀਕ ਰਿਹਾ ਸੀ।"

ਦੋ-ਤਿੰਨ ਸਾਲ ਪਹਿਲਾਂ ਇਕ ਕਾਂਫ੍ਰੇਂਸ ਦੌਰਾਨ ਉਨ੍ਹਾਂ ਦੀ ਮੁਲਾਕਾਤ ਡਾ. ਭਟਨਾਗਰ ਨਾਲ ਹੋਈ ਸੀ। ਸੱਠ ਸਾਲਾਂ ਦੇ, ਸੁਨਹਿਰੇ ਰੰਗ ਦਾ ਚਸ਼ਮਾ ਪਾਏ ਡਾ. ਭਟਨਾਗਰ ਵਿਗਿਆਨੀ ਲੱਗਦੇ ਹੀ ਨਹੀਂ ਸਨ ਸਗੋਂ ਕਿਸੇ ਸਨਾਅਤਕਾਰ ਜਿਹੇ ਦਿੱਸ ਰਹੇ ਸਨ।

"ਬੈਠੋ ਜੀ ! ਆਰਾਮ ਨਾਲ ਬੈਠੋ। ਫਲਾਇਟ ਸਮੇਂ 'ਤੇ ਸੀ ? " ਪੈ ਉਨ੍ਹਾਂ ਦੇ ਸਾਹਮਣੇ ਪਈ ਕੁਰਸੀ 'ਤੇ ਆਰਾਮ ਨਾਲ ਬੈਠ ਗਏ ਸਨ। ਮੱਥੇ 'ਤੇ ਰੁਮਾਲ ਫਿਰਾਇਆ।

"ਚਾਹ-ਕੌਫ਼ੀ ਕੀ ਲਓਂਗੇ ?"

"ਜੀ ਨ੍ਹੀਂ, ਸ਼ੁਕਰੀਆ !"

"ਕੁਝ ਤਾਂ ਲਵੋ।"

"ਕੁਝ ਨ੍ਹੀਂ ਚਾਹੀਦਾ ! ਫਲਾਇਟ 'ਚ ਚੰਗਾ ਨਾਸ਼ਤਾ ਹੋ ਗਿਆ। ਕੁਝ ਦੇਰ ਬਾਦ ਚਾਹ ਲੈ ਲਵਾਂਗਾ।"

"ਜਿੱਦਾਂ ਤੁਹਾਡੀ ਮਰਜ਼ੀ ।"

ਕੁਝ ਦੇਰ ਤਕ ਮੌਸਮ ਦੀ ਚਰਚਾ ਖਤਮ ਹੋਣ 'ਤੇ ਭਟਨਾਗਰ ਨੇ ਕਿਹਾ, "ਡਾ. ਨਟਰਾਜਨ ਨਾਲ ਤੁਹਾਡੀ ਗੱਲ ਹੋਈ ਹੀ ਹੋਏਗੀ। ਈਮੇਲ ਵਿੱਚ ਸਭ ਕੁਝ ਨਹੀਂ ਲਿਖ ਸਕਿਆ ਸੀ। ਇਸ ਲਈ ਤੁਸੀਂ ਜੋ ਵੀ ਪੁੱਛਣਾ ਹੋਵੇ, ਖੁੱਲ੍ਹ ਕੇ ਪੁੱਛੋ।"

ਪੈ ਨੇ ਆਪਣਾ ਸੰਸਾ ਭਟਨਾਗਰ ਦੇ ਸਾਹਮਣੇ ਰੱਖਿਆ। ਸੁਣ-ਸਮਝ ਕੇ ਉਨ੍ਹਾਂ ਨੇ ਗਰਦਨ ਹਿਲਾਈ।

ਉਹ ਬੋਲੇ, "ਸੀਸੀਐਸਟੀ ਇਕ ਭਿਆਨਕ ਰੋਗ ਏ। ਇਹ ਦਿਮਾਗ਼ ਦੇ ਰੋਗ ਪਾਰਕਿੰਸਨ ਤੋਂ ਵੀ ਬਹੁਤ ਮਾੜਾ ਏ। ਇਹ ਰੋਗ ਬਹੁਤ ਜਲਦੀ ਗੰਭੀਰ ਰੂਪ ਲੈ ਲੈਂਦਾ ਏ। ਦਿਮਾਗ਼ ਦੀ ਲਹੂ-ਨਾੜਾਂ 'ਚ ਸਟ੍ਰਾਬੇਰੀ ਵਾਂਗ ਗੰਢਾਂ ਬਣ ਜਾਂਦੀਆਂ ਨੇ। ਇਕ ਵਾਰ ਅਜਿਹੀਆਂ ਗੰਢਾਂ ਬਣ ਜਾਣ 'ਤੇ ਇਸ ਬੀਮਾਰੀ ਤੋਂ ਬੱਚਣ ਦੀ ਬਿਲਕੁਲ ਕੋਈ ਸੰਭਾਵਨਾ ਨ੍ਹੀਂ ਹੁੰਦੀ। ਦਵਾਈਆਂ ਦਾ ਉਨ੍ਹਾਂ ਗੰਢਾਂ 'ਤੇ ਕੋਈ ਅਸਰ ਨ੍ਹੀਂ ਹੁੰਦਾ। ਉਪਰੇਸ਼ਨ ਦਾ ਵੀ ਕੋਈ ਫਾਇਦਾ ਨ੍ਹੀਂ ਹੁੰਦਾ।"

"ਔਹ!"

"ਇਟਜ਼ ਏ ਹੇਰੀਡੀਟਰੀ ਡਿਜੀਜ਼। ਜੇ ਇਹ ਰੋਗ ਤੁਹਾਡੇ ਮਾਪਿਆਂ ਨੂੰ ਏ ਤਾਂ ਪੰਜਾਹ ਫੀਸਦੀ ਤੁਹਾਨੂੰ ਵੀ ਹੋਣ ਦੀ ਸੰਭਾਵਨਾ ਹੁੰਦੀ ਏ। ਸੋਹਨ ਪਰਮਾਰ ਦੀ ਮਾਂ ਨੂੰ ਅਜਿਹਾ ਕੋਈ ਰੋਗ ਸੀ।"

"ਪਰ ਇਸੇ ਕਰ ਕੇ ਸੋਹਨ ਪਰਮਾਰ ਨੂੰ ਸੀਸੀਐਸਟੀ ਹੋਏਗਾ, ਇਸ ਦੀ ਸੰਭਾਵਨਾ ਹੋ ਸਕਦੀ ਏ। ਪਰ ਕੀ ਤੁਹਾਨੂੰ ਇਸ ਦਾ ਪੂਰਾ ਵਿਸ਼ਵਾਸ ਏ, ਸ਼ੰਕਾ ਨ੍ਹੀਂ। ਸੌ ਫੀਸਦੀ ਗਾਰੰਟੀ। ਇਹ ਕਿੱਦਾਂ ?"

"ਕਿਉਂਕਿ ਸੀਸੀਐਸਟੀ ਰੋਗ ਲਈ ਜੋ ਜੀਨਜ਼ ਜ਼ਿੰਮੇਵਾਰ ਹੋ ਸਕਦੇ ਨੇ, ਉਹ ਸੋਹਨ ਪਰਮਾਰ ਦੇ ਸਰੀਰ 'ਚ ਨੇ, ਜੋ ਉਨ੍ਹਾਂ ਨੂੰ ਆਪਣੀ ਮਾਂ ਤੋਂ ਮਿਲੇ ਨੇ।" ਭਟਨਾਗਰ ਨੇ ਦੱਸਿਆ, "ਅਸੀਂ ਇਸ ਸੱਚਾਈ ਦੀ ਪੂਰੀ ਪੜਤਾਲ ਕਰ ਲਈ ਏ। ਡਯੂਕ ਯੂਨੀਵਰਸਿਟੀ ਦੇ ਮੈਡੀਕਲ ਰਿਸਰਚ ਕੇਂਦਰ ਵਿੱਚ ਪਿੱਛਲੇ ਵਰ੍ਹੇ ਇਹ ਜੀਨਜ਼ ਤੇ ਸੀਸੀਐਸਟੀ ਦਾ ਸੰਬੰਧ ਲੱਭਿਆ ਗਿਆ ਸੀ। ਇਹ ਜੀਨਜ਼ ਜਿਨ੍ਹਾਂ ਦੇ ਸਰੀਰ 'ਚ ਹਨ, ਉਨ੍ਹਾਂ ਨੂੰ ਇਹ ਰੋਗ ਅੱਜ ਨ੍ਹੀਂ ਤਾਂ ਕੱਲ੍ਹ ਹੁੰਦਾ ਹੀ ਏ। ਪਿੱਛਲੇ ਹਫ਼ਤੇ ਪ੍ਰਧਾਨਮੰਤਰੀ ਦੀ ਸੰਪੂਰਣ ਜੇਨੇਟਿਕ ਜਾਂਚ ਕੀਤੀ ਗਈ ਸੀ, ਉਦੋਂ ਉਨ੍ਹਾਂ ਦੇ ਸਰੀਰ 'ਚ ਹੋਣ ਦੀ ਗੱਲ ਸਾਹਮਣੇ ਆਈ।"

"ਔਹ ! ਪਰ ਤੁਸੀਂ ਕਿਹਾ ਕਿ ਇਸ ਦੀ ਕੋਈ ਦਵਾਈ ਹੀ ਨ੍ਹੀਂ ਏ। ਫਿਰ ਹੁਣ..।" ਉਨ੍ਹਾਂ ਨੇ ਆਪਣੀ ਗੱਲ ਅਧੂਰੀ ਹੀ ਛੱਡ ਦਿੱਤੀ।"ਸੀਸੀਐਸਟੀ 'ਤੇ ਅਜੇ ਤਕ ਕੋਈ ਦਵਾਈ ਨ੍ਹੀਂ ਏ, ਇਹ ਸੱਚ ਏ, ਪਰ ਮੈਨੂੰ ਪਤਾ ਲੱਗਦਾ ਏ ਕਿ ਕੋਈ ਉਪਾਅ ਤਾਂ ਕੀਤਾ ਜਾ ਸਕਦਾ ਹੋਏਗਾ। ਪ੍ਰਧਾਨਮੰਤਰੀ ਦਾ ਇਲਾਜ ਕਰਨ ਲਈ ਮੇਰੇ ਕੋਲ ਕੁਝ ਯੋਜਨਾਵਾਂ ਨੇ। ਉਸੇ ਸਿਲਸਿਲੇ 'ਚ ਮੈਂ ਤੁਹਾਨੂੰ ਬੁਲਾਇਆ ਏ।"

"ਜੀ, ਜ਼ਰੂਰ ਦੱਸੋ। ਮੈਂ ਜੋ ਮਦਦ ਕਰ ਸਕਦਾ ਹਾਂ, ਜ਼ਰੂਰ ਕਰਾਂਗਾ।"

"ਗੱਲ ਇਹ ਏ ਕਿ ਸੀਸੀਐਸਟੀ ਲਈ ਜ਼ਿੰਮੇਵਾਰ ਜੀਨਜ਼ ਭਾਵੇਂ ਸਰੀਰ ਵਿੱਚ ਹੋਣ, ਫਿਰ ਵੀ ਇਹ ਰੋਗ ਤੁਰੰਤ ਹੋ ਜਾਏਗਾ, ਇਹ ਪੱਕਾ ਨ੍ਹੀਂ। ਕਈ ਵਰ੍ਹਿਆਂ ਬਾਦ ਜੀਨਜ਼ ਡੋਮਿਨੇਂਟ ਹੋ ਜਾਂਦਾ ਏ, ਕਾਰਜਸ਼ੀਲ ਨ੍ਹੀਂ ਰਹਿੰਦਾ। ਇਸ ਦਾ ਇਕ ਕਾਰਣ ਇਹ ਏ ਕਿ ਇਸ ਰੋਗ ਨੂੰ ਰੋਕਣ ਵਾਲੇ ਕੁਝ ਤਰਲ ਸਾਡੇ ਸਰੀਰ 'ਚ ਹੀ ਤਿਆਰ ਹੁੰਦੇ ਨੇ। ਉਹ ਰੋਗ ਨੂੰ ਵੱਧਣ ਤੋਂ ਰੋਕ ਕੇ ਰੱਖਦੇ ਨੇ। ਅਸੀਂ ਇਸੇ ਗੱਲ ਦਾ ਹੀ ਫਾਇਦਾ ਚੁੱਕਣਾ ਏ।"

"ਇਹ ਤਰਲ ਪਰਮਾਰ ਦੇ ਸਰੀਰ 'ਚ ਨੇ ?"



"ਹਾਂ। ਹੈ ਨੇ। ਇਸੇ ਕਰਕੇ ਤਾਂ ਇਸ ਰੋਗ ਨੇ ਅਜੇ ਪ੍ਰਧਾਨਮੰਤਰੀ ਨੂੰ ਜਕੜਿਆ ਨ੍ਹੀਂ ਏ। ਪਰ ਮੁਸ਼ਕਿਲ ਇਹ ਏ ਕਿ ਉਮਰ ਨਾਲ ਇਨ੍ਹਾਂ ਤਰਲਾਂ ਦੀ ਮਾਤਰਾ ਘੱਟਦੀ ਜਾਂਦੀ ਏ। ਇਕ ਖ਼ਾਸ ਸਥਿਤੀ ਤੋਂ ਬਾਦ ਉਸ ਦਾ ਪ੍ਰਭਾਵ ਇਕਦਮ ਖਤਮ ਹੋ ਜਾਂਦਾ ਏ, ਫਿਰ ਇਹ ਬੀਮਾਰੀ ਬਣ ਜਾਂਦੀ ਏ। ਆਪਣੇ ਪ੍ਰਧਾਨਮੰਤਰੀ ਦੀ ਉਮਰ ਨੂੰ ਦੇਖਦੇ ਹੋਏ ਮੈਨੂੰ ਡਰ ਲੱਗਦਾ ਏ ਕਿ ਉਹ ਜਲਦੀ ਉਸ ਸਥਿਤੀ ਤਕ ਪਹੁੰਚ ਹੀ ਜਾਣਗੇ।"

"ਔਹ ! ਆਈ ਸੀ। ਇੰਜ ਏ ਤਾਂ।"

"ਵੈਸੇ ਇਹ ਮੇਰਾ ਅਨੁਮਾਨ ਏ, ਪਰ ਸ਼ਾਇਦ ਠੀਕ ਹੀ ਏ। ਡੋਪਾਮਾਇਨ ਦੇ ਪ੍ਰਭਾਵ ਕਾਰਣ ਜਿਸ ਤਰ੍ਹਾਂ ਪਾਕਿਰਸਨ ਕਾਬੂ 'ਚ ਰਹਿੰਦਾ ਏ, ਉਸੇ ਤਰ੍ਹਾਂ ਦਿਮਾਗ਼ 'ਚ ਤਿਆਰ ਹੋਣ ਵਾਲਾ ਡੀਆਰਸੀ ਨਾਮਕ ਤਰਲ ਕਾਰਣ ਇਹ ਸੀਸੀਐਸਟੀ ਸਿਰ ਨ੍ਹੀਂ ਚੁੱਕਦਾ। ਇਹ ਮੇਰੀ ਥਿਓਰੀ ਏ।"

"ਠੀਕ ਏ।" ਪੈ ਨੇ ਕਿਹਾ, "ਤੁਹਾਡੀ ਥਿਓਰੀ ਠੀਕ ਹੀ ਹੋਏਗੀ। ਅਸੀਂ ਇਹ ਮੰਨ ਕੇ ਚਲਦੇ ਹਾਂ। ਪਰ ਫਿਰ ਵੀ ਪ੍ਰਧਾਨਮੰਤਰੀ ਦੇ ਇਲਾਜ ਵਿੱਚ ਮੈਂ ਕੀ ਕਰ ਸਕਦਾ ਹਾਂ ?"

"ਇਹ ਜੀਨਜ਼ ਸਰੀਰ 'ਚ ਬਣੇ ਰਹਿਣ। ਇਸ ਲਈ ਤੁਸੀਂ ਅਜਿਹੇ ਜੀਵ ਪ੍ਰਯੋਗਸ਼ਾਲਾ 'ਚ ਤਿਆਰ ਕਰ ਸਕਦੇ ਹੋ, ਜੇਨੇਟਿਕ ਇੰਜੀਨੀਅਰਿੰਗ ਰਾਹੀਂ।"

"ਅਜਿਹੇ ਜੀਨਜ਼ ਵਾਲੇ ਜੀਵ ? ਆਈ ਸੀ! ਜਿੱਦਾਂ ਚੂਹਾ, ਖਰਗੋਸ਼ ਜਾਂ ਗਿਨੀਪਿਗਜ਼ ਜਿਹੇ ਲੈਬ ਐਨੀਮਿਲਜ਼ ਨਾ। ਉਨ੍ਹਾਂ ਨਾਲ ਕੀ ਕਰਨਾ ਏ ?"

"ਦੱਸਦਾਂ। ਇਕ ਤਾਂ ਚੂਹਾ, ਖਰਗੋਸ਼ ਤੇ ਗਿਨੀਪਿਗਜ਼ ਚਲਣਗੇ ਨ੍ਹੀਂ। ਇੱਥੇ ਜੀਨਯੁਕਤ ਬਾਂਦਰ ਜਿਹਾ ਜੀਵ ਮੈਨੂੰ ਚਾਹੀਦਾ। ਬਾਂਦਰ ਦੀ ਕੁੱਖ 'ਚ ਇਹ ਜੀਨਜ਼ ਤੁਹਾਨੂੰ ਪਾਉਣਾ ਪਏਗਾ।"

"ਕਿਉਂ ? ਬਾਂਦਰ ਹੀ ਕਿਉਂ ?"

"ਚੂਹਾ, ਖਰਗੋਸ਼ ਜਿਹੇ ਛੋਟੇ ਜੀਵਾਂ ਦੇ ਦਿਮਾਗ਼ 'ਤੇ ਆਦਮੀ ਦੇ ਦਿਮਾਗ਼ 'ਚ ਕਾਫੀ ਫ਼ਰਕ ਹੁੰਦਾ ਏ। ਪਰ ਬਾਂਦਰ ਦਾ ਦਿਮਾਗ਼ ਕਾਫੀ ਹੱਦ ਤਕ ਬੰਦੇ ਜਿਹਾ ਹੁੰਦਾ ਏ। ਇਹ ਜੀਨਜ਼ ਉਸ ਦੇ ਸਰੀਰ 'ਚ ਪਾਉਣ ਨਾਲ ਉਸ ਦੇ ਦਿਮਾਗ਼ 'ਚ ਵੀ ਬਚਪਨ ਤੋਂ ਡੀਆਰਸੀ ਬੀਮਾਰੀ ਨੂੰ ਰੋਕਣ ਵਾਲਾ ਤਰਲ ਭਰਪੂਰ ਮਾਤਰਾ 'ਚ ਤਿਆਰ ਹੋ ਸਕੇਗਾ। ਉਸ ਨੂੰ ਉਸ ਦੇ ਦਿਮਾਗ਼ ਤੋਂ ਕੱਢ ਕੇ ਫਿਰ ਪ੍ਰਧਾਨਮੰਤਰੀ ਦੇ ਸਰੀਰ 'ਚ ਪਾਇਆ ਜਾ ਸਕੇਗਾ। ਸੱਪ ਦੇ ਜ਼ਹਿਰ ਨਾਲ ਦਵਾਈ ਕਿੱਦਾਂ ਤਿਆਰ ਕੀਤੀ ਜਾਂਦੀ ਏ, ਤੁਹਾਨੂੰ ਪਤਾ ਏ ਨਾ ? ਸੱਪ ਦਾ ਜ਼ਹਿਰ ਘੋੜੇ ਨੂੰ ਇੰਜੈਕਸ਼ਨ ਨਾਲ ਦਿੱਤਾ ਜਾਂਦਾ ਏ, ਫਿਰ ਉਸ ਘੋੜੇ ਦੇ ਸਰੀਰ 'ਚ ਪ੍ਰਤੀ-ਜ਼ਹਿਰ ਤਿਆਰ ਹੁੰਦਾ ਏ। ਉਸ ਨੂੰ ਹੀ ਫਿਰ ਘੋੜੇ ਦੇ ਸਰੀਰ ਤੋਂ ਕੱਢ ਕੇ ਸੱਪ ਦੇ ਡੰਗ ਲਈ ਦਵਾਈ ਦੇ ਰੂਪ 'ਚ ਇਸਤੇਮਾਲ ਕੀਤਾ ਜਾਂਦਾ ਏ। ਅਜਿਹਾ ਹੀ ਕੁਝ। ਜੇ ਅਸੀਂ ਅਜਿਹਾ ਕੁਝ ਕਰ ਸਕੇ ਤਾਂ ਉਸ ਬਾਂਦਰ ਦੇ ਦਿਮਾਗ਼ 'ਚ ਤਿਆਰ ਡੀਆਰਸੀ ਇਸਤੇਮਾਲ ਕਰ ਕੇ ਪ੍ਰਧਾਨਮੰਤਰੀ 'ਤੇ ਹੋਣ ਵਾਲੇ ਸੀਸੀਐਸਟੀ ਦਾ ਵਾਰ ਅਸੀਂ ਟਾਲ ਸਕਾਂਗੇ। ਘੱਟੋ-ਘੱਟ ਮੈਨੂੰ ਲੱਗਦਾ ਏ ਕਿ ਅਸੀਂ ਉਸ ਨੂੰ ਅੱਗੇ ਲੈ ਕੇ ਜਾ ਸਕਦੇ ਹਾਂ।"

ਡਾਕਟਰ ਪੈ ਨੇ ਇਕ ਪਲ ਵੀ ਨਾ ਗਵਾਉਂਦੇ ਹੋਏ ਕਿਹਾ, "ਸ਼ੀਓਰ, ਸ਼ੀਓਰ। ਇਟਜ਼ ਏ ਵੰਡਰਫੁਲ ਆਈਡਿਆ। ਮੈਂ ਜ਼ਰੂਰ ਤੁਹਾਡੀ ਮਦਦ ਕਰਾਂਗਾ। ਤੁਸੀਂ ਕਹਿ ਰਹੇ ਹੋ ਤਾਂ ਅਸੀਂ ਇਹ ਪ੍ਰਯੋਗ ਜ਼ਰੂਰ ਕਰ ਕੇ ਦੇਖਾਂਗੇ। ਉਹ ਵਿਸ਼ਿਸ਼ਟ ਜੀਨਯੁਕਤ ਬਾਂਦਰ ਦੇ ਬੱਚੇ ਮੈਂ ਪ੍ਰਯੋਗਸ਼ਾਲਾ ਵਿੱਚ ਤਿਆਰ ਕਰਾਂਗਾ। ਕਿੰਨੇ ਚਾਹੀਦੇ ਨੇ ?"

"ਪਹਿਲਾਂ ਇਕ ਬਣਾ ਕੇ ਦੇਖਦੇ ਹਾਂ। ਉਸ ਦੇ ਦਿਮਾਗ਼ ਤੋਂ ਡੀਆਈਸੀ ਕੱਢ ਕੇ ਦੇਖਾਂਗੇ। ਪ੍ਰਯੋਗ ਕਾਮਯਾਬ ਹੋਇਆ ਤਾਂ ਫਿਰ ਹੋਰ ਕਰਾਂਗੇ।"

"ਤੇ ਕਦੋਂ ? ਕਿੰਨੇ ਦਿਨਾਂ ਵਿੱਚ ?"

"ਜਿੰਨੀ ਜਲਦੀ ਹੋ ਸਕੇ। ਪ੍ਰਧਾਨਮੰਤਰੀ ਦੀ ਤਬੀਅਤ ਕਦੇ ਵੀ ਵਿਗੜ ਸਕਦੀ ਏ। ਮੇਰੇ ਅੰਦਾਜ਼ੇ ਨਾਲ ਸਾਨੂੰ ਡੇਢ-ਦੋ ਸਾਲ ਮਿਲ ਜਾਣਗੇ। ਬਹੁਤ ਹੋਇਆ ਤਾਂ ਢਾਈ ਵੀ। ਇਸ ਦੌਰਾਨ ਸਾਨੂੰ ਇਸ ਬੀਮਾਰੀ ਨੂੰ ਰੋਕਣ ਵਾਲਾ ਤਰਲ ਬਾਂਦਰ ਦੇ ਦਿਮਾਗ਼ ਤੋਂ ਹਾਸਿਲ ਕਰਨਾ ਹੀ ਪਏਗਾ।"

"ਡਨ। ਇਕ ਵਰ੍ਹੇ 'ਚ ਹੀ ਉਹ ਜੀਨ-ਯੁਕਤ ਘੱਟੋ-ਘੱਟ ਇਕ ਬਾਂਦਰ ਤਾਂ ਮੈਂ ਤੁਹਾਨੂੰ ਦੇ ਹੀ ਦੇਵਾਂਗਾ। ਇਹ ਭਰੋਸਾ ਰੱਖੋ।"

"ਗ੍ਰੇਟ ! ਤੁਸੀਂ ਮੈਨੂੰ ਪੂਰਾ ਸਹਿਯੋਗ ਦਿਓਗੇ, ਇਹ ਯਕੀਨ ਮੈਨੂੰ ਸੀ। ਥੈਂਕ ਯੂ, ਥੈਂਕ ਯੂ ਸੋ ਮਚ।"

"ਦਿ ਪਲੇਜ਼ਰ ਇਜ਼ ਮਾਇਨ।"

**

ਡਾਕਟਰ ਪੈ ਨੇ ਬਾਂਦਰ ਦਾ ਉਹ ਬੱਚਾ ਚੁੱਕ ਕੇ ਹੱਥ ਵਿੱਚ ਲਿਆ। ਉਹ ਮਾਦਾ ਸੀ। ਮੁਸ਼ਕਿਲ ਨਾਲ ਡੇਢ ਹੱਥੀ ਉਂਗਲੀ ਭਰ ਪੂੰਛ, ਪੂਰੇ ਸਰੀਰ 'ਤੇ ਨਰਮ ਭੂਰੇ ਰੰਗ ਦੇ ਵਾਲ, ਆਪਣੀਆਂ ਵੱਡੀਆਂ-ਵੱਡੀਆਂ ਕੱਥਈ ਅੱਖਾਂ ਨਾਲ ਉਹ ਉਨ੍ਹਾਂ ਵੱਲ ਦੇਖ ਰਹੀ ਸੀ। ਉਸ ਦੀਆਂ ਅੱਖਾਂ ਵਿੱਚ ਅਚਰਜ ਸੀ।

ਭਾਰਤ ਵਿੱਚ ਵੱਡੀ ਤਾਦਾਦ ਵਿੱਚ ਉਪਲਬੱਧ ਹਨੂਮਾਨ ਵਾਨਰ ਜਾਤੀ ਦਾ ਉਹ ਬੱਚਾ ਸੀ। ਭਟਨਾਗਰ ਦੇ ਕਹਿਣ 'ਤੇ ਕਿਸ ਜਾਤੀ ਦੇ ਬਾਂਦਰ 'ਤੇ ਨਿਰੀਖਣ ਕੀਤਾ ਜਾਏ, ਇਸ 'ਤੇ ਬਹੁਤ ਚਰਚਾ ਹੋਈ ਸੀ। ਚਿੰਪਾਜੀ ਜਾਂ ਓਰੰਗਉਟਾਨ ਜਾਤੀ ਦੇ ਬਾਂਦਰ ਬੁੱਧੀਮਾਨ ਹੁੰਦੇ ਹਨ। ਮਨੁੱਖ ਦੇ ਜ਼ਿਆਦਾ ਨੇੜੇ ਪਰ ਉਹ ਐਨੀ ਸਹਿਜਤਾ ਨਾਲ ਮਿਲਦੇ ਨਹੀਂ। ਦੂਜੇ, ਇਸ ਪ੍ਰਯੋਗ ਵਿੱਚ ਬਾਂਦਰ ਦੇ ਦਿਮਾਗ਼ ਤੋਂ ਚਾਹੁੰਣਯੋਗ ਤਰਲ ਹਾਸਿਲ ਕਰਨਾ ਸੀ। ਉਸ ਦੇ ਲਈ ਬਾਂਦਰ ਹੁਸ਼ਿਆਰ ਹੋਵੇ, ਇਹ ਜ਼ਰੂਰੀ ਨਹੀਂ ਸੀ। ਉਸ ਦੇ ਸਰੀਰ ਵਿੱਚ ਪਨਪੇ ਜੀਨਜ਼ ਕਾਰਣ ਸੀਸੀਐਸਟੀ ਨੂੰ ਰੋਕਣ ਵਾਲਾ ਤਰਲ ਉਸ ਦੇ ਦਿਮਾਗ਼ ਵਿੱਚ ਤਿਆਰ ਕਰਨਾ ਸੀ, ਐਨਾ ਹੀ ਕਾਫੀ ਸੀ।

ਪ੍ਰਧਾਨਮੰਤਰੀ ਨਾਲ ਸੰਬੰਧਤ ਹੋਣ ਕਾਰਣ ਇਹ ਕਾਰਜ ਅਤਿਅੰਤ ਗੁਪਤ ਤਰੀਕੇ ਨਾਲ ਕਰਨਾ ਸੀ। ਇਸ ਕਰ ਕੇ ਸਾਰੀ ਜ਼ਰੂਰੀ ਸਾਵਧਾਨੀ ਨਾਲ ਯੋਜਨਾ ਤਿਆਰ ਕੀਤੀ ਗਈ। ਜੰਗੀ ਪੱਧਰ 'ਤੇ ਕੰਮ ਸ਼ੁਰੂ ਹੋ ਗਿਆ। ਪੈ ਨੂੰ ਹੁਣ ਦਿਨ ਦੇ ਚੌਵ੍ਹੀ ਘੰਟੇ ਵੀ ਘੱਟ ਲੱਗਣ ਲੱਗੇ ਸਨ।

ਸੋਹਨ ਪਰਮਾਰ ਦੇ ਸਰੀਰ ਵਿੱਚ ਮੌਜੂਦ ਸੀਸੀਐਸਟੀ ਲਈ ਜ਼ਿੰਮੇਵਾਰ ਜੀਨਜ਼ ਦਾ ਪਤਾ ਲੱਗਾ ਲਿਆ ਗਿਆ ਸੀ। ਉਸ ਨੂੰ ਅੱਲਗ ਕਰ ਕੇ ਤਿੰਨ ਮਾਦਾ ਬਾਂਦਰਾਂ ਦੀਆਂ ਕੁੱਖਾਂ ਵਿੱਚ ਉਸ ਜੀਨਜ਼ ਨੂੰ ਰੋਪਿਤ ਕਰ ਦਿੱਤਾ ਗਿਆ। ਫਿਰ ਤਕਨੀਕੀ ਰੂਪ ਵਿੱਚ ਉਨ੍ਹਾਂ ਆਂਡਿਆਂ ਨੂੰ ਸੇਤਿਆ ਗਿਆ। ਉਸ ਆਂਡੇ ਨੂੰ ਫਿਰ ਮਾਦਾ ਬਾਂਦਰ ਦੀ ਕੁੱਖ ਵਿੱਚ ਰੱਖਿਆ ਗਿਆ। ਤਿੰਨਾਂ ਵਿਚੋਂ ਦੋ ਦੀਆਂ ਕੁੱਖਾਂ ਵਿੱਚ ਇਹ ਆਂਡਾ ਫਲਿਤ ਨਾ ਹੋਇਆ। ਪਰ ਤੀਸਰੀ ਮਾਦਾ ਗਰਭਵਤੀ ਹੋ ਗਈ। ਨਿਯਤ ਸਮੇਂ 'ਤੇ ਉਸ ਨੇ ਇਸ ਬੱਚੇ ਨੂੰ ਜਨਮ ਦਿੱਤਾ।

ਬੱਚੇ ਦਾ ਨਾਂ ਰੀਮਾ ਰੱਖਿਆ ਗਿਆ। ਉਸ ਦੇ ਦਿਮਾਗ਼ ਵਿੱਚ ਜ਼ਰੂਰੀ ਮਾਤਰਾ ਵਿੱਚ ਤਰਲ ਤਿਆਰ ਹੋਣ ਲਈ ਹੋਰ ਪੰਜ-ਛੇ ਮਹੀਨੇ ਲੱਗਣੇ ਸਨ। ਉਦੋਂ ਤਕ ਪ੍ਰਧਾਨਮੰਤਰੀ ਦੀ



ਤਬੀਅਤ ਠੀਕ ਬਣੀ ਰਹੇ, ਇਹ ਪ੍ਰਾਰਥਨਾ ਇਸ ਪ੍ਰਯੋਗ ਵਿੱਚ ਸ਼ਾਮਿਲ ਸਾਰਾ ਅਮਲਾ ਮਨ ਹੀ ਮਨ ਕਰ ਰਿਹਾ ਸੀ।

ਇਹੀ ਰੀਮਾ ਪ੍ਰਧਾਨਮੰਤਰੀ ਨੂੰ ਜੀਵਨਦਾਨ ਦੇਣ ਵਾਲੀ ਸੀ। ਇਸ ਛੋਟੇ ਜਿਹੇ ਬੱਚੇ ਦੀ ਮੁੱਠੀ ਵਿੱਚ ਸੌ ਕਰੋੜ ਭਾਰਤੀਆਂ ਦਾ ਭਵਿੱਖ ਸੀ। ਉਸ ਨੂੰ ਉਸ ਦੀ ਕਲਪਨਾ ਹੋਣਾ ਸੰਭਵ ਹੀ ਨਹੀਂ ਸੀ ਤੇ ਇਸ ਦੀ ਜਾਣਕਾਰੀ ਹੋਣ ਦਾ ਸਵਾਲ ਹੀ ਨਹੀਂ ਸੀ। ਆਪਣੇ ਨਿੱਕੇ ਜਿਹੇ ਪੰਜੇ ਵਿੱਚ ਉਸ ਨੇ ਡਾਕਟਰ ਪੈ ਦੀ ਉਂਗਲੀ ਕਸ ਕੇ ਪਕੜੀ ਹੋਈ ਸੀ।

ਡਾਕਟਰ ਪੈ ਰੀਮਾ ਦੇ ਪਿੰਜਰੇ ਕੋਲ ਆਏ। ਰੋਜ਼ ਸਵੇਰੇ ਆਉਣ 'ਤੇ ਉਹ ਪਹਿਲਾਂ ਰੀਮਾ ਦਾ ਹਾਲਚਾਲ ਪੁੱਛਣ ਤੋਂ ਬਾਦ ਹੀ ਆਪਣੇ ਕੰਮ ਵਿੱਚ ਲੱਗਦੇ ਸਨ। ਸੱਚ ਤਾਂ ਇਹ ਸੀ ਕਿ ਇਕ ਵਾਰ ਰੀਮਾ ਦੇ ਜਨਮ ਮਗਰੋਂ ਉਸ ਬਾਰੇ ਪੈ ਲਈ ਕਰਨ ਲਾਇਕ ਕੁਝ ਸੀ ਵੀ ਨਹੀਂ। ਉਸ ਦੀ ਠੀਕ ਤਰ੍ਹਾਂ ਦੇਖਭਾਲ ਕਰਨ ਲਈ ਬਹੁਤ ਸਾਰੇ ਲੋਕ ਸਨ। ਉਸ ਦੇ ਖਾਣ-ਪੀਣ ਦਾ ਵਿਸ਼ੇਸ਼ ਧਿਆਨ ਰੱਖਣ ਲਈ ਵੇਟਨਰੀ ਡਾਕਟਰ ਸਾਟਮ ਸਨ, ਜੋ ਬਹੁਤ ਮੁਸਤੈਦੀ ਨਾਲ ਆਪਣੇ ਇਸ ਕੰਮ ਨੂੰ ਦੇਖਦੇ ਸਨ। ਫਿਰ ਵੀ ਦਿਨ ਵਿੱਚ ਦੋ ਵਾਰ ਮਿਲੇ ਬਿਨਾਂ ਪੈ ਨੂੰ ਚੈਨ ਨਹੀਂ ਪੈਂਦਾ ਸੀ। ਉਹ ਵੀ ਉਨ੍ਹਾਂ ਦੇ ਆਉਣ ਦੀ ਉਡੀਕ ਕਰਦੀ ਰਹਿੰਦੀ ਸੀ।

ਪਿੰਜਰਾ ਕਾਫੀ ਵੱਡਾ ਸੀ, ਅੰਦਰ ਗੱਡੀ ਦੇ ਪੁਰਾਣੇ ਟਾਇਰ, ਪਲਾਸਟਿਕ ਦਾ ਵੱਡਾ ਟਬ, ਖਾਲੀ ਬੋਰੇ, ਦਰਖ਼ਤ ਦਾ ਇਕ ਵੱਡਾ ਜਿਹਾ ਟਾਹਣਾ, ਪਾਣੀ ਦੀ ਬਾਲਟੀ ਜਿਹੀਆਂ ਕਈ ਚੀਜ਼ਾਂ ਖਿਲਰੀਆਂ ਪਈਆਂ ਸਨ। ਪਿੰਜਰੇ ਵਿੱਚ ਉਸ ਦਾ ਹੱਥ ਪਹੁੰਚ ਸਕੇ, ਐਨੀ ਉੱਚਾਈ 'ਤੇ ਦਰਖ਼ਤ ਦੀਆਂ ਸੁੱਕੀ ਟਹਿਣੀਆਂ ਪਈਆਂ ਸਨ। ਉਨ੍ਹਾਂ 'ਤੇ ਰੱਸੀ ਬੰਨ੍ਹੀ ਹੋਈ ਸੀ ਤਾਂਕਿ ਉਹ ਉਸ 'ਤੇ ਚੜ੍ਹ ਕੇ ਝੂਲਾ ਝੂਲ ਸਕੇ। ਰੋਜ਼ ਦਰਖ਼ਤਾਂ ਦੀਆਂ ਟਹਿਣੀਆਂ ਤੋੜ ਕੇ ਉਸ ਦੇ ਪਿੰਜਰੇ ਵਿੱਚ ਥਾਂ-ਥਾਂ 'ਤੇ ਰੱਖੀਆਂ ਜਾਂਦੀਆਂ ਸਨ। ਇਸ ਸਾਰੀ ਭੀੜਭਾੜ ਵਿੱਚ ਰੀਮਾ ਕਿੱਥੇ ਬੈਠੀ ਹੈ, ਤੁਰੰਤ ਪਤਾ ਨਹੀਂ ਲੱਗਦਾ ਸੀ। ਉਸ ਨੂੰ ਛਿਪ ਕੇ ਬੈਠਣਾ ਚੰਗਾ ਲੱਗਦਾ ਸੀ।

ਸਵੇਰੇ ਡਾਕਟਰ ਪੈ ਦੇ ਆਉਣ ਦਾ ਉਸ ਨੂੰ ਪਤਾ ਹੁੰਦਾ ਸੀ। ਉਸ ਵੇਲੇ ਉਹ ਜ਼ਰੂਰ ਲੁਕ ਕੇ ਬੈਠ ਜਾਂਦੀ ਸੀ, ਫਿਰ ਜਦੋਂ ਉਹ ਨਜ਼ਰਾਂ ਨਾਲ ਉਸ ਨੂੰ ਢੂੰਡਣ ਲੱਗਦੇ ਤਾਂ ਉਹ ਅਚਾਨਕ ਛਾਲ ਮਾਰ ਕੇ ਉਨ੍ਹਾਂ ਦੇ ਸਾਹਮਣੇ ਆ ਜਾਂਦੀ। ਡਾਕਟਰ ਚੌਂਕ ਜਾਣ ਦਾ ਸਵਾਂਗ ਕਰਦੇ ਹੋਏ ਕਹਿੰਦੇ, ਓਹ ਬਦਮਾਸ਼ ! ਰੀਮਾ ਡਾਕਟਰ ਨੂੰ ਹੈਰਾਨ ਕਰ ਕੇ ਬਹੁਤ ਖ਼ੁਸ਼ ਹੁੰਦੀ ਤੇ ਟੱਪੂਸੀਆਂ ਮਾਰਦੀ ਹੋਈ ਝੂਲ਼ਾ ਝੂਲਣ ਲੱਗਦੀ।

ਕਿਸੇ ਦਿਨ ਜੇ ਡਾਕਟਰ ਨੂੰ ਆਉਣ ਵਿੱਚ ਦੇਰ ਹੋ ਜਾਂਦੀ ਤਾਂ ਉਹ ਰੁਸ ਕੇ ਬਹਿ ਜਾਂਦੀ। ਵਾਰ-ਵਾਰ ਪੁਕਾਰਨ 'ਤੇ ਵੀ ਸਾਹਮਣੇ ਨਾ ਆਉਂਦੀ। ਉਦੋਂ ਪੈ ਉਸ ਲਈ ਲਿਆਏ ਕੇਲੇ ਜਾਂ ਮੂੰਗਫਲੀ ਪਿੰਜਰੇ ਵਿੱਚ ਪਾਉਂਦੇ। ਕੋਈ ਕੇਲਾ ਜੇ ਉਸ ਦੇ ਨੇੜੇ ਜਾ ਡਿੱਗਦਾ ਤਾਂ ਉਸ ਨੂੰ ਚੁੱਕਣ ਦਾ ਮੋਹ ਨਾ ਤਿਆਗਦੀ। ਆਪਣੀ ਛੁਪੀ ਜੋਈ ਜਗ੍ਹਾ ਤੋਂ ਉਹ ਹੌਲੀ ਜਿਹਾ ਹੱਥ ਬਾਹਰ ਕੱਢਦੀ ਤੇ ਕੇਲਾ ਚੁੱਕ ਲੈਂਦੀ। ਪੈ ਦੂਜਾ ਕੇਲਾ ਉਸ ਤੋਂ ਥੋੜ੍ਹੀ ਦੂਰ ਸੁੱਟਦੇ। ਉਸ ਨੂੰ ਚੁੱਕਣ ਲਈ ਉਹ ਹੋਰ ਥੋੜ੍ਹਾ ਹੱਥ ਅੱਗੇ ਵਧਾਉਂਦੀ। ਪੈ ਅਗਲਾ ਕੇਲਾ ਉਸ ਤੋਂ ਵੀ ਦੂਰ ਸੁੱਟਦੇ। ਉਸ ਕੇਲੇ ਨੂੰ ਚੁੱਕਣ ਆਉਣ 'ਤੇ ਡਾਕਟਰ ਜ਼ੋਰ ਦੀ ਬੋਲਦੇ, 'ਓਹ ਪਕੜ ਲਿਆ।' ਐਨਾ ਕਹਿ ਕੇ ਉਹ ਤਾੜੀਆਂ ਮਾਰਦੇ। ਉਦੋਂ ਰੀਮਾ ਵੀ ਆਪਣਾ ਰੋਸਾ ਭੁੱਲ ਕੇ ਉਨ੍ਹਾਂ ਕੋਲ ਆ ਜਾਂਦੀ ਤੇ ਫਿਰ ਉਨ੍ਹਾਂ ਦੇ ਹੱਥੋਂ ਕੇਲਾ ਖਾਂਦੀ। ਕੇਲਾ ਖਤਮ ਹੋ ਜਾਣ ਮਗਰੋਂ ਵੀ ਉਹ ਕਿੰਨੀ ਦੇਰ ਉਨ੍ਹਾਂ ਦਾ ਹੱਥ ਨਾ ਛੱਡਦੀ।

ਉਨ੍ਹਾਂ ਦੇ ਜਾਣ ਵੇਲੇ ਰੀਮਾ ਇੱਧਰ-ਉੱਧਰ ਟੱਪਦੀ ਤੇ ਹੌਲੀ ਆਵਾਜ਼ ਵਿੱਚ ਰੌਲਾ ਪਾ ਕੇ ਆਪਣਾ ਗੁੱਸਾ ਜ਼ਾਹਿਰ ਕਰਦੀ।

ਇਹ ਲੁਕਣ-ਮੀਟੀ ਰੋਜ਼ ਹੀ ਚਲਦੀ ਸੀ। ਪਰ ਅੱਜ ਉਸ ਨੂੰ ਲੱਭਣਾ ਨਾ ਪਿਆ। ਉਹ ਸਾਹਮਣੇ ਹੀ ਸੀ। ਦਰਖ਼ਤ ਦੇ ਤਣੇ ਨੂੰ ਫੜੇ ਦੋ ਪੈਰਾਂ 'ਤੇ ਖੜ੍ਹੀ ਉਹ ਪੈ ਵੱਲ ਤੱਕ ਰਹੀ ਸੀ। ਉਸ ਨੇ ਤਣੇ ਦੇ ਚਾਰੋਂ ਪਾਸੇ ਇਕ ਚੱਕਰ ਮਾਰਿਆ, ਫਿਰ ਆਪਣੇ ਪਿੱਛਲੇ ਪੈਰਾਂ 'ਤੇ ਖੜ੍ਹੀ ਹੋ ਗਈ। 'ਦੇਖਿਆ, ਮੈਂ ਕੀ ਕੀਤਾ।' ਇਸ ਭਾਵ ਨਾਲ ਉਸ ਨੇ ਪੈ ਵੱਲ ਦੇਖਿਆ।

ਬਾਂਦਰ ਦੋ ਪੈਰਾਂ 'ਤੇ ਖੜ੍ਹੇ ਰਹਿ ਸਕਦੇ ਹਨ, ਪਰ ਐਨੀ ਛੋਟੀ ਅਵਸਥਾ ਵਿੱਚ ਸ਼ਾਇਦ ਨਹੀਂ। ਕੌਤਕ ਨਾਲ ਪੈ ਉਸ ਵੱਲ ਦੇਖਦੇ ਰਹੇ, ਪਰ ਉਸ ਤੋਂ ਬਾਦ ਉਸ ਨੇ ਜੋ ਕੀਤਾ, ਉਸ ਦੀ ਉਮੀਦ ਪੈ ਨੂੰ ਨਹੀਂ ਸੀ।

ਆਪਣੇ ਪਿੱਛਲੇ ਦੋ ਪੈਰਾਂ 'ਤੇ ਖੜ੍ਹੀ ਰਹਿ ਕੇ ਉਸ ਨੇ ਪੰਜ-ਛੇ ਕਦਮ ਵਧਾਏ। ਪਰ ਸੰਤੁਲਨ ਨਾ ਰੱਖ ਸਕਣ ਕਾਰਣ ਉਹ ਧੜਮ ਕਰਕੇ ਡਿੱਗ ਪਈ। ਐਦਾਂ ਡਿੱਗਦੇ ਹੋਏ ਵੀ ਉਸ ਦੀ ਨਜ਼ਰ ਪੈ ਵੱਲ ਹੀ ਸੀ। ਡਿੱਗਣ ਮਗਰੋਂ ਉਸ ਨੇ ਇਕਦਮ ਖੜ੍ਹੇ ਹੋਣ ਦੀ ਕੋਸ਼ਿਸ਼ ਇਸ ਤਰ੍ਹਾਂ ਕੀਤੀ, ਜਿੱਦਾਂ ਡਿੱਗਣਾ ਕੋਈ ਬਹੁਤ ਵੱਡੀ ਗੱਲ ਨਹੀਂ ਸੀ। ਉਸ ਨੇ ਫਿਰ ਤੋਂ ਚਲਣ ਦੀ ਕੋਸ਼ਿਸ਼ ਕੀਤੀ।

ਪੈ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਹੋ ਰਿਹਾ ਸੀ।

ਦੋ ਮਹੀਨੇ ਦੀ ਰੀਮਾ ਆਪਣੇ ਪੈਰਾਂ 'ਤੇ ਚਲਣ ਦਾ ਜਤਨ ਕਰ ਰਹੀ ਸੀ। ਡਾਕਟਰ ਨੂੰ ਆਪਣੇ ਪੁੱਤਰ ਅਸੀਮ ਦੀ ਯਾਦ ਆ ਗਈ। ਵਰ੍ਹੇ ਦਾ ਹੋਣ 'ਤੇ ਉਹ ਵੀ ਸਹਾਰਾ ਲੈ ਕੇ ਚਲਣ ਲੱਗਾ ਸੀ। ਫਿਰ ਬਿਨਾਂ ਸਹਾਰੇ ਦੇ ਦੋ-ਚਾਰ ਕਦਮ ਰੱਖਣ ਲੱਗਾ। ਚਾਰ-ਪੰਜ ਕਦਮ ਚਲਣ ਬਾਦ ਉਹ ਇਸੇ ਤਰ੍ਹਾਂ ਧੜਮ ਕਰ ਕੇ ਬੈਠ ਜਾਂਦਾ, ਆਪਣੇ ਆਲੇ-ਦੁਆਲੇ ਦੇਖਦੇ ਹੋਏ ਕਿ ਕਿੱਧਰੇ ਕੋਈ ਮੈਨੂੰ ਦੇਖ ਤਾਂ ਨਹੀਂ ਰਿਹਾ।

ਡਾਕਟਰ ਨੇ ਅਚਰਜ ਨਾਲ ਰੀਮਾ ਵੱਲ ਦੇਖਿਆ। ਅੱਗੋਂ ਉਸ ਨੇ ਵੀ ਬੁੱਲ੍ਹ ਮਰੋੜ ਕੇ, ਡਾਕਟਰ ਵੱਲ ਦੇਖ ਕੇ ਦੰਦ ਕੱਢੇ। ਉਸ ਦੀ ਇਸ ਮੁਦਰਾ ਦੇ ਕੀ ਅਰਥ ਸਨ, ਕਿਸ ਨੂੰ ਕੀ ਪਤਾ ? ਪਰ ਉਨ੍ਹਾਂ ਨੂੰ ਲੱਗਾ ਕਿ ਉਹ ਬਸ ਉਨ੍ਹਾਂ ਵੱਲ ਦੇਖ ਕੇ ਹੱਸੀ ਸੀ। ਉਹ ਵੀ ਹੱਸ ਪਏ। ਪ੍ਰਯੋਗਸ਼ਾਲਾ ਵੱਲ ਕਦਮ ਪੁੱਟਦੇ ਹੀ ਬਿਜਲੀ ਦੀ ਤੇਜ਼ੀ ਜਿਹਾ ਇਕ ਵਿਚਾਰ ਉਨ੍ਹਾਂ ਦੇ ਮਨ ਵਿੱਚ ਚਮਕਿਆ।

ਰੀਮਾ ਦੋ ਪੈਰਾਂ ਨਾਲ ਚੱਲਣ ਦੀ ਕੋਸ਼ਿਸ਼ ਕਰ ਰਹੀ ਹੈ, ਇਸ ਦਾ ਸੰਬੰਧ ਉਸ ਅੰਦਰ ਪਾਏ ਗਏ ਜੀਨਜ਼ ਕਰ ਕੇ ਤਾਂ ਨਹੀਂ ਹੈ ?

ਦੋ ਪੈਰਾਂ ਨਾਲ ਚਲਣਾ ਮਨੁੱਖ ਦੀ ਖ਼ੂਬੀ ਹੈ, ਬਾਂਦਰਾਂ ਦੀ ਨਹੀਂ। ਸੀਸੀਐਸਟੀ ਦਾ ਮੂਲ ਜ਼ਿੰਮੇਵਾਰ ਜੀਨਜ਼ ਉਸ ਅੰਦਰ ਰੋਪਿਤ ਕਰਦੇ ਹੋਏ ਮਨੁੱਖ ਦੇ ਹੋਰ ਵੀ ਕੁਝ ਜੀਨਜ਼ ਉਸ ਦੇ ਸਰੀਰ ਅੰਦਰ ਚਲੇ ਗਏ ਹੋਣਗੇ, ਇਸ ਦੀ ਪੂਰੀ ਸੰਭਾਵਨਾ ਲੱਗਦੀ ਹੈ।

ਇਸ ਦਾ ਅਰਥ ਇਹ ਸਿਰਫ਼ ਇਕ ਬਾਂਦਰ ਨਾ ਹੋ ਕੇ ਕੁਝ ਹੱਦ ਤਕ ਮਨੁੱਖ ਵੀ ਹੈ ? ਇਹ ਵਿਚਾਰ ਮਨ ਵਿੱਚ ਆਉਂਦੇ ਹੀ ਉਹ ਬੁਰੀ ਤਰ੍ਹਾਂ ਚੌਂਕ ਗਏ। ਜੇ ਇਸ ਤਰ੍ਹਾਂ ਕੁਝ ਹੋ ਗਿਆ ਹੋਇਆ ..? ਫਿਰ ਕੀ ਕਰਨਾ ਚਾਹੀਦਾ ਹੈ ?

ਉਨ੍ਹਾਂ ਦੇ ਦਿਮਾਗ਼ ਵਿੱਚ ਵਿਚਾਰਾਂ ਦਾ ਝੱਖੜ ਸ਼ੁਰੂ ਹੋ ਗਿਆ। ਉਨ੍ਹਾਂ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਆਪਣੀ ਜਗ੍ਹਾ 'ਤੇ ਜਿੱਦਾਂ ਉਹ ਜੜ੍ਹ ਹੋ ਗਏ। ਉਨ੍ਹਾਂ ਨੂੰ ਲੱਗਾ, ਇਹੋ ਜਿਹੇ ਵਿਚਾਰਾਂ ਨੂੰ ਸੋਚ ਵਿੱਚ ਥਾਂ ਨਹੀਂ ਦੇਣੀ ਚਾਹੀਦੀ। ਇਸੇ ਕਰ ਕੇ ਜਲਦੀ ਨਾਲ ਪ੍ਰਯੋਗਸ਼ਾਲਾ ਵਿੱਚ ਜਾ ਕੇ ਉਨ੍ਹਾਂ ਨੇ ਆਪਣੇ ਆਪ ਨੂੰ ਕੰਮ ਵਿੱਚ ਖੁੱਭਾ ਦਿੱਤਾ।



ਫਿਰ ਵੀ ਇਹ ਵਿਚਾਰ ਸਾਰਾ ਦਿਨ ਉਨ੍ਹਾਂ ਦਾ ਪਿੱਛਾ ਕਰਦਾ ਰਿਹਾ, "ਕੀ ਸੱਚਮੁੱਚ ਰੀਮਾ 'ਚ ਕੁਝ ਮਨੁੱਖੀ ਅੰਸ਼ ਆ ਗਿਆ ਏ। ਉਸ ਦੇ ਸੀਸੀਐਸਟੀ ਦੇ ਜੀਨਜ਼ ਦੇ ਨਾਲ ਮਨੁੱਖੀ ਤੱਤ ਵੀ ਸ਼ਾਮਿਲ ਹੋ ਗਏ ਨੇ। ਕਿੰਨੇ ਕੁ ਤੱਤ ਅਜਿਹੇ ਹੋਣਗੇ ? ਦੋ-ਚਾਰ ਜਾਂ ਦਸ-ਬਾਰ੍ਹਾਂ ਜਾਂ ਡੇਢ-ਦੋ ਸੌ।"

"ਕਿੰਨੇ ਜੀਨਜ਼ ਉਸ ਦੇ ਸਰੀਰ 'ਚ ਗਏ..ਇਸ ਨਾਲ ਕੀ ? ਉਹ ਇਕ ਫੀਸਦੀ ਮਨੁੱਖ ਹੋਵੇ ਜਾਂ ਦਸ ਫੀਸਦੀ ਕੀ ਫ਼ਰਕ ਪੈਂਦਾ ਏ ?"

"ਜਾਂ ਪੈਂਦਾ ਏ ?"

ਵੈਸੇ ਵੀ ਬਾਂਦਰ ਦਾ ਦਿਮਾਗ਼ ਅਠਾਨਵੇਂ ਫੀਸਦੀ ਮਨੁੱਖ ਜਿਹਾ ਹੀ ਹੁੰਦਾ ਹੈ। ਰੀਮਾ ਅੱਠਾਨਵੇਂ ਤੋਂ ਇਕ-ਅੱਧ ਵੱਧ ਮਨੁੱਖ ਜਿਹੀ ਹੋਵੇਗੀ, ਵੱਧ ਤੋਂ ਵੱਧ ਦੋ ਹਿੱਸੇ ਵੱਧ । ਇਸ ਨਾਲ ਆਖ਼ਿਰ ਕੀ ਖ਼ਾਸ ਫ਼ਰਕ ਪੈ ਜਾਏਗਾ ?

ਆਖ਼ਿਰ ਪ੍ਰਧਾਨਮੰਤਰੀ ਨੂੰ ਬਚਾਉਣ ਲਈ ਉਸ ਦੀ ਬਲੀ ਦੇਣਾ ਤਾਂ ਨਿਸ਼ਚਿਤ ਹੀ ਹੈ।

ਉਸ ਰਾਤ ਪੈ ਸੌਂ ਨਾ ਸਕੇ। ਸਾਰੀ ਰਾਤ ਉਹ ਪਾਸੇ ਮਾਰਦੇ ਰਹੇ। "ਕੀ ਸੱਚਮੁੱਚ ਰੀਮਾ ਮਨੁੱਖੀ ਤੱਤ ਲੈ ਕੇ ਪੈਦਾ ਹੋਈ ਏ ? ਕੁਝ ਹੱਦ ਤਕ ਤਾਂ ਮਨੁੱਖੀ ਰੂਪ 'ਚ ਹੋਏਗੀ ਹੀ ? ਜਾਂ ਉਸ ਦਾ ਦੋ ਪੈਰਾਂ 'ਤੇ ਚਲਣਾ ਮਹਿਜ਼ ਇਕ ਸੰਯੋਗ ਹੀ ਏ ? ਅਚਾਨਕ ਵਾਪਰੀ ਘਟਨਾ ਵਾਂਗ ?"

"ਜਾਂ ਉਸ ਦੇ ਜੇਨੇਟਿਕ ਮੇਕ-ਅੱਪ ਨਾਲ ਉਸ ਦਾ ਕੋਈ ਨਾਤਾ ਏ ?"

"ਜਾਂ ਇਹ ਵੀ ਹੋ ਸਕਦਾ ਏ ਕਿ ਸ਼ਾਇਦ ਬਾਂਦਰ ਦਾ ਬੱਚਾ ਬਚਪਨ ਵਿੱਚ ਦੋ ਪੈਰਾਂ 'ਤੇ ਚਲਦਾ ਹੋਵੇ। ਭਲਾ ਸਾਨੂੰ ਕੀ ਪਤਾ ?"

"ਪਰ ਮੰਨ ਲਓ, ਉਹ ਕੁਝ ਹਿੱਸਾ ਮਨੁੱਖੀ ਤੱਤਾਂ ਦੀ ਧਾਰਣੀ ਹੋ ਗਈ ਏ ਤਾਂ ਕੀ ?"

"ਫਿਰ ਕੀ ?"

"ਤਾਂ ਕੀ ਉਸ ਦੇ ਦਿਮਾਗ਼ 'ਚ ਬਣ ਰਹੇ ਉਸ ਵਿਸ਼ਿਸ਼ਟ ਤਰਲ ਨੂੰ ਕੱਢਣ ਦਾ ਪ੍ਰਯੋਗ ਰੋਕ ਦੇਣਾ ਚਾਹੀਦਾ ਏ ? ਪਰ ਜੇ ਉਸ ਨੂੰ ਬਚਾਇਆ ਗਿਆ ਤਾਂ ਪ੍ਰਧਾਨਮੰਤਰੀ ਦੇ ਇਲਾਜ ਦਾ ਕੀ ਹੋਏਗਾ ?"

ਪ੍ਰਯੋਗ ਰੋਕ ਦੇਣ ਬਾਰੇ ਜੇ ਮੈਂ ਕਹਾਂਗਾ ਵੀ ਤਾਂ ਮੇਰੀ ਗੱਲ ਕੌਣ ਮੰਨੇਗਾ ? ਮੇਰੀ ਗੱਲ ਕਿਸ ਦੇ ਪੱਲੇ ਪਏਗੀ ?

ਕੀ ਸੱਚਮੁੱਚ ਅਜਿਹਾ ਕੁਝ ਹੋਇਆ ਹੈ ਜਾਂ ਇਹ ਸਭ ਮੇਰੀ ਆਪਣੀ ਕਲਪਨਾ ਸ਼ਕਤੀ ਦੀ ਉਪਜ ਹੈ ? ਮੈਂ ਜਲਦੀ ਵਿੱਚ ਕਿੱਧਰੇ ਕੋਈ ਗਲਤ ਸਿੱਟੇ ਤਾਂ ਨਹੀਂ ਕੱਢ ਰਿਹਾ।

ਮਨੁੱਖ ਦੋ ਪੈਰਾਂ 'ਤੇ ਚਲਦਾ ਹੈ, ਪਰ ਦੋ ਪੈਰਾਂ 'ਤੇ ਤੁਰਨ ਵਾਲਾ ਹਰ ਜੀਵ ਮਨੁੱਖ ਥੋੜ੍ਹਾ ਹੀ ਹੋ ਸਕਦਾ ਹੈ ? ਉਸ ਦਾ ਮਨੁੱਖੀ ਤੱਤ ਸਿੱਧ ਕਰਨ ਲਈ ਜਾਂ ਗਲਤ ਸਾਬਿਤ ਕਰਨ ਲਈ ਕੁਝ ਹੋਰ ਪ੍ਰਯੋਗ ਕਰ ਕੇ ਦੇਖਣਾ ਚਾਹੀਦਾ ਹੈ।

**

ਦੂਜੇ ਦਿਨ ਉਹ ਕੁਝ ਜਲਦੀ ਹੀ ਆਪਣੇ ਕੰਮ 'ਤੇ ਆ ਗਏ। ਆਉਂਦੇ ਹੀ ਉਹ ਰੀਮਾ ਦੇ ਪਿੰਜਰੇ ਵੱਲ ਗਏ। ਦੋਵਾਂ ਹੱਥਾਂ ਨਾਲ ਸੀਖਾਂ ਫੜ ਕੇ ਵਿਚਕਾਰਲੀ ਥਾਂ ਤੋਂ ਅੱਧਾ ਸਿਰ ਬਾਹਰ ਕੱਢ ਕੇ ਉਹ ਜਿੱਦਾਂ ਉਨ੍ਹਾਂ ਨੂੰ ਹੀ ਉਡੀਕ ਰਹੀ ਸੀ।

ਉਨ੍ਹਾਂ ਨੂੰ ਆਉਂਦੇ ਦੇਖ ਉਹ ਖ਼ੁਸ਼ੀ ਨਾਲ ਆਪਣੀ ਥਾਂ 'ਤੇ ਹੀ ਟਪੂਸੀਆਂ ਮਾਰਨ ਲੱਗੀ।

ਉਨ੍ਹਾਂ ਦੇ ਹੱਥ ਵਿੱਚ ਥੈਲੀ ਫੜੀ ਦੇਖ, ਰੀਮਾ ਨੇ ਉਨ੍ਹਾਂ ਵੱਲ ਦੇਖ ਕੇ ਆਪਣਾ ਹੱਥ ਅੱਗੇ ਵੱਧਾ ਦਿੱਤਾ ਕਿ ਜੋ ਉਸ ਲਈ ਲੈ ਕੇ ਆਏ ਹੋ, ਉਹ ਉਸ ਨੂੰ ਦੇ ਦਿਓ।

ਪੈ ਨੇ ਥੈਲੀ ਖੋਲ੍ਹ ਕੇ ਉਸ ਵਿੱਚ ਪਈਆਂ ਚੀਜ਼ਾਂ ਉਸ ਵੱਲ ਵੱਧਾ ਦਿੱਤੀਆਂ। ਉਹ ਕੋਰੇ ਕਾਗਜ਼ਾਂ ਦਾ ਥੱਦਾ ਤੇ ਕੁਝ ਰੰਗੀਨ ਪੈਂਸਿਲਾਂ ਉਸ ਵਿੱਚ ਸਨ। ਇਹ ਖਾਣ ਦੀਆਂ ਚੀਜ਼ਾਂ ਨਹੀਂ ਹਨ, ਇਹ ਤੁਰੰਤ ਉਸ ਦੇ ਧਿਆਨ ਵਿੱਚ ਆ ਗਿਆ। ਉਸ ਨੇ ਨਾਸਾਂ ਫੁਲਾ ਕੇ ਉਨ੍ਹਾਂ ਚੀਜ਼ਾਂ ਨੂੰ ਸੁੰਘਿਆ ਤੇ ਗੁੱਸੇ ਵਿੱਚ ਕਾਗਜ਼ ਪਰ੍ਹੇ ਸੁੱਟ ਦਿੱਤੇ।

ਪੈ ਹੱਸ ਪਏ। ਇਕ ਕਾਗਜ਼ ਚੁੱਕ ਕੇ ਉਨ੍ਹਾਂ ਨੇ ਪੈਂਸਿਲ ਨਾਲ ਉਸ 'ਤੇ ਇਕ ਲੀਕ ਖਿੱਚੀ। ਫਿਰ ਕੁਝ ਹੋਰ ਲੀਕਾਂ ਖਿੱਚੀਆਂ। ਉਹ ਕੌਤਕ ਨਾਲ ਉਨ੍ਹਾਂ ਵੱਲ ਦੇਖ ਰਹੀ ਸੀ। ਫਿਰ ਉਨ੍ਹਾਂ ਨੇ ਉਸ ਦਾ ਹੱਥ ਫੜ ਕੇ ਲੀਕ ਖਿੱਚਣਾ ਸਿਖਾਇਆ। ਕਾਗਜ਼ 'ਤੇ ਉਕਰੀ ਰੰਗੀਨ ਲੀਕ ਦੇਖ ਕੇ ਉਹ ਬਹੁਤ ਖੁਸ਼ ਹੋ ਗਈ। ਖੁਸ਼ ਹੋ ਕੇ ਉਸ ਨੇ ਝੱਟ ਕਈ ਲਕੀਰਾਂ ਉਸ ਕਾਗਜ਼ 'ਤੇ ਗਿਚਪਿਚ ਕਰ ਕੇ ਘਸੀਟ ਦਿੱਤੀਆਂ। ਪੈ ਨੇ ਉਸ ਨੂੰ ਦੂਜਾ ਕਾਗਜ਼ ਫੜਾ ਦਿੱਤਾ। ਥੋੜ੍ਹੀ ਦੇਰ ਵਿੱਚ ਉਸ ਨੇ ਉਹ ਕਾਗਜ਼ ਵੀ ਭਰ ਦਿੱਤਾ। ਫਿਰ ਉਨ੍ਹਾਂ ਨੇ ਕਾਗਜ਼ ਦਾ ਪੂਰਾ ਥੱਦਾ ਉਸ ਨੂੰ ਦੇ ਦਿੱਤਾ ਤੇ ਉਥੋਂ ਚਲ ਪਏ।

ਥੋੜ੍ਹੀ ਹੀ ਦੇਰ ਵਿੱਚ ਪਿੰਜਰੇ ਵਿੱਚ ਰੰਗ-ਬਿਰੰਗੀਆਂ ਲੀਕਾਂ ਨਾਲ ਕਾਗਜ਼ਾਂ ਦਾ ਢੇਰ ਲੱਗ ਗਿਆ।

ਸ਼ਾਮ ਨੂੰ ਪੈ ਦੇ ਆਉਣ 'ਤੇ ਵੀ ਰੀਮਾ ਲੀਕਾਂ ਖਿੱਚਣ ਵਿੱਚ ਮਗਨ ਸੀ। ਪੈ ਦੇ ਆਉਂਦੇ ਹੀ ਉਸ ਨੇ ਹੱਥਲਾ ਕਾਗਜ਼ ਉਨ੍ਹਾਂ ਨੂੰ ਦੇ ਦਿੱਤਾ।

ਕਾਗਜ਼ ਲੈ ਕੇ ਪੈ ਨੇ ਦੇਖਿਆ, ਉਸ 'ਤੇ ਲਾਲ ਰੰਗ ਦੀਆਂ ਛੋਟੀਆਂ ਲੀਕਾਂ ਦੇ ਨਾਲ ਪੀਲੇ ਰੰਗ ਦੇ ਗੋਲੇ ਵੀ ਸਨ। ਉਨ੍ਹਾਂ ਨੂੰ ਇਸ ਵਿੱਚ ਕੋਈ ਖ਼ਾਸ ਅਰਥ ਮਹਿਸੂਸ ਨਹੀਂ ਹੋਇਆ। ਉਨ੍ਹਾਂ ਨੇ ਦੂਜੇ ਕਾਗਜ਼ਾਂ ਨਾਲ ਉਸ ਨੂੰ ਵੀ ਰੱਖ ਲਿਆ। ਇਹ ਦੇਖ ਕੇ ਰੀਮਾ ਨੇ ਪਾਗਲਾਂ ਵਾਂਗ ਨੱਚਣਾ ਸ਼ੁਰੂ ਕਰ ਦਿੱਤਾ। ਉਸ ਰੌਲਾ ਪਾਇਆ ਤੇ ਦੰਦ ਕੱਢਣ ਲੱਗੀ।

ਪੈ ਨੇ ਕਾਗਜ਼ ਦਾ ਇਕ ਹੋਰ ਥੱਦਾ ਉਸ ਨੂੰ ਫੜਾ ਦਿੱਤਾ। ਉਸ ਨੇ ਫਿਰ ਉਹ ਕਾਗਜ਼ ਕੱਢ ਕੇ ਉਨ੍ਹਾਂ ਦੇ ਹੱਥ ਵਿੱਚ ਰੱਖ ਦਿੱਤਾ। ਪਹਿਲਾਂ ਦਿੱਤਾ ਉਹੀ ਲਾਲ ਲਕੀਰਾਂ ਤੇ ਨਾਰੰਗੀ ਗੋਲਿਆਂ ਵਾਲਾ ਕਾਗਜ਼। ਫਿਰ ਉਹ ਹੱਥ ਥਪਥਪਾ ਕੇ ਉਨ੍ਹਾਂ ਨੂੰ ਕੁਝ ਦੱਸਣਾ ਚਾਹ ਰਹੀ ਸੀ।

ਅਚਾਨਕ ਉਨ੍ਹਾਂ ਦੇ ਦਿਮਾਗ਼ ਵਿੱਚ ਇਕ ਚਮਕ ਆਈ। ਪਿੱਛਲੇ ਦਿਨੀਂ ਉਹ ਉਸ ਲਈ ਗਾਜਰਾਂ ਤੇ ਸੰਤਰੇ ਲਿਆਏ ਸਨ। ਉਸ ਦੇ ਬਣਾਏ ਚਿੱਤਰ ਬਣਾਏ ਸਨ, ਲਾਲ ਰੰਗ ਨਾਲ ਬਣਾਈ ਲੀਕ ਯਾਨੀ ਗਾਜਰ ਤੇ ਪੀਲੇ ਗੋਲੇ ਯਾਨੀ ਸੰਤਰੇ ਇਹ ਚੀਜ਼ਾਂ ਫਿਰ ਉਸ ਦੇ ਖਾਣ ਲਈ ਲਿਆਓ, ਸ਼ਾਇਦ ਉਹ ਇਹੀ ਕਹਿਣਾ ਚਾਹ ਰਹੀ ਸੀ ?

ਆਪਣੀ ਗੱਲ ਦੀ ਪਰਖ ਕਰਨ ਲਈ ਪੈ ਦੂਸਰੇ ਦਿਨ ਫਿਰ ਉਸ ਲਈ ਗਾਜਰ ਤੇ ਸੰਤਰੇ ਲੈ ਆਏ। ਪਰ ਉਹ ਉਹ ਚੀਜ਼ਾਂ ਦੂਜੀ ਥੈਲੀ ਵਿੱਚ ਛੁਪਾ ਕੇ ਲਿਆਏ। ਪਹਿਲਾਂ ਉਸ ਨੂੰ ਕੇਲਾ ਤੇ ਮੂੰਗਫਲੀ ਦਿੱਤੀ। ਇਹ ਦੋਵੇਂ ਚੀਜ਼ਾਂ ਉਸ ਦੀਆਂ ਮਨਪਸੰਦ ਸਨ। ਉਹ ਇਨ੍ਹਾਂ 'ਤੇ ਜਾਨ ਛਿੜਕਦੀ ਸੀ। ਪਰ ਅੱਜ ਉਸ ਦਾ ਮੂਡ ਇਨ੍ਹਾਂ ਚੀਜ਼ਾਂ ਲਈ ਨਹੀਂ ਸੀ। ਉਸ ਨੇ ਉਹ ਚੀਜ਼ਾਂ ਪਰ੍ਹੇ ਸੁੱਟ ਦਿੱਤੀਆਂ ਤੇ ਕੱਲ੍ਹ ਦੇ ਬਣਾਏ ਗਾਜਰ ਤੇ ਸੰਤਰੇ ਦਿਖਾਏ ਕਿ ਉਸ ਨੂੰ ਉਹੀ ਚਾਹੀਦੇ ਹਨ। ਉਸ ਦੀ ਜ਼ਿੱਦ ਦੇਖ ਕੇ ਉਨ੍ਹਾਂ ਨੇ ਉਹ ਚੀਜ਼ਾਂ ਕੱਢ ਕੇ ਦਿੱਤੀਆਂ ਤਾਂ ਉਸ ਦੀ ਖੁਸ਼ੀ ਸੱਤਵੇਂ ਆਸਮਾਨ 'ਤੇ ਸੀ। ਪਿੰਜਰੇ ਅੰਦਰ ਨੱਚਦੇ-ਟੱਪਦੇ ਉਸ ਨੇ ਪੈ ਦੇ ਹੱਥ 'ਤੇ ਆਪਣਾ ਸਿਰ ਰਗੜਿਆ।



ਉਸ ਦੀ ਇਹ ਪ੍ਰਸੰਨਤਾ ਦੇਖ ਕੇ ਕਿ ਉਸ ਨੂੰ ਗਾਜਰ ਤੇ ਸੰਤਰੇ ਚਾਹੀਦੇ ਹਨ, ਇਹ ਗੱਲ ਉਸ ਨੇ ਚਿੱਤਰ ਰਾਹੀਂ ਇਸ ਦੀ ਮੰਗ ਰੱਖੀ ਸੀ। ਇਹ ਸਭ ਦੇਖ ਕੇ ਹੁਣ ਉਨ੍ਹਾਂ ਦੇ ਮਨ ਵਿੱਚ ਰੱਤੀ ਭਰ ਵੀ ਸੰਸਾ ਨਹੀਂ ਰਿਹਾ ਸੀ।

ਉਹ ਸਿਰਫ਼ ਬਾਂਦਰ ਹੀ ਨਹੀਂ, ਇਹ ਮੰਨ ਕੇ ਪ੍ਰਯੋਗ ਅੱਗੇ ਵਧਾਉਣਾ ਸੰਭਵ ਨਹੀਂ ਸੀ। ਹੁਣ ਇਸ ਨੂੰ ਰੋਕਣਾ ਹੀ ਚਾਹੀਦਾ ਹੈ।

ਨਟਰਾਜਨ ਨਾਲ ਮੁਲਾਕਾਤ ਕਰ ਕੇ ਇਹ ਗੱਲ ਤੁਰੰਤ ਉਨ੍ਹਾਂ ਨੂੰ ਦੱਸਣੀ ਜ਼ਰੂਰੀ ਸੀ।

"ਹਾਂ, ਬੋਲੋ। ਕੀ ਕਹਿੰਦੀ ਏ ਤੁਹਾਡੀ ਰੀਮਾ।" ਪੈ ਨੂੰ ਦੇਖ ਕੇ ਨਟਰਾਜਨ ਬੋਲੇ।

"ਉਸੇ ਬਾਰੇ ਦੱਸਣ ਆਇਆ ਹਾਂ ।"

"ਕੀ ? ਉਸ ਨੂੰ ਕੀ ਹੋਇਆ ?" ਨਟਰਾਜਨ ਦੀ ਆਵਾਜ਼ ਵਿੱਚ ਚਿੰਤਾ ਸੀ। ਉਨ੍ਹਾਂ ਕੋਲ ਡਾਕਟਰ ਸਾਟਮ ਵੱਲੋਂ ਹਰ ਦਿਨ ਦੀ ਰਿਪੋਰਟ ਆਉਂਦੀ ਸੀ। ਅੱਜ ਸਵੇਰ ਦੀ ਰਿਪੋਰਟ ਠੀਕ ਸੀ।

"ਨ੍ਹੀਂ, ਉਸ ਨੂੰ ਹੋਇਆ ਕੁਝ ਨ੍ਹੀਂ ? ਉਹ ਪੂਰੀ ਤਰ੍ਹਾਂ ਠੀਕ-ਠਾਕ ਏ।" ਸੁਣ ਕੇ ਨਟਰਾਜਨ ਨੇ ਸੁਖ ਦਾ ਸਾਹ ਲਿਆ।

"ਅਸਲ 'ਚ ਉਹ ਸਰੀਰਕ ਪੱਖੋਂ ਇਕਦਮ ਠੀਕ ਏ। ਅਸਲ 'ਚ," ਹੁਣ ਪੈ ਨੂੰ ਸਮਝ ਵਿੱਚ ਨਾ ਆਇਆ ਕਿ ਕਿੱਦਾਂ ਦੱਸੇ ਤੇ ਕੀ ਦੱਸੇ ?

"ਪਰ ਕੀ ? ਉਸ 'ਚ ਕੁਝ ਮਾਨਸਿਕ ਗੜਬੜੀ ਹੋ ਗਈ ਏ ?"

"ਨ੍ਹੀਂ, ਨ੍ਹੀਂ..। ਅਸਲ 'ਚ ਉਹ ਮਾਨਸਿਕ ਪੱਖੋਂ ਐਨੀ ਮਜ਼ਬੂਤ ਏ ਕਿ ਇਹੀ ਪ੍ਰੌਬਲਮ ਬਣ ਗਈ ਏ।"

"ਕੀ ਮਤਲਬ ...? ਮੈਂ ਸਮਝਿਆ ਨ੍ਹੀਂ ।"

"ਸਰ, ਸਾਨੂੰ ਰੀਮਾ 'ਤੇ ਇਹ ਪ੍ਰਯੋਗ ਰੋਕਣਾ ਹੀ ਪਏਗਾ।" ਇਕੋ ਹੀ ਸਾਹ ਵਿੱਚ ਪੈ ਨੇ ਕਹਿ ਦਿੱਤਾ।

"ਕੀ ?" ਨਟਰਾਜਨ ਚੌਂਕ ਕੇ ਇਕਦਮ ਚੀਕ ਪਏ।

"ਹਾਂ ਸਰ ! ਰੀਮਾ 'ਤੇ ਪ੍ਰਯੋਗ ਬੰਦ ਕਰ ਦੇਣਾ ਚਾਹੀਦਾ ਏ।"

"ਕਿਉਂ ? ਕੀ ਹੋਇਆ ?"

"ਕਿਉਂਕਿ ਰੀਮਾ 'ਚ ਮਾਨਵੀ ਤੱਤ ਨੇ ।"

"ਕੀ ? ਰੀਮਾ ਮਾਨਵ ਏ । ਮਨੁੱਖ ?"

"ਕੁਝ ਹੱਦ ਤਕ ਸਰ !"

"ਤੁਸੀਂ ਕੀ ਕਹਿ ਰਹੇ ਹੋ, ਮੇਰੀ ਸਮਝ 'ਚ ਨ੍ਹੀਂ ਆ ਰਿਹਾ।"

"ਹਾਂ ਸਰ ! ਮੈਂ ਤੁਹਾਨੂੰ ਕਿਹੜੇ ਸ਼ਬਦਾਂ 'ਚ ਸਮਝਾਵਾਂ। ਮੈਂ ਵੀ ਬਹੁਤ ਕੰਫਿਯੂਸ ਹਾਂ। ਪਰ ਇਹ ਸੱਚ ਏ ਕਿ ਰੀਮਾ ਸਿਰਫ਼ ਬਾਂਦਰ ਨ੍ਹੀਂ, ਥੋੜ੍ਹੀ ਬਹੁਤ ਮਾਨਵ ਵੀ ਏ।"

"ਥੋੜ੍ਹੀ ਬਹੁਤ ਮਾਨਵੀ ਏ ? ਕੀ ਮਤਲਬ ? ਤੁਸੀਂ ਸਭ ਕੁਝ ਮੈਨੂੰ ਠੀਕ ਤਰ੍ਹਾਂ ਨਾਲ ਦੱਸੋ ?"

"ਸਰ, ਰੀਮਾ ਨੂੰ ਜਨਮ ਦੇਂਦੇ ਹੋਏ ਉਸ ਦੀ ਕੁੱਖ 'ਚ ਸੀਸੀਐਸਟੀ ਦਾ ਜੀਨਜ਼ ਪਾਇਆ ਸੀ। ਸ਼ਾਇਦ ਉਸ ਨਾਲ ਕੁਝ ਹੋਰ ਜੀਨਜ਼ ਵੀ ਨਾਲ ਚਲੇ ਗਏ ਹੋਣ, ਜੋ ਮਨੁੱਖੀ ਸਨ। ਇਸੇ ਕਾਰਣ ਉਸ ਦੇ ਸਰੀਰ 'ਚ ਕੁਝ ਮਾਨਵੀ ਗੁਣ ਆ ਗਏ ਨੇ। ਇਸ ਲਈ ਮੈਂ ਕਿਹਾ ਕਿ ਹੁਣ ਉਹ ਕੁਝ ਅੰਸ਼

'ਚ ਮਾਨਵ ਹੋ ਗਈ ਏ। ਮਨੁੱਖ ਵਾਂਗੂੰ ਹੀ ਹੁਸ਼ਿਆਰ ਹੋ ਗਈ ਏ ਤੇ ਮਨੁੱਖਾਂ ਵਾਂਗ ਹੀ ਵਿਹਾਰ ਕਰਨ ਲੱਗੀ ਏ।"

"ਇਹ ਕੀ ਕਹਿ ਰਹੇ ਹੋ ?"

"ਹਾਂ ਸਰ! ਇਹ ਬਿਲਕੁਲ ਸੱਚ ਏ। ਮੈਂ ਇਸ ਦੀ ਪੜਤਾਲ ਕਰ ਲਈ ਏ।"

"ਕਿਹੀ ਪੜਤਾਲ ? ਉਸ ਦੀ ਕੁੱਖ 'ਚ ਮਨੁੱਖ ਦੇ ਜੀਨਜ਼ ਚਲੇ ਗਏ ਨੇ। ਉਸ ਦੀ ਪੜਤਾਲ।"

"ਡੋਂਟ ਬੀ ਸਿਲੀ।"

"ਨ੍ਹੀਂ ਸਰ! ਇਹ ਇਕਦਮ ਸੱਚ ਏ।"

"ਤੁਸੀਂ ਇਹ ਸਭ ਕਿਸ ਆਧਾਰ 'ਤੇ ਕਹਿ ਰਹੇ ਹੋ ?"

"ਕਈ ਸਬੂਤ ਦਿੱਤੇ ਜਾ ਸਕਦੇ ਨੇ। ਮਿਸਾਲ ਵਜੋਂ..ਉਹ ਦੋ ਪੈਰਾਂ 'ਤੇ ਚਲਣ ਲੱਗੀ ਏ।"

ਨਟਰਾਜਨ ਕੁਰਸੀ ਨਾਲ ਟੇਕ ਲੱਗਾ ਕੇ ਹੱਸਣ ਲੱਗੇ।

"ਬਸ, ਐਨਾ ਹੀ। ਬਾਂਦਰ ਪਿੱਛਲੇ ਪੈਰਾਂ 'ਤੇ ਖੜ੍ਹੇ ਹੋ ਕੇ ਕੁਝ ਕਦਮ ਚਲ ਲੈਂਦੇ ਨੇ। ਮਦਾਰੀ ਦੇ ਸਿਖਾਉਣ 'ਤੇ ਬਾਂਦਰ ਦੋ ਪੈਰਾਂ 'ਤੇ ਠੀਕ ਤਰ੍ਹਾਂ ਨਾਲ ਚੱਲ ਲੈਂਦੇ ਨੇ।"

"ਪਰ ਕੋਈ ਵੀ ਬਾਂਦਰ ਆਪਣੇ ਆਪ ਦੋ ਪੈਰਾਂ 'ਤੇ ਨਹੀਂ ਚੱਲ ਸਕਦਾ।"

"ਮੰਨ ਲਓ, ਤੁਹਾਡੀ ਰੀਮਾ ਨੇ ਦੋ ਕਦਮ ਆਪਣੇ ਆਪ ਚਲ ਲਏ ਤਾਂ ਤੁਸੀਂ ਤੁਰੰਤ ਉਸ ਨੂੰ ਮਨੁੱਖਾਂ ਦੀ ਸ਼੍ਰੇਣੀ 'ਚ ਸ਼ਾਮਿਲ ਕਰ ਲਿਆ। ਹੱਦ ਹੋ ਗਈ, ਤੁਹਾਡੀ ਕਲਪਨਾ-ਸ਼ਕਤੀ ਦੀ।" ਨਟਰਾਜਨ ਫਿਰ ਖੁੱਲ੍ਹ ਕੇ ਹੱਸ ਪਏ।

"ਐਨਾ ਹੀ ਨਹੀਂ ਸਰ! ਇਹ ਦੇਖੋ।" ਕਹਿ ਕੇ ਉਨ੍ਹਾਂ ਨੇ ਆਪਣੇ ਨਾਲ ਲਿਆਂਦੇ ਕਾਗਜ਼ ਉਨ੍ਹਾਂ ਸਾਹਮਣੇ ਰੱਖ ਦਿੱਤੇ। ਉਸ 'ਤੇ ਲਾਲ ਤੇ ਪੀਲੇ ਰੰਗ ਦੀਆਂ ਲਕੀਰਾਂ ਸਨ।

"ਇਹ ਸਭ ਕੀ ਏ ?" ਕਾਗਜ਼ ਨੂੰ ਨਿਹਾਰਦੇ ਹੋਏ ਨਟਰਾਜਨ ਨੇ ਪੁੱਛਿਆ।

"ਇਹ ਚਿੱਤਰ ਰੀਮਾ ਨੇ ਬਣਾਇਆ ਏ।"

"ਕਿਹੜਾ ਚਿੱਤਰ?" ਨਟਰਾਜਨ ਨੇ ਹਾਸਾ ਰੋਕਦੇ ਹੋਏ ਸਵਾਲ ਕੀਤਾ।

"ਗਾਜਰ ਤੇ ਸੰਤਰੇ ਦਾ ਚਿੱਤਰ। ਇਹ ਦਿਖਾ ਕੇ ਉਸ ਨੇ ਮੈਨੂੰ ਗਾਜਰ ਤੇ ਸੰਤਰੇ ਲਿਆਉਣ ਲਈ ਕਿਹਾ।"

ਨਟਰਾਜਨ ਨੇ ਫਿਰ ਗ਼ੌਰ ਨਾਲ ਉਸ ਕਾਗਜ਼ ਵੱਲ ਦੇਖਿਆ। ਉਸ ਨੂੰ ਉਸ ਵਿੱਚ ਕਿਤੇ ਗਾਜਰ ਤੇ ਸੰਤਰੇ ਨਜ਼ਰ ਨਾ ਆਏ। ਹਾਂ, ਲਾਲ ਲਕੀਰ ਇਕ ਹੋਰ ਜੋੜੀ ਗਈ ਸੀ ਤੇ ਪੀਲੀਆਂ ਲੀਕਾਂ ਆਮ ਤੌਰ 'ਤੇ ਗੋਲਾਕਾਰ ਸਨ। ਪਰ ਉਨ੍ਹਾਂ ਨੂੰ ਗਾਜਰ ਤੇ ਸੰਤਰੇ ਕਹਿਣਾ ਬਹੁਤ ਹੀ ਮੁਸ਼ਕਿਲ ਸੀ। ਪੈ ਬਹੁਤ ਜ਼ਿਆਦਤੀ ਕਰ ਰਹੇ ਸਨ।

"ਦੇਖੋ ਡਾਕਟਰ ਪੈ, ਮੈਂ ਤੁਹਾਡੀ ਲਿਆਕਤ ਦਾ ਬਹੁਤ ਕਾਇਲ ਹਾਂ, ਉਸ ਦੀ ਬਹੁਤ ਕਦਰ ਕਰਦਾ ਹਾਂ। ਇਹ ਵੀ ਮੰਨਦਾ ਹਾਂ ਕਿ ਇਸ ਪ੍ਰਯੋਗ 'ਚ ਤੁਹਾਡਾ ਯੋਗਦਾਨ ਬਹੁਤ ਵੱਡਾ ਏ। ਪਰ ਲੱਗਦਾ ਏ, ਤੁਸੀਂ ਰੀਮਾ 'ਚ ਕੁਝ ਜ਼ਿਆਦਾ ਹੀ ਉਲਝ ਗਏ ਹੋ। ਸੀਸੀਐਸਟੀ ਦਾ ਜੀਨ ਰੀਮਾ ਅੰਦਰ ਆਇਆ ਏ, ਇਸੇ ਕਰ ਕੇ ਉਸ ਦੇ ਦਿਮਾਗ਼ ਵਿੱਚ ਇਸ ਰੋਗ ਨੂੰ ਰੋਕਣ ਵਾਲਾ ਤਰਲ ਤਿਆਰ ਹੋਏਗਾ। ਤੁਸੀਂ ਆਪਣਾ ਕੰਮ ਬਹੁਤ ਚੰਗੀ ਤਰ੍ਹਾਂ ਕੀਤਾ ਏ। ਮੇਰੀ ਸਲਾਹ ਮੰਨੋ ਤਾਂ ਤੁਸੀਂ



ਹੁਣ ਰੀਮਾ ਨੂੰ ਨਾ ਮਿਲੋ। ਉਸ ਦਾ ਵਿਚਾਰ ਆਪਣੇ ਅੰਦਰੋਂ ਕੱਢ ਦਿਓ। ਸਾਨੂੰ ਰੀਮਾ ਜਿਹੇ ਹੋਰ ਵੀ ਬਾਂਦਰ ਤਿਆਰ ਕਰਨੇ ਪੈਣਗੇ। ਤੁਸੀਂ ਉਸ ਪਾਸੇ ਵੱਲ ਧਿਆਨ ਦਿਓ।"

ਮੂੰਹ 'ਤੇ ਜਿੱਦਾਂ ਕੜਕ ਥੱਪੜ ਪਿਆ ਹੋਵੇ, ਪੈ ਨੂੰ ਐਦਾਂ ਮਹਿਸੂਸ ਹੋਇਆ। ਉਹ ਪਲ ਭਰ ਲਈ ਚੁੱਪ ਹੋ ਗਏ। ਉਨ੍ਹਾਂ ਨੇ ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਿਆ। ਰੀਮਾ ਬਾਰੇ ਜੋ ਉਹ ਮਹਿਸੂਸ ਕਰ ਰਹੇ ਸਨ, ਉਹੋ ਜਿਹਾ ਨਟਰਾਜਨ ਜਾਂ ਦੂਜਿਆਂ ਨੂੰ ਨਹੀਂ ਹੋ ਰਿਹਾ ਸੀ।

"ਪਰ ਸਰ, ਮੇਰੀ ਗੱਲ ਤਾਂ ਸੁਣੋ। ਲੰਗੂਰ ਜਾਤੀ ਦੇ ਬਾਂਦਰਾਂ ਨੂੰ ਰੰਗ ਗਿਆਨ ਨ੍ਹੀਂ ਹੁੰਦਾ। ਪਰ ਰੀਮਾ ਨੇ ਗਾਜਰ ਲਈ ਲਾਲ ਰੰਗ ਤੇ ਸੰਤਰੇ ਲਈ ਪੀਲੇ ਰੰਗ ਦੀ ਵਰਤੋਂ ਕੀਤੀ। ਉਸ ਦੇ ਸਰੀਰ 'ਚ ਕੁਝ ਮਾਨਵੀ ਜੀਨਜ਼ ਘੁਲ ਗਏ, ਇਹ ਗੱਲ ਸਿੱਧ ਕਰਨ ਲਈ ਇਹ ਸਬੂਤ ਕਾਫੀ ਨਹੀਂ ?"

"ਦੇਖੋ, ਪਹਿਲੀ ਗੱਲ ਤਾਂ ਇਹ ਕਿ ਇਹ ਮੈਨੂੰ ਗਾਜਰ ਤੇ ਸੰਤਰੇ ਲੱਗਦੇ ਹੀ ਨ੍ਹੀਂ। ਹੱਥ 'ਚ ਆਈ ਪੈਂਸਿਲ ਨਾਲ ਉਸ ਨੇ ਕੁਝ ਲਕੀਰਾਂ ਖਿੱਚੀਆਂ ਨੇ। ਬਸ, ਐਨਾ ਹੀ। ਉਸ ਨੂੰ ਵਿਸ਼ੇਸ਼ ਮਹੱਤਵ ਦੇਣ ਦੀ ਲੋੜ ਨ੍ਹੀਂ। ਲਿਸਨ ਡਾਕਟਰ ਪੈ ! ਥੋੜ੍ਹੇ ਵਿੱਚ ਹੀ ਗੱਲ ਸਮਝ ਲਵੋ, ਇੱਥੇ ਪ੍ਰਧਾਨਮੰਤਰੀ ਦੀ ਜ਼ਿੰਦਗੀ-ਮੌਤ ਦਾ ਸਵਾਲ ਏ। ਉਨ੍ਹਾਂ ਲਈ ਜਲਦੀ ਦਵਾਈ ਤਿਆਰ ਕਰਨਾ ਜ਼ਰੂਰੀ ਏ। ਇਹੋ ਜਿਹੇ ਵੇਲੇ ਕਿੱਥੇ ਤੁਸੀਂ ਲਾਲ-ਪੀਲੀਆਂ ਲਕੀਰਾਂ 'ਚ ਉਲਝ ਰਹੇ ਹੋ।"

ਪੈ ਕੀ ਕਹਿਣ। ਕੁਝ ਸੁਝ ਨਹੀਂ ਰਿਹਾ ਸੀ।

"ਸਰ, ਮੇਰੀ ਇਕ ਬੇਨਤੀ ਏ।"

"ਦੱਸੋ।"

"ਸਰ, ਰੀਮਾ ਵੇਲੇ ਹੀ ਕੁਝ ਹੋਰ ਮਾਦਾ ਬਾਂਦਰਾਂ 'ਤੇ ਇਹ ਪ੍ਰਯੋਗ ਕੀਤਾ ਗਿਆ ਸੀ। ਹੁਣ ਉਹ ਗਰਭਵਤੀ ਨੇ। ਛੇ ਮਹੀਨੇ ਦੇ ਅੰਦਰ ਹੀ ਦੋ ਹੋਰ ਬੱਚੇ ਤਿਆਰ ਹੋ ਜਾਣਗੇ। ਅੱਗੋਂ ਉਨ੍ਹਾਂ 'ਤੇ ਪ੍ਰਯੋਗ ਜਾਰੀ ਰੱਖਾਂਗੇ, ਪਰ ਰੀਮਾ ਦੀ ਬਲੀ ਨਾ ਚੜ੍ਹਾਓ। ਉਸ ਨੂੰ ਜੀਣ ਦਿਓ। ਉਸ 'ਚ ਕੁਝ ਮਾਨਵੀ ਤੱਤ ਏ ਜਾਂ ਨਹੀਂ, ਇਸ 'ਤੇ ਮਤਭੇਦ ਹੋ ਸਕਦਾ ਏ। ਮੈਂ ਇਹ ਗੱਲ ਨੂੰ ਮੰਨਦਾ ਹਾਂ। ਮੇਰੇ ਵਿਚਾਰ ਅਨੁਸਾਰ ਉਸ ਅੰਦਰ ਮਾਨਵੀ ਤੱਤ ਨੇ, ਬਸ ਮੈਨੂੰ ਉਹ ਸਿੱਧ ਕਰਨ ਦਾ ਵਕਤ ਦੇ ਦਿਓ। ਉਹ ਤੈਅ ਹੋਣ ਤਕ ਇਸ ਪ੍ਰਯੋਗ ਨੂੰ ਰੋਕ ਦੇਣਾ ਚਾਹੀਦਾ ਏ।"

"ਡਾਕਟਰ ਪੈ, ਮੈਂ ਤੁਹਾਡੀ ਗੱਲ ਮੰਨ ਸਕਦਾ ਤਾਂ ਚੰਗਾ ਹੁੰਦਾ। ਪਰ ਬਦਕਿਸਮਤੀ ਨਾਲ ਇਹ ਅਸੰਭਵ ਏ। ਦਿੱਲੀ ਤੋਂ ਡਾ. ਭਟਨਾਗਰ ਦਾ ਫੋਨ ਲਗਭਗ ਰੋਜ਼ ਹੀ ਆਉਂਦਾ ਏ।"

"ਪਰ ਪ੍ਰਧਾਨਮੰਤਰੀ ਦੀ ਤਬੀਅਤ ਤਾਂ।"

"ਉਹ ਅਜੇ ਤਕ ਠੀਕ ਨੇ। ਪਰ ਅਸੀਂ ਬਹੁਤੇ ਵਕਤ ਤਕ ਰੁੱਕ ਨ੍ਹੀਂ ਸਕਦੇ।"

"ਸਰ, ਸਿਰਫ਼ ਛੇ ਮਹੀਨੇ। ਉਦੋਂ ਤਕ ਮੈਂ ਦੂਜਾ ਬੰਦੋਬਸਤ ਕਰ ਲਵਾਂਗਾ।"

"ਇਹ ਸੰਭਵ ਨ੍ਹੀਂ ਏ।" ਨਟਰਾਜਨ ਦੀ ਆਵਾਜ਼ ਹੁਣ ਪਹਿਲੇ ਜਿਹੀ ਸਖ਼ਤ ਨਹੀਂ ਸੀ।

"ਪਲੀਜ ਸਰ! ਮੈਨੂੰ ਯਕੀਨ ਏ, ਤੁਸੀਂ ਇਹ ਫੈਸਲਾ ਕਰ ਕੇ ਪਛਤਾਓਗੇ ਨ੍ਹੀਂ। ਸਰ, ਮੈਂ ਗਾਰੰਟੀ ਦੇਂਦਾ ਹਾਂ। ਬਸ ਮੈਨੂੰ ਥੋੜ੍ਹਾ ਜਿਹਾ ਵਕਤ ਦੇ ਦੋ। ਪਲੀਜ ਪਲੀਜ।"

ਨਟਰਾਜਨ ਸੋਚ ਵਿੱਚ ਪੈ ਗਏ। ਪੈ ਨੂੰ ਜ਼ਿਆਦਾ ਤਕਲੀਫ਼ ਦੇਣਾ ਠੀਕ ਨਹੀਂ। ਜੇ ਉਨ੍ਹਾਂ ਅਗਲੇ ਪ੍ਰਯੋਗਾਂ ਵਿੱਚ ਸਹਿਯੋਗ ਦੇਣ ਤੋਂ ਮਨਾ ਕਰ ਦਿੱਤਾ ਤਾਂ ਬਹੁਤ ਮੁਸ਼ਕਿਲ ਹੋ ਜਾਏਗੀ। ਹੁਣ ਉਹ ਰੀਮਾ ਪ੍ਰਤੀ ਬਹੁਤ ਸੰਵੇਦਨਸ਼ੀਲ ਹੋ ਗਏ ਹਨ, ਇਹ ਸਪੱਸ਼ਟ ਹੋ ਗਿਆ ਸੀ। ਉਨ੍ਹਾਂ ਨੂੰ ਇਕਦਮ ਮਨ੍ਹਾ ਕਰ ਦੇਣ ਨਾਲ ਉਹ ਟੁੱਟ ਜਾਣਗੇ।

"ਸੀਸੀਐਸਟੀ ਦੇ ਜੀਨਯੁਕਤ ਬੱਚੇ ਤਿਆਰ ਹੋਣ ਤਕ ਮੈਂ ਰੀਮਾ 'ਤੇ ਇਹ ਪ੍ਰਯੋਗ ਰੋਕਣ ਲਈ ਤਿਆਰ ਹਾਂ, ਪਰ ਮੇਰੀ ਇਕ ਸ਼ਰਤ ਏ। ਜਿੱਦਾਂ ਤੁਸੀਂ ਕਹਿ ਰਹੇ ਹੋ, ਰੀਮਾ ਵਿੱਚਲੇ ਮਾਨਵੀ ਤੱਤਾਂ ਬਾਰੇ ਜਾਂਚ ਇਕ ਸਮਿਤੀ ਕਰੇਗੀ। ਮੈਂ ਆਪ ਉਸ ਸਮਿਤੀ ਵਿੱਚ ਸ਼ਾਮਿਲ ਹੋਵਾਂਗੀ। ਡਾ. ਸਾਟਮ ਵੀ ਹੋਣਗੇ, ਕਿਸੇ ਇਕ ਹੋਰ ਨੂੰ ਲੈ ਲਵਾਂਗੇ। ਤੁਸੀਂ ਦੱਸੋ, ਹੋਰ ਕਿਸ ਨੂੰ ਲਿਆ ਜਾਏ ? ਪਰ ਇਹ ਸਮਿਤੀ ਜੋ ਵੀ ਨਿਰਣਾ ਲਵੇਗੀ, ਤੁਹਾਨੂੰ ਮੰਨਣਾ ਪਏਗਾ।"

ਪੈ ਨੇ ਹਾਮੀ ਭਰੀ।

"ਮੈਨੂੰ ਸਿਰਫ਼ ਅੱਠ ਦਿਨ ਦਿਓ ਸਰ! ਇਨ੍ਹਾਂ ਅੱਠ ਦਿਨਾਂ ਵਿੱਚ ਮੈਂ ਰੀਮਾ ਨੂੰ ਤਿਆਰ ਕਰ ਲਵਾਂਗਾ। ਸਾਲ ਦਾ ਬੱਚਾ ਜੋ ਕਰ ਸਕਦਾ ਹੈ, ਉਹ ਸਭ ਮੈਂ ਰੀਮਾ ਨੂੰ ਸਿਖਾਵਾਂਗਾ।"

"ਠੀਕ ਏ, ਅੱਜ ਸੋਮਵਾਰ ਏ। ਅਗਲੇ ਮੰਗਲਵਾਰ ਨੂੰ ਅਸੀਂ ਪਰੀਖਣ ਕਰਾਂਗੇ।"

**

ਮੰਗਲਵਾਰ ਦੀ ਰਾਤ ਨੂੰ ਬਹੁਤ ਮੁਸ਼ਕਿਲ ਨਾਲ ਇਕ-ਇਕ ਕਦਮ ਰੱਖਦੇ ਹੋਏ ਡਾਕਟਰ ਪੈ ਘਰ ਪੁਜੇ। ਸਵਿਤਾ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਸੀ। ਰਾਤ ਦੇ ਅੱਠ ਵਜ ਗਏ ਸਨ। ਉਸ ਨੂੰ ਪਤਾ ਸੀ ਕਿ ਅੱਜ ਉਨ੍ਹਾਂ ਦੀ ਰੀਮਾ ਦੀ ਪਰੀਖਿਆ ਸੀ। ਕੀ ਹੋਇਆ ਹੋਏਗਾ, ਇਸ ਦਾ ਅੰਦਾਜ਼ਾ ਉਸ ਨੂੰ ਉਨ੍ਹਾਂ ਦਾ ਚਿਹਰਾ ਦੇਖ ਕੇ ਹੋ ਗਿਆ ਸੀ।

"ਹੱਥ-ਮੂੰਹ ਧੋ ਕੇ ਰੋਟੀ ਖਾ ਲਵੋ।" ਉਸ ਨੇ ਕਿਹਾ।

"ਮੈਨੂੰ ਭੁੱਖ ਨ੍ਹੀਂ।" ਮਾਯੂਸੀ ਨਾਲ ਉਸ ਨੇ ਜਵਾਬ ਦਿੱਤਾ।

"ਕੋਈ ਨ੍ਹੀਂ, ਥੋੜ੍ਹੇ ਜਿਹੇ ਦਾਲ-ਚਾਵਲ ਖਾ ਲਵੋ।"

"ਨ੍ਹੀਂ।"

"ਥੋੜ੍ਹਾ ਜਿਹਾ ਦੁੱਧ ਲੈ ਲਓ।"

"ਕਿਹਾ ਨਾ ਇਕ ਵਾਰ, ਮੈਨੂੰ ਭੁੱਖ ਨ੍ਹੀਂ ?" ਪੈ ਨੇ ਖਿੱਝ ਕੇ ਕਿਹਾ।

ਸਵਿਤਾ ਕੁਝ ਨਾ ਬੋਲੀ। ਜਦੋਂ ਤਕ ਡਾਕਟਰ ਨੇ ਮੂੰਹ-ਧੋ ਕੇ ਕੱਪੜੇ ਬਦਲੇ, ਉਦੋਂ ਤਕ ਸਵਿਤਾ ਉਨ੍ਹਾਂ ਲਈ ਦੁੱਧ ਲੈ ਆਈ ਤੇ ਉਨ੍ਹਾਂ ਦੇ ਹੱਥ ਵਿੱਚ ਗਲਾਸ ਫੜਾ ਦਿੱਤਾ। ਉਹ ਗਰਦਨ ਹਿਲਾਉਂਦੇ ਰਹੇ, ਪਰ ਉਸ ਨੇ ਧਿਆਨ ਨਾ ਦਿੱਤਾ।

"ਪੀ ਲਵੋ, ਚੰਗਾ ਲੱਗੇਗਾ।" ਉਸ ਦੀ ਆਵਾਜ਼ ਵਿੱਚ ਨਿਮਰਤਾ ਤੇ ਜ਼ੋਰ ਦੋਵੇਂ ਸ਼ਾਮਿਲ ਸੀ। ਡਾਕਟਰ ਨੇ ਚੁੱਪਚਾਪ ਗਲਾਸ ਖਾਲੀ ਕਰ ਦਿੱਤਾ।

"ਮੈਂ ਨ੍ਹੀਂ ਬਚਾ ਸਕਿਆ, ਰੀਮਾ ਨੂੰ।" ਬੇਹੱਦ ਮਾਯੂਸੀ ਨਾਲ ਡਾਕਟਰ ਨੇ ਕਿਹਾ।

ਸਵਿਤਾ ਨੇ ਬਿਨਾਂ ਕੁਝ ਕਹੇ, ਉਨ੍ਹਾਂ ਦਾ ਹੱਥ ਪਲੋਸਿਆ।

"ਸ਼ਾਮ ਤਕ ਉਹ ਇਕਦਮ ਸਿਆਣਿਆਂ ਵਾਂਗ ਵਿਹਾਰ ਕਰ ਰਹੀ ਸੀ। ਮੈਂ ਵਾਰ-ਵਾਰ ਉਸ ਨੂੰ ਅਭਿਆਸ ਕਰਵਾਇਆ। ਛੁਪੀ ਹੋਈ ਚੀਜ਼ ਨਕਸ਼ੇ 'ਚੋਂ ਲੱਭਣਾ ਮੈਂ ਉਸ ਨੂੰ ਸਿਖਾਇਆ। ਰੰਗ ਪਹਿਚਾਨਣਾ ਸਿਖਾਇਆ। ਉਹ ਸਭ ਕੁਝ ਬਿਨਾਂ ਗਲਤੀ ਕੀਤੇ ਸਿੱਖਦੀ ਰਹੀ ਸੀ, ਅੱਜ ਦੁਪਹਿਰ ਤਕ।"

"ਪਰ ਸਮਿਤੀ ਦੇ ਮੈਂਬਰਾਂ ਦੇ ਆਉਣ ਤੋਂ ਬਾਦ ਪਤਾ ਨ੍ਹੀਂ ਕਿੱਦਾਂ ਉਸ ਦਾ ਦਿਮਾਗ਼ ਘੁੰਮ ਗਿਆ। ਲੁਕੀ ਹੋਈ ਚੀਜ਼ ਲੱਭਣਾ ਤਾਂ ਦੂਰ, ਘੜੀ ਕਿੱਥੇ, ਬਾਲਟੀ ਕਿੱਥੇ ਇਹੋ ਜਿਹੀਆਂ



ਸਾਧਾਰਣ ਚੀਜ਼ਾਂ ਵੀ ਉਹ ਨ੍ਹੀਂ ਦੱਸ ਸਕੀ। ਬਿਲਕੁਲ ਨਿੱਸਲ ਬੈਠੀ ਰਹੀ ਬੁਧੂ ਵਾਂਗ। ਇਕ ਵੀ ਗੱਲ ਉਸ ਨੇ ਠੀਕ ਢੰਗ ਨਾਲ ਨਹੀਂ ਦੱਸੀ। ਬੇਵਕੂਫ਼..ਪਾਗਲ..ਹਰਾਮਖੋਰ। ਮੈਨੂੰ ਸਭ ਦੇ ਸਾਹਮਣੇ ਬੇਇੱਜ਼ਤ ਕਰ ਦਿੱਤਾ। ਸਮਿਤੀ ਦੇ ਮੈਂਬਰ ਮੁਸ-ਮੁਸ ਕਰ ਰਹੇ ਸਨ। ਕੱਲ੍ਹ ਸਾਰੇ ਇੰਟੀਟਿਊਟ ਵਿੱਚ ਇਹ ਖ਼ਬਰ ਪਹੁੰਚ ਜਾਏਗੀ। ਸਾਰੇ ਮੇਰਾ ਮਜ਼ਾਕ ਬਣਾਉਣਗੇ।"

ਸਵਿਤਾ ਉਨ੍ਹਾਂ ਵੱਲ ਦੇਖਦੀ ਰਹਿ ਗਈ। ਉਸ ਦੇ ਪਤੀ ਨੂੰ ਬਹੁਤਾ ਦੁੱਖ ਕਿਸ ਗੱਲ ਦਾ ਹੋਇਆ ਰੀਮਾ ਇਮਤਿਹਾਨ ਵਿੱਚ ਪਾਸ ਨਹੀਂ ਹੋ ਸਕੀ ਜਾਂ ਆਪਣੇ ਮਜ਼ਾਕ ਬਣਾਏ ਜਾਣ ਦਾ।

"ਤੁਹਾਡੀ ਰੀਮਾ ਬਿਲਕੁਲ ਇਕ ਛੋਟੇ ਜਿਹੇ ਬੱਚੇ ਵਾਂਗ ਏ।" ਉਹ ਹੌਲੀ ਜਿਹੀ ਬੋਲੀ, "ਆਪਣਾ ਅਸੀਮ ਏ ਨਾ। ਸਾਰੀਆਂ ਗੱਲਾਂ ਕਿੰਨੀਆਂ ਚੀਜ਼ਾਂ ਚੰਗੀ ਤਰ੍ਹਾਂ ਕਰ ਕੇ ਦੱਸਦਾ ਹੁੰਦਾ ਸੀ, ਪਰ ਸਾਡੇ ਸਾਹਮਣੇ। ਬਾਹਰੋਂ ਕਿਸੇ ਦੇ ਆਉਣ 'ਤੇ ਉਸ ਦੇ ਮੂੰਹ 'ਤੇ ਜਿੱਦਾਂ ਤਾਲਾ ਲੱਗ ਜਾਂਦਾ ਸੀ। ਰੀਮਾ ਵੀ ਬਿਲਕੁਲ ਉਹੀ ਕਰ ਰਹੀ ਸੀ।"

"ਕੀ ਕਿਹਾ ?" ਪੈ ਜਿੱਦਾਂ ਚੌਂਕ ਗਏ।

"ਹਾਂ, ਛੋਟੇ ਬੱਚੇ ਅਕਸਰ ਇੰਜ ਹੀ ਕਰਦੇ ਨੇ। ਤੁਹਾਨੂੰ ਯਾਦ ਹੋਏਗਾ ਅਸੀਂ ਇਕ ਵਾਰ ਪਰਬ ਦੇ ਘਰ ਗਏ ਸੀ। ਉਨ੍ਹਾਂ ਦੀ ਬੇਟੀ 'ਮੈਰੀ ਹੇਡ, ਲਿਟਿਲ ਲੈਮ' ਗਾਉਂਦੀ ਤਾਂ ਉਸ ਦੀ ਮਾਂ ਕਿੰਨੀ ਵਾਹ-ਵਾਹ ਕਰਦੀ ਸੀ। ਜਦਕਿ ਅਸੀਮ ਉਸ ਤੋਂ ਤਿੰਨ ਮਹੀਨੇ ਛੋਟਾ ਹੋਣ 'ਤੇ ਵੀ ਇਹ ਗੀਤ ਕਿੰਨੇ ਸੁਰ-ਤਾਲ ਗਾਉਂਦਾ ਸੀ। ਪਰ ਉਨ੍ਹਾਂ ਦੇ ਘਰ ਜਾਣ 'ਤੇ ਇਕਦਮ ਚੁੱਪ ਹੋ ਜਾਂਦਾ ਸੀ। ਹਾਲਾਂਕਿ ਘਰ ਵਾਪਸ ਆਉਂਦੇ ਹੀ ਉਹ ਫਿਰ ਤੋਂ ਚਹਿਕਣ ਲੱਗ ਜਾਂਦਾ ਸੀ। ਜਿੰਨੇ ਵੀ ਬਾਲ ਗੀਤ ਉਸ ਨੂੰ ਯਾਦ ਸਨ, ਉਹ ਸਾਰੇ ਇਕ-ਇਕ ਕਰ ਕੇ ਗਾਉਣ ਲੱਗਦਾ ਸੀ। ਯਾਦ ਆਇਆ।"

ਡਾਕਟਰ ਦਾ ਰੰਗ ਪੀਲਾ ਪੈ ਗਿਆ। ਮਤਲਬ ਰੀਮਾ ਨੇ ਅੱਜ ਵੀ ਜੋ ਕੁਝ ਕੀਤਾ, ਮਾਨਵੀ ਬੱਚੇ ਵਾਂਗ ਹੀ ਕੀਤਾ। ਉਹ ਉਸ ਦਾ ਮਨੁੱਖੀਪਨ ਹੀ ਤਾਂ ਦਿਖਾਉਣਾ ਚਾਹੁੰਦਾ ਸੀ।

ਇਸ ਦਾ ਮਤਲਬ ?

ਇਸ ਦਾ ਮਤਲਬ ਰੀਮਾ ਇਮਤਿਹਾਨ ਵਿੱਚ ਫੇਲ੍ਹ ਨਹੀਂ ਹੋਈ, ਸਗੋਂ ਪੋਜ਼ੀਸ਼ਨ ਨਾਲ ਪਾਸ ਹੋਈ ਸੀ। ਇਸ ਦਾ ਉਸ ਨੂੰ ਕੀ ਇਨਾਮ ਮਿਲਿਆ ਉਸ ਦੀ ਮੌਤ ਦੇ ਫਰਮਾਨ 'ਤੇ ਮੋਹਰ।

ਡਾਕਟਰ ਦਾ ਚਿਹਰਾ ਦੁੱਖ ਨਾਲ ਕਾਲਾ ਪੈ ਗਿਆ। ਸਵਿਤਾ ਦਾ ਉਨ੍ਹਾਂ ਵੱਲ ਧਿਆਨ ਨਹੀਂ ਸੀ। ਉਹ ਆਪਮੁਹਾਰੇ ਹੀ ਬੋਲ ਰਹੀ ਸੀ, "ਛੋਟੇ ਬੱਚੇ ਐਦਾਂ ਹੀ ਕਰਦੇ ਨੇ। ਤੁਸੀਂ ਸਮਿਤੀ ਦੇ ਮੈਂਬਰਾਂ ਨੂੰ ਇਕ ਵਾਰ ਫਿਰ ਆਉਣ ਲਈ ਕਹੋ। ਦੋ-ਚਾਰ ਵਾਰ ਉਹ ਲੋਕ ਆਉਣਗੇ ਤਾਂ ਰੀਮਾ ਉਨ੍ਹਾਂ ਨੂੰ ਪਛਾਨਣ ਲੱਗੇਗੀ, ਉਸ ਦਾ ਡਰ ਜਾਂਦਾ ਰਹੇਗਾ। ਫਿਰ ਦੇਖਣਾ ਉਹ ਕਿੱਦਾਂ ਇਹੋ ਜਿਹੇ ਇਮਤਿਹਾਨ ਦੇਵੇਗੀ। ਤੁਸੀਂ ਇਕ ਕੰਮ ਕਿਉਂ ਨਹੀਂ ਕਰਦੇ ਰੀਮਾ ਦੀ ਇਕ ਵੀਡੀਓ ਬਣਾ ਕੇ ਸਾਰਿਆਂ ਨੂੰ ਭੇਜ ਦਿਓ। ਇਸ ਨਾਲ ਸਾਰਿਆਂ ਨੂੰ ਤੁਹਾਡੀ ਗੱਲ 'ਤੇ ਯਕੀਨ ਆ ਜਾਏਗਾ।"

ਡਾਕਟਰ ਬੀਵੀ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਫੋਨ ਵੱਲ ਅਹੁਲੇ।

"ਹੈਲੋ ਹੈਲੋ ਮੈਂ ਡਾ. ਪੈ ਬੋਲ ਰਿਹਾ ਹਾਂ। ਜ਼ਰਾ ਵਾਰੰਗ ਨੂੰ ਦਿਓ। ਕੀ ਵਾਰੰਗ ਘਰ ਚਲਾ ਗਿਆ ਏ ? ਤੇ ਰੀਮਾ ?"

ਫੋਨ ਦਾ ਰਿਸੀਵਰ ਇਕਦਮ ਉਨ੍ਹਾਂ ਦੇ ਹੱਥੋਂ ਥਿੜਕ ਗਿਆ ਤੇ ਉਨ੍ਹਾਂ ਜ਼ੋਰ ਨਾਲ ਚੀਕ ਕੇ ਕਿਹਾ, "ਕੀ..? ਲੈ ਵੀ ਗਏ ? ਹੁਣੇ-ਹੁਣੇ ? ਨ੍ਹੀਂ, ਨ੍ਹੀਂ। ਇਹ ਠੀਕ ਨ੍ਹੀਂ..।"

ਪੈ ਨੂੰ ਲੱਗਾ ਕਿ ਉਨ੍ਹਾਂ ਨੂੰ ਚੱਕਰ ਆ ਰਿਹਾ ਹੈ। ਬਹੁਤ ਮੁਸ਼ਕਿਲ ਨਾਲ ਉਨ੍ਹਾਂ ਨੇ ਆਪਣੇ ਆਪ ਨੂੰ ਸੰਭਾਲਿਆ।

"ਠੀਕ ਏ। ਉਪਰੇਟਰ ਨੂੰ ਫੋਨ ਦਿਓ। ਜਲਦੀ ਕਰੋ..।" ਇਹ ਦਸ ਸੈਕੇਂਡ ਉਨ੍ਹਾਂ ਨੂੰ ਦਸ ਵਰ੍ਹਿਆਂ ਜਿਹੇ ਜਾਪੇ।

"ਬਾਓਟੇਕਨੋਲੌਜੀ ਡਿਪਾਰਟਮੈਂਟ ਦਾ ਨੰਬਰ ਦਿਓ। ਤੁਰੰਤ। ਹਾਂ ਜੀ, ਮੈਂ ਡਾਕਟਰ ਪੈ ਬੋਲ ਰਿਹਾ ਹਾਂ..ਹਾਂ, ਭੌਮਿਕਾ ਜਾਂ ਸਾਟਮ ਨੂੰ ਦਿਓ, ਜਲਦੀ।"

ਫਿਰ ਕੰਨ ਉਡੀਕ ਹੀ ਬਣ ਗਏ।

"ਕੀ ਉਪਰੇਸ਼ਨ ਥਿਏਟਰ ਵਿੱਚ ? ਉਪਰੇਸ਼ਨ ਸ਼ੁਰੂ ਹੋ ਗਿਆ ? ਕੀ ਅੱਧਾ ਘੰਟਾ ਹੋ ਗਿਆ ? ਹਾਂ, ਮੈਂ ਉਨ੍ਹਾਂ ਨਾਲ ਹੁਣੇ ਗੱਲ ਕਰਨੀ ਏ। ਹਾਂ, ਬਹੁਤ ਅਰਜੇਂਟ ਏ। ਤੁਰੰਤ ਕਿਸੇ ਦੇ ਹੱਥ ਚਿਟ ਅੰਦਰ ਭੇਜੋ। ਡਾ. ਸਾਟਮ ਨੂੰ ਬਾਹਰ ਬੁਲਾ ਦਿਓ। ਹਾਂ, ਮੈਨੂੰ ਪਤਾ ਏ, ਉਪਰੇਸ਼ਨ ਚਲ ਰਿਹਾ ਹੈ, ਪਰ ਉਨਾਂ ਨਾਲ ਗੱਲ ਕਰਨਾ ਜ਼ਰੂਰੀ ਏ। ਸਾਟਮ ਨੂੰ ਤੁਰੰਤ ਮੇਰੇ ਨਾਲ ਗੱਲ ਕਰਨ ਲਈ ਕਹੋ।"

"ਸੁਣ ਰਹੇ ਹੋ ਨਾ, ਮੇਰਾ ਸਾਟਮ ਨਾਲ ਹੁਣੇ ਗੱਲ ਕਰਨਾ ਬਹੁਤ ਜ਼ਰੂਰੀ ਏ।"

ਇਕ ਘੰਟੇ ਬਾਦ ਡਾ. ਸਾਟਮ ਦਾ ਫੋਨ ਆਇਆ,

"ਮੁਬਾਰਕ ਸਰ।" ਸਾਟਮ ਨੇ ਕਿਹਾ, "ਤੁਹਾਡੇ ਕਾਰਣ ਪ੍ਰਧਾਨਮੰਤਰੀ ਦੀ ਜਾਨ ਬੱਚ ਜਾਏਗੀ। ਤੁਹਾਡੀ ਰੀਮਾ ਦਾ ਦਿਮਾਗ਼ ਕੱਢ ਕੇ ਅਸੀਂ ਡੀਐਮਆਰਸੀ ਦਾ ਏਕਸਟ੍ਰੈਕਸ਼ਨ ਸ਼ੁਰੂ ਕਰ ਵੀ ਦਿੱਤਾ ਏ। ਸਵੇਰੇ ਤਕ ਡੀਐਮਆਰਸੀ ਮਿਲ ਜਾਏਗਾ। ਉਸ ਨੂੰ ਲੈ ਕੇ ਮੈਂ ਸਵੇਰੇ ਛੇ ਵਜੇ ਦੀ ਫਲਾਇਟ ਤੋਂ ਦਿੱਲੀ ਜਾ ਰਿਹਾ ਹਾਂ। ਇਫ਼ ਔਲ ਗੋਜ਼ ਵੇਲ, ਕੱਲ੍ਹ ਸ਼ਾਮ ਤਕ ਇਲਾਜ ਵੀ ਸ਼ੁਰੂ ਹੋ ਜਾਏਗਾ। ਯੂ ਹੇਵ ਡਨ, ਏਨ ਵੰਡਰਫੁਲ ਜੌਬ।"

ਡਾ. ਪੈ ਦੇ ਹੱਥੋਂ ਰਿਸੀਵਰ ਖਿਸਕ ਕੇ ਹੇਠਾਂ ਡਿੱਗ ਪਿਆ। ਉਨ੍ਹਾਂ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਵਹਿਣ ਲੱਗੇ। ਉਨ੍ਹਾਂ ਦਾ ਇਸ ਪਾਸੇ ਵੱਲ ਧਿਆਨ ਨਹੀਂ ਸੀ..।

**ਅਨੁਵਾਦ : ਡਾ. ਜਸਵਿੰਦਰ ਕੌਰ ਬਿੰਦਰਾ**



**ਮਨੀਪੁਰੀ ਕਹਾਣੀ**

# ਇਕ ਰਾਤ

**—ਕੇਸ਼ਮ ਪ੍ਰੀਓਕੁਮਾਰ**

ਕੀ ਹੋਵੇ ਜੇ ਉਹ ਉਸ ਦਾ ਸੁੱਤੇ ਪਏ ਦਾ ਸਿਰ ਹੀ ਲਾਹ ਦੇਵੇ ? ਜਾਂ ਖੋਖਰੀ ਉਸ ਦੇ ਸੀਨੇ ਦੇ ਆਰ-ਪਾਰ ਕਰ ਦੇਵੇ ? ਸਟੀਫਨ ਦੀ ਨੀਂਦ ਇਕ ਦਮ ਖੁੱਲ੍ਹ ਗਈ।

ਉਸ ਦੀਆਂ ਅੱਖਾਂ ਉਣੀਂਦਰੇ ਨਾਲ ਭਰੀਆਂ ਪਈਆਂ ਸਨ। ਉਸ ਨੇ ਨਾਲ ਦੇ ਮੰਜੇ ਵੱਲ ਦੇਖਿਆ। ਲਿੰਗਪਾਓ ਲੱਤਾਂ ਖਿਲਾਰੀ ਪਿਆ ਸੀ, ਬਿਲਕੁਲ ਅਹਿਲ। ਸਟੀਫਨ ਨੇ ਕੁਝ ਕੁ ਸੁੱਖ ਦਾ ਸਾਹ ਲਿਆ। ਫਿਰ ਸੋਚਣ ਲੱਗਾ ਕਿ ਇਹ ਤਾਂ ਐਦਾਂ ਚੁੱਪ-ਚਾਪ ਪੈਂਦਾ ਨਹੀਂ, ਬਹੁਤ ਵੱਡੇ-ਵੱਡੇ ਘੁਰਾੜੇ ਮਾਰਿਆ ਕਰਦਾ ਹੈ, ਕਿਤੇ ਜਾਗਦਾ ਹੀ ਤਾਂ ਨਹੀਂ ਪਿਆ ?

ਇਸ ਤੋਂ ਬਾਅਦ ਸਟੀਫਨ ਸੌਂ ਨਾ ਸਕਿਆ। ਉਸ ਦੀਆਂ ਅੱਖਾਂ ਨਿੱਕੇ ਜਿਹੇ ਕਮਰੇ ਵਿੱਚ ਫਿਰਨ ਲੱਗੀਆਂ। ਬਹੁਤ ਹੀ ਮੱਧਮ ਜਿਹੀ ਲੋਅ ਵਿੱਚ ਨਿੱਕੇ ਜਿਹੇ ਕਮਰੇ ਦੀ ਇਕ-ਇਕ ਚੀਜ਼ ਨਿਹਾਰਨ ਲੱਗੀਆਂ। ਕੰਧ ਦੇ ਨਾਲ ਲੱਗਦਾ ਸਟੋਵ, ਚੌਲ਼ਾਂ ਵਾਲਾ ਪਤੀਲਾ, ਟੋਕਰੀ, ਪਲੇਟਾਂ ਤੇ ਕੌਲੀਆਂ ਉਵੇਂ ਦੀਆਂ ਉਵੇਂ ਪਈਆਂ ਸਨ। ਉਸ ਦੀ ਖੋਖਰੀ ਕਿੱਥੇ ਗਈ ਜਿਹੜੀ ਕੰਧ ਉਪਰ ਟੰਗੀ ਰਹਿੰਦੀ ਸੀ ? ਉਹ ਘਬਰਾ ਕੇ ਆਲਾ ਦੁਆਲਾ ਦੇਖਣ ਲੱਗਾ।

ਲਿੰਗਪਾਓ ਹਿੱਲਿਆ। ਉਸ ਨੇ ਸੁੱਤੇ ਪਏ ਨੇ ਹੀ ਪਾਸਾ ਪਰਤ ਲਿਆ। ਸਟੀਫਨ ਤਕਰੀਬਨ ਬਹਿ ਗਿਆ ਪਰ ਉਸ ਨੇ ਪਏ ਰਹਿਣਾ ਹੀ ਬਿਹਤਰ ਸਮਝਿਆ। ਉਸ ਨੂੰ ਚੇਤੇ ਆਇਆ ਕਿ ਉਸ ਨੇ ਆਪਣੀ ਖੋਖਰੀ ਤਾਂ ਮੰਜੇ ਥੱਲੇ ਲੁਕੋ ਦਿੱਤੀ ਸੀ, ਔਖੇ ਵੇਲੇ ਲਈ। ਉਸ ਨੇ ਗਰਦਣ ਝੁਕਾ ਕੇ ਮੰਜੇ ਹੇਠਾਂ ਦੇਖਿਆ, ਖੋਖਰੀ ਉਥੇ ਹੀ ਪਈ ਸੀ ਜਿਥੇ ਉਸ ਨੇ ਲੁਕੋਈ ਸੀ। ਸਟੀਫਨ ਥੱਕਿਆ ਹੋਇਆ ਸੀ ਪਰ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਸੌਣ ਦੀ ਕੋਸ਼ਿਸ਼ ਕਰਨ ਲੱਗਾ।

ਕੀ ਵਕਤ ਹੋਇਆ ? ਕੋਈ ਵੀ ਆਵਾਜ਼ ਨਹੀਂ ਸੀ ਆ ਰਹੀ, ਨਾ ਮਨੁੱਖ ਦੀ ਤੇ ਨਾ ਹੀ ਕਿਸੇ ਚਿੜੀ-ਪਰਿੰਦੇ ਦੀ। ਦੂਰ ਕਿਤਿਓਂ ਕਦੇ-ਕਦੇ ਕੁੱਤੇ ਦਾ ਭੌਂਕਣਾ ਸੁਣ ਰਿਹਾ ਸੀ। ਚਾਰੇ ਪਾਸੇ ਮੌਤ ਵਰਗੀ ਚੁੱਪ ਛਾਈ ਹੋਈ ਸੀ। ਕੀ ਉਹ ਅੱਜ ਸਾਰੀ ਰਾਤ ਹੀ ਨਹੀਂ ਸੌਂ ਸਕੇਗਾ ? ਉਸ ਨੇ ਦਿਲ ਦੀ ਤੇਜ਼ ਧੜਕਣ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਲਿੰਗਪਾਓ ਵੱਲ ਦੇਖਿਆ ਜੋ ਪਹਿਲਾਂ ਵਾਂਗ ਹੀ ਅਹਿੱਲ ਸੀ। ਕੀ ਇਹ ਸੱਚਮੁੱਚ ਹੀ ਸੁੱਤਾ ਪਿਆ ਐ ? ਕੀ ਮੈਂ ਦਿਨ ਦੇ ਚੜ੍ਹਾਅ ਤਕ ਜਾਗਦਾ ਰਹਾਂ ?

ਸਟੀਫਨ ਤੇ ਲਿੰਗਪਾਓ ਇਸ ਨਿੱਕੇ ਜਿਹੇ ਕਮਰੇ ਵਿੱਚ ਤਕਰੀਬਨ ਚਾਰ ਸਾਲ ਤੋਂ ਇਕੱਠੇ ਰਹਿੰਦੇ ਆਏ ਸਨ। ਇਹ ਕਮਰਾ ਵੱਡੀ ਸਾਰੀ ਇਮਾਰਤ ਦੇ ਇਕ ਕੋਨੇ ਵਿੱਚ ਸੀ। ਪਰ ਸਟੀਫਨ ਦੇ ਮਨ ਵਿੱਚ ਅਜਿਹਾ ਖੌਫ ਪਹਿਲਾਂ ਕਦੇ ਵੀ ਪੈਦਾ ਨਹੀਂ ਸੀ ਹੋਇਆ।

"ਕੀ ਤੁਸੀਂ ਹਾਲੇ ਵੀ ਕੱਠੇ ਇਕੋ ਕਮਰੇ 'ਚ ਰਹਿਣਾ ਪਸੰਦ ਕਰੋਂਗੇ ?" ਵੱਡੇ ਅਫਸਰ ਨੇ ਅੱਜ ਸਵੇਰੇ ਉਹਨਾਂ ਦੋਨਾਂ ਨੂੰ ਸੱਦਿਆ ਸੀ ਤੇ ਇਹ ਸਵਾਲ ਪੁੱਛਿਆ ਸੀ। ਉਹ ਦੋਵੇਂ ਹੀ ਜਵਾਬ ਨਹੀਂ ਸਨ ਦੇ ਸਕੇ। ਉਹਨਾਂ ਨੂੰ ਕੁਝ ਪਤਾ ਹੀ ਨਹੀਂ ਸੀ ਕਿ ਇਸ ਸਵਾਲ ਦਾ ਕੀ ਜਵਾਬ ਦੇਣ। ਉਹਨਾਂ ਨੇ ਅਚਾਨਕ ਇਕ ਦੂਜੇ ਵੱਲ ਦੇਖਿਆ, ਸਿਰਫ ਇਕ ਸਕਿੰਟ ਲਈ। ਤੇ ਫਿਰ ਦੋਵਾਂ ਨੇ ਨੀਵੀਂ ਪਾ ਲਈ ਸੀ। ਦੋਵੇਂ ਆਪੋ-ਆਪਣੀ ਥਾਵੇਂ ਬੈਠੇ ਇਕ ਦੂਜੇ ਦਾ ਜਵਾਬ ਉਡੀਕਦੇ ਰਹੇ।

"ਦੇਖੋ, ਸਾਨੂੰ ਪਤਾ ਏ ਕਿ ਤੁਹਾਡੇ ਦੋਵਾਂ 'ਚ ਕੁਝ ਵੀ ਗਲਤ ਨਹੀਂ ਹੋਣ ਲੱਗਾ ਪਰ ਫਿਰ ਵੀ ਇਨਸਾਨ ਦੀ ਫਿਤਰਤ ਦਾ ਕੀ ਪਤਾ? ਜੇ ਤੁਸੀਂ ਇਕ ਦੂਜੇ ਨੂੰ ਕੋਈ ਨੁਕਸਾਨ ਪਹੁੰਚਾ ਦਿੱਤਾ ਤਾਂ ਸਾਰੇ ਮਹਿਕਮੇ ਦੀ ਬਦਨਾਮੀ ਹੋਏਗੀ।" ਅਫਸਰ ਨੇ ਆਪਣੀ ਗੱਲ ਜਾਰੀ ਰੱਖੀ, "ਹੁਣ ਫੈਸਲਾ ਤੁਸੀਂ ਕਰਨਾ ਏ ਕਿ ਤੁਸੀਂ ਕੱਠੇ ਰਹਿ ਵੀ ਸਕਦੇ ਹੋ। ਕੱਠੇ ਨਹੀਂ ਰਹਿਣਾ ਤਾਂ ਚੌਂਕੀਦਾਰੀ ਤੇ ਸਫਾਈ ਦਾ ਕੰਮ ਇਕੋ ਬੰਦੇ ਨੂੰ ਕਰਨਾ ਪਵੇਗਾ। ਜੇ ਤੁਸੀਂ ਕੱਠੇ ਨਹੀਂ ਰਹਿ ਸਕਦੇ ਤਾਂ ਇਕ ਬੰਦੇ ਨੂੰ ਬਾਹਰ ਕਿਰਾਏ ਦੇ ਕਮਰੇ 'ਤੇ ਰਹਿਣਾ ਪਵੇਗਾ ਕਿਉਂਕਿ ਸਾਡੇ ਕੋਲ ਹੋਰ ਕੁਆਟਰ ਨ੍ਹੀਂ ਏ। ......ਵਧੀਆ ਇਹੋ ਏ ਕਿ ਤੁਸੀਂ ਕੱਲ੍ਹ ਤੱਕ ਆਪਸ ਵਿੱਚ ਸਲਾਹ ਕਰ ਲਓ ਕਿ ਕਿੱਦਾਂ ਕਰਨਾ ਏ।"

ਹਾਲੇ ਵੀ ਉਹਨਾਂ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਤੇ ਕਮਰੇ ਵਿੱਚੋਂ ਉੱਠ ਆਏ ਸਨ। ਏਨੇ ਸਾਲਾਂ ਤੋਂ ਕੱਠੇ ਰਹਿੰਦੇ ਆਏ ਸਨ, ਗੂੜ੍ਹੀ ਦੋਸਤੀ ਸੀ ਤੇ ਹੁਣ ਕਬੀਲਾਪ੍ਰਸਤੀ ਉਹਨਾਂ ਵਿੱਚ ਪਾੜਾ ਪਾ ਰਹੀ ਸੀ। ਅਚਾਨਕ ਉਹ ਇਕ ਦੂਜੇ ਨਾਲ ਅੱਖਾਂ ਮਿਲਾਉਣ ਜੋਗੇ ਨਹੀਂ ਸਨ ਰਹੇ।

"ਕੁੱਕੀ ਤੇ ਨਾਗਾ ਇਕੋ ਕਮਰੇ 'ਚ ਰਹਿੰਦੇ ਨੇ? ਸਿਰ-ਵੱਢਵੀਂ ਦੁਸ਼ਮਣੀ ਵਾਲੇ ਦੋ ਲੋਕ ਕੱਠੇ ਰਹਿੰਦੇ ਨੇ? ਜੇ ਉਹਨਾਂ ਨੇ ਰਾਤ ਨੂੰ ਇਕ ਦੂਜੇ ਦਾ ਕਤਲ ਕਰ ਦਿੱਤਾ ਤਾਂ ਸਾਡੇ ਦਫਤਰ ਉਪਰ ਕਿੱਡਾ ਵੱਡਾ ਧੱਬਾ ਲੱਗੇਗਾ, ਸੋਚਿਆ ਕਦੇ?"

ਨਾਲ ਦੇ ਕਮਰੇ ਵਿੱਚ ਹੁੰਦੀ ਗੱਲਬਾਤ ਦਾ ਵਿਸ਼ਾ ਇਹੋ ਸੀ। ਉਸੇ ਕਮਰੇ ਵਿੱਚੋਂ ਉਹ ਦੋਵੇਂ ਹੁਣੇ ਉੱਠ ਕੇ ਆਏ ਸਨ। ਸਟੀਫਨ ਨੂੰ ਹੈੱਡ ਕਲਰਕ ਕੁਲੁ ਬਿੰਦੂ ਦੀ ਆਵਾਜ਼ ਸਾਫ ਸੁਣ ਰਹੀ ਸੀ ਤੇ ਉਸ ਨੂੰ ਪਤਾ ਸੀ ਕਿ ਲਿੰਗਪਾਓ ਵੀ ਸਭ ਸੁਣ ਰਿਹਾ ਹੋਵੇਗਾ। ਜੇ ਅਜਿਹੀ ਟਿੱਪਣੀ ਪਹਿਲਾਂ ਕਦੇ ਕਿਸੇ ਨੇ ਕੀਤੀ ਹੁੰਦੀ ਤਾਂ ਉਹ ਹੱਸ ਛੱਡਦੇ। ਹੁਣ ਸਟੀਫਨ ਕਿਧਰੇ ਭੱਜ ਜਾਣਾ ਚਾਹੁੰਦਾ ਸੀ। ਲਿੰਗਪਾਓ ਵੀ ਇਕ ਕਿਸਮ ਨਾਲ ਜੜ੍ਹੋਂ ਉਖੜਿਆ ਪਿਆ ਸੀ।

ਸਟੀਫਨ ਨੂੰ ਇਹ ਗੱਲ ਕਦੇ ਸਮਝ ਨਹੀਂ ਸੀ ਪਈ ਕਿ ਲਿੰਗਪਾਓ (ਕੁਕੀ) ਉਸ (ਨਾਗਾ) ਦੀ ਜ਼ਮੀਨ ਵਿੱਚ ਆਇਆ ਘੁਸਪੈਠੀਆ ਕਿੱਦਾਂ ਹੋਇਆ।

"ਲਿੰਗਪਾਓ, ਤੂੰ ਪਸ਼ੋਂਗ ਤੋਂ ਨਹੀਂ ਆਇਆ ਹੋਇਆ? ਦੇਖ, ਆਹ ਅਖ਼ਬਾਰ 'ਚ ਕੀ ਲਿਖਿਆ! ਅਖੇ ਪਸ਼ੋਂਗ ਦੇ ਸੋਂਗਖੁਲਨ ਨਾਂ ਦੇ ਬੰਦੇ, ਉਸ ਦੀ ਪਤਨੀ ਤੇ ਉਸ ਦੀ ਤਿੰਨ ਸਾਲ ਦੀ ਧੀ ਦਾ ਕਿਸੇ ਨੇ ਕਤਲ ਕਰ ਦਿੱਤਾ ਏ, ਇਰਾਂਗ ਦਰਿਆ ਦੇ ਨੇੜੇ ਪੈਂਦੇ ਖੇਤਾਂ 'ਚ।"

ਅਖ਼ਬਾਰ ਖੋਲ੍ਹੀ ਬੈਠਾ ਟਾਈਪਿਸਟ ਟੋਂਬੀ ਆਖ ਰਿਹਾ ਸੀ।

ਲਿੰਗਪਾਓ ਤੇ ਸਟੀਫਨ ਦੇ ਸਰੀਰਾਂ ਦਾ ਤਾਂ ਖ਼ੂਨ ਜਿੱਦਾਂ ਬਰਫ ਹੋ ਗਿਆ ਹੋਵੇ। ਲਿੰਗਪਾਓ ਨੇ ਟੋਂਬੀ ਦੇ ਹੱਥਾਂ ਵਿੱਚੋਂ ਇਕ ਦਮ ਅਖ਼ਬਾਰ ਖੋਹ ਲਿਆ ਤੇ ਕਾਹਲੀ ਨਾਲ ਪੜ੍ਹਨ ਲੱਗਾ। ਉਸ ਦੇ ਹੱਥ ਕੰਬ ਰਹੇ ਸਨ। ਉਸ ਦੀਆਂ ਅੱਖਾਂ ਵਿੱਚੋਂ ਜਿੱਦਾਂ ਖ਼ੂਨ ਸਿੰਮ ਰਿਹਾ ਸੀ। ਅਚਾਨਕ ਅਖ਼ਬਾਰ ਉਸ ਦੇ ਹੱਥਾਂ ਵਿੱਚੋਂ ਡਿਗ ਪਿਆ ਤੇ ਉਹ ਬਿਨਾਂ ਕੁਝ ਬੋਲੇ ਉਥੋਂ ਤੁਰ ਗਿਆ।

ਸਟੀਫਨ ਨੂੰ ਪਤਾ ਸੀ ਕਿ ਸੋਂਗਖੁਲਨ ਲਿੰਗਪਾਓ ਦਾ ਭਰਾ ਸੀ ਪਰ ਲਿੰਗਪਾਓ ਨੇ ਇਸ ਘਟਨਾ ਬਾਰੇ ਕਿਸੇ ਨਾਲ ਕੋਈ ਗੱਲ ਕਰਨੀ ਮੁਨਾਸਿਬ ਨਾ ਸਮਝੀ।

"ਇਹਨਾਂ ਕੁਕੀਆਂ ਤੇ ਨਾਗਿਆਂ ਦੇ ਇਕ-ਦੂਜੇ ਦੇ ਕਤਲ, ਹਮਲੇ, ਇਕ-ਦੂਜੇ ਦੇ ਘਰਾਂ ਨੂੰ ਫੂਕ ਦੇਣਾ ਹੁਣ ਸਹਿਜੇ ਕੀਤੇ ਰੁਕਣ ਵਾਲਾ ਨਹੀਂ। ਬਦਲੇ ਵਿੱਚ ਹਾਲੇ ਹੋਰ ਬਹੁਤ ਸਾਰੇ ਲੋਕ ਮਰਨਗੇ। ਕੱਲ੍ਹ ਤੇ ਉਸ ਤੋਂ ਕੁਝ ਦਿਨ ਪਹਿਲਾਂ ਵੀ ਕੁਝ ਟੈਂਗਖੁਲ ਮੋਨਲੋਮ 'ਚ ਮਾਰੇ ਗਏ



ਸਨ।" ਟੋਂਬੀ ਸਟੀਫਨ ਨੂੰ ਕਹਿਣ ਲੱਗਾ। ਸਟੀਫਨ ਸੁਣ ਨਾ ਸਕਿਆ ਤੇ ਉਥੋਂ ਤੁਰ ਆਇਆ।

ਸਟੀਫਨ ਨੇ ਲਿੰਗਪਾਓ ਵੱਲ ਧਿਆਨ ਨਾਲ ਦੇਖਿਆ। ਉਹ ਬਹੁਤਾ ਹਿੱਲੇ ਬਿਨਾਂ ਉਵੇਂ ਹੀ ਪਿਆ ਸੀ। ਕੀ ਉਹ ਸੁੱਤਾ ਪਿਆ ਏ? ਪਰ ਇਹ ਸੌਂ ਕਿੱਦਾਂ ਸਕਦਾ ਏ? ਆਪਣੇ ਛੋਟੇ ਭਰਾ, ਭਰਜਾਈ ਤੇ ਭਤੀਜੀ ਦੇ ਕਤਲ ਦੀ ਖ਼ਬਰ ਸੁਣ ਕੇ ਉਹ ਕਿੱਦਾਂ ਸੌਂ ਸਕਦਾ ਏ? ਸੋਂਗਖੁਲਨ ਮਸਾਂ ਤੀਹਾਂ ਦਾ ਹੋਵੇਗਾ।

ਸਵੇਰੇ ਖ਼ਬਰ ਸੁਣਨ ਤੋਂ ਬਾਅਦ ਲਿੰਗਪਾਓ ਰਾਤੀਂ ਦੇਰ ਨਾਲ ਮੁੜਿਆ। ਉਸ ਦੀਆਂ ਅੱਖਾਂ ਸ਼ਰਾਬ ਦੇ ਨਸ਼ੇ ਨਾਲ ਲਾਲ ਸਨ। ਉਹ ਸਿੱਧਾ ਮੰਜੇ 'ਤੇ ਡਿਗ ਪਿਆ। ਸਟੀਫਨ ਨੇ ਸੋਚਿਆ ਕਿ ਸ਼ਾਇਦ ਲਿੰਗਪਾਓ ਆਪਣੇ ਪਿੰਡ ਪਸ਼ੋਂਗ ਜਾਣ ਲਈ ਨਿਕਲ ਚੁੱਕਾ ਹੋਵੇਗਾ। ਉਹ ਲਿੰਗਪਾਓ ਨੂੰ ਕੁਝ ਕਹਿਣਾ ਚਾਹੁੰਦਾ ਸੀ, ਆਪਣੇ ਦਿਲ ਦਾ ਅਫਸੋਸ ਜਾਂ ਇਸ ਘਟਨਾ ਨਾਲ ਵਲੂੰਧਰਿਆ ਆਪਣਾ ਦਿਲ ਦਿਖਾਉਣਾ ਚਾਹੁੰਦਾ ਸੀ ਪਰ ਲਿੰਗਪਾਓ ਦੀ ਸਥਿਤੀ ਦੇਖ ਕੇ ਗੱਲ ਕਰਨ ਦਾ ਉਸ ਦਾ ਹੌਂਸਲਾ ਨਾ ਪਿਆ।

ਉਸ ਦੇ ਮਨ ਵਿੱਚ ਇਕ ਅਜੀਬ ਜਿਹਾ ਖੌਫ ਛਾਇਆ ਪਿਆ ਸੀ।

ਜਿੱਦਾਂ ਜਿੱਦਾਂ ਰਾਤ ਡੂੰਘੀ ਹੁੰਦੀ ਗਈ ਸਟੀਫਨ ਮੰਜੇ 'ਤੇ ਪਿਆ ਕਮਰੇ ਦੀ ਉਖੜੀ ਜਿਹੀ ਛੱਤ ਵੱਲ ਦੇਖਦਾ ਰਿਹਾ। ਉਹ ਬਹੁਤ ਦੂਰ ਪੁੱਜ ਗਿਆ, ਆਪਣੇ ਪਿੰਡ, ਜਿਥੇ ਉਸ ਦੀ ਮਾਂ ਰਹਿੰਦੀ ਸੀ। ਉਸ ਦੀ ਪਤਨੀ ਮੈਰੀ ਤੇ ਤਿੰਨ ਛੋਟੇ ਬੱਚੇ ਸਨ। ਉਸ ਦਾ ਪਿੰਡ ਸਨਕੀਥਲ ਪਹਾੜਾਂ ਦੀ ਗੋਦ ਵਿੱਚ, ਇਰਾਂਗ ਦਰਿਆ ਦੇ ਕੰਢੇ ਵਸਿਆ ਹੋਇਆ ਸੀ। ਦਰਿਆ ਦੇ ਦੂਜੇ ਕੁਕੀ ਕਬੀਲੇ ਦਾ ਪਿੰਡ ਪਸ਼ੋਂਗ ਵਸਿਆ ਹੋਇਆ ਸੀ ਜੋ ਸਟੀਫਨ ਦੇ ਪਿੰਡ ਤੋਂ ਬਹੁਤੀ ਦੂਰ ਨਹੀਂ ਸੀ। ਸਟੀਫਨ ਦੇ ਪਿੰਡ ਸਨਕੀਥਲ ਵਿੱਚ ਛੋਟੀ ਜਿਹੀ ਮਾਰਕਿਟ ਸੀ ਜਿਥੇ ਉਸ ਦੀ ਮਾਂ ਸਬਜ਼ੀਆਂ ਤੇ ਜੜੀ-ਬੂਟੀਆਂ ਵੇਚਿਆ ਕਰਦੀ ਸੀ ਜਿਹਨਾਂ ਨੂੰ ਉਹ ਨੇੜਲੇ ਜੰਗਲ ਵਿੱਚੋਂ ਇਕੱਠੇ ਕਰ ਲਿਆਇਆ ਕਰਦੀ। ਪਸ਼ੋਂਗ ਪਿੰਡ ਦੇ ਲੋਕ ਵੀ ਇਸੇ ਮਾਰਕਿਟ ਵਿੱਚੋਂ ਖਰੀਦੋ-ਫਰੋਖ਼ਤ ਕਰਦੇ। ਇਰਾਂਗ ਦਰਿਆ ਦੇ ਇਕ ਪਾਸੇ ਕੁਕੀ ਤੇ ਦੂਜੇ ਪਾਸੇ ਨਾਗਾ ਵਸਦੇ ਸਨ। ਦੋਵੇਂ ਰਲ਼ ਕੇ ਮੱਛੀਆਂ ਫੜਦੇ, ਇਕ ਦੂਜੇ ਦੀ ਮੱਦਦ ਕਰਦੇ।

ਪਰ ਹੁਣ? ਸਟੀਫਨ ਨੇ ਡੂੰਘਾ ਸਾਹ ਲਿਆ। ਤੇ ਸੋਂਗਖੁਲਨ? ਉਹ ਮਾਰਕਿਟ ਵਿੱਚ ਝਟਕਈ ਦਾ ਕੰਮ ਕਰਦਾ ਸੀ। ਉਸ ਦਾ ਚਿਹਰਾ ਤੇ ਕੱਪੜੇ ਹਰ ਵੇਲੇ ਖ਼ੂਨ ਨਾਲ ਭਰੇ ਰਹਿੰਦੇ। ਉਹ ਬਹੁਤ ਹੀ ਖ਼ੁਸ਼ਮਿਜਾਜ਼ ਬੰਦਾ ਸੀ। ਹਰ ਵੇਲੇ ਹੱਸਦਾ ਰਹਿੰਦਾ। ਕਿਉਂਕਿ ਸਟੀਫਨ ਦੇ ਦੋਸਤ ਦਾ ਉਹ ਭਰਾ ਸੀ ਇਸ ਲਈ ਕਈ ਵਾਰ ਉਹ ਦੁਕਾਨ ਬੰਦ ਕਰਕੇ ਪਿੰਡ ਜਾਂਦਾ ਹੋਇਆ ਮਾਸ ਦਾ ਇਕ ਵੱਡਾ ਟੁਕੜਾ ਸਟੀਫਨ ਦੇ ਘਰ ਦੇ ਜਾਂਦਾ। ਸਟੀਫਨ ਪਿੰਡ ਆਇਆ ਹੁੰਦਾ ਤਾਂ ਲਿੰਗਪਾਓ ਵਾਂਗ ਹੀ ਸੋਂਗਖੁਲਨ ਉਸ ਦੇ ਟੱਬਰ ਵਿੱਚ ਰਾਤ ਰਹਿ ਜਾਂਦਾ।

"ਸੋਂਗਖੁਲਨ, ਉਪਰ ਪਹਾੜਾਂ 'ਚ ਇਰਾਂਗ ਦਰਿਆ ਉਪਰ ਡੈਮ ਬਣ ਰਿਹਾ ਏ, ਆਲੇ-ਦੁਆਲੇ ਦੇ ਪਿੰਡਾਂ ਵਿੱਚੋਂ ਲੋਕ ਭਰਤੀ ਕਰ ਰਹੇ ਆ, ਤੂੰ ਵੀ ਸਾਡੇ ਨਾਲ ਕਿਉਂ ਨਹੀਂ ਚਲਦਾ?" ਇਕ ਦਿਨ ਸਟੀਫਨ ਨੇ ਉਸ ਨੂੰ ਕਿਹਾ ਸੀ।

"ਮੈਂ? ਮੈਂ ਕੋਈ ਪੜ੍ਹਿਆ ਹੋਇਆਂ! ਤੇ ਫਿਰ ਉਹ ਮੈਨੂੰ ਇੰਫਾਲ 'ਚ ਰਹਿਣ ਲਈ ਕਹਿਣਗੇ, ਨਾ ਬਈ ਨਾ, ਮੈਨੂੰ ਆਪਣੇ ਪਿੰਡ ਵਿੱਚ ਹੀ ਰਹਿਣ ਦੇਵੋ।"

"ਇਹਦਾ ਮਤਲਬ ਕਿ ਤੂੰ ਸਾਰੀ ਉਮਰ ਮੀਟ ਹੀ ਕੱਟਦਾ ਰਹੇਂਗਾ?"

"ਮੀਟ ਕੱਟਣਾ ਮੈਨੂੰ ਵੀ ਤਾਂ ਚੰਗਾ ਨਹੀਂ ਲੱਗਦਾ। ਹਰ ਰੋਜ਼ ਜਾਨਵਰ ਮਾਰਨੇ ਮੈਨੂੰ ਪਸੰਦ ਨਹੀਂ। ਹੈ ਤਾਂ ਇਹ ਪਾਪ ਪਰ ਮੈਂ ਆਪਣੇ ਜਿਉਂਦੇ ਰਹਿਣ ਲਈ ਕਰਦਾ ਹਾਂ। ਕਿਹਨੂੰ ਪਤਾ ਏ ਕਿ ਇਕ ਦਿਨ ਮੈਂ ਵੀ ਇਹਨਾਂ ਜਾਨਵਰਾਂ ਦੀ ਮੌਤ ਮਰਾਂ।"

"ਇਵੇਂ ਨਾ ਕਿ ਸੋਂਗਖੁਲਨ, ਲੌਰਡ ਜੀਸਸ ਸਾਡੀ ਸਭ ਦੀ ਰੱਖਿਆ ਕਰੇਗਾ।"

"ਇਹ ਤਾਂ ਤੇਰੀ ਗੱਲ ਠੀਕ ਏ, ਉਹ ਪੂਰੀ ਮਨੁੱਖਤਾ ਦੇ ਭਲੇ ਬਾਰੇ ਸੋਚਦਾ ਏ।"

ਇਹ ਇਕ ਚੰਨ ਤੋਂ ਸੱਖਣੀ ਕਾਲੀ-ਬੋਲੀ ਰਾਤ ਸੀ। ਉਪਰੁਲ ਪਹਾੜਾਂ ਦੀ ਧਾਰ, ਖੇਤ, ਦਰਿਆ ਤੇ ਸਨਕਥਲ ਪਿੰਡ, ਸਭ ਹਨੇਰੇ ਵਿੱਚ ਡੁੱਬੇ ਪਏ ਸਨ। ਅਚਾਨਕ ਨੇੜੇ ਦੇ ਚਰਚ ਵਿੱਚੋਂ ਬਾਈਬਲ ਦੀਆਂ ਆਇਤਾਂ ਦੇ ਪੜ੍ਹੇ ਜਾਣ ਦੀ ਆਵਾਜ਼ ਆਉਣ ਲੱਗੀ। ਆਵਾਜ਼ ਸਾਫ ਸੁਣ ਰਹੀ ਸੀ। ਸੋਂਗਖੁਲਨ ਇਹਨਾਂ ਦੇ ਨਾਲ-ਨਾਲ ਸਥਾਨਕ ਬੋਲੀ ਵਿੱਚ ਗਾਉਣ ਲੱਗਾ। ਪਹਿਲਾਂ ਉਹ ਹੌਲੀ-ਹੌਲੀ ਗਾ ਰਿਹਾ ਸੀ ਪਰ ਫਿਰ ਉਸ ਨੇ ਆਵਾਜ਼ ਚੁੱਕ ਦਿੱਤੀ। ਉਸ ਦੀ ਆਵਾਜ਼ ਵਿੱਚ ਦਮ-ਖਮ ਸੀ ਤੇ ਬਹੁਤ ਹੀ ਸੰਗੀਤਕ ਤੇ ਲੈਅ ਨਾਲ ਭਰੀ ਹੋਈ। ਉਸ ਤੋਂ ਬਾਅਦ ਜਦ ਵੀ ਸਟੀਫਨ ਚਰਚ ਜਾਂਦਾ ਹੈ ਤਾਂ ਉਸ ਦੇ ਕੰਨਾਂ ਵਿੱਚ ਸੋਂਗਖੁਲਨ ਦਾ ਉਸ ਰਾਤ ਗਾਇਆ ਗੀਤ ਵੱਜਣ ਲੱਗਦਾ ਹੈ।

ਚੇਤੇ ਕਰਦਿਆਂ ਕੁਝ ਹੰਝੂ ਉਸ ਦੀਆਂ ਅੱਖਾਂ ਵਿੱਚ ਸਿੰਮ ਆਏ। ਸਟੀਫਨ ਨੇ ਇਹਨਾਂ ਨੂੰ ਪੂੰਝਿਆ ਨਹੀਂ, ਉਵੇਂ ਹੀ ਲਟਕਦੇ ਰਹਿਣ ਦਿੱਤਾ।

ਇਹ ਰਾਤ ਕਿੰਨੀ ਭਿਆਨਕ ਸੀ ? ਸਟੀਫਨ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਸ ਦਾ ਮਨ ਏਨੇ ਖੌਫ ਨਾਲ ਭਰ ਜਾਵੇਗਾ। ਉਹ ਅਜੀਬ ਜਿਹੇ ਡਰ ਵਿੱਚ ਫਸਿਆ ਪਿਆ ਸੀ। ਉਸ ਨੂੰ ਲੱਗਿਆ ਜਿੱਦਾਂ ਲਿੰਗਪਾਓ ਨੇ ਹਲਕਾ ਜਿਹਾ ਘੁਰਾੜਾ ਮਾਰਿਆ ਹੋਵੇ। ਉਸ ਨੇ ਆਪ ਵੀ ਅੱਖਾਂ ਬੰਦ ਕਰਨ ਦੀ ਕੋਸ਼ਿਸ਼ ਕੀਤੀ।

"ਦਿਨ ਚੜ੍ਹਨ 'ਚ ਕਿੰਨੀ ਕੁ ਦੇਰ ਏ ?" ਇਹ ਲਿੰਗਪਾਓ ਦੇ ਪਹਿਲੇ ਬੋਲ ਸਨ ਜੋ ਕੱਲ੍ਹ ਸਵੇਰ ਤੋਂ ਲੈ ਕੇ ਹੁਣ ਤਕ ਬੋਲੇ ਸਨ।

ਸਟੀਫਨ ਉੱਠਿਆ, ਖਿੜਕੀ ਖੋਲ੍ਹੀ। ਚਾਰੇ ਪਾਸੇ ਹਨੇਰਾ ਸੀ। ਇੰਫਾਲ ਦੇ ਮੈਦਾਨ, ਦਰਖਤ, ਬਾਂਸਾਂ ਦੇ ਝੁੰਡ ਤੇ ਹੋਰ ਸਭ ਹਨੇਰੇ ਵਿੱਚ ਛੁੱਪਨ ਸੀ। ਅਸਮਾਨ ਵਿੱਚ ਕੋਈ ਤਾਰਾ ਵੀ ਨਹੀਂ ਸੀ ਦਿੱਸ ਰਿਹਾ। ਉਸ ਨੇ ਖਿੜਕੀ ਬੰਦ ਕਰ ਦਿੱਤੀ।

"ਹਾਲੇ ਤਾਂ ਵਕਤ ਪਿਆ। ਨੀਂਦ ਨਹੀਂ ਆਉਂਦੀ ?"

"ਨੀਂਦ ਕਿੱਦਾਂ ਆਏਗੀ ?" ਸਿਰਫ ਇਹ ਤਿੰਨ ਸ਼ਬਦ ਉਸ ਦੇ ਸੀਨੇ ਦੀ ਅੱਗ ਦੀ ਤਰਜਮਾਨੀ ਕਰਨ ਲਈ ਕਾਫੀ ਸਨ।

"ਅੱਜ ਪਿੰਡ ਜਾਏਂਗਾ ਹੀ ਨਾ ?"

"ਮੈਨੂੰ ਨਹੀਂ ਪਤਾ! ਕਿੱਦਾਂ ਜਾ ਸਕਦਾਂ ਬਿਨਾਂ ਕਿਸੇ ਸੁਰੱਖਿਆ ਦੇ। ਉਥੇ ਤਾਂ ਖਤਰਾ ਹੀ ਖਤਰਾ ਏ।"

"ਕੱਲ੍ਹ ਪੁਲੀਸ ਵੱਲੋਂ ਜਾਂ ਕੋਈ ਹੋਰ ਸੁਰੱਖਿਆ ਨਹੀਂ ਮਿਲੀ ?"

"ਨਹੀਂ, ਮੈਂ ਦਫਨਾਉਣ ਤੋਂ ਪਹਿਲਾਂ ਆਪਣੇ ਭਰਾ, ਭਰਜਾਈ ਤੇ ਭਤੀਜੀ ਦਾ ਆਖਰੀ ਵਾਰ ਮੂੰਹ ਦੇਖਣਾ ਚਾਹੁੰਦਾ ਹਾਂ।"

**ਦੇਖੋ ਪੰਨਾ ਨੰ. 29 'ਤੇ**



**ਉਰਦੂ ਕਹਾਣੀ**

# ਨੋਸ਼ਦਾਰੂ

**—ਨਈਅਰ ਮਸੂਦ**

1.

ਸਿੱਧੀ ਗਲੀ ਦੇ ਅਖ਼ੀਰ 'ਚ ਖੱਬੇ ਹੱਥ ਇਕ ਅਹਾਤਾ ਸੀ ਜਿਸ ਦੇ ਇਕ ਕੋਨੇ 'ਚ ਪਿਆ ਤਖ਼ਤਪੋਸ਼ ਸ਼ਾਇਦ ਹੁਣ ਇਸਤੇਮਾਲ ਨਹੀਂ ਸੀ ਕੀਤਾ ਜਾਂਦਾ। ਧੁੱਪ ਤੇ ਬਰਸਾਤਾਂ ਨੇ ਉਸਦੀ ਹਾਲਤ ਵਿਗਾੜ ਦਿੱਤੀ ਸੀ। ਚੂਲਾਂ ਢਿੱਲੀਆਂ ਪੈ ਗਈਆਂ ਸਨ ਤੇ ਚਾਰੇ ਪਾਵੇ ਇਕੋ ਪਾਸੇ ਝੁਕੇ ਹੋਏ ਸਨ। ਪਰ ਅਜੇ ਵੀ ਉਹਨੂੰ ਇਸਤੇਮਾਲ ਕੀਤਾ ਜਾ ਸਕਦਾ ਸੀ।

ਤਖ਼ਤਪੋਸ਼ ਦੇ ਸਾਹਮਣੇ ਸਿਰੇ ਕੋਲ ਅਹਾਤੇ ਦਾ ਇਕਇਕ ਰੁੱਖ ਸੀ—ਜਿਸ 'ਤੇ ਪੀਲੇ ਫੁੱਲਾਂ ਦੇ ਫ਼ਾਨੂਸਨੁਮਾ ਗੁੱਛੇ ਤੇ ਲੰਮੀਆਂ-ਮੋਟੀਆਂ ਫਲੀਆਂ ਲਟਕ ਰਹੀਆਂ ਸਨ। ਰੁੱਖ ਦੇ ਪੂਰੇ ਘੇਰੇ ਹੇਠ ਜ਼ਮੀਨ 'ਤੇ ਸੁੱਕੀਆਂ ਪੱਤੀਆਂ ਦੀ ਮੋਟੀ ਤਹਿ ਤੇ ਉਸ ਉਪਰ ਤਾਜ਼ਾ ਪੱਤੀਆਂ ਦਾ ਫ਼ਰਸ਼ ਸੀ ਜਿਸ ਉਪਰ ਕਈ ਜਗ੍ਹਾ ਰੁੱਖ ਤੋਂ ਡਿੱਗੀਆਂ ਅੱਧੀਆਂ, ਪੌਣੀਆਂ ਤੇ ਸਬੂਤੀਆਂ ਫਲੀਆਂ ਪਈਆਂ ਹੋਈਆਂ ਸਨ।

ਰੁੱਖ ਦੇ ਤਣੇ ਨਾਲੋਂ ਜ਼ਰਾ ਹਟ ਕੇ ਇਕ ਡਿਓਢੀ ਦਾ ਅੱਧਾ-ਖੁੱਲ੍ਹਾ ਦਰਵਾਜ਼ਾ ਸੀ। ਉਸ ਵਿਚੋਂ ਇਕ ਕਮਰੇ ਦਾ ਬੰਦ ਦਰਵਾਜ਼ਾ ਨਜ਼ਰ ਆ ਰਿਹਾ ਸੀ। ਕਮਰੇ 'ਤੇ ਮਕਾਨ ਦੀ ਛੱਤ ਸੀ ਜਿਸਦੇ ਪਤਲੇ ਬਨੇਰਿਆਂ 'ਤੇ ਰੁੱਖ ਦੀਆਂ ਕੁਝ ਟਾਹਣੀਆਂ ਇਸ ਤਰ੍ਹਾਂ ਟਿਕੀਆਂ ਹੋਈਆਂ ਸਨ ਜਿੱਦਾਂ ਥੱਕ ਜਾਣ ਪਿੱਛੋਂ ਸੁਸਤਾ ਰਹੀਆਂ ਹੋਣ।

ਆਸਮਾਨ ਵਿਚ ਉੱਡਦੀ ਹੋਈ ਇਕ ਇੱਲ੍ਹ ਹੇਠਾਂ ਆਈ ਤੇ ਬਨੇਰੇ 'ਤੇ ਬੈਠਣ ਲੱਗੀ। ਬਿੰਦ ਦੇ ਬਿੰਦ ਫ਼ੈਲਦੇ-ਸੁੰਗੜਦੇ ਖੰਭਾਂ ਨੂੰ ਉਪਰ-ਹੇਠ ਕਰਦਿਆਂ ਹੋਇਆਂ ਉਸਨੇ ਇਰਾਦਾ ਬਦਲ ਲਿਆ—ਆਪਣੀ ਦੇਹ ਨੂੰ ਉਛਾਲਿਆ ਤੇ ਆਸਮਾਨ ਵਿਚ ਜਾ ਅਲੋਪ ਹੋਈ।

ਦੂਜੇ ਪਾਸੇ ਦੋ ਹੱਥ ਹੌਲੀ-ਹੌਲੀ ਉੱਪਰ ਉੱਠੇ। ਟੇਢੀਆਂ-ਮੇਢੀਆਂ ਉਂਗਲਾਂ ਨੇ ਬਨੇਰੇ ਦੀਆਂ ਉਪਰਲੀਆਂ ਅਗੜ-ਦੁਗੜੀਆਂ ਇੱਟਾਂ ਨੂੰ ਟੋਹ ਕੇ ਮਜ਼ਬੂਤੀ ਨਾਲ ਫੜ ਲਿਆ ਤੇ ਦੇਰ ਤਕ ਫੜੀ ਰੱਖਿਆ। ਫੇਰ ਦੋਵਾਂ ਹੱਥਾਂ ਵਿਚਕਾਰ ਇਕ ਥੱਕੇ-ਹਾਰੇ ਬੁੱਢੇ ਆਦਮੀ ਨੇ ਸਿਰ ਉਭਾਰਿਆ ਤੇ ਬਨੇਰੇ 'ਤੇ ਠੋਡੀ ਟਿਕਾ ਦਿੱਤੀ। ਕੁਝ ਚਿਰ ਉਹ ਟਾਹਣੀਆਂ ਦੇ ਉਸ ਪਾਰ ਕੁਝ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ...ਫੇਰ ਉਸਨੇ ਚਿਹਰਾ ਉੱਪਰ ਚੁੱਕਿਆ ਤੇ ਹੱਥ ਵਧਾ ਕੇ ਫੁੱਲਾਂ ਦੇ ਇਕ ਗੁੱਛੇ ਨੂੰ ਹੌਲੀ-ਜਿਹੇ ਆਪਣੇ ਵੱਲ ਖਿੱਚਿਆ। ਝੁਕ ਕੇ ਨੱਕ ਉਸਦੇ ਕੋਲ ਲੈ ਗਿਆ ਤੇ ਦੋ ਨਿੱਕੇ-ਨਿੱਕੇ ਸਾਹ ਖਿੱਚ ਕੇ ਫੁੱਲਾਂ ਨੂੰ ਸੁੰਘਿਆ। ਉਸ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਨਾਸਾਂ ਫੜਕਣ ਲੱਗੀਆਂ। ਉਸਨੇ ਗੁੱਛਾ ਛੱਡ ਦਿੱਤਾ ਤੇ ਟਾਹਣੀਆਂ ਨੂੰ ਏਧਰ-ਉਧਰ ਕਰਨ ਲੱਗਾ। ਇਕ ਮੋਟੀ ਸਾਰੀ ਫਲੀ ਉਸਦੇ ਹੱਥ ਵਿਚ ਆ ਗਈ। ਅੱਖਾਂ ਬੰਦ ਕਰੀ ਉਸਨੇ ਫਲੀ ਨੂੰ ਵੀ ਸੁੰਘਿਆ। ਫੇਰ ਹੋਰ ਜ਼ੋਰ ਨਾਲ ਸੁੰਘਿਆ। ਤੀਜੀ ਵਾਰੀ ਸੁੰਘਣ ਲਈ ਉਸਨੇ ਏਨੇ ਜ਼ੋਰ ਨਾਲ ਸਾਹ ਅੰਦਰ ਵੱਲ ਖਿੱਚਿਆ ਕਿ ਉਸ ਦੀਆਂ ਦੋਵੇਂ ਨਾਸਾਂ ਲਗਭਗ ਬੰਦ ਹੋ ਗਈਆਂ।

2.

ਡਿਓਢੀ ਵਿਚਲਾ ਅੰਦਰ ਵਾਲਾ ਦਰਵਾਜ਼ਾ ਖੁੱਲ੍ਹਿਆ ਤੇ ਪੱਕੀ ਉਮਰ ਦਾ ਇਕ ਆਦਮੀ ਹੱਥ ਵਿਚ ਕੱਪੜੇ ਦਾ ਥੈਲਾ ਲਮਕਾਈ ਡਿਓਢੀ ਵਿਚ ਆਇਆ। ਬਾਹਰਲੇ ਦਰਵਾਜ਼ੇ

ਵਿਚੋਂ ਉਸਨੇ ਪੈਰ ਬਾਹਰ ਕੱਢਿਆ ਹੀ ਸੀ ਕਿ ਮਕਾਨ ਦੇ ਅੰਦਰੋਂ ਕਿਸੇ ਔਰਤ ਦੇ ਕੁਝ ਕਹਿਣ ਦੀ ਆਵਾਜ਼ ਆਈ। ਉਹ ਪਲਟ ਕੇ ਅੰਦਰ ਵਾਲੇ ਦਰਵਾਜ਼ੇ ਕੋਲ ਆਇਆ।

"ਕੀ ਕਹਿ ਰਹੇ ਓ?" ਉਸ ਨੇ ਉੱਚੀ ਆਵਾਜ਼ ਵਿਚ ਪੁੱਛਿਆ।

ਅੰਦਰੋਂ ਔਰਤ ਨੇ ਕੁਝ ਕਹਿਣਾ ਸ਼ੁਰੂ ਕੀਤਾ। ਉਹ ਥੋੜ੍ਹੀ ਦੇਰ ਤਕ ਚੁੱਪਚਾਪ ਸੁਣਦਾ ਰਿਹਾ, ਫੇਰ ਬੋਲਿਆ,

"ਸਭ ਪੁੱਛ ਲਵਾਂਗਾ ਬਈ, ਮੁਲਾਕਾਤ ਤਾਂ ਹੋਏ।"

ਉਹ ਫੇਰ ਮੁੜ ਕੇ ਬਾਹਰਲੇ ਦਰਵਾਜ਼ੇ ਵੱਲ ਵਧਿਆ ਪਰ ਦੋ ਕਦਮ ਤੁਰਿਆ ਸੀ ਕਿ ਉਸ ਦਾ ਥੈਲਾ ਕਿਸੇ ਚੀਜ਼ ਵਿਚ ਅਟਕ ਗਿਆ। ਉਹ ਮੂੰਹ ਵਿਚ ਕੁਝ ਬੁੜਬੁੜ ਕਰਦਾ ਹੋਇਆ ਰੁਕ ਗਿਆ।

ਉਸ ਦੇ ਖੱਬੇ ਹੱਥ ਡਿਓਢੀ ਦੀ ਕੰਧ ਨਾਲ ਲੱਗੀ ਇਕ ਬਾਈ-ਸਾਈਕਲ ਖੜ੍ਹੀ ਸੀ। ਉਸ ਦੇ ਦੋਵੇਂ ਟਾਇਰ ਪਿਚਕ ਕੇ ਕਈ ਜਗਾਹਾਂ ਤੋਂ ਤਿੜਕ ਗਏ ਸਨ। ਅੰਦਰੋਂ ਟਿਊਬਾਂ ਥੋੜ੍ਹੀਆਂ ਬਾਹਰ ਨਿਕਲ ਆਈਆਂ ਸਨ ਤੇ ਉਹਨਾਂ 'ਤੇ ਮਿੱਟੀ ਦੀ ਤਹਿ ਜੰਮੀ ਹੋਈ ਸੀ। ਇਕ ਪੈਡਲ ਲੱਕੜ ਦਾ ਸੀ ਤੇ ਦੂਜੇ ਪੈਡਲ ਦੀ ਥਾਂ ਸਿਰਫ਼ ਲੋਹੇ ਦੀ ਕਿੱਲੀ ਰਹਿ ਗਈ ਸੀ। ਗੱਦੀ 'ਤੇ ਇਕ ਮੈਲਾ ਤੌਲੀਆ ਲਿਪਟਿਆ ਹੋਇਆ ਸੀ। ਹੈਂਡਲ ਦੇ ਦੋਵੇਂ ਪਾਸੇ ਬਦਰੰਗ ਕੱਪੜਿਆਂ ਦੀਆਂ ਪੋਟਲੀਆਂ ਤੇ ਘਾਸ-ਫੂਸ ਨਾਲ ਭਰੀਆਂ ਹੋਈਆਂ ਲੰਮੀਆਂ-ਲੰਮੀਆਂ ਥੈਲੀਆਂ ਲਟਕ ਰਹੀਆਂ ਸਨ। ਅਗਲੇ ਪਹੀਏ ਦੀਆਂ ਕਈ ਤਾਰਾਂ ਦੇ ਸਿਰੇ ਰਿੰਮ ਨਾਲੋਂ ਵੱਖ ਹੋ ਕੇ ਬਾਹਰ ਵੱਲ ਮੁੜ ਗਏ ਸਨ ਤੇ ਇਕ ਤਾਰ ਨੇ ਆਦਮੀ ਦੇ ਹੱਥਲੇ ਥੈਲੇ ਨੂੰ ਫਸਾ ਲਿਆ ਸੀ। ਆਦਮੀ ਨੇ ਥੈਲੇ ਨੂੰ ਦੋ-ਤਿੰਨ ਛੋਟੇ-ਛੋਟੇ ਝਟਕੇ ਦਿੱਤੇ, ਫੇਰ ਝੁਕ ਕੇ ਤਾਰ ਨੂੰ ਉਂਗਲ ਤੇ ਅੰਗੂਠੇ ਦੀ ਚੂੰਢੀ ਵਿਚ ਫੜਿਆ ਤੇ ਥੈਲੇ ਨੂੰ ਉਸ ਤੋਂ ਛੁਡਾ ਲਿਆ। ਬਾਹਰਲੇ ਦਰਵਾਜ਼ੇ ਵੱਲ ਭੌਂਦਾ ਹੋਇਆ ਉਹ ਫੇਰ ਰੁਕਿਆ। ਬਾਈ-ਸਾਈਕਲ ਦੇ ਫਰੇਮ ਨਾਲ ਇਕ ਰੱਸੀ ਨਾਲ ਬੰਨ੍ਹਿਆ ਹੋਇਆ ਹਵਾ ਭਰਨ ਵਾਲਾ ਇਕ ਛੋਟਾ ਪੰਪ ਉਸ ਦੇ ਝਟਕਿਆਂ ਨਾਲ ਢਿੱਲਾ ਹੋ ਕੇ ਹੇਠਾਂ ਲਟਕ ਗਿਆ ਸੀ। ਉਸਨੇ ਝੁਕ ਕੇ ਉਸਨੂੰ ਉਪਰ ਕੀਤਾ ਤਾਂ ਉਹ ਫਰੇਮ ਨਾਲੋਂ ਵੱਖ ਹੋ ਕੇ ਉਸਦੇ ਹੱਥ ਵਿਚ ਆ ਗਿਆ। ਉਸਨੇ ਪੰਪ ਦੇ ਹਵਾ ਭਰਨ ਵਾਲੇ ਸੁਰਾਖ਼ ਨੂੰ ਇਕ ਉਂਗਲ ਨਾਲ ਬੰਦ ਕੀਤਾ ਤੇ ਦੂਜੇ ਹੱਥ ਨਾਲ ਹੈਂਡਲ ਨੂੰ ਦੋ-ਤਿੰਨ ਵਾਰ ਚਲਾ ਕੇ ਦੇਖਿਆ, ਫੇਰ ਉਸਨੂੰ ਦਰਵਾਜ਼ੇ ਦੇ ਬਾਹਰ ਵੱਲ ਉਛਾਲ ਦਿੱਤਾ। ਜਰਖਾਧਾ ਪੰਪ ਪੱਤੀਆਂ ਦੇ ਪੀਲੇ ਫ਼ਰਸ਼ 'ਤੇ ਜਾ ਡਿੱਗਿਆ ਤੇ ਖ਼ੁਦ ਵੀ ਅਮਲਤਾਸ ਦੀ ਫਲੀ ਜਾਪਣ ਲੱਗਿਆ।

ਆਦਮੀ ਦਰਵਾਜ਼ੇ ਤੋਂ ਨਿਕਲ ਕੇ ਅਹਾਤੇ ਵਿਚ ਤੇ ਅਹਾਤੇ ਤੋਂ ਲੰਮੀ ਸਿੱਧੀ ਗਲੀ ਵਿਚ ਆਇਆ। ਕੋਈ ਸੌ ਕਦਮ ਚੱਲ ਕੇ ਸੱਜੇ ਪਾਸੇ ਵਾਲੀ ਗਲੀ ਵਿਚ ਤੇ ਫੇਰ ਖੱਬੇ ਪਾਸੇ ਵਾਲੀ ਗਲੀ ਵਿਚ ਮੁੜਿਆ—ਕੁਝ ਦੇਰ ਬਾਅਦ ਉਹ ਵੱਡੀ ਸੜਕ ਦੇ ਪੂਰਬੀ ਕਿਨਾਰੇ 'ਤੇ ਖੜ੍ਹਾ ਸੀ। ਸੱਜੇ, ਖੱਬੇ ਦੇਖ ਕੇ ਉਸਨੇ ਕਾਹਲ ਨਾਲ ਸੜਕ ਪਾਰ ਕੀਤੀ ਤੇ ਪੱਛਮੀ ਕਿਨਾਰੇ ਵਾਲੇ ਚੌੜੇ ਫੁਟਪਾਥ 'ਤੇ ਆ ਗਿਆ। ਸਾਹਮਣੇ ਵਾਲੀ ਪੌੜੀਆਂ ਵਾਲੀ ਗਲੀ ਵਿਚ ਉਤਰਿਆ ਤੇ ਉਸ 'ਚੋਂ ਨਿਕਲ ਕੇ ਇਕ ਹੋਰ ਸੜਕ 'ਤੇ ਆ ਗਿਆ। ਉਸ ਨੂੰ ਪਾਰ ਕਰਕੇ ਇਕ ਹੋਰ ਢਲਵਾਣ ਵਾਲੀ ਗਲੀ ਵਿਚ ਉਤਰਿਆ ਤੇ ਚੌਕ ਵਿਚੋਂ ਦੋ-ਵੱਲੇ ਬਾਜ਼ਾਰ ਵੱਲ ਹੋ ਲਿਆ। ਸੱਜੇ ਹੱਥ ਘੁੰਮ ਕੇ ਵਧਦਾ ਹੋਇਆ ਉਹ ਫੁੱਲਾਂ ਵਾਲਿਆਂ ਤਕ ਪਹੁੰਚ ਗਿਆ ਤੇ ਖੱਬੇ ਹੱਥ ਵਾਲੀ ਗਲੀ ਵਿਚ ਮੁੜ ਗਿਆ। ਸਾਹਮਣੇ ਕੁਝ ਬੱਚੇ ਬੰਟੇ (ਗੋਲੀਆਂ) ਖੇਡ ਰਹੇ ਸਨ। ਉਸਨੇ ਇਕ ਬਾਲ ਨੂੰ ਪੁੱਛਿਆ,



"ਕਿਓਂ ਬੇਟਾ, ਏਧਰ ਕਿਤੇ ਹੈਂਡਪੰਪ ਲੱਗਾ ਹੋਇਆ ਏ?"

"ਉਹ ਖ਼ਰਾਬ ਪਿਐ।" ਉਸ ਨੇ ਉਸਨੂੰ ਦੱਸਿਆ ਤੇ ਚੌਕ ਵੱਲ ਇਸ਼ਾਰਾ ਕੀਤਾ। "ਓਧਰਲੇ ਨਲਕੇ 'ਚੋ ਅਜੇ ਪਾਣੀ ਆ ਰਿਹੈ...।"

"ਤੇ ਉਹ ਖ਼ਰਾਬ ਪੰਪ ਕਿਧਰ ਏ?"

ਬਾਲ ਨੇ ਹੱਥ ਏਧਰ-ਉਧਰ ਲਹਿਰਾ ਕੇ ਉਸਨੂੰ ਪਤਾ ਦੱਸਿਆ ਤੇ ਫੇਰ ਕਿਹਾ,

"ਪਰ ਉਸ 'ਚ ਪਾਣੀ ਨਈਂ ਆਉਂਦਾ, ਖ਼ਰਾਬ ਹੋਇਆ ਪਿਆ ਏ ਉਹ।"

ਫੇਰ ਉਸਨੇ ਆਪਣੇ ਕਿਸੇ ਸਾਥੀ ਨੂੰ ਖੇਡ ਵਿਚ ਬੇਇਮਾਨੀ ਕਰਦੇ ਦੇਖ ਲਿਆ ਤੇ ਉਸ ਨਾਲ ਉਲਝ ਪਿਆ।

ਆਦਮੀ ਉਸਦੀ ਦੱਸੀ ਹੋਈ ਪਹਿਲੀ ਗਲੀ ਵਿਚ ਦਾਖ਼ਲ ਹੋਇਆ ਤੇ ਕਈ ਭੀੜੀਆਂ ਗਲੀਆਂ ਵਿਚੋਂ ਹੁੰਦਾ ਹੋਇਆ ਆਖ਼ਰ ਉਸ ਗਲੀ ਤਕ ਪਹੁੰਚ ਗਿਆ ਜਿਸ ਦੀ ਨੁੱਕਰ 'ਤੇ ਹੈਂਡਪੰਪ ਲੱਗਾ ਹੋਇਆ ਸੀ। ਗਲੀ ਵਿਚ ਸੱਜੇ ਹੱਥ ਦੇ ਤੀਸਰੇ ਮਕਾਨ ਦਾ ਬਾਹਰੀ ਕਮਰਾ ਉਸਨੂੰ ਖੁੱਲ੍ਹਾ ਨਜ਼ਰ ਆਇਆ। ਕਮਰੇ ਨਾਲ ਲੱਗਵੀਂ ਡਿਓਢੀ ਦੇ ਛੋਟੇ-ਜਿਹੇ ਦਰਵਾਜ਼ੇ ਦੇ ਸਾਹਮਣੇ ਲੱਕੜ ਦੇ ਉੱਚੇ ਸਟੂਲ 'ਤੇ ਉਸੇ ਦਾ ਇਕ ਹਮਉਮਰ ਆਦਮੀ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਆਹਟ ਸੁਣ ਕੇ ਉਸਨੇ ਅੱਖਾਂ ਚੁੱਕੀਆਂ।

"ਕਿਓਂ ਭਾਈ ਸਾਹਿਬ," ਆਉਣ ਵਾਲੇ ਨੇ ਜ਼ਰਾ ਝਿਜਕ ਕੇ ਪੁੱਛਿਆ, "ਏਥੇ ਕਿਤੇ ਕਿਸ਼ਨ ਚੰਦ ਅੱਤਾਰ (ਹਕੀਮ, ਜੜੀ-ਬੂਟੀਆਂ ਦਾ ਜਾਣਕਾਰ) ਦੀ ਦੁਕਾਨ..."

"ਇਹੋ ਏ।" ਬੈਠੇ ਹੋਏ ਆਦਮੀ ਨੇ ਉਸਦਾ ਵਾਕ ਪੂਰਾ ਹੋਣ ਤੋਂ ਪਹਿਲਾਂ ਹੀ ਜਵਾਬ ਦਿੱਤਾ। "ਦੁਕਾਨ ਤਾਂ ਇਹੋ ਏ ਪਰ ਹੁਣ...ਵੈਸੇ ਅਸੀਂ ਪੇਟੈਂਟ ਹਕੀਮੀ ਦਵਾਈਆਂ ਵੀ ਰੱਖਦੇ ਆਂ।"

ਆਉਣ ਵਾਲੇ ਨੇ ਕਮਰੇ ਵਿਚ ਨਜ਼ਰਾਂ ਦੌੜਾਈਆਂ। ਕੰਧਾਂ ਵਿਚ ਬਣੀਆਂ ਅਲਮਾਰੀਆਂ ਦੇ ਖਾਨਿਆਂ ਵਿਚ ਸਜੀਆਂ ਹੋਈਆਂ ਸ਼ੀਸ਼ੀਆਂ ਤੇ ਡੱਬਿਆਂ ਦੇ ਸਿਵਾਏ ਕਮਰਾ ਖ਼ਾਲੀ-ਖ਼ਾਲੀ ਜਿਹਾ ਜਾਪਦਾ ਸੀ।

"ਮੈਂ ਕਿਸ਼ਨ ਚੰਦ ਜੀ ਬਾਰੇ ਕੁਛ ਜਾਨਣਾ ਚਾਹੁੰਦਾ ਸਾਂ।"

"ਹਾਂ, ਹਾਂ, ਦੱਸੋ।"

ਆਉਣ ਵਾਲਾ ਕੁਝ ਕਹਿੰਦਾ-ਕਹਿੰਦਾ ਰੁਕਿਆ। ਇਕ ਵਾਰੀ ਫੇਰ ਉਸਨੇ ਕਮਰੇ ਅੰਦਰ ਨਜ਼ਰਾਂ ਦੌੜਾਈਆਂ। ਇਸ ਵਾਰੀ ਉਸਨੂੰ ਦਰਵਾਜ਼ੇ ਨਾਲ ਲੱਗਾ ਹੋਇਆ ਉਹ ਚਕੋਰ ਸਾਈਨਬੋਰਡ ਵੀ ਦਿਖਾਈ ਦਿੱਤਾ ਜਿਸ ਵਿਚ ਸਲੀਬ ਦੇ ਛੋਟੇ-ਜਿਹੇ ਲਾਲ ਨਿਸ਼ਾਨ ਹੇਠ ਕਿਸ਼ਨ ਚੰਦ ਐਂਡ ਸਨਜ਼ ਤੇ ਉਸ ਦੇ ਹੇਠ ਅੰਗਰੇਜ਼ੀ ਵਿਚ ਦਵਾਖ਼ਾਨਾ ਲਿਖਿਆ ਹੋਇਆ ਸੀ।

"ਤੁਸੀਂ ਉਹਨਾਂ ਦੇ...," ਉਹ ਫੇਰ ਕਹਿੰਦਾ-ਕਹਿੰਦਾ ਰੁਕ ਗਿਆ।

"ਪੋਤ੍ਰਾ ਆਂ ਜੀ ਮੈਂ ਉਹਨਾਂ ਦਾ।"

ਆਉਣ ਵਾਲੇ ਦੇ ਚਿਹਰੇ 'ਤੇ ਤਸੱਲੀ ਨਜ਼ਰ ਆਈ, ਪਰ ਅਗਲਾ ਸਵਾਲ ਕਰਨ ਤੋਂ ਪਹਿਲਾਂ ਉਹ ਫੇਰ ਜ਼ਰਾ ਪ੍ਰੇਸ਼ਾਨ ਨਜ਼ਰ ਆਉਣ ਲੱਗਾ। ਦੁਕਾਨ ਵਾਲਾ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਦੇਖ ਰਿਹਾ ਸੀ। ਆਉਣ ਵਾਲੇ ਨੇ ਅਟਕਦੇ-ਝਿਜਕਦੇ ਹੋਏ ਕਿਹਾ,

"ਅਜੇ ਓਹ...ਮੈਂ ਪਤਾ ਕਰਨਾ ਸੀ ਕੀ ਓਹ ਅਜੇ," ਫੇਰ ਉਸ ਨੇ ਇਰਾਦਾ ਬਦਲਿਆ ਤੇ ਬੋਲਿਆ, "ਮੈਂ ਯਾਕੂਬ ਅੱਤਾਰ ਸਾਹਿਬ ਹੁਰਾਂ ਦਿਓਂ ਆਇਆਂ। ਉਹਨਾਂ ਦਾ ਬੇਟਾ ਆਂ। ਤੁਸੀਂ ਸ਼ਾਇਦ ਉਹਨਾਂ ਦਾ ਨਾਂ ਸੁਣਿਆ ਹੋਏ।"

ਦੁਕਾਨਦਾਰ ਜ਼ਰਾ ਚੌਕੰਨਾ ਹੋ ਗਿਆ।

"ਯਾਕੂਬ ਅੱਤਾਰ ਸਾਹਿਬ ? ਹਾਂ, ਬਿਲਕੁਲ ਬਿਲਕੁਲ। ਉਹ ਤਾਂ ਸਾਡੇ ਬਾਬਾ ਜੀ ਦੇ ਗੁਰੂ ਸਨ, ਮਤਲਬ, ਬਾਬਾ ਜੀ ਨੇ ਅੱਤਾਰੀ (ਹਿਕਮਤ) ਦਾ ਕੰਮ ਉਹਨਾਂ ਤੋਂ ਈ ਸਿੱਖਿਆ ਸੀ। ਤੁਸੀਂ ਯਾਕੂਬ ਸਾਹਿਬ ਦੇ ਬੇਟੇ ਓ ? ਤਾਂ ਤੇ ਘਰ ਦੇ ਈ ਆਦਮੀ ਹੋਏ।"

ਉਸਨੇ ਖੜ੍ਹਾ ਹੋ ਕੇ ਆਉਣ ਵਾਲੇ ਨਾਲ ਹੱਥ ਮਿਲਾਇਆ, ਅਖ਼ਬਾਰ ਤੈਹ ਕਰਕੇ ਸਟੂਲ 'ਤੇ ਰੱਖਿਆ, ਕਮਰੇ ਅੰਦਰੋਂ ਇਕ ਛੋਟਾ ਸਟੂਲ ਚੁੱਕ ਲੈ ਆਇਆ ਤੇ ਬੋਲਿਆ,

"ਉਹ ਤਾਂ ਬਾਬਾ ਜੀ ਕੋਲ ਬਹੁਤ ਆਉਂਦੇ ਹੁੰਦੇ ਸੀ। ਮੈਨੂੰ ਕੁਛ-ਕੁਛ ਯਾਦ ਵੀ ਏ। ਤੁਹਾਡਾ ਸ਼ੁਭ ਨਾਂ ?"

"ਯੂਸਫ਼ ਕਹਿੰਦੇ ਨੇ ਮੈਨੂੰ।"

"ਮੈਂ ਲਾਲ ਚੰਦ ਆਂ। ਬੈਠੋ-ਬੈਠੋ। ਤੁਹਾਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ।"

ਪਰ ਯੂਸਫ਼ ਨੂੰ ਇਸ ਰਸਮੀ ਮੁਲਾਕਾਤ ਵਿਚ ਕੋਈ ਦਿਲਚਸਪੀ ਨਹੀਂ ਸੀ ਲੱਗ ਰਹੀ। ਉਸ ਨੇ ਘੜੀ ਦੇਖੀ ਤੇ ਬੋਲਿਆ,

"ਲਾਲ ਚੰਦ ਜੀ, ਮੈਂ ਜ਼ਰਾ...ਮੈਂ ਇਹ ਪਤਾ ਕਰਨਾ ਸੀ ਕਿ...ਪੁੱਛਦਿਆਂ ਚੰਗਾ ਨਈਂ ਲੱਗ ਰਿਹਾ।"

"ਨਈਂ, ਨਈਂ, ਐਸੀ ਕੀ ਗੱਲ ਏ।"

"ਲਾਲ ਚੰਦ ਜੀ, ਕੀ ਕਿਸ਼ਨ ਚੰਦ ਜੀ ਅਜੇ ਹੈਨ ?"

"ਹਾਂ ਜੀ, ਬਾਬਾ ਜੀ ਭਗਵਾਨ ਦੀ ਕ੍ਰਿਪਾ ਨਾਲ ਅਜੇ ਹੈਨ।"

ਯੂਸਫ਼ ਦੂਜੇ ਸਟੂਲ 'ਤੇ ਬੈਠ ਗਿਆ।

"ਮੁਲਾਕਾਤ ਵਗ਼ੈਰਾ ਵੀ ਕਰਦੇ ਨੇ ?" ਉਸਨੇ ਪੁੱਛਿਆ।

"ਮੁਲਾਕਾਤ ? ਮੁਲਾਕਾਤ ਤਾਂ ਮੁਸ਼ਕਲ ਏ। ਕਮਜ਼ੋਰ ਬੜੇ ਹੋ ਗਏ ਨੇ। ਛਿਆਸੀ ਪਾਰ ਕਰ ਚੁੱਕੇ ਨੇ।"

"ਤੁਰ ਫਿਰ ਲੈਂਦੇ ਨੇ ?"

"ਹਾਂ, ਥੋੜ੍ਹਾ ਬਹੁਤ...ਮਤਲਬ ਆਪਣੇ ਨਿੱਕੇ-ਮੋਟੇ ਕੰਮ ਕਰ ਲੈਂਦੇ ਨੇ।"

"ਉਹਨਾਂ ਤੀਕ ਬੜਾ ਜ਼ਰੂਰੀ ਕੰਮ ਸੀ ਲਾਲ ਚੰਦ ਜੀ।" ਯੂਸਫ਼ ਨੇ ਕਿਹਾ। "ਅਸਲ ਵਿਚ ਉਹਨਾਂ ਤੋਂ ਕੁਛ ਪੁੱਛਣਾ ਸੀ। ਤੀਹ ਬੱਤੀ ਸਾਲ ਪਹਿਲਾਂ ਦੀਆਂ ਗੱਲਾਂ ਨੇ।"

"ਪਰ ਹੁਣ ਉਹਨਾਂ ਨੂੰ ਕੁਛ ਯਾਦ ਨਈਂ। ਜ਼ਰਾ-ਜ਼ਰਾ ਬਹਿਕਣ ਵੀ ਲੱਗੇ ਨੇ।" ਲਾਲ ਚੰਦ ਨੇ ਕਿਹਾ। ਤੇ ਫੇਰ ਕਿਹਾ, "ਛਿਆਸੀ ਪਾਰ ਕਰ ਚੁੱਕੇ ਨੇ।"

"ਫੇਰ ਵੀ..."

"ਫੇਰ ਇਕ ਗੱਲ ਹੋਰ ਵੀ ਏ।" ਲਾਲ ਚੰਦ ਬੋਲਿਆ ਤੇ ਚੁੱਪ ਹੋ ਗਿਆ।

"ਕਹੋ, ਕਹੋ।"

"ਕੋਈ ਉਹਨਾਂ ਨੂੰ ਮਿਲਣਾ ਚਾਹੁੰਦਾ ਏ ਤਾਂ ਮਨ੍ਹਾਂ ਕਰ ਦਿੰਦੇ ਨੇ। ਰਿਸ਼ਤੇਦਾਰਾਂ ਨੂੰ ਵੀ ਨਈਂ ਮਿਲਦੇ। ਹਿਰਖ ਜਾਂਦੇ ਨੇ।"

"ਅੱਛਾ, ਜੇ ਉਹਨਾਂ ਨੂੰ ਕਿਹਾ ਜਾਏ ਤੁਹਾਡੇ ਉਸਤਾਦ ਤੁਹਾਨੂੰ ਮਿਲਣਾ ਚਾਹੁੰਦੇ ਨੇ ? ਫੇਰ ਤਾਂ ਸ਼ਾਇਦ ਇਨਕਾਰ ਨਾ ਕਰਨ।"

"ਫੇਰ ਤਾਂ ਭੱਜੇ ਤੁਰੇ ਆਉਣ। ਹੁਣ ਵੀ ਕਦੇ-ਕਦੇ ਪਿੱਛੇ ਪੈ ਜਾਂਦੇ ਨੇ ਕਿ ਸਾਨੂੰ ਸਾਡੇ ਉਸਤਾਦ ਜੀ ਕੋਲ ਲੈ ਚੱਲੋ।"



"ਲਾਲ ਚੰਦ ਜੀ, ਉਹਨਾਂ ਦੇ ਉਸਤਾਦ..."

ਅਚਾਨਕ ਲਾਲ ਚੰਦ ਨੇ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਉਸਨੂੰ ਚੁੱਪ ਕਰਾ ਦਿੱਤਾ ਤੇ ਉੱਠ ਕੇ ਖੜ੍ਹਾ ਹੋ ਗਿਆ।

ਮਧਰੇ ਕੱਦ ਦਾ ਇਕ ਸੁੱਕੜ ਜਿਹਾ ਆਦਮੀ ਸਿਰਫ਼ ਇਕ ਮੈਲੀ ਧੋਤੀ ਲਪੇਟੀ ਡਿਓਢੀ 'ਚੋਂ ਬਾਹਰ ਆ ਰਿਹਾ ਸੀ। ਅੱਗੇ ਨੂੰ ਵਧੇ ਹੋਏ ਹੱਥਾਂ ਦੀਆਂ ਮੁੱਠੀਆਂ ਵਿਚ ਸੁਲਗਦੀਆਂ ਹੋਈਆਂ ਅਗਰਬੱਤੀਆਂ ਫੜੀ ਉਹ ਕਮਰੇ ਵੱਲ ਐਦਾਂ ਵਧਿਆ ਜਿੱਦਾਂ ਬੱਚੇ ਬਲਦੀ ਹੋਈ ਸ਼ਮਾ ਲੈ ਕੇ ਤੁਰਦੇ ਨੇ। ਖੜ੍ਹੇ ਹੋਏ ਆਦਮੀਆਂ ਵੱਲ ਧਿਆਨ ਦਿੱਤੇ ਬਗ਼ੈਰ ਉਹ ਕਮਰੇ ਵਿਚ ਵੜ ਗਿਆ। ਕਮਰੇ ਦੇ ਬਾਹਰ ਖ਼ੁਸ਼ਬੂਦਾਰ ਧੂੰਏਂ ਦੀਆਂ ਪਤਲੀਆਂ-ਪਤਲੀਆਂ ਲਕੀਰਾਂ ਕਈ ਵਾਰੀ ਹੇਠਾਂ ਉਪਰ ਹੋਈਆਂ ਤੇ ਫੇਰ ਇਧਰ-ਉਧਰ ਖਿੱਲਰ ਕੇ ਅਲੋਪ ਹੋ ਗਈਆਂ। ਬੁੱਢਾ ਕਮਰੇ ਦੇ ਕਿਸੇ ਅਜਿਹੇ ਕੋਣੇ ਵਿਚ ਪਹੁੰਚ ਗਿਆ ਜਿੱਥੋਂ ਬਾਹਰ ਵਾਲੇ ਉਸਨੂੰ ਨਹੀਂ ਸੀ ਦੇਖ ਸਕਦੇ।

"ਬਾਬਾ ਜੀ।" ਕੁਝ ਚਿਰ ਬਾਅਦ ਲਾਲ ਚੰਦ ਨੇ ਧੀਮੀ ਆਵਾਜ਼ ਵਿਚ ਯੂਸਫ਼ ਨੂੰ ਦੱਸਿਆ।

ਯੂਸਫ਼ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਬੁੱਢਾ ਕਮਰੇ ਵਿਚੋਂ ਬਾਹਰ ਆ ਗਿਆ। ਜ਼ਰਾ ਕੁ ਰੁਕ ਕੇ ਉਸ ਨੇ ਦੋਵੇਂ ਹਥੇਲੀਆਂ ਆਪਣੀਆਂ ਗੱਲ੍ਹਾਂ 'ਤੇ ਫੇਰੀਆਂ, ਖੜ੍ਹੇ ਹੋਏ ਆਦਮੀਆਂ 'ਤੇ ਇਕ ਸਰਸਰੀ-ਜਿਹੀ ਨਿਗਾਹ ਮਾਰੀ, ਫੇਰ ਮੁੜਿਆ ਤੇ ਹੌਲੀ-ਹੌਲੀ ਪੈਰ ਪੁੱਟਦਾ ਡਿਓਢੀ ਵਿਚ ਵੜ ਗਿਆ।

ਦੋਵੇਂ ਆਦਮੀ ਚੁੱਪਚਾਪ ਖੜ੍ਹੇ ਸਨ। ਫੇਰ ਲਾਲ ਚੰਦ ਨੇ ਸਟੂਲ 'ਤੇ ਬੈਠ ਕੇ ਯੂਸਫ਼ ਨੂੰ ਵੀ ਬੈਠਣ ਦਾ ਇਸ਼ਾਰਾ ਕੀਤਾ।

"ਇਹ ਤਾਂ ਖ਼ਾਸੇ ਬੁੱਢੇ ਹੋ ਗਏ ਨੇ।" ਯੂਸਫ਼ ਨੇ ਬੈਠਦਿਆਂ ਹੋਇਆਂ ਕਿਹਾ।

"ਛਿਆਸੀ ਪਾਰ ਕਰ ਚੁੱਕੇ ਨੇ।" ਲਾਲ ਚੰਦ ਨੇ ਫੇਰ ਯਾਦ ਦਿਵਾਇਆ। "ਯਾਕੂਬ ਬਾਬਾ ਜੀ ਦੀ ਕਿੰਨੀ ਉਮਰ ਸੀ ਭਲਾਂ ?"

"ਉਹ ਵੀ ਹਾਲੇ ਹੈਨ," ਯੂਸਫ਼ ਨੇ ਦੱਸਿਆ, "ਛਿਆਨਵੇਂ ਸਾਲ ਦੇ ਹੋ ਚੱਲੇ ਨੇ।"

ਲਾਲ ਚੰਦ ਕੁਝ ਕਹਿਣ ਲੱਗਾ ਸੀ ਪਰ ਫੇਰ ਉਸ ਨੇ ਇਰਾਦਾ ਬਦਲ ਦਿੱਤਾ, ਤੇ ਪੁੱਛਿਆ,

"ਤੁਸੀਂ ਬਾਬਾ ਜੀ ਤੋਂ ਕੀ ਜਾਣਕਾਰੀ ਲੈਣੀ ਸੀ ?"

"ਕਈ ਗੱਲਾਂ ਨੇ। ਬਹੁਤ ਪੁਰਾਣੀਆਂ ਗੱਲਾਂ ਨੇ। ਦੇਖੋ ਜੇ ਉਹਨਾਂ ਨੂੰ ਯਾਦ ਹੋਣ।"

"ਪੁਰਾਣੀਆਂ ਗੱਲਾਂ ਕਦੇ-ਕਦੇ ਕਰਦੇ ਤਾਂ ਹੈਨ, ਪਰ ਸਭ ਰਲ-ਗੱਡ ਹੋ ਗਈਆਂ ਨੇ। ਕਿਤੋਂ ਦੀ ਗੱਲ ਕਿਤੇ ਜੋੜ ਦੇਂਦੇ ਨੇ।"

"ਫੇਰ ਤਾਂ ਲਾਲ ਚੰਦ ਜੀ, ਉਹਨਾਂ ਨੂੰ ਮਿਲਣਾ ਬੜਾ ਜ਼ਰੂਰੀ ਏ।"

"ਅੱਛਾ ਦੇਖੋ। ਕਿਸੇ ਮੌਕੇ ਗੱਲ ਕਰਾਂਗਾ। ਯਾਕੂਬ ਬਾਬਾ ਜੀ ਦੇ ਨਾਂ 'ਤੇ ਸ਼ਾਇਦ ਰਾਜ਼ੀ ਹੋ ਜਾਣ।"

"ਤਾਂ ਮੈਂ ਕਿਸੇ ਇਕ ਦਿਨ 'ਚ ਆ ਕੇ ਪੁੱਛ ਲਵਾਂਗਾ।" ਯੂਸਫ਼ ਨੇ ਕਿਹਾ, ਘੜੀ ਦੇਖੀ ਤੇ ਉੱਠ ਖੜ੍ਹਾ ਹੋਇਆ।

"ਬੈਠੋ, ਕੁਛ ਚਾਹ ਪਾਣੀ..."

"ਨਈਂ, ਖੇਚਲ ਨਾ ਕਰੋ। ਫੇਰ ਆਵਾਂਗਾ। ਦਫ਼ਤਰ ਨੂੰ ਦੇਰ ਹੋ ਰਹੀ ਏ।"

ਉਹ ਸਲਾਮ ਲਈ ਹੱਥ ਚੁੱਕ ਕੇ ਮੁੜਿਆ ਹੀ ਸੀ ਕਿ ਡਿਓਢੀ ਦੇ ਦਰਵਾਜ਼ੇ ’ਚੋਂ ਬੁੱਢਾ ਅੱਤਾਰ ਫੇਰ ਬਾਹਰ ਨਿਕਲਿਆ ਤੇ ਸਿੱਧਾ ਲਾਲ ਚੰਦ ਕੋਲ ਆ ਗਿਆ।

“ਓਇ ਲਲਵਾ,” ਉਹ ਯੂਸਫ਼ ਵੱਲ ਦੇਖੇ ਬ਼ਗੈਰ ਕਹਿਣ ਲੱਗਾ, “ਇਹ ਸਾਡੇ ਉਸਤਾਦ ਜੀ ਦਾ ਭਰਾ ਤਾਂ ਨਈਂ ਐ ?”

“ਹਾਂ ਬਾਬਾ ਜੀ, ਯਾਕੂਬ ਬਾਬਾ ਜੀ ਦੇ ਸਪੁੱਤਰ ਨੇ, ਯੂਸਫ਼ ਸ਼ਾਹਿਬ।”

“ਉਹੀ ਤਾਂ ਮੈਂ ਕਹਾਂ। ਇਸ ਦੀਆਂ ਅੱਖਾਂ ਦੇਖ ਕੇ ਐਂ ਲੱਗਿਆ ਪਈ ਇਹ ਤਾਂ ਉਸਤਾਦ ਜੀ ਦੀਆਂ ਅੱਖਾਂ ਨੇ।”

ਫੇਰ ਉਸਨੇ ਗਰਦਨ ਭੁੰਆਂ ਕੇ ਯੂਸਫ਼ ਵੱਲ ਦੇਖਿਆ। ਯੂਸਫ਼ ਨੇ ਜ਼ਰਾ ਝੁਕ ਕੇ ਉਸਨੂੰ ਆਦਾਬ ਕੀਤਾ ਤੇ ਬੋਲਿਆ,

“ਕਿਸ਼ਨ ਚਾਚਾ ਜੀ, ਸਾਡੇ ਅੱਬਾ ਤੁਹਾਨੂੰ ਬੜਾ ਯਾਦ ਕਰਦੇ ਨੇ।”

“ਕਿਓਂ ਨਾ ਯਾਦ ਕਰਨਗੇ। ਆਪਣੇ ਕਿਸ਼ਨਾ ਨੂੰ ਯਾਦ ਨਾ ਕਰਨਗੇ ਤਾਂ ਇਸ ਨਿੱਖਟੂ ਲਲਵੇ ਨੂੰ ਯਾਦ ਕਰਨਗੇ ?”

ਲਾਲ ਚੰਦ ਬੱਚਿਆਂ ਵਾਂਗ ਸ਼ਰਮਾਇਆ ਤੇ ਹੱਸਣ ਲੱਗਾ। ਯੂਸਫ਼ ਨੇ ਕਿਹਾ,

“ਤਾਂ ਚਾਚਾ ਜੀ, ਕਦੇ ਸਾਡੇ ਘਰ ਵੀ ਆਓਂ ਨਾ।”

“ਕਿੰਨੀ ਵਾਰ ਤਾਂ ਕਿਹੈ, ਇਹ ਨਿੱਖਟੂ ਲੈ ਕੇ ਈ ਨਈਂ ਜਾਂਦਾ।”

“ਮੈਂ ਆਣ ਕੇ ਲੈ ਜਾਵਾਂਗਾ ਤੁਹਾਨੂੰ,” ਯੂਸਫ਼ ਨੇ ਕਿਹਾ। “ਕਦੋਂ ਚੱਲੋਗੇ ?”

“ਲਲਵਾ, ਭਰਾ ਲਈ ਕੁਛ ਪਾਨ ਸ਼ਰਬਤ...”

“ਫੇਰ ਕਦੇ ਸਹੀ ਚਾਚਾ ਜੀ,” ਯੂਸਫ਼ ਨੇ ਕਿਹਾ, “ਹੁਣ ਤਾਂ ਘਰ ਦੀ ਗੱਲ ਐ, ਕੋਈ ਸੰਗ ਥੋੜ੍ਹਾ ਈ ਏ। ਤਾਂ ਦੱਸੋ ਸਾਡੇ ਘਰ ਕਦੋਂ ਆ ਰਹੇ ਓਂ ?”

ਪਰ ਬੁੱਢੇ ਨੇ ਉਸਦੀ ਆਵਾਜ਼ ਸ਼ਾਇਦ ਸੁਣੀ ਹੀ ਨਹੀਂ। ਉਹ ਆਪਣੇ-ਆਪ ਨਾਲ ਗੱਲਾਂ ਕਰ ਰਿਹਾ ਸੀ—

“ਹਾੜ ਦਾ ਛਿੱਟਾ ਡਿੱਗਿਆ ਤੇ ਉਸਤਾਦ...ਕਿਸ਼ਨਾ! ਸਾਈਕਲ ਚੁੱਕ, ਸੰਭਾਲ ਝੋਲੇ...ਫੇਰ ਪੰਜ-ਪੰਜ ਦਿਨ ਨਦੀ-ਨਾਲੇ, ਟੋਭੇ-ਤਲਾਅ, ਜੰਗਲ ਝਾੜੀਆਂ, ਕੁਛ ਨਈਂ ਸੀ ਛੱਡਦੇ। ਇਕ ਝੋਲਾ ਤਾਂ ਬੀਰ ਬਹੁਟੀਆਂ ਨਾਲ ਈ ਭਰ ਲੈਂਦੇ ਸੀ। ਫੇਰ ਵਾਪਸ ਆ ਕੇ ਸਭ ਚੀਜ਼ਾਂ ਦੀ ਛਾਂਟੀ...ਕਿਸ਼ਨਾ! ਏਸ ਗੂੰਦ ਨੂੰ ਪਛਾਣ...ਕਿਸ਼ਨਾ! ਦੱਸ ਤਾਂ ਇਹ ਕਾਸ ਦਾ ਜ਼ੀਰਾ ਏ ?...ਓਇ ਕਿਸ਼ਨਿਆਂ! ਜਿਹੜਾ ਹਜ਼ਾਰ ਚੀਜ਼ਾਂ ਨੂੰ ਅੱਖਾਂ ’ਤੇ ਪੱਟੀ ਬੰਨ੍ਹ ਕੇ ਨਾ ਦੱਸ ਸਕੇ, ਉਹ ਵੀ ਕੋਈ ਅੱਤਾਰਾਂ ’ਚੋਂ ਅੱਤਾਰ ਹੋਇਆ ?...ਫੇਰ ਉਸਤਾਦ ਜੀ ਸਾਥੋਂ ਤਾਂ ਐਂ ਨਈਂ ਹੋਣਾ...ਹੋਏਗਾ ਪੁੱਤ, ਹੋਏਗਾ। ਬਸ ਲੱਗਿਆ ਰਹੁ। ਅੱਖਾਂ ਪੈਦਾ ਹੋ ਜਾਣਗੀਆਂ...ਕਿਆ ਬਾਤ ਐ!”

ਬੁੱਢਾ ਸਾਹ ਲੈਣ ਖਾਤਰ ਰੁਕਿਆ। ਯੂਸਫ਼ ਨੇ ਨਿੱਕਾ-ਜਿਹਾ ਖੰਘੂਰਾ ਮਾਰ ਕੇ ਕੁਝ ਕਹਿਣਾ ਚਾਹਿਆ ਪਰ ਲਾਲ ਚੰਦ ਨੇ ਇਸ਼ਾਰੇ ਨਾਲ ਉਸਨੂੰ ਚੁੱਪ ਕਰਾ ਦਿੱਤਾ।

“...ਤੇ ਉਸਤਾਦ ਦੀ ਅੱਖ!” ਬੁੱਢੇ ਨੇ ਫੇਰ ਬੋਲਣਾ ਸ਼ੁਰੂ ਕੀਤਾ, “ਸੌ-ਸੌ ਸਾਲ ਪੁਰਾਣੇ ਮੁਰੱਕਬ (ਮਿਸ਼ਰਣ) ਲੈ ਕੇ ਜਾਓ...ਉਸਤਾਦ ਜੀ! ਇਹ ਮਾਜੂਨ ਸਮਝ ’ਚ ਨਈਂ ਆਇਆ। ਉਸਤਾਦ ਨੇ ਦੇਖਿਆ, ਸੁੰਘਿਆ, ਚੱਖਿਆ, ਬਸ। ਲਿਖੋ! ਇਕ ਸਾਹ ’ਚ ਪੂਰਾ ਨੁਸਖ਼ਾ ਬੋਲ ਦਿੱਤਾ। ਪੰਜਾਹ-ਪੰਜਾਹ ਜੁਜ਼, ਵਜ਼ਨ ਸਮੇਤ। ਕੈਸੇ-ਕੈਸੇ ਖ਼ਾਨਦਾਨੀ ਹਕੀਮ, ਪੁਸ਼ਤੈਨੀ ਨੁਸਖ਼ਿਆਂ



ਨੂੰ ਔਲਾਦ ਤੋਂ ਵੀ ਛਿਪਾਉਣ ਵਾਲੇ, ਸੱਤ ਪਰਦਿਆਂ ਵਿਚ ਬੈਠ ਕੇ ਆਪਣੇ ਹੱਥ ਨਾਲ ਦਵਾਈਆਂ ਘੋਟਣ ਵਾਲੇ, ਉਸਤਾਦ ਦੇ ਨਾਂ ਤੋਂ ਘਬਰਾਉਂਦੇ ਸਨ। ਦਵਾਈ ਦੇਣ ਤੋਂ ਪਹਿਲਾਂ ਮਰੀਜ਼ ਤੋਂ ਸਹੁੰ ਪਵਾਉਂਦੇ—ਦੇਖ ਉਸ ਦੀ ਇਕ ਰੱਤੀ ਵੀ ਯਾਕੂਬ ਦੇ ਹੱਥ ਨਾ ਲੱਗੇ। ਤੇ ਉਸਤਾਦ ਵੀ ਸਾਡੇ ਕਿਆ ਬਾਤ ਸੀ, ਨੁਸਖ਼ਾ ਚੁਰਾਉਣ ਨੂੰ ਪਾਪ ਸਮਝਦੇ ਸੀ। ਕੋਈ ਖ਼ਾਨਦਾਨੀ ਦਵਾਈ ਹੱਥ ਆਈ ਵੀ ਕਦੇ ਤਾਂ ਮੂੰਹ ਫੇਰ ਲਿਆ—ਨਈਂ, ਗ਼ਲਤ ਗੱਲ ਏ। ਹਾਂ, ਕਿਸੇ ਖ਼ਾਨਦਾਨ ’ਚੋਂ ਹਿਕਮਤ ਜਾਂਦੀ ਰਹੇ, ਉਸ ਦੇ ਨੁਸਖ਼ੇ ਦੀ ਸਹੁੰ ਨਈਂ ਸੀ...ਪਰ ਬਸ ਬਣਾਇਆ ਤੇ ਰੱਖ ਲਿਆ। ਬਹੁਤਾ ਹੋਇਆ ਤਾਂ ਕਿਸੇ ਨੂੰ ਇਕ ਦੋ ਖ਼ੁਰਾਕਾਂ ਮੁਫ਼ਤੀ ਦੇ ਦਿੱਤੀਆਂ। ਕੀ ਮਜ਼ਾਲ ਜੋ ਇਕ ਪੈਸਾ ਉਸ ਤੋਂ ਕਮਾਅ ਲੈਣ। ਹਕੀਮ ਨੱਬਾ ਸਾਹਿਬ ਦਾ ਘਰਾਣਾ ਖ਼ਤਮ ਹੋਇਆ ਤਾਂ ਉਹਨਾਂ ਦੀ ਮਲ੍ਹਮ ਪੰਜਾ-ਏ-ਤਾਊਸ ਵੀ ਖ਼ਤਮ ਸੀ। ਸਾਡੇ ਉਸਤਾਦ ਨੂੰ ਕਿਤੋਂ ਇਕ ਡੱਕੇ ’ਤੇ ਲੱਗੀ ਮਿਲ ਗਈ। ਲਓ ਮੇਰੇ ਸਾਹਬ, ਮਲ੍ਹਮ ਪੰਜਾ-ਏ-ਤਾਊਸ ਤਿਆਰ। ਇਕ ਸ਼ੀਸ਼ੀ ਸਾਨੂੰ ਵੀ ਦਿੱਤੀ। ਅਸਾਂ ਕਿਹਾ, ਉਸਤਾਦ ਜੀ! ਮਲ੍ਹਮ ਨਈਂ, ਜਾਦੂ ਐ ਜਾਦੂ, ਨੁਸਖ਼ਾ ਲਿਖ ਕੇ ਰੱਖਣਾ। ਪਰ ਨਾ! ਕੰਨਾਂ ’ਤੇ ਹੱਥ ਰੱਖ ਲਏ। ਕਿਸ਼ਨਾ! ਸਾਡੀ ਚੀਜ਼ ਨਈਂ ਏ। ਇਸੇ ਤਰ੍ਹਾਂ ਕਾਲੇ ਕਿਰਮਾਨੀਆਂ ਦਾ ਨੋਸ਼ਦਾਰੂ...”

“ਨੋਸ਼ਦਾਰੂ (ਸੰਜੀਵਨੀ)!” ਅਚਾਨਕ ਯੂਸਫ਼ ਬੋਲ ਪਿਆ। ਉਸਨੇ ਇਹ ਵੀ ਨਹੀਂ ਦੇਖਿਆ ਕਿ ਲਾਲ ਚੰਦ ਉਸਨੂੰ ਚੁੱਪ ਰਹਿਣ ਦਾ ਇਸ਼ਾਰਾ ਕਰ ਰਿਹਾ ਹੈ। “ਕਿਸਨ ਚਾਚਾ ਜੀ, ਤੁਸੀਂ ਉਸ ਨੋਸ਼ਦਾਰੂ ਨੂੰ ਪਛਾਣ ਲਓਗੇ ?”

ਬੁੱਢਾ ਤ੍ਰਬਕ ਕੇ ਚੁੱਪ ਹੋ ਗਿਆ। ਯੂਸਫ਼ ਨੇ ਕੁਝ ਚਿਰ ਉਸਦੇ ਬੋਲਣ ਦੀ ਉਡੀਕ ਕੀਤੀ, ਫੇਰ ਰਤਾ ਮਾਯੂਸੀ ਜਿਹੀ ਨਾਲ ਪੁੱਛਿਆ,

“ਤੁਸੀਂ ਨੋਸ਼ਦਾਰੂ ਦੀ ਗੱਲ ਕਰ ਰਹੇ ਸੀ, ਕਿਸਨ ਚਾਚਾ ਜੀ।”

“ਨੋਸ਼ਦਾਰੂ ?” ਬੁੱਢੇ ਨੇ ਏਧਰ-ਉਧਰ ਦੇਖਦਿਆਂ ਪੁੱਛਿਆ।

“ਜੋ ਤੁਹਾਡੇ ਉਸਤਾਦ ਜੀ ਨੇ ਬਣਾਈ ਸੀ।”

“ਸਾਡੇ ਉਸਤਾਦ ਜੀ ? ਅਸਾਂ ਖ਼ੁਦ ਉਸਤਾਦ ਆਂ।” ਬੁੱਢੇ ਨੇ ਬੇਦਿਲੀ-ਜਿਹੀ ਨਾਲ ਕਿਹਾ ਤੇ ਲਾਲ ਚੰਦ ਵੱਲ ਦੇਖ ਕੇ ਬੋਲਿਆ, “ਲਲਵਾ, ਅਸੀਂ ਇਹ ਕਹਿਣ ਆਏ ਸੀ, ਅੱਜ ਅਸੀਂ ਥੋੜ੍ਹਾ-ਜਿਹਾ ਮਕੂ ਦਾ ਭੁਜੀਆ ਖਾਵਾਂਗੇ।”

ਫੇਰ ਉਹ ਮੁੜੇ ਤੇ ਡਿਓਢੀ ਵਿਚ ਵੜ ਹੋ ਗਏ।

ਦੋਵੇਂ ਜਣੇ ਦੇਰ ਤਕ ਡਿਓਢੀ ਵੱਲ ਦੇਖਦੇ ਰਹੇ। ਫੇਰ ਲਾਲ ਚੰਦ ਨੇ ਲੰਮਾ ਸਾਹ ਖਿੱਚਿਆ ਤੇ ਕਿਹਾ,

“ਬੋਲਦੇ ਰਹੇ ਬਾਬਾ ਜੀ ਨੂੰ ਵਿਚਕਾਰੋਂ ਟੋਕਣਾ ਗ਼ਜ਼ਬਨਾਕ ਹੁੰਦਾ ਏ।”

“ਕੀ ਕਹਾਂ, ਲਾਲ ਚੰਦ ਜੀ, ਗ਼ਲਤੀ ਹੋ ਗਈ। ਅਸਲ ’ਚ ਨੋਸ਼ਦਾਰੂ ਦਾ ਨਾਂ ਸੁਣ ਕੇ ਰਿਹਾ ਨਈਂ ਗਿਆ।”

“ਨੋਸ਼ਦਾਰੂ...।” ਲਾਲ ਚੰਦ ਨੇ ਕਿਹਾ, ਕੁਝ ਚਿਰ ਅੱਖਾਂ ਸੁਕੇੜੀ ਰੱਖੀਆਂ, ਫੇਰ ਮਾਯੂਸੀ-ਜਿਹੀ ਨਾਲ ਸਿਰ ਮਾਰਦਾ ਹੋਇਆ ਬੋਲਿਆ, “ਅਸਾਂ ਬਾਬਾ ਜੀ ਦੇ ਮੂੰਹ ਨੌਸ਼ਦਾਰੂ ਦਾ ਨਾਂ ਕਦੇ ਨਈਂ ਸੁਣਿਆ। ਮਲ੍ਹਮ ਪੰਜਾ ਤਾਊਸ ਦੀ ਗੱਲ ਤਾਂ ਬੜੀ ਵਾਰੀ ਕਰਦੇ ਨੇ। ਇਹਨਾਂ ਕੋਲ ਸੀ ਵੀ। ਕਿਤੇ ਰੱਖ ਕੇ ਭੁੱਲ ਗਏ ਨੇ। ਹੁਣ ਵੀ ਕਦੀ-ਕਦੀ ਲੱਭਣ ਲੱਗ ਪੈਂਦੇ ਨੇ। ਪਰ ਨੋਸ਼ਦਾਰੂ ਦਾ ਨਾਂ ਅੱਜ ਪਹਿਲੀ ਵਾਰ ਲਿਆ ਏ। ਏਨੀਆਂ ਸਾਰੀਆਂ ਗੱਲਾਂ ਵੀ ਅੱਜ ਈ ਕੀਤੀਆਂ ਨੇ, ਸ਼ਾਇਦ ਉਸਤਾਦ ਦਾ ਨਾਂ ਸੁਣ ਕੇ...।”

“ਲਾਲ ਚੰਦ ਜੀ, ਇਹਨਾਂ ਦੋਵਾਂ ਦੀ ਮੁਲਾਕਾਤ ਜ਼ਰੂਰੀ ਏ। ਉਸਤਾਦ ਸ਼ਾਗਿਰਦ ਮਿਲ

ਬੈਠਣਗੇ ਤਾਂ ਕਿੰਨੀਆਂ ਈ ਗੱਲਾਂ ਯਾਦ ਆ ਜਾਣਗੀਆਂ। ਇਸ ਵਿਚ ਹੋ ਸਕਦਾ ਏ ਨੌਸ਼ਦਾਰੂ ਵੀ...” ਉਸਨੇ ਰੁਕ ਕੇ ਘੜੀ ਦੇਖੀ। “ਮੈਂ ਅਸਲ ਕਿੱਸਾ ਦੱਸ ਦਿਆਂ...ਤੁਹਾਨੂੰ ਕੋਈ ਕੰਮ ਤਾਂ ਨਈਂ ਏਂ ?”

“ਮੈਂ ਤਾਂ ਸਾਰਾ ਦਿਨ ਏਥੇ ਈ ਬੈਠਾ ਰਹਿਨਾਂ...” ਲਾਲ ਚੰਦ ਬੋਲਿਆ, “ਵੈਸੇ ਤੁਸੀਂ...”

“ਨਈਂ, ਦਫ਼ਤਰ ਦਾ ਵਕਤ ਹੋ ਗਿਆ, ਦਰਖ਼ਸਤ ਭੇਜਣੀ ਪਏਗੀ।”

“ਫੇਰ ਕੀ ਗੱਲ ਏ, ਦੱਸੋ।”

ਯੂਸਫ਼ ਦੇਰ ਤਕ ਚੁੱਪ ਬੈਠਾ ਕੁਝ ਸੋਚਦਾ ਰਿਹਾ। ਫੇਰ ਉਸਨੇ ਬੋਲਣਾ ਸ਼ੁਰੂ ਕੀਤਾ,

“ਬੱਤੀ ਸਾਲ ਪਹਿਲਾਂ ਅੱਬਾ ਨੇ ਅੱਤਾਰੀ ਦਾ ਕੰਮ ਛੱਡ ਦਿੱਤਾ ਸੀ। ਅਸਲ ਵਿਚ ਉਹਨਾਂ ਤੋਂ ਦਵਾਈਆਂ ਦੀ ਪਛਾਣ ਵਿਚ ਭੁੱਲ ਹੋਣ ਲੱਗ ਪਈ ਸੀ। ਇਕ ਦਿਨ ਇਕ ਜਵਾਨ ਜਿਹੇ ਹਕੀਮ ਸਾਹਿਬ ਦੁਕਾਨ ’ਤੇ ਆ ਕੇ ਬੜੇ ਭੜਕੇ ਕਿ ਤੁਸੀਂ ਮੇਰੇ ਨੁਸਖ਼ਿਆਂ ’ਚ ਆਪਣੀ ਹਿਕਮਤ ਨਾ ਅੜਾਇਆ ਕਰੋ। ਅੱਬਾ ਨੇ ਕਿਹਾ, ‘ਹਿਕਮਤ ਅੜਾਉਣ ਦੀ ਗੱਲ ਨਈਂ, ਨੁਸਖ਼ੇ ਵਿਚ ਇਕ ਦਵਾ ਗ਼ਲਤ ਵੱਝ ਗਈ ਸੀ।’ ਹਕੀਮ ਸਾਹਿਬ ਬੋਲੇ, ‘ਜੇ ਇਸੇ ਤਰ੍ਹਾਂ ਗ਼ਲਤ ਦਵਾਈਆਂ ਬੰਨ੍ਹਣ ਲੱਗੇ ਤਾਂ ਫੇਰ ਮਰੀਜ਼ਾਂ ਦਾ ਤਾਂ ਅੱਲਾ ਈ ਹਾਫ਼ਿਜ (ਰੱਬ ਈ ਰਾਖਾ) ਏ। ਜੇ ਕੋਈ ਠਿਕਾਣੇ ਲੱਗ ਗਿਆ ਤਾਂ ਮੈਂ ਕਿੱਥੇ ਜਾਵਾਂਗਾ ?’ ਅੱਬਾ ਕੁਛ ਨਈਂ ਬੋਲੇ। ਹਕੀਮ ਸਾਹਿਬ ਬੋਲ-ਬੁਲਾਰਾ ਕਰਕੇ ਚਲੇ ਗਏ ਤਾਂ ਵੀ ਕੁਛ ਨਈਂ ਬੋਲੇ। ਬੜੀ ਦੇਰ ਬਾਅਦ ਕਿਹਾ ਤਾਂ ਸਿਰਫ਼ ਏਨਾ ਕਿਹਾ ਕਿ ਇਹਨਾਂ ਹਕੀਮ ਸਾਹਿਬ ਦੇ ਅੱਬਾ ਸਾਥੋਂ ਆਪਣੇ ਨੁਸਖ਼ਿਆਂ ਲਈ ਵਜ਼ਨ ਪੁੱਛਦੇ ਹੁੰਦੇ ਸੀ। ਦੂਜੇ ਦਿਨ ਉਹਨਾਂ ਨੇ ਦੁਕਾਨ ਬੰਦ ਕਰ ਦਿੱਤੀ। ਦੁਕਾਨ ਦਾ ਸਾਮਾਨ, ਦਵਾਈਆਂ ਤੇ ਅਰਕ, ਵਰਕ ਕੁਛ ਦਿਨ ਤਕ ਸੰਭਾਲ ਕੇ ਰੱਖ ਛੱਡੇ, ਤੇ ਫੇਰ ਇਕ ਦਿਨ ਉੱਠੇ ਤੇ ਸਾਰੀਆਂ ਚੀਜ਼ਾਂ ਦੂਜੇ ਅੱਤਾਰਾਂ ਨੂੰ ਵੇਚ ਦਿੱਤੀਆਂ। ਜਿਹੜੀਆਂ ਬਚੀਆਂ ਉਹ ਖ਼ੁਦ ਸਾਈਕਲ ’ਤੇ ਲੱਦ ਕੇ ਏਧਰ-ਉਧਰ ਵੇਚ ਆਏ। ਆਪਣੇ ਬੈਠਣ ਵਾਲਾ ਚੰਗਾ ਭਲਾ ਤਖ਼ਤਪੋਸ਼ ਅੰਦਰੋਂ ਚੁਕਵਾ ਕੇ ਬਾਹਰ ਖੁੱਲ੍ਹੇ ਵਿਚ ਰੱਖਵਾ ਦਿੱਤਾ ਤੇ ਕਈ ਦਿਨ ਤਕ ਕਿਸੇ ਨਾਲ ਬੋਲ-ਚਾਲੇ ਵੀ ਨਈਂ। ਫੇਰ ਠੀਕ-ਠਾਕ ਹੋ ਗਏ। ਸਵੇਰੇ ਘੁੰਮਣ ਜਾਂਦੇ, ਬਾਕੀ ਸਾਰਾ ਦਿਨ ਘਰ ਬੈਠੇ ਹਿਕਮਤ ਦੀਆਂ ਕਿਤਾਬਾਂ ਪੜ੍ਹਦੇ ਰਹਿੰਦੇ। ਇਸੇ ਤਰ੍ਹਾਂ ਵਰ੍ਹੇ ਬੀਤ ਗਏ। ਫੇਰ ਇਕ ਦਿਨ ਘੁੰਮਣ ਗਏ ਤਾਂ ਅੱਧੇ ਰਸਤੇ ’ਚੋਂ ਵਾਪਸ ਪਰਤ ਆਏ। ਕਹਿਣ ਲੱਗੇ, ‘ਲੱਤਾਂ ਠੀਕ ਤਰ੍ਹਾਂ ਕੰਮ ਨਈਂ ਕਰ ਰਹੀਆਂ।’ ਉਸ ਦਿਨ ਸਾਰੀ ਰਾਤ ਜਾਗਦੇ ਰਹੇ। ਦੂਜੇ ਦਿਨ ਸਵੇਰੇ-ਸਵੇਰੇ ਮੈਨੂੰ ਬੁਲਾਇਆ, ਇਕ ਛੋਟੀ-ਜਿਹੀ ਅਚਾਰੀ (ਨਿੱਕਾ ਮਾਤਬਾਨ) ਬਾਰੇ ਕਿਹਾ, ਇਸ ਨੂੰ ਸੰਭਾਲ ਕੇ ਰੱਖੀਂ। ਇਸ ’ਚ ਅਸਾਡੀ ਨੌਸ਼ਦਾਰੂ ਏ। ਫੇਰ ਕਹਿਣ ਲੱਗੇ, ਸਾਡੀ ਯਾਦਾਸ਼ਤ ਥਿੜਕਣ ਲੱਗੀ ਏ ਤੇ ਹੱਥ ਪੈਰ ਵੀ ਰਹਿੰਦੇ ਜਾ ਰਹੇ ਨੇ। ਨੌਸ਼ਦਾਰੂ ਸਭ ਸਹੀ ਕਰ ਦਏਗੀ। ਹਜ਼ਾਰਾਂ ਸਾਲ ਪੁਰਾਣਾ ਬਾਦਸ਼ਾਹੀ ਨੁਸਖ਼ਾ ਏ। ਮੈਂ ਕਿਹਾ, ਤਾਂ ਫੇਰ ਇਸ ਨੂੰ ਅੱਜ ਤੋਂ ਈ ਸ਼ੁਰੂ ਕਰ ਦਿਓ। ਨਈਂ-ਨਈਂ, ਕਹਿਣ ਲੱਗੇ, ਏਸ ਦਾ ਕੰਮ ਉਸ ਵੇਲੇ ਸ਼ੁਰੂ ਹੁੰਦਾ ਏ ਜਦ ਕੋਈ ਵੀ ਦਵਾ ਕੰਮ ਨਈਂ ਕਰਦੀ। ਇਸ ਤੋਂ ਪਹਿਲਾਂ ਨੁਕਸਾਨ ਕਰ ਜਾਂਦੀ ਏ। ਤੂੰ ਇਸ ਨੂੰ ਸੰਭਾਲ ਕੇ ਰੱਖ ਛੱਡ, ਤਦ ਤਕ ਅਸੀਂ ਦੂਜੀਆਂ ਦਵਾਈਆਂ ਖਾਂਦੇ ਰਹਾਂਗੇ। ਜਦੋਂ ਦੇਖੇਂ ਅਸਾਂ ਬਿਲਕੁਲ ਬੇਕਾਰ ਹੋ ਗਏ ਆਂ ਉਦੋਂ ਇਸ ਨੂੰ ਸ਼ੁਰੂ ਕਰੀਂ। ਇਸ ਤੋਂ ਪਹਿਲਾਂ ਨਈਂ। ਫੇਰ ਉਹਨਾਂ ਨੇ ਅਚਾਰੀ ਮੇਰੇ ਹੱਥੋਂ ਫੜ ਲਈ ਤੇ ਉਸ ਦੇ ਨੇੜੇ ਮੂੰਹ ਲੈ ਜਾ ਕੇ ਅਤਿ ਧੀਮੀ ਆਵਾਜ਼ ’ਚ ਕੁਛ ਕਿਹਾ, ਉਹ ਮੈਨੂੰ ਸੁਣਾਈ ਨਈਂ ਦਿੱਤਾ...”

“ਅੱਛਾ, ਤੁਸੀਂ ਵੀ ਉਹ ਦਵਾਈ ਦੇਖੀ ਏ ?” ਲਾਲ ਚੰਦ ਪੁੱਛਿਆ। “ਕਿਸ ਟਾਈਪ



ਦੀ ਸੀ ?”

“ਕੋਈ ਸ਼ਹਿਦ ਵਰਗੀ ਸ਼ੈ ਸੀ,” ਯੂਸਫ਼ ਨੇ ਜਵਾਬ ਦਿੱਤਾ, “ਖ਼ੁਸ਼ਬੂ ਬੜੀ ਤੇਜ਼, ਹਲਕੀ-ਜਿਹੀ ਝਪਕ ਜਾਫ਼ਰਾਨ ਦੀ ਵੀ ਸੀ। ਖ਼ੈਰ, ਅਚਾਰੀ ਉਹਨਾਂ ਤੋਂ ਲੈ ਕੇ ਮੈਂ ਪੁਰਾਣੇ ਕੱਪੜਿਆਂ ਵਾਲੇ ਸੰਦੂਕ ਵਿਚ ਰੱਖ ਦਿੱਤੀ। ਉਸਨੂੰ ਵੀ ਵਰ੍ਹੇ ਬੀਤ ਗਏ। ਹੁਣ ਉਹਨਾਂ ਦੀ ਹਾਲਤ ਇਹ ਹੋ ਗਈ ਏ ਕਿ ਕੋਈ ਗੱਲ ਸਮਝ ਨਈਂ ਸਕਦੇ, ਅੱਖਾਂ ਦੀ ਰੋਸ਼ਨੀ ਕਰੀਬ-ਕਰੀਬ ਜਾਂਦੀ ਰਹੀ ਏ, ਸੁਣਾਈ ਵੀ ਬੜਾ ਘੱਟ ਦੇਂਦਾ ਏ, ਤੁਰ-ਫਿਰ ਵੀ ਨਈਂ ਸਕਦੇ। ਹਾਂ ਸਾਰੇ ਦਿਨ ’ਚ ਇਕ ਵਾਰੀ ਸਰਕ-ਸਰਕ ਕੇ ਬਨੇਰੇ ਤਕ ਜਾਂਦੇ ਨੇ ਤੇ ਕਿਸੇ ਤਰ੍ਹਾਂ ਬਨੇਰਾ ਫੜ ਕੇ ਕੁਛ ਦੇਰ ਤਕ ਖੜ੍ਹੇ ਰਹਿੰਦੇ ਨੇ। ਫੇਰ ਉੱਥੇ ਈ ਬੈਠ ਜਾਂਦੇ ਨੇ ਤੇ ਏਨੇ ਨਾਲ ਈ ਏਡੇ ਬਦਹਾਲ ਹੋ ਜਾਂਦੇ ਨੇ ਕਿ ਅੱਧਾ ਦਿਨ ਹਿੱਲ ਵੀ ਨਈਂ ਸਕਦੇ।”

“ਮਤਲਬ ਨੌਸ਼ਦਾਰੂ ਦਾ ਟਾਈਮ ਆ ਗਿਐ...।” ਲਾਲ ਚੰਦ ਬੋਲਿਆ।

“ਇਹੋ ਦੱਸ ਰਿਹਾਂ, ਲਾਲ ਚੰਦ ਜੀ।” ਯੂਸਫ਼ ਨੇ ਕਿਹਾ। “ਮੈਂ ਉਸਨੂੰ ਭੁੱਲ-ਭੁਲਾ ਗਿਆ ਸੀ, ਡਾਕਟਰੀ ਦਵਾਈਆਂ ਚੱਲ ਰਹੀਆਂ ਸਨ। ਇਕ ਦਿਨ ਉਹਨਾਂ ਸਾਰੀਆਂ ਦਵਾਈਆਂ ਭੋਇੰ ’ਤੇ ਸੁੱਟ ਦਿੱਤੀਆਂ ਤੇ ਸਾਰਾ ਦਿਨ ਇਹੀ ਕਹਿੰਦੇ ਰਹੇ ਕਿ ਕੋਈ ਦਵਾਈ ਕੰਮ ਨਈਂ ਕਰਦੀ, ਕੋਈ ਦਵਾਈ ਕੰਮ ਨਈਂ ਕਰਦੀ। ਫੇਰ ਮੈਨੂੰ ਨੌਸ਼ਦਾਰੂ ਯਾਦ ਆ ਗਈ। ਪਰ ਉਹਨਾਂ ਨੇ ਇਸ ਦੀ ਖ਼ੁਰਾਕ ਨਈਂ ਸੀ ਦੱਸੀ, ਜਾਂ ਦੱਸੀ ਹੋਏਗੀ, ਮੈਨੂੰ ਯਾਦ ਨਈਂ ਰਹੀ ਹੋਏਗੀ। ਖ਼ੈਰ, ਮੈਂ ਅਚਾਰੀ ਲੈ ਕੇ ਉਹਨਾਂ ਕੋਲ ਪਹੁੰਚਿਆ। ਦੱਸਿਆ ਕਿ ਇਹ ਨੌਸ਼ਦਾਰੂ ਏ, ਤੁਸੀਂ ਮੈਨੂੰ ਸਾਂਭ ਕੇ ਰੱਖਣ ਲਈ ਦਿੱਤੀ ਸੀ। ਪਰ ਉਹਨਾਂ ਨੂੰ ਕੁਛ ਵੀ ਯਾਦ ਨਈਂ ਸੀ। ਮੈਂ ਕਿਹਾ, ਇਸ ਨੂੰ ਖਾਓ, ਫ਼ਾਇਦਾ ਕਰੇਗੀ। ਉਹਨਾਂ ਨੇ ਅਚਾਰੀ ਮੇਰੇ ਹੱਥੋਂ ਲੈ ਕੇ ਖੋਲ੍ਹੀ, ਅੱਖਾਂ ਦੇ ਨੇੜੇ ਲੈ ਜਾ ਕੇ ਉਸਨੂੰ ਦੇਖਿਆ। ਫੇਰ ਜ਼ੋਰ-ਜ਼ੋਰ ਨਾਲ ਸੁੰਘਿਆ ਤੇ ਬੜੇ ਗੁੱਸੇ ’ਚ ਆ ਕੇ ਚੀਕੇ, ਜ਼ਹਿਰ ਏ, ਜ਼ਹਿਰ! ਮੈਂ ਘਬਰਾ ਗਿਆ। ਅਚਾਰੀ ਉਹਨਾਂ ਤੋਂ ਫੜ ਕੇ ਵਾਪਸ ਰੱਖ ਦਿੱਤੀ, ਪਰ ਉਹਨਾਂ ਨੂੰ ਉਸ ਦਿਨ ਦੀ ਰਟ ਲੱਗੀ ਹੋਈ ਏ ਕਿ ਯੂਸਫ਼ ਅਸਾਡੀ ਜਾਨ ਲੈਣਾ ਚਾਹੁੰਦਾ ਏ। ਆਪਣੀ ਬਹੂ ਨੂੰ ਬੁਲਾ ਬੁਲਾ ਕੇ ਕਹਿੰਦੇ ਨੇ, ਜ਼ਰਾ ਯੂਸਫ਼ ਨੂੰ ਪੁੱਛੋ, ਅਸਾਂ ਉਹਦਾ ਕੀ ਵਿਗਾੜਿਆ ਏ। ਉਸ ਦਿਨ ਦਾ ਮੇਰੇ ਹੱਥ ਦਾ ਪਾਣੀ ਤਕ ਪੀਣਾ ਛੱਡ ਦਿੱਤਾ ਏ। ਸਿਰਫ਼ ਬਹੂ ਦਾ ਦਿੱਤਾ ਹੋਇਆ ਖਾ-ਪੀ ਲੈਂਦੇ ਸੀ, ਹੁਣ ਉਸ ਤੋਂ ਵੀ ਇਨਕਾਰ ਕਰ ਦਿੱਤਾ ਏ। ਅੱਜ ਦੋ ਦਿਨਾਂ ਦੇ ਉਂਜ ਈ ਨੇ। ਫੇਰ ਅਚਾਨਕ ਮੈਨੂੰ ਖ਼ਿਆਲ ਆਇਆ ਕਿ ਜੇ ਕਿਸ਼ਨ ਚਾਚਾ ਜੀ...ਸ਼ਾਇਦ ਕਿਸ਼ਨ ਚਾਚਾ ਜੀ ਇਸ ਹਾਲਤ ’ਚ ਕੰਮ ਆ ਜਾਣ।”

“ਸਾਡੇ ਬਾਬਾ ਜੀ ਦੀ ਹਾਲਤ ਵੀ ਕੁਛ-ਕੁਛ ਅਜਿਹੀ ਈ ਹੋ ਚੁੱਕੀ ਏ,” ਲਾਲ ਚੰਦ ਬੋਲਿਆ, “ਪਰ ਤੁਹਾਡਾ ਖ਼ਿਆਲ ਠੀਕ ਏ, ਯੂਸਫ਼ ਭਾਈ, ਦੋਵਾਂ ਦੀ ਮੁਲਾਕਾਤ ਲਾਜ਼ਮੀ ਹੋਣੀ ਚਾਹੀਦੀ ਏ।”

“ਤਾਂ ਮੈਂ ਕਦ ਆਵਾਂ ?”

“ਤੁਸੀਂ ਕਿਓਂ ਤਕਲੀਫ਼ ਕਰੋਗੇ, ਮੈ ਅੱਜ ਕੱਲ੍ਹ ’ਚ ਈ ਬਾਬਾ ਜੀ ਨੂੰ ਵਰਾਅ-ਤਰਾਅ ਕੇ ਲੈ ਆਉਂਦਾ ਆਂ, ਸ਼ਾਮ ਵੇਲੇ ਠੀਕ ਰਹੇਗਾ ਨਾ ?”

“ਹਾਂ, ਸ਼ਾਮ ਵੇਲੇ ਕਿਸੇ ਵੀ ਦਿਨ, ਜਾਂ ਛੁੱਟੀ ਵਾਲੇ ਦਿਨ ਕਿਸੇ ਵੀ ਵੇਲੇ, ਪਰ ਲਾਲ ਚੰਦ ਭਾਈ ਜ਼ਰਾ ਜਲਦੀ...”

“ਤੁਸੀਂ ਚਿੰਤਾ ਨਾ ਕਰੋ, ਮੈਨੂੰ ਖ਼ੁਦ ਫ਼ਿਕਰ ਲੱਗ ਗਈ ਏ।”

“ਮਕਾਨ ਦਾ ਪਤਾ...”

“ਪਤਾ ਏ। ਓਧਰ ਜਾਂਦਾ ਰਹਿਨਾਂ। ਇਕ ਦੋਸਤ ਰਹਿੰਦਾ ਏ ਓਧਰ।”

ਯੂਸਫ਼ ਉੱਠ ਖੜ੍ਹਾ ਹੋਇਆ। ਲਾਲ ਚੰਦ ਨੇ ਉੱਠ ਕੇ ਉਸ ਨਾਲ ਹੱਥ ਮਿਲਾਇਆ। ਕੁਝ ਦੇਰ ਤਕ ਉਸਨੂੰ ਵਾਪਸ ਜਾਂਦੇ ਦੇਖਦਾ ਰਿਹਾ। ਫੇਰ ਉਸਨੇ ਇਕ ਲੰਮਾ ਸਾਹ ਖਿੱਚਿਆ। ਛੋਟਾ ਸਟੂਲ ਚੁੱਕ ਕੇ ਕਮਰੇ ਵਿਚ ਰੱਖਿਆ ਤੇ ਆਪਣੇ ਸਟੂਲ 'ਤੇ ਬੈਠ ਕੇ ਜ਼ਮੀਨ 'ਤੇ ਪਿਆ ਹੋਇਆ ਅਖ਼ਬਾਰ ਚੁੱਕ ਲਿਆ।

3 .

ਡਿਓਢੀ ਦੇ ਦਰਵਾਜ਼ੇ ਵਿਚੋਂ ਮੈਲਾ ਪਾਣੀ ਨਿਕਲ ਕੇ ਬਾਹਰ ਅਹਾਤੇ ਵਿਚ ਫ਼ੈਲ ਰਿਹਾ ਸੀ। ਲਾਲ ਚੰਦ ਨੇ ਹੌਲੀ-ਜਿਹੇ ਕੁੰਡਾ ਖੜਕਾਇਆ। ਦਰਵਾਜ਼ਾ ਖੁੱਲ੍ਹ ਗਿਆ। ਯੂਸਫ਼ ਨੇ ਅੱਧਾ ਧੜ ਬਾਹਰ ਕੱਢਿਆ—ਤਨ 'ਤੇ ਸਿਰਫ਼ ਇਕ ਤਹਿਮਦ ਬੰਨ੍ਹੀ ਸੀ, ਹੱਥ ਵਿਚ ਭਿੱਜਾ ਹੋਇਆ ਛੋਟਾ ਜਿਹਾ ਝਾੜੂ ਸੀ।

"ਲਾਲ ਚੰਦ ਜੀ!" ਉਸਨੇ ਕਿਹਾ, "ਆਓ, ਆਓ।"

"ਮੈਨੂੰ ਏਥੇ ਆ ਕੇ ਪਤਾ ਲੱਗਿਐ। ਬੜਾ ਅਫ਼ਸੋਸ ਹੋਇਆ। ਕਦੋਂ...?"

"ਤੁਹਾਡੇ ਓਥੇ ਗਿਆ ਸਾਂ? ਉਸਦੇ ਦੂਜੇ ਦਿਨ ਈ ਰਾਤੀਂ ਕਿਸੇ ਵੇਲੇ," ਯੂਸਫ਼ ਨੇ ਕਿਹਾ ਤੇ ਦਰਵਾਜ਼ਾ ਪੂਰਾ ਖੋਲ੍ਹ ਦਿੱਤਾ। "ਆਓ, ਅੰਦਰ ਆ ਜਾਓ। ਮੈਂ ਕੁਰਸੀ ਲਿਆਨਾਂ।"

"ਕੁਰਸੀ ਦੀ ਤਕਲੀਫ਼ ਨਾ ਕਰੋ, ਬੈਠਾਂਗਾ ਨਈਂ।" ਲਾਲ ਚੰਦ ਬੋਲਿਆ, "ਗੱਲ ਇਹ ਐ ਬਾਬਾ ਜੀ ਵੀ ਨਾਲ ਨੇ।"

"ਕਿਸ਼ਨ ਚਾਚਾ ਜੀ? ਆਏ ਨੇ? ਕਿੱਥੇ ਨੇ?"

"ਓਧਰ ਤਖ਼ਤਪੋਸ਼ 'ਤੇ ਆਰਾਮ ਨਾਲ ਬੈਠੇ ਹੋਏ ਨੇ।"

ਯੂਸਫ਼ ਦਰਵਾਜ਼ੇ 'ਚੋਂ ਬਾਹਰ ਜਾਣ ਲੱਗਾ ਪਰ ਲਾਲ ਚੰਦ ਨੇ ਉਸਨੂੰ ਰੋਕ ਦਿੱਤਾ।

"ਨਈਂ ਯੂਸਫ਼ ਸਾਹਬ, ਹੁਣ ਚੰਗਾ ਇਹੋ ਏ ਕਿ ਤੁਸੀਂ ਉਹਨਾਂ ਦੇ ਸਾਹਮਣੇ ਨਾ ਜਾਓ ਕਿਉਂਕਿ ਏਥੇ ਆਉਂਦੇ-ਆਉਂਦੇ ਉਹ ਭੁੱਲ ਗਏ ਨੇ ਕਿ ਮੈਂ ਉਹਨਾਂ ਨੂੰ ਉਸਤਾਦ ਨੂੰ ਮਿਲਣ ਲਈ ਲਿਆ ਰਿਹਾ ਸੀ। ਤੁਹਾਨੂੰ ਦੇਖਣਗੇ ਤਾਂ...ਓਥੇ ਆਰਾਮ ਨਾਲ ਬੈਠੇ ਨੇ।"

"ਤੁਸੀਂ ਠੀਕ ਕਹਿ ਰਹੇ ਓ।" ਯੂਸਫ਼ ਨੇ ਹੌਲੀ-ਜਿਹੇ ਕਿਹਾ।

ਕੁਝ ਚਿਰ ਦੋਵੇਂ ਚੁੱਪ ਰਹੇ, ਫੇਰ ਯੂਸਫ਼ ਨੇ ਕਿਹਾ,

"ਤੇ ਉਹ ਜਿਹੜਾ ਅਸਲ ਕੰਮ ਸੀ, ਮਤਲਬ ਨੋਸ਼ਦਾਰੂ..."

"ਹਾਂ, ਲਾਲ ਚੰਦ ਜੀ," ਯੂਸਫ਼ ਬੋਲਿਆ। "ਪਰ ਨੋਸ਼ਦਾਰੂ ਉਹਨਾਂ ਨੂੰ ਯਾਦ ਆ ਗਈ ਸੀ। ਉਸ ਦਿਨ ਸ਼ਾਮ ਨੂੰ ਉਹਨਾਂ ਮੈਨੂੰ ਬੁਲਾ ਕੇ ਕੋਲ ਬਿਠਾਇਆ। ਫੇਰ ਦੇਰ ਤਕ ਬੜੀ ਮੁਹੱਬਤ ਨਾਲ ਗੱਲਾਂ ਕਰਦੇ ਰਹੇ। ਮੈਨੂੰ ਵੀ ਤਸੱਲੀ ਹੋਈ ਕਿ ਆਖ਼ਰ ਮੇਰੇ ਨਾਲ ਰਾਜ਼ੀ ਹੋ ਗਏ ਨੇ। ਫੇਰ ਅਚਾਨਕ ਬੋਲੇ, 'ਯੂਸਫ਼ ਏਨੇ ਦਿਨ ਹੋ ਗਏ, ਤੁਸੀਂ ਸਾਨੂੰ ਸਾਡੀ ਨੋਸ਼ਦਾਰੂ ਨਈਂ ਦਿੱਤੀ।' ਮੈਂ ਦੌੜ ਕੇ ਅਚਾਰੀ ਕੱਢ ਲਿਆਇਆ ਤੇ ਉਹਨਾਂ ਨੂੰ ਫੜਾ ਦਿੱਤੀ। ਉਹਨਾਂ ਨੇ ਉਸਨੂੰ ਖੋਲ੍ਹ ਕੇ ਸੁੰਘਿਆ, ਤੇ ਹੌਲੀ-ਜਿਹੇ ਫੇਰ ਉਹੀ ਗੱਲ ਕਹੀ, 'ਜ਼ਹਿਰ ਏ, ਜ਼ਹਿਰ।' ਪਰ ਗੁੱਸਾ ਬਿਲਕੁਲ ਨਈਂ ਕੀਤਾ। ਫੇਰ ਅਚਾਰੀ ਮੈਨੂੰ ਵਾਪਸ ਦੇ ਦਿੱਤੀ ਤੇ ਬੋਲੇ, 'ਯੂਸਫ਼, ਹੁਣ ਕੀ ਦੇ ਰਹੇ ਓ?' ਬਸ, ਫੇਰ ਚੁੱਪ ਧਾਰ ਲਈ।

**ਬਾਕੀ ਪੰਨਾ ਨੰ. 141 'ਤੇ**



**ਸੰਸਕ੍ਰਿਤ ਕਹਾਣੀ**

# ਮੁਸਕਾਨ ਦੀ ਲਕੀਰ

**—ਰਾਧਾਵੱਲਭ ਤ੍ਰਿਪਾਠੀ**

"ਓ ਰਘੁਵੀਰ...! ਤੂੰ?"

ਬੜੇ ਦਿਨਾਂ ਬਾਅਦ ਰਘੁਵੀਰ ਨਾਲ ਮੁਲਾਕਾਤ ਹੋਈ ਸੀ। ਬਾਜ਼ਾਰ ਜਾ ਰਿਹਾ ਸਾਂ। ਓਥੇ ਉਹ ਅਚਾਨਕ ਦਿੱਸਿਆ। ਮੈਂ ਹੀ ਰਘੁਵੀਰ ਨੂੰ ਪਛਾਣਿਆ ਸੀ। ਰਘੁਵੀਰ ਹੀ ਸੀ, ਮੈਨੂੰ ਇਸ ਵਿਚ ਬਿਲਕੁਲ ਸ਼ੱਕ ਨਹੀਂ ਹੋਇਆ। ਉਹੀ ਗੰਭੀਰਤਾ, ਉਹੀ ਮੁਰਝਾਇਆ ਹੋਇਆ ਚਿਹਰਾ। ਵੈਸੇ ਖ਼ਾਸ ਚਿਹਰੇ ਭਲਾਂ ਕਿੱਦਾਂ ਭੁੱਲੇ ਜਾ ਸਕਦੇ ਨੇ!

ਪਰ ਉਹ ਮੈਨੂੰ ਨਹੀਂ ਸੀ ਪਛਾਣ ਸਕਿਆ।

"ਮੈਂ ਤੁਹਾਨੂੰ ਕਦ ਮਿਲਿਆਂ ਸਾਂ?" ਉਸਨੇ ਪੁੱਛਿਆ।

"ਬਈ ਆਪਾਂ ਦੋਵੇਂ ਕਾਲਜ 'ਚ ਕੱਠੇ ਪੜ੍ਹਦੇ ਰਹੇ ਆਂ। ਮੈਂ ਰਹਿਮਾਨ ਆਂ।"

"ਓਅ...ਰਹਿਮਾਨ ਅਲੀ ਭਾਈਜਾਨ! ਮੈਨੂੰ ਤਾਂ ਲੱਗਿਆ ਸੀ ਕਿ ਮੇਰੇ ਸਾਰੇ ਦੋਸਤ ਮੈਨੂੰ ਭੁੱਲ ਚੁੱਕੇ ਨੇ। ਬਈ ਤੁਸੀਂ ਮੈਨੂੰ ਕਿੱਦਾਂ ਪਛਾਣ ਲਿਆ। ਤੁਸੀਂ ਤਾਂ ਮਹਾਨ ਓ। ਤੁਹਾਡੇ ਵਰਗਾ ਕੌਣ ਹੋਏਗਾ।"

"ਯੂ ਆਰ ਗਰੇਟ, ਯਾਰ!" ਵਾਰੀ-ਵਾਰੀ ਕਹਿੰਦਿਆਂ ਹੋਇਆਂ ਉਸਨੇ ਮੈਨੂੰ ਜੱਫੀ ਪਾ ਲਈ ਸੀ।

ਓਦੋਂ ਵੀ ਉਸਦਾ ਸੁਭਾਅ ਅਜਿਹਾ ਹੀ ਸੀ। ਕਈ ਵਾਰੀ ਪੁਰਾਣੇ ਜਾਣਕਾਰਾਂ ਨੂੰ ਵੀ ਨਹੀਂ ਸੀ ਪਛਾਣਦਾ ਹੁੰਦਾ ਤੇ ਕਦੀ ਅਣਜਾਣਾਂ ਨਾਲ ਪੁਰਾਣੀ ਜਾਣ-ਪਛਾਣ ਕੱਢ-ਕੱਢ ਬਹਿੰਦਾ ਤੇ ਉਹਨਾਂ ਨਾਲ ਦੇਰ ਤਕ ਗੱਲਾਂ ਮਾਰਦਾ ਰਹਿੰਦਾ।

10 ਸਾਲ ਪਹਿਲਾਂ ਰਘੁਵੀਰ ਮੇਰੇ ਨਾਲ ਪੜ੍ਹਦਾ ਰਿਹਾ ਸੀ। ਉਸਦੇ ਵਿਹਾਰ ਵਿਚ ਹਮੇਸ਼ਾ ਇਕ ਰੱਹਸਮਈ ਝਲਕ ਹੁੰਦੀ। ਇਸ ਕਰਕੇ ਅਸੀਂ ਉਸਦੇ ਵਤੀਰੇ ਤੇ ਅਕਸਰ ਹੈਰਾਨ ਹੁੰਦੇ। ਕਈ ਵਾਰੀ ਉਹ ਸਾਨੂੰ ਇੰਜ ਮਿਲਦਾ ਜਿੱਦਾਂ ਅਸੀਂ ਸਾਰੇ ਉਸਦੇ ਪਿਛਲੇ ਜਨਮ ਦੇ ਦੋਸਤ ਹੋਈਏ।

ਅੱਜ ਰਘੁਵੀਰ ਬੜਾ ਸੰਜੀਦਾ ਲੱਗ ਰਿਹਾ ਸੀ। ਉਸਨੇ ਕਿਹਾ, "ਮੈਂ ਏਥੇ ਨੇੜੇ ਈ ਰਹਿੰਦਾ ਆਂ, ਜੇ ਟਾਈਮ ਹੋਏ ਤਾਂ ਆਓ ਕੁਛ ਗੱਲਾਂਬਾਤਾਂ ਕਰਾਂਗੇ।"

ਉਸਦੇ ਕਹਿਣ 'ਤੇ ਮੈਂ ਉਸਦੇ ਨਾਲ ਟੁਰ ਪਿਆ। ਘਰ ਛੋਟਾ-ਜਿਹਾ ਸੀ ਪਰ ਬੜੇ ਹੀ ਸੁਚੱਜੇ ਢੰਗ ਨਾਲ ਸਜਾਇਆ ਹੋਇਆ। ਘਰ ਦੇ ਹਰੇਕ ਕੋਨੇ ਵਿਚੋਂ ਰਘੁਵੀਰ ਦੀ ਸੁਘੜ ਸੂਝ ਝਲਕ ਰਹੀ ਸੀ। ਘਰ ਵਿਚ ਉਹ ਇਕੱਲਾ ਸੀ। ਨੌਕਰ ਉਸਦੇ ਹੁਕਮ 'ਤੇ ਚਾਹ ਬਣਾ ਕੇ ਲੈ ਆਇਆ। ਚਾਹ ਪੀਂਦੇ ਹੋਏ ਮੈਂ ਉਸਨੂੰ ਪੁੱਛਿਆ, "ਹੋਰ ਸਭ ਠੀਕ-ਠਾਕ ਏ? ਤੇਰਾ ਸਮਾਂ ਕਿੰਜ ਬੀਤ ਰਿਹਾ ਏ?"

"ਕੀ ਦੱਸਾਂ ਦੋਸਤ," ਏਨਾ ਕਹਿ ਕੇ ਉਸਨੇ ਉੱਭਾ ਸਾਹ ਭਰਿਆ ਤੇ ਰੋਹਾਂਸਾ-ਜਿਹਾ ਹੋ ਕੇ ਕਹਿਣ ਲੱਗਾ, ਜਿੱਦਾਂ ਉਸਦਾ ਸਭ ਕੁਝ ਲੁੱਟਿਆ-ਪੱਟਿਆ ਗਿਆ ਹੋਏ, "ਮੇਰਾ ਤਾਂ ਸਭ ਕੁਛ ਚਲਾ ਗਿਆ...।"

"ਓਇ ਬਈ, ਕੀ ਹੋਇਆ?" ਹੈਰਾਨੀ ਨਾਲ ਭਰ ਕੇ ਮੈਂ ਉਸਦੇ ਪ੍ਰਤੀ ਹਮਦਰਦੀ ਪ੍ਰਗਟ ਕਰਦਾ ਹੋਇਆ ਬੋਲਿਆ।

ਮੇਰੀ ਆਵਾਜ਼ ਵਿਚਲੀ ਪੀੜ-ਪਰੁੱਚੀ ਹਮਦਰਦੀ ਦੇਖ ਕੇ ਉਹ ਫਿਸ ਪਿਆ, "ਉਹ ਮੇਰੀ ਜਾਨ ਤੋਂ ਵੀ ਪਿਆਰੀ, ਚਲੀ ਗਈ।" ਏਨਾਂ ਕਹਿੰਦੇ ਹੋਏ ਉਸਦਾ ਗੱਚ ਭਰ ਆਇਆ ਤੇ ਅੱਖਾਂ ਵਹਿ ਤੁਰੀਆਂ।

"ਓਅ!" ਹਮਦਰਦੀ ਭਰੀ ਆਵਾਜ਼ ਵਿਚ ਮੇਰੇ ਮੂੰਹੋਂ ਨਿਕਲਿਆ। ਤੇ ਫੇਰ 'ਮੈਨੂੰ ਪਤਾ ਈ ਨਈਂ ਸੀ ਕਿ ਤੇਰੀ ਸ਼ਾਦੀ ਕਦੋਂ ਹੋਈ ਏ' ਇਹ ਕਹਿਣ ਵਾਲਾ ਸੀ ਕਿ ਉਸਦੇ ਚਿਹਰੇ ਦੀ ਗੰਭੀਰਤਾ ਦੇਖ ਕੇ ਚੁੱਪ ਹੀ ਰਿਹਾ।

ਰਘੁਵੀਰ ਨੇ ਬੋਲਣਾ ਸ਼ੁਰੂ ਕੀਤਾ, "ਤੁਸੀਂ ਤਾਂ ਜਾਣਦੇ ਈ ਓ ਕਿ ਮੈਂ ਦੁਨੀਆ ਨਾਲ ਦਿਲ ਲਾਉਣ ਵਾਲਾ ਬੰਦਾ ਨਈਂ। ਮੈਂ ਖ਼ੁਦ ਕਦੀ ਕੁਛ ਸਵੀਕਾਰ ਨਈਂ ਕੀਤਾ। ਉਹ ਖ਼ੁਦ ਈ ਮੇਰੇ ਘਰ ਆਈ...ਮੈਂ ਤਾਂ ਬਗ਼ੀਚੇ 'ਚ ਆਪਣੀ ਕਿਆਰੀ ਦੀ ਸਫ਼ਾਈ ਕਰ ਰਿਹਾ ਸਾਂ। ਸੋਚਿਆ, ਬੱਚੀ ਈ ਏ, ਕਿਸੇ ਗੁਆਂਢੀ ਦੇ ਘਰੋਂ ਆਈ ਹੋਏਗੀ ਤੇ ਫੇਰ ਜਾ ਨਈਂ ਸਕੀ ਹੋਏਗੀ। ਖੇਡਦੀ-ਕੁੱਦਦੀ ਜਿੱਦਾਂ ਆਈ ਏ, ਓਵੇਂ ਚਲੀ ਵੀ ਜਾਏਗੀ—ਪਰ ਉਹ ਗਈ ਨਈਂ। ਉਹ ਮੇਰੀ ਹੋ ਗਈ। ਮੈਂ ਉਸਦਾ ਨਾਂ ਵੀ ਨਈਂ ਜਾਣਦਾ...ਕੌਣ ਦੱਸੇ ਉਸਦਾ ਨਾਂ ਕੀ ਏ? ਮੈਂ ਈ ਉਸਦਾ ਨਾਂ ਰੱਖ ਦਿੱਤਾ ਨਿੰਮੀ।"

ਮੈਂ ਮੁਸਕਰਾਇਆ। ਜਦੋਂ ਰਘੁਵੀਰ ਸਾਡੇ ਨਾਲ ਪੜ੍ਹਦਾ ਸੀ, ਉਦੋਂ ਉਸਨੂੰ ਹੀਰੋਇਨ ਨਿੰਮੀ ਬੜੀ ਪਸੰਦ ਸੀ। ਮੈਨੂੰ ਲੱਗਿਆ ਕਿ ਨਿੰਮੀ ਦੇ ਪ੍ਰਤੀ ਉਸਦਾ ਲਗਾਅ ਹੁਣ ਤਕ ਉਸਦੇ ਮਨ ਵਿਚ ਬਰਕਰਾਰ ਸੀ।

ਰਘੁਵੀਰ ਨੇ ਆਪਣੀ ਕਹਾਣੀ ਅੱਗੇ ਵਧਾਈ, "ਮੈਂ ਬੜੀ ਕੋਸ਼ਿਸ਼ ਕੀਤੀ ਕਿ ਉਸਦਾ ਪਾਲਨਹਾਰ ਕੌਣ ਏ ਜਾਣ ਸਕਾਂ। ਅਖ਼ਬਾਰਾਂ ਵਿਚ ਵਿਗਿਆਪਨ ਦਿੱਤੇ ਕਿ ਜਿਸ ਦੀ ਇਹ ਹੋਏ ਆ ਕੇ ਪਛਾਣ ਲਏ ਤੇ ਲੈ ਜਾਏ। ਇਸ ਪਿੱਛੋਂ ਪੁਲਸ ਸਟੇਸ਼ਨ ਜਾ ਕੇ ਸੂਚਨਾ ਵੀ ਦਿੱਤੀ, ਪਰ ਉਸਦੇ ਪਰਿਵਾਰ ਦਾ ਕੋਈ ਵੀ ਨਈਂ ਆਇਆ। ਉਹ ਵਿਚਾਰੀ ਤਾਂ ਜਿੱਦਾਂ ਮੇਰੀ ਸ਼ਰਨ ਵਿਚ ਹੀ ਆ ਗਈ ਸੀ..."

"ਪਰ ਉਹ ਤਾਂ ਜ਼ਰੂਰ ਜਾਣਦੀ ਹੋਏਗੀ ਕਿ ਉਸਦਾ ਘਰ ਕਿੱਥੇ ਸੀ, ਉਹ ਕਿੱਥੋਂ ਆਈ ਸੀ—ਤੂੰ ਨਈਂ ਪੁੱਛਿਆ ਬਈ ਤੇਰਾ ਘਰ ਕਿੱਥੇ ਐ?"

"ਓ-ਜੀ ਨਿੰਮੀ ਕੀ ਦੱਸਦੀ। ਵਿਚਾਰੀ ਕੀ ਦੱਸ ਸਕਦੀ ਸੀ?"

ਮੈਂ ਸੋਚਿਆ, 'ਓਅ, ਤਾਂ ਇਸਦੀ ਪਿਆਰੀ ਨਿੰਮੀ ਗੂੰਗੀ ਸੀ। ਜੇ ਉਹ ਲਿਖਣਾ ਜਾਣਦੀ ਹੁੰਦੀ ਤਾਂ ਲਿਖ ਕੇ ਆਪਣੇ ਘਰ ਦਾ ਪਤਾ ਦੱਸ ਸਕਦੀ ਸੀ, ਪਰ ਇਹ ਤਾਂ ਕਹਿ ਰਿਹਾ ਏ ਕਿ ਬੱਚੀ ਈ ਸੀ ਉਹ। ਫੇਰ ਭਲਾਂ ਪੜ੍ਹਨਾ-ਲਿਖਣਾ ਕੀ ਜਾਣਦੀ ਹੋਏਗੀ ਵਿਚਾਰੀ!'

ਰਘੁਵੀਰ ਨੇ ਆਪਣੀ ਰਾਮ ਕਹਾਣੀ ਅੱਗੇ ਵਧਾਈ, "ਮੇਰੇ ਘਰ ਕੋਈ ਨਈਂ...ਤੁਸੀਂ ਤਾਂ ਜਾਣਦੇ ਈ ਓ ਕਿ ਮੈਂ ਸ਼ਾਦੀ ਨਈਂ ਕੀਤੀ।"

"ਬਿਲਕੁਲ, ਬਿਲਕੁਲ।" ਮੈਂ ਮੁਸਕਰਾ ਕੇ ਕਿਹਾ।

ਸਾਡੇ ਕਾਲਜ ਵਿਚ ਰਘੁਵੀਰ ਦੇ ਕਈ ਕੁੜੀਆਂ ਨਾਲ ਪ੍ਰੇਮ-ਪ੍ਰਸੰਗ ਦੀਆਂ ਬਹੁਤ ਸਾਰੀਆਂ ਕਹਾਣੀਆਂ ਮਸ਼ਹੂਰ ਸਨ। ਕਦੀ ਉਹ ਵਿਮਲਾ ਨਾਲ ਗੱਲਾਂ ਕਰਦਾ ਸੀ ਤੇ ਕਦੀ ਕਮਲਾ ਨਾਲ ਕੰਟੀਨ ਵਿਚ ਚਾਹ ਪੀਂਦਾ ਹੋਇਆ ਦਿਖਾਈ ਦਿੰਦਾ ਸੀ। ਕਿਸੇ ਨਾਲ ਵੀ ਉਸਦਾ ਰਿਸ਼ਤਾ ਦੇਰ ਤਕ ਨਹੀਂ ਰਹਿ ਸਕਿਆ। 'ਅੱਜ ਉਸਦੇ ਬੁੱਲ੍ਹ ਚੁੰਮ ਲਏ ਸੀ, ਪਰ ਇਸ ਪਿੱਛੋਂ ਉਸਨੇ ਕੁਛ ਨਈਂ ਸੀ ਕਰਨ ਦਿੱਤਾ ਤੇ ਸਾਡਾ ਝਗੜਾ ਹੋ ਗਿਆ। ਦੂਜੇ ਦਿਨ ਆ ਕੇ ਉਸਨੇ ਖ਼ੁਦ ਗਲ਼ੇ ਲਾ ਲਿਆ।' ਇਸ ਤਰ੍ਹਾਂ ਦੀਆਂ ਆਪਣੀਆਂ ਪ੍ਰੇਮ ਕਹਾਣੀਆਂ ਸਾਡੀ ਮਿੱਤਰ ਮੰਡਲੀ ਨੂੰ ਖ਼ੁਦ ਸੁਣਾਉਂਦਾ ਰਹਿੰਦਾ ਸੀ ਉਹ।



ਸ਼ੀਲਾ ਨਾਲ ਉਸਦਾ ਅਫੇਅਰ ਬੜਾ ਲੰਮਾ ਚੱਲਿਆ। ਸਾਰੇ ਮੰਨ ਰਹੇ ਸਨ ਕਿ ਏਸ ਵਾਰੀ ਇਹ ਦੋਵੇਂ ਸ਼ਾਦੀ ਜ਼ਰੂਰ ਕਰ ਲੈਣਗੇ।। ਰਘੁਵੀਰ ਵੀ ਦਿਨ ਰਾਤ ਸ਼ੀਲਾ ਦੀਆਂ ਗੱਲਾਂ ਤੇ ਉਸੇ ਦੀ ਸੋਚ ਵਿਚ ਡੁੱਬਿਆ ਦਿਖਾਈ ਦਿੰਦਾ ਸੀ। ਪਰ ਉਹਨਾਂ ਦੋਵਾਂ ਦਾ ਸੰਬੰਧ ਕਦ ਬਿਲਕੁਲ ਟੁੱਟ ਗਿਆ, ਇਹ ਗੱਲ ਕੋਈ ਨਹੀਂ ਜਾਣ ਸਕਿਆ। ਇਹ ਅਫ਼ਵਾਹ ਜ਼ਰੂਰ ਚਾਰੇ ਪਾਸਿਓਂ ਕੰਨਾਂ ਵਿਚ ਪਈ ਕਿ ਸ਼ੀਲਾ ਨੇ ਆਪਣੀ ਕਿਸੇ ਸਹੇਲੀ ਨੂੰ ਦੱਸਿਆ ਕਿ ਓਹ ਤਾਂ ਨਾਮਰਦ ਏ। ਰਘੁਵੀਰ ਨੇ ਵੀ ਰਮੇਸ਼ ਦੇ ਮੋਢੇ 'ਤੇ ਗੱਲ੍ਹ ਰੱਖ ਕੇ ਰੋਂਦਿਆਂ ਹੋਇਆਂ ਕਿਹਾ ਸੀ, 'ਦੋਸਤ! ਮੈਨੂੰ ਪਤਾ ਲੱਗਿਐ ਕਿ ਉਹ ਚੁੜੈਲ ਐ। ਜਦੂ-ਟੂਣੇ ਕਰਦੀ ਐ। ਹੁਣ ਮੈਂ ਕਿਸੇ ਵੀ ਕੁੜੀ ਨਾਲ ਰਿਸ਼ਤਾ ਨਈਂ ਜੋੜਾਂਗਾ। ਕੁਆਰਾ ਈ ਰਹਾਂਗਾ।'

ਆਪਣੀ ਕਹਾਣੀ ਅੱਗੇ ਵਧਾਉਂਦਿਆਂ ਹੋਇਆਂ ਰਘੁਵੀਰ ਨੇ ਕਿਹਾ, "ਹਾਂ ਈ ਮੈਂ ਕੁਆਰਾ। ਪਰ ਜਦੋਂ ਦੀ ਉਹ ਮੇਰੇ ਘਰ ਖ਼ੁਦ ਆਈ, ਓਦੋਂ ਦਾ ਮੈਂ ਗ੍ਰਹਿਸਤੀਆਂ ਵਰਗਾ ਹੋ ਗਿਆ। ਜਿਹੜੀ ਵੀ ਚੀਜ਼ ਉਸਨੂੰ ਚੰਗੀ ਲੱਗਦੀ, ਮੈਂ ਉਸ ਲਈ ਬਾਜ਼ਾਰੋਂ ਲੈ ਆਉਂਦਾ। ਮੇਰੀ ਗੋਦੀ 'ਚ ਬੈਠ ਕੇ ਉਹ ਦੁੱਧ, ਬਿਸਕੁਟ ਖਾਂਦੀ। ਉਸਨੂੰ ਮੇਰੇ 'ਤੇ ਪੂਰਾ ਵਿਸ਼ਵਾਸ ਹੋ ਗਿਆ ਸੀ। ਕੀ ਦੱਸਾਂ ਕਿਸੇ ਜਨਮ ਦਾ ਰਿਸ਼ਤਾ ਸੀ ਮੇਰਾ ਉਸ ਨਾਲ, ਨਈਂ ਤਾਂ ਏਨਾਂ ਪ੍ਰੇਮ ਕਿੱਥੇ ਸੰਭਵ ਹੋ ਸਕਦਾ ਏ?"

"ਦਫ਼ਤਰੋਂ ਆਉਣ ਵਿਚ ਜੇ ਮੈਨੂੰ ਅੱਧਾ ਘੰਟਾ ਵੀ ਦੇਰ ਹੋ ਜਾਂਦੀ ਤਾਂ ਉਹ ਰੁੱਸ ਕੇ ਆਪਣੇ-ਆਪ ਨੂੰ ਰੋਸੇ ਦੀ ਚਾਦਰ ਵਿਚ ਲਪੇਟ ਬਹਿੰਦੀ, ਨਾ ਖਾਂਦੀ, ਨਾ ਪੀਂਦੀ, ਸਿਰਫ਼ ਸ਼ਿਕਾਇਤੀ ਨਿਗਾਹਾਂ ਨਾਲ ਮੇਰੇ ਵੱਲ ਦੇਖਦੀ ਰਹਿੰਦੀ। ਦੇਰ ਤਕ ਜਦੋਂ ਮੈਂ ਉਸਨੂੰ ਪਲੋਸ-ਚੁੰਮ ਕੇ ਗੋਦ ਵਿਚ ਲੈਂਦਾ, ਮਿੰਨਤਾਂ-ਖ਼ੁਸ਼ਾਮਦਾਂ ਕਰਦਾ ਤਾਂ ਕਿਤੇ ਜਾ ਕੇ ਮੇਰੇ ਹੱਥੋਂ ਸਿਰਫ਼ ਇਕ ਜਾਂ ਦੋ ਚਾਰ ਬੁਰਕੀਆਂ ਖਾਂਦੀ। ਕੀ ਦੱਸਾਂ ਏਨਾਂ ਗੂੜ੍ਹਾ ਨੇਹੁ ਕਿਤੋਂ ਹੋਰ ਨਈਂ ਮਿਲਿਆ। ਮੈਂ ਹੌਲੀ-ਹੌਲੀ ਪੂਰੀ ਤਰ੍ਹਾਂ ਉਸਦੇ ਵੱਸ ਵਿਚ ਹੁੰਦਾ ਚਲਾ ਗਿਆ। ਉਹ ਵੀ ਸਾਰੇ ਘਰ ਦੀ ਰਖਵਾਲੀ ਚੌਕੰਨੀ ਹੋ ਕੇ ਕਰਦੀ। ਵੈਸੇ ਵੀ ਉਹ ਮੇਰੇ ਘਰਵਾਲੀ ਹੋ ਗਈ ਸੀ।"

"ਹੌਲੀ-ਹੌਲੀ ਉਸਦੀ ਦਿਲਕਸ਼ ਦੇਹ ਵਿਚ ਜਵਾਨੀ ਨੇ ਇੰਜ ਪ੍ਰਵੇਸ਼ ਕੀਤਾ ਜਿੱਦਾਂ ਬਸੰਤ ਰੁੱਤ ਵਿਚ ਬਹਾਰ ਆਉਂਦੀ ਏ ਤੇ ਨਵੇਂ-ਨਵੇਂ ਫੁੱਲ ਖਿੜਨੇ ਸ਼ੁਰੂ ਹੋ ਜਾਂਦੇ ਨੇ। ਉਸ ਦੀਆਂ ਨਜ਼ਰਾਂ ਖ਼ੂਬ ਤ੍ਰਿਛੀਆਂ ਹੋ ਗਈਆਂ ਸਨ। ਤੁਸੀਂ ਤਾਂ ਜਾਣੇ ਈ ਓ ਸੁੰਦਰੀਆਂ ਨੂੰ ਜਵਾਨੀ ਹਾਵ-ਭਾਵ ਸਿਖਾ ਦਿੰਦੀ ਏ! ਉਸਨੂੰ ਵੇਖ ਮੈਨੂੰ ਚਿੰਤਾ ਹੋਣ ਲੱਗੀ। ਇਸ ਗਲੀ 'ਚ ਉਸਨੂੰ ਵਾਸਨਾ ਦੀ ਨਿਗਾਹ ਨਾਲ ਨਿਗਲਦੇ ਹੋਏ ਗੁੰਡੇ ਪਹਿਲਾਂ ਈ ਭੌਂ ਰਹੇ ਸੀ। ਕੀ ਕਰਾਂ? ਇਸ ਲਈ ਕੋਈ ਚੰਗਾ ਜੋੜ ਕਿੰਜ ਲੱਭਾਂ, ਇਸ ਬਾਰੇ ਮੈਂ ਪਹਿਲਾਂ ਈ ਫ਼ਿਕਰਮੰਦ ਹੋ ਗਿਆ..."

ਓ ਭਾਈ ਸ਼ਿੰਗਾਰ ਰਸ ਦੇ ਪ੍ਰਸੰਗ ਵਿਚ ਅਚਾਨਕ ਵਾਸਤਲ ਦੀ ਬਾਰਸ਼ ਕਿੰਜ ਹੋਣ ਲੱਗ ਪਈ ਇਹ? ਮੇਰੀ ਸਮਝ ਵਿਚ ਨਹੀਂ ਆਇਆ।

ਰਘੁਵੀਰ ਆਪਣੀ ਪਿਆਰੀ ਜਾਂ ਆਪਣੀ ਮੂੰਹ ਬੋਲੀ ਬੀਵੀ ਦੀ ਯਾਦ ਵਿਚ ਫੇਰ ਗ਼ਮਗੀਨ ਹੋ ਗਿਆ। ਮੇਰੀ ਜੁਗਿਆਸਾ ਵੱਧ ਰਹੀ ਸੀ।

"ਫੇਰ ਕੀ ਹੋਇਆ? ਕੀ ਤੂੰ ਉਸਦੀ ਸ਼ਾਦੀ ਕਰਵਾ ਦਿੱਤੀ?" ਮੈਂ ਪੁੱਛਿਆ।

"ਓ-ਜੀ ਸ਼ਾਦੀ ਦੀ ਨੌਬਤ ਈ ਕਦ ਆਈ, ਉਸ ਵਿਚਾਰੀ ਦੀ...?" ਨਿਰਾਸ਼ਾ ਵਿਚ ਗੋਤੇ ਲਾਉਂਦਿਆਂ ਤੇ ਲੰਮਾ ਸਾਹ ਛੱਡਦਿਆਂ ਉਸਨੇ ਟੁੱਟੇ ਦਿਲ ਨਾਲ ਕਿਹਾ, "ਉਸਦੇ ਮੇਲ ਦਾ ਜੋੜਾ ਮੈਂ ਚਾਰੇ-ਪਾਸੇ ਲੱਭਿਆ। ਕਿੱਥੇ-ਕਿੱਥੇ ਨਈਂ ਗਿਆ। ਮਿਲਿਆ ਵੀ ਸੀ ਇਕ ਨੌਜਵਾਨ

ਵਰ ਮੈਨੂੰ। ਉਹ ਵੀ ਮੇਰੇ ਗੁਆਂਢੀ ਦਾ ਪਾਲਿਆ ਹੋਇਆ ਪੁੱਤਰ ਸੀ ਪਰ ਉਸੇ ਵੇਲੇ ਜਿੱਦਾਂ ਕੋਈ ਪਹਾੜ ਢੈਅ ਪਿਆ। ਅੱਜ ਵੀ ਮੈਨੂੰ ਵਿਸ਼ਵਾਸ ਨਈਂ ਹੁੰਦਾ।" ਇਹ ਕਹਿੰਦਾ ਹੋਇਆ ਰਘੁਵੀਰ ਦੁੱਖ ਦੇ ਵੇਗ ਸਦਕਾ ਚੁੱਪ ਹੋ ਗਿਆ।

ਮੈਂ ਕਿਹਾ, "ਹੌਸਲਾ ਰੱਖ। ਦੁਨੀਆ ਇਹੋ-ਜਿਹੀ ਈ ਏ। ਕੀ ਕਿਹਾ ਜਾਏ ? ਕੀ ਅਨਰਥ ਹੋ ਗਿਆ ਸੀ ਇਹ ਤਾਂ ਦੱਸ...।"

"ਓ-ਜੀ ਅਨਰਥ ਈ ਹੋ ਗਿਆ ਸੀ...ਉਸਨੂੰ ਕੈਂਸਰ ਹੋ ਗਿਆ ਸੀ...।"

ਇਹ ਕਹਿੰਦਿਆਂ ਹੋਇਆਂ ਫੇਰ ਉਸਦਾ ਗੱਚ ਭਰ ਆਗਿਆ।

"ਓ-ਹੋ ਇਹ ਤਾਂ ਬੜਾ ਵੱਡਾ ਅਨਰਥ ਹੋਇਆ!" ਮੈਂ ਕਿਹਾ।

"ਬਿਲਕੁਲ ਅਨਰਥ ਹੋ ਗਿਆ ਜੀ। ਉਸਦੀ ਛਾਤੀ 'ਤੇ ਛੋਲਿਆਂ ਦੇ ਦਾਣੇ ਜਿੱਡੀ ਗੰਢ ਹੋ ਗਈ ਸੀ। ਮੈਂ ਈ ਮੂਰਖ ਸੀ ਜਿਸਨੇ ਧਿਆਨ ਨਈਂ ਸੀ ਦਿੱਤਾ। ਉਸਨੂੰ ਕੀ ਪਤਾ ਸੀ ? ਹੌਲੀ-ਹੌਲੀ ਗੰਢ ਵਧਣ ਲੱਗੀ। ਇਕ ਵਾਰੀ ਉਸਨੂੰ ਲਾਡ ਕਰਦਿਆਂ ਹੋਇਆਂ ਮੇਰੀ ਨਿਗਾਹ ਉਸ ਗੰਢ 'ਤੇ ਪਈ। ਨਿੰਮੀ ਨੂੰ ਮੈਂ ਡਾਕਟਰ ਕੋਲ ਲੈ ਗਿਆ।"

"ਉਸ ਪਿੱਛੋਂ ਨਿੰਮੀ ਦੀ ਛਾਤੀ ਦੀ ਗੰਢ ਮੇਰੇ ਮਨ ਵਿਚ ਵੱਸ ਗਈ। ਜਿੱਦਾਂ-ਜਿੱਦਾਂ ਉਹ ਵਧਦੀ ਜਾਂਦੀ ਮੇਰੀ ਚਿੰਤਾ ਵੀ ਵਧਦੀ ਜਾਂਦੀ। ਡਾਕਟਰਾਂ ਨੇ ਵੀ ਕਿਹਾ, 'ਤੁਸੀਂ ਦੇਰ ਕਰ ਦਿੱਤੀ। ਹੁਣ ਤਾਂ ਗੰਢ ਵਧ ਗਈ ਏ। ਅਪਰੇਸ਼ਨ ਕਰਾਂਗੇ, ਪਰ ਕਹਿ ਨਈਂ ਸਕਦੇ ਕਿ ਇਹ ਠੀਕ ਹੋ ਜਾਏਗੀ ਜਾਂ ਨਈਂ।"

"ਡਾਕਟਰਾਂ ਦੀਆਂ ਅਪਰੇਸ਼ਨ ਬਾਰੇ ਗੱਲਾਂ ਸੁਣ ਕੇ ਮੇਰੇ ਅੰਦਰ ਸੱਲ ਪੈ ਰਹੇ ਸੀ। ਉਹਨਾਂ ਦੀ ਵੀ ਗਲਤੀ ਸੀ। ਉਹਨਾਂ ਤੁਰੰਤ ਈ ਅਪਰੇਸ਼ਨ ਨਈਂ ਕੀਤਾ। ਕਿਹਾ, 'ਅਸੀਂ ਦਵਾਈ ਦੇ ਦੇਨੇ ਆਂ, ਸ਼ਾਇਦ ਉਸੇ ਨਾਲ ਇਹ ਗੰਢ ਛੋਟੀ ਹੋ ਕੇ ਸੁੱਕ ਜਾਏ।' ਪਰ ਇਹ ਡਾਕਟਰ ਸਵਾਹ ਜਾਣਦੇ ਨੇ! ਜੇ ਮੈਂ ਕਿਸੇ ਯੂਰਪ ਦੇ ਦੇਸ਼ 'ਚ ਹੁੰਦਾ ਤਾਂ ਇਹ ਸਭ ਨਾ ਹੁੰਦਾ। ਉੱਥੇ ਜੇ ਕੋਈ ਡਾਕਟਰ ਇਸ ਤਰ੍ਹਾਂ ਦੀ ਲਾਪ੍ਰਵਾਹੀ ਕਰਦਾ ਤਾਂ ਮੁਕੱਦਮੇ 'ਚ ਉਸਨੂੰ ਕਰੋੜਾਂ ਡਾਲਰ ਦੇਣੇ ਪੈਂਦੇ..."

"ਅਖ਼ੀਰ ਉਹਨਾਂ ਅਪਰੇਸ਼ਨ ਕੀਤਾ। ਅਪਰੇਸ਼ਨ ਹੋਣ ਪਿੱਛੋਂ ਉਹਨਾਂ ਨੇ ਕਿਹਾ, 'ਵਧਾਈਆਂ, ਅਪਰੇਸ਼ਨ ਸਫਲ ਹੋ ਗਿਆ।' ਪਰ ਨਿੰਮੀ ਦੇ ਸੀਨੇ ਵਿਚ ਜੋ ਦਰਦ ਸੀ ਉਹ ਤਾਂ ਖ਼ਤਮ ਨਈਂ ਸੀ ਹੋਇਆ। ਕਿੱਡੀ ਵੱਡੀ ਲਾਪ੍ਰਵਾਹੀ ਹੋਈ। ਉਹ ਔਖ ਨਾਲ ਸਾਹ ਲੈ ਰਹੀ ਸੀ ਤੇ ਸੁੰਨੀਆਂ-ਸੱਖਣੀਆਂ ਨਜ਼ਰਾਂ ਨਾਲ ਸਿਰਫ਼ ਮੈਨੂੰ ਦੇਖ ਰਹੀ ਸੀ। ਈਸ਼ਵਰ ਕੋਲ ਜਾਂਦੀ ਹੋਈ ਉਹ ਬਿਨਾਂ ਕੁਛ ਬੋਲੇ ਪਰਮ ਸ਼ਾਂਤੀ ਮਹਿਸੂਸ ਕਰ ਰਹੀ ਸੀ। ਉਸਨੂੰ ਪਤਾ ਸੀ ਕਿ ਮੇਰੇ ਨਾਲੋਂ ਵਿੱਛੜ ਜਾਏਗੀ ਤੇ ਇਸੇ ਲਈ ਉਸਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਰਹੇ ਸੀ। ਹਾਏ ਓਇ, ਉਹ ਦਿਨ...ਮੈਂ ਉਸਨੂੰ ਤਸੱਲੀ ਦੇ ਰਿਹਾ ਸੀ—ਘਬਰਾ ਨਾ ਨਿੰਮੀ, ਤੂੰ ਜ਼ਰੂਰ ਠੀਕ ਹੋ ਜਾਏਂਗੀ, ਪਰ ਉਹ ਤਾਂ ਸਭ ਜਾਣਦੀ ਸੀ।" ਰਘੁਵੀਰ ਦੀ ਆਵਾਜ਼ ਅੱਥਰੂਆਂ ਸਦਕਾ ਫੇਰ ਭਰੜਾ ਗਈ। ਫੇਰ ਵੀ ਉਹ ਕਹਾਣੀ ਸੁਣਾਉਂਦਾ ਰਿਹਾ, "ਉਸਦੇ ਸੀਨੇ 'ਚ ਬੜਾ ਦਰਦ ਸੀ। ਉਹ ਸਿਰਫ਼ ਸਹਿ ਰਹੀ ਸੀ, ਕੁਛ ਵੀ ਨਈਂ ਸੀ ਬੋਲ ਰਹੀ। ਉਸਦੀਆਂ ਅੱਖਾਂ ਵਿਚ ਤੱਕਦਾ ਹੋਇਆ ਮੈਂ ਇਸ ਸਭ ਮਹਿਸੂਸ ਕਰ ਰਿਹਾ ਸੀ।"

"ਦੁਸ਼ਟ ਡਾਕਟਰ ਸਿਰਫ਼ ਤਸੱਲੀ ਦੇ ਰਹੇ ਸੀ, 'ਜ਼ਖ਼ਮ ਏਂ, ਜਿੱਦਾਂ-ਜਿੱਦਾਂ ਭਰੇਗਾ ਇਹ ਠੀਕ ਹੁੰਦੀ ਜਾਏਗੀ।' ਵਾਰੀ-ਵਾਰੀ ਉਹ ਇਹੋ ਕੁਛ ਕਹਿ ਰਹੇ ਸੀ। ਓਇ ਮੂਰਖੋ, ਕੀ ਏਨਾਂ ਈ



ਤੁਹਾਡਾ ਗਿਆਨ ਏਂ ? ਕੀ ਇਹੋ ਤੁਹਾਡੀ ਲੋਕਾਂ ਦੀ ਸਪੈਸ਼ਲਟੀ ਏ ?" ਇਹ ਕਹਿੰਦੇ ਹੋਏ ਗੁੱਸੇ ਵੱਸ ਰਘੁਵੀਰ ਦਾ ਮੂੰਹ ਲਾਲ ਹੋ ਗਿਆ, ਬੁੱਲ੍ਹ ਫਰਕਣ ਲੱਗ ਪਏ। ਜਿੱਦਾਂ ਕੁਝ ਪਲ ਲਈ ਕਿਸੇ ਦੁਸ਼ਮਣ ਨੂੰ ਮਾਰਦਾ-ਲਤਾੜਦਾ ਰਿਹਾ ਉਹ।

"ਉਸ ਤੋਂ ਬਾਅਦ ਕੀ ਹੋਇਆ ?" ਮੈਂ ਪੁੱਛਿਆ।

"ਉਸ ਦਿਨ ਏਡੀ ਔਖਿਆਈ ਨਾਲ ਚੱਲ ਰਹੇ ਉਸਦੇ ਸਾਹਾਂ ਨੂੰ ਵੇਖ ਕੇ ਮੈਨੂੰ ਕਿਸੇ ਅਣਹੋਣੀ ਦੀ ਸ਼ੰਕਾ ਹੋ ਗਈ ਸੀ। ਮੈਂ ਦਫ਼ਤਰੋਂ ਛੁੱਟੀ ਲੈ ਲਈ ਸੀ। ਦੋ-ਤਿੰਨ ਦਿਨਾਂ ਦਾ ਉਸਨੇ ਕੁਛ ਵੀ ਨਈਂ ਸੀ ਖਾਧਾ। ਮੈਂ ਦੁੱਧ ਦੇਂਦਾ ਸੀ, ਬਿਸਕੁਟ ਦੇਂਦਾ ਸੀ ਪਰ ਉਸਦਾ ਖਾਣ ਨੂੰ ਜੀਅ ਈ ਨਈਂ ਸੀ ਕਰਦਾ। ਮੇਰੀ ਗੋਦ ਵਿਚ ਮੇਰੀ ਛਾਤੀ ਨਾਲ ਸਿਰ ਲਾ ਕੇ ਪਈ ਰਹੀ। ਮੈਂ ਉਸਨੂੰ ਪਲੋਸਦਾ ਰਿਹਾ। ਉਹ ਸਿਰਫ਼ ਹੌਲੀ-ਹੌਲੀ ਸਿਸਕ ਰਹੀ ਸੀ। ਉਸਦੀਆਂ ਸਿਸਕੀਆਂ ਹੌਲੀ-ਹੌਲੀ ਮੱਠੀਆਂ ਪੈਣ ਲੱਗੀਆਂ। ਹੁਣ ਉਸਦੇ ਸਾਹ ਲੈਣ ਦੀ ਆਵਾਜ਼ ਵੀ ਸੁਣਾਈ ਨਈਂ ਸੀ ਦੇ ਰਹੀ। ਤੇ ਸਮਝਿਆ ਵਿਚਾਰੀ ਸੌਂ ਗਈ ਏ। ਇਹ ਸਮਝ ਕੇ ਜਿੱਦਾਂ ਹੀ ਮੈਂ ਉਸਨੂੰ ਬਿਸਤਰੇ 'ਤੇ ਲਿਟਾਅ ਦੇਣ ਲਈ ਚੁੱਕਿਆ ਤਿਵੇਂ ਹੀ ਦੇਖਿਆ ਕਿ ਸਭ ਕੁਛ ਖ਼ਤਮ ਹੋ ਗਿਐ, ਉਹ ਚਲੀ ਗਈ ਸੀ। ਉਸਦਾ ਸਿਰ ਲੁੜਕ ਗਿਆ ਸੀ, ਬਰਬਾਦ ਹੋ ਗਿਆ ਸੀ ਮੈਂ।"

ਮੈਨੂੰ ਹੌਸਲਾ ਦੇਣਾ ਨਹੀਂ ਆਉਂਦਾ। ਤੇ ਉਹ ਲਗਾਤਾਰ ਰੋ ਰਿਹਾ ਸੀ। ਕਿਸੇ ਤਰ੍ਹਾਂ ਮੈਂ ਉਸਨੂੰ ਕਿਹਾ, "ਹੌਸਲਾ ਰੱਖ। ਕੀ ਕੀਤਾ ਜਾ ਸਕਦਾ ਸੀ ?...ਹੋਣੀ ਨੂੰ ਕੌਣ ਟਾਲ ਸਕਦਾ ਏ!"

ਉਹ ਰੁਮਾਲ ਨਾਲ ਆਪਣੀਆਂ ਪੂੰਝਦਾ ਹੋਇਆ ਬੋਲਿਆ, "ਫੇਰ ਵੀ ਮੈਂ ਉਸਨੂੰ ਗੋਦੀ ਵਿਚ ਚੁੱਕ ਕੇ ਹੀ ਕਾਰ ਕੱਢ ਕੇ ਹਸਪਤਾਲ ਲੈ ਗਿਆ। ਡਾਕਟਰ ਨੇ ਕਿਹਾ 'ਹੁਣ ਕੁਛ ਵੀ ਨਈਂ ਕੀਤਾ ਜਾ ਸਕਦਾ।' ਸ਼ਮਸ਼ਾਨ ਹਸਪਤਾਲ ਦੇ ਨੇੜੇ ਹੀ ਸੀ। ਹਸਪਤਾਲ ਦੇ ਮੁਲਾਜ਼ਮਾਂ ਨੇ ਕਿਹਾ 'ਓਥੇ ਟੋਇਆ ਪੁੱਟ ਕੇ ਅਸੀਂ ਇਹਦੀ ਕਬਰ ਬਣਾ ਦਿਆਂਗੇ' ਪਰ ਮੈਂ ਉਹਨਾਂ ਦੀ ਗੱਲ ਨਈਂ ਸੁਣੀ। ਮੈਂ ਉਸਨੂੰ ਓਵੇਂ ਈ ਘਰ ਲੈ ਆਇਆ। ਆਪਣੇ ਘਰ ਦੇ ਬਗ਼ੀਚੇ 'ਚ ਮੈਂ ਖ਼ੁਦ ਈ ਉਸਦੇ ਲਈ ਟੋਇਆ ਪੁੱਟਿਆ ਤੇ ਖ਼ੁਦ ਉਸਨੂੰ ਉੱਥੇ ਸੁਆ ਦਿੱਤਾ...।"

ਇਹ ਸੁਣ ਕੇ ਮੈਂ ਹੈਰਾਨੀ ਨਾਲ ਭਰ ਗਿਆ ਤੇ ਸੋਚਿਆ ਕਿ ਪਾਗਲ ਹੋ ਗਿਆ ਸੀ ਕਿ ਇਸ ਨੇ ਉਸਦੀ ਕਬਰ ਆਪਣੇ ਬਗ਼ੀਚੇ ਵਿਚ ਬਣਾ ਦਿੱਤੀ! ਫੇਰ ਰਘੁਵੀਰ ਦੇ ਗ਼ਮਗੀਨ ਚਿਹਰੇ ਨੂੰ ਦੇਖ ਕੇ ਹੌਲੀ-ਜਿਹੇ ਕਿਹਾ, "ਰਘੁਵੀਰ ਅਹਿ ਕੀ ਕੀਤਾ ਤੂੰ, ਸ਼ਮਸ਼ਾਨ ਲੈ ਜਾ ਕੇ ਉਸਦਾ ਦਾਹ ਸੰਸਕਾਰ ਕਿਓਂ ਨਈਂ ਕੀਤਾ ?...ਤੂੰ ਇਹ ਜੋ ਕੀਤਾ ਏ, ਉਹ ਤੇਰੇ ਧਰਮ ਦੇ ਖ਼ਿਲਾਫ਼ ਸੀ।"

ਰਘੁਵੀਰ ਨੇ ਕਿਹਾ, "ਰਹਿਮਾਨ ਭਾਈ, ਕੀ ਕਹਿ ਰਹੇ ਓ ਤੁਸੀਂ ? ਏਸ 'ਚ ਧਰਮ, ਅਧਰਮ ਦਾ ਕੀ ਵਿਚਾਰ ਕਰਨਾ! ਨਿੰਮੀ ਦਾ ਕੋਈ ਧਰਮ ਹੋ ਸਕਦਾ ਸੀ ? ਉਹ ਤਾਂ ਇਸ ਤਰ੍ਹਾਂ ਦੇ ਧਰਮੀ, ਅਧਰਮੀ ਵਿਚਾਰਾਂ ਤੋਂ ਬੜੀ ਉਪਰ ਸੀ। ਮਹਾਨ ਆਤਮਾ ਸੀ ਉਹ।"

"ਠੀਕ ਏ, ਠੀਕ ਏ।" ਸੱਚਮੁੱਚ ਇਹ ਪੂਰੀ ਤਰ੍ਹਾਂ ਪਾਗਲ ਹੋ ਗਿਆ ਏ, ਇਹੀ ਸੋਚਦਿਆਂ ਹੋਇਆਂ ਮੈਂ ਕਿਹਾ ਸੀ।

"ਬਗ਼ੀਚੇ 'ਚ ਮੈਂ ਉਸਦੀ ਸਮਾਧ ਬਣਾ ਦਿੱਤੀ ਏ...ਰੋਜ਼ ਉਸ 'ਤੇ ਫੁੱਲ ਚੜ੍ਹਾਉਂਦਾ ਆਂ—ਜਿੱਥੇ ਕਿਤੇ ਵੀ ਉਹ ਹੋਏ, ਆਰਾਮ ਨਾਲ ਰਹੇ...ਉਸ ਦੀਆਂ ਯਾਦਾਂ ਨੇ ਮੇਰੇ ਕੋਲ।" ਇਹ ਕਹਿੰਦਿਆਂ ਹੋਇਆਂ ਉਸਨੇ ਮੇਜ਼ 'ਤੇ ਪਈ ਐਲਬਮ ਚੁੱਕ ਕੇ ਮੇਰੇ ਵੱਲ ਵਧਾਂਦਿਆਂ ਹੋਇਆਂ ਕਿਹਾ, "ਤੁਸੀਂ ਵੀ ਉਸਦੀਆਂ ਫ਼ੋਟੋਆਂ ਦੇਖ ਲਓ...।"

ਮੈਂ ਐਲਬਮ ਖੋਲ੍ਹੀ। ਫ਼ੋਟੋਆਂ ਦੇਖ ਕੇ ਜਿੱਦਾਂ ਮੈਂ ਆਸਮਾਨ ਤੋਂ ਜ਼ਮੀਨ 'ਤੇ ਡਿੱਗ ਪਿਆ।

"ਤਾਂ ਉਹ ਇਨਸਾਨ ਨਈਂ ਸੀ!" ਮੇਰੇ ਮੂੰਹੋਂ ਨਿਕਲਿਆ।

"ਸਹੀ ਕਿਹੈ ਤੁਸੀਂ, ਉਹ ਤੇ ਦੇਵੀ ਸੀ। ਨਿੰਮੀ ਇਨਸਾਨ ਨਈਂ ਸੀ।" ਰਘੁਵੀਰ ਬੋਲਿਆ।

ਮੈਂ ਰਘੁਵੀਰ ਦੇ ਮੂੰਹ ਵੱਲ ਦੇਖਿਆ। ਫਿੱਕੀ ਜਿਹੀ ਮੁਸਕਾਨ ਦੀ ਲਕੀਰ ਸੀ ਉੱਥੇ। ਕਾਲਜ ਦੇ ਦਿਨਾਂ ਵਿਚ ਵੀ ਜਦੋਂ ਉਹ ਕੋਈ ਦੁਖਦਾਈ ਘਟਨਾ ਸੁਣਾਉਂਦਾ ਤਾਂ ਬਾਅਦ ਵਿਚ ਬਿਲਕੁਲ ਇਹੋ-ਜਿਹੀ ਮੁਸਕਾਨ ਦੀ ਲਕੀਰ ਉਸਦੇ ਚਿਹਰੇ 'ਤੇ ਸਾਫ਼ ਦਿਖਾਈ ਦੇਂਦੀ ਹੁੰਦੀ ਸੀ।

**ਅਨੁਵਾਦ : ਮਹਿੰਦਰ ਬੇਦੀ ਜੈਤੋ**

---

**ਪੰਨਾ ਨੰ. 135 ਦਾ ਬਾਕੀ**

ਹਾਲਤ ਵਿਗੜੀ ਹੋਈ ਸੀ। ਉਸੇ ਰਾਤ...ਸਵੇਰੇ ਮੈਂ ਜਾ ਕੇ ਦੇਖਿਆ ਤਾਂ ਪਤਾ ਲੱਗਿਆ ਸੁੱਤੇ ਹੋਏ ਨੇ...।" ਯੂਸਫ਼ ਦੀ ਆਵਾਜ਼ ਗਲ਼ ਵਿਚ ਫਸ ਗਈ।

"ਬੜਾ ਅਫ਼ਸੋਸ ਹੋਇਆ।" ਲਾਲ ਚੰਦ ਨੇ ਕਿਹਾ।

ਕੁਝ ਚਿਰ ਦੋਵੇਂ ਚੁੱਪ ਰਹੇ, ਫੇਰ ਯੂਸਫ਼ ਬੋਲਿਆ, "ਤੇ ਕਿਸ਼ਨ ਚਾਚਾ..."

"ਉਹਨਾਂ ਨੂੰ ਵਾਪਸ ਲੈ ਜਾ ਰਿਹਾਂ।" ਲਾਲ ਚੰਦ ਨੇ ਦੱਸਿਆ, "ਅੱਜ ਸਵੇਰ ਦੇ ਕੱਪੜੇ-ਸ਼ੱਪੜੇ ਪਾਉਣ 'ਚ ਲੱਗੇ ਹੋਏ ਸਨ। ਰਾਤ ਨੂੰ ਈ ਕੱਢ ਰੱਖੇ ਸੀ। ਬੜੇ ਖ਼ੁਸ਼ ਸਨ ਕਿ ਉਸਤਾਦ ਕੋਲ ਜਾ ਰਿਹਾਂ। ਹੁਣ...ਦੇਖੋ ਪਤਾ ਲੱਗਣ 'ਤੇ ਕੀ ਕਰਦੇ ਨੇ। ਅੱਛਾ...ਮੈਨੂੰ ਕੁਛ ਚਿਰ ਬੈਠਣਾ ਚਾਹੀਦਾ ਸੀ ਪਰ..."

"ਨਈਂ ਨਈਂ, ਠੀਕ ਏ। ਤੁਸੀਂ ਉਹਨਾਂ ਨੂੰ ਲੈ ਜਾਓ।" ਯੂਸਫ਼ ਨੇ ਕਿਹਾ। ਤਹਿਮਦ ਨਾਲ ਹੱਥ ਪੂੰਝ ਕੇ ਲਾਲ ਚੰਦ ਨਾਲ ਮਿਲਾਏ। "ਕਦੀ ਕੋਈ ਕੰਮ ਹੋਏ," ਲਾਲ ਚੰਦ ਨੇ ਕਿਹਾ, "ਮੇਰੇ ਤਕ ਜਾਂ ਬਾਬਾ ਜੀ ਤਕ..." "ਜ਼ਰੂਰ।" ਯੂਸਫ਼ ਨੇ ਕਿਹਾ।

ਡਿਓਢੀ ਵਿਚ ਖੜ੍ਹਾ-ਖੜ੍ਹਾ ਉਹ ਲਾਲ ਚੰਦ ਨੂੰ ਅਹਾਤੇ ਦੇ ਦੂਜੇ ਸਿਰੇ ਵੱਲ ਜਾਂਦਾ ਦੇਖਦਾ ਰਿਹਾ।

ਤਖ਼ਤਪੋਸ਼ 'ਤੇ ਬੈਠਾ ਬੁੱਢਾ ਅੱਤਾਰ ਨੇੜੇ ਆ ਰਹੇ ਲਾਲ ਚੰਦ ਦੇ ਜਿਸਮ ਦੀ ਓਟ ਵਿਚ ਸੀ...ਪਰ ਉਸਦੇ ਦੁੱਧ ਚਿੱਟੇ ਕੁੜਤੇ ਦੀ ਇਕ ਬਾਂਹ ਦੀ ਪ੍ਰੈਸ ਕੀਤੀ ਕਰੀਜ਼ 'ਤੇ ਮਾਵਾ ਚਾੜ੍ਹੀ ਦੁੱਪਲੇ ਵਾਲੀ ਟੋਪੀ ਦਾ ਇਕ ਸਿਰਾ ਦਿਖਾਈ ਦੇ ਰਿਹਾ ਸੀ। ਲਾਲ ਚੰਦ ਨੇ ਉਸਨੂੰ ਕੁਝ ਕਿਹਾ, ਫੇਰ ਉਸਨੂੰ ਸਹਾਰਾ ਦੇ ਕੇ ਉਠਾਉਣ ਲਈ ਝੁਕਿਆ।

ਡਿਓਢੀ ਦਾ ਦਰਵਾਜ਼ਾ ਹੌਲੀ-ਹੌਲੀ ਬੰਦ ਹੋ ਗਿਆ। ਫੇਰ ਉਹਨਾਂ ਦੇ ਪਿੱਛੇ ਗਿੱਲੀ ਜ਼ਮੀਨ 'ਤੇ ਝਾੜੂ ਮਾਰਨ ਦੀ ਆਵਾਜ਼ ਆਉਣ ਲੱਗੀ।

**ਅਨੁਵਾਦ : ਮਹਿੰਦਰ ਬੇਦੀ, ਜੈਤੋ**



## ਗੱਲਾਂ-ਗੱਲਾਂ 'ਚ

## ਜਿਵੇਂ ਦੇਖਿਆ/ਭੋਗਿਆ ਤਿਵੇਂ ਲਿਖਿਆ ਜਾਵੇ-ਓਮਾ ਸ਼ਰਮਾ

? ਕੁਝ ਲੇਖਕ ਇਹ ਮੰਨ ਕੇ ਚਲਦੇ ਹਨ ਕਿ ਦੇਖਿਆ ਜਾਂ ਭੋਗਿਆ ਸੱਚ ਹੀ ਲਿਖਣਾ ਚਾਹੀਦਾ ਹੈ। ਕੀ ਰਚਨਾਤਿਮਕਤਾ ਵਿੱਚ ਕਲਪਨਾ ਲਈ ਜਗਾਹ ਨਹੀਂ ਤਾਂ ਕਿੱਥੇ ਹੈ ? ਇਹ ਵਿੱਚ ਪੁਨਰਵਿਰਤੀ ਦੇ ਖਤਰੇ ਵੀ ਬਣੇ ਰਹਿੰਦੇ ਹਨ।

– ਦੇਖੋ, ਹਰ ਲੇਖਕ ਦਾ ਆਪਣਾ ਨਜ਼ਰੀਆ ਤੇ ਸ਼ਿਲਪ ਹੁੰਦਾ ਹੈ, ਪ੍ਰਤਿਭਾ ਹੁੰਦੀ ਹੈ। ਸਾਡੀ ਕਲਪਨਾ ਕਿਤੇ ਨਾ ਕਿਤੇ ਯਥਾਰਥ ਨਾਲ ਜੁੜੀ ਹੁੰਦੀ ਹੈ, ਰਚਨਾ ਦੇ ਵਿਸਥਾਰ ਵਿੱਚ ਜਾਂ ਪ੍ਰਤੀਕਾਰ ਵਿੱਚ। ਅਸੀਂ ਕੋਈ ਫੈਂਟੈਸੀ ਲੇਖਕ ਦੀ ਗੱਲ ਨਹੀਂ ਕਰ ਰਹੇ। ਕਲਪਨਾ ਦੀ ਉਡਾਨ ਦਾ ਦਾਇਰਾ ਉਸੇ ਜ਼ਮੀਨ ਵਿੱਚ ਉਗਦਾ ਹੈ ਜਿਥੇ ਅਸੀਂ ਖੜ੍ਹੇ ਹੁੰਦੇ ਹਾਂ। ਤੁਹਾਡੇ ਸੁਫਨੇ ਵੀ ਕਿਤੇ ਨਾ ਕਿਤੇ ਉਸੇ ਬਿਸਤਰ ਨਾਲ ਜੁੜੇ ਹੁੰਦੇ ਹਨ ਜਿਥੇ ਤੁਸੀਂ ਲੱਤਾਂ ਪਸਾਰ ਕੇ ਸੁੱਤੇ ਹੁੰਦੇ ਹੋ, ਉਸ ਦੇ ਵਿਰੋਧ ਵਿੱਚ ਜਾਂ ਉਸ ਦੇ ਹੱਕ ਵਿੱਚ। ਜਿਵੇਂ ਕਈ ਵਾਰ ਕਿਸੇ ਨਾਲ ਅਸਹਿਮਤੀ ਉਸ ਦੇ ਮੂਲ ਪ੍ਰਤੀ ਉਸ ਦੀ ਸ਼ਰਧਾ ਨਾਲ ਸਾਡੇ ਫਰਕਾਂ ਕਾਰਨ ਕਰਦੇ ਹਾਂ। ਇਕ ਮਨੋਵਿਗਿਆਨਕ ਨਤੀਜਾ ਹੈ ਕਿ, ਧਿਆਨ ਨਾਲ ਦੇਖੋ ਕਿ ਕੋਈ ਵਿਅਕਤੀ ਸਭ ਤੋਂ ਵੱਧ ਨਫਰਤ ਕਿਸ ਚੀਜ਼ ਨੂੰ ਕਰਦਾ ਹੈ, ਉਹ ਉਸ ਦੀ ਛੁਪੀ ਹੋਈ ਖਾਹਸ਼ ਵੀ ਹੋ ਸਕਦੀ ਹੈ। ਜਿਥੇ ਤਕ ਦੇਖੇ ਤੇ ਭੋਗੇ ਹੋਏ ਨੂੰ ਲਿਖਣ ਦਾ ਸਵਾਲ ਹੈ, ਜੇ ਤੁਸੀਂ ਉਹੀ ਲਿਖਦੇ ਰਹੋਂਗੇ ਤਾਂ ਤੁਹਾਡੀ ਲਿਖਣ ਸੀਮਾ ਬਹੁਤ ਨਿਸਚਿਤ/ਮਹਿਦੂਦ ਹੋ ਜਾਵੇਗੀ ਕਿਉਂਕਿ ਤੁਸੀਂ ਕਿੰਨਾ ਕੁ ਦੇਖ ਤੇ ਭੋਗ ਸਕਦੇ ਹੋ। ਮਾਰਕੇਜ਼ ਆਖਦਾ ਹੈ ਕਿ ਤੁਹਾਨੂੰ ਯਥਾਰਥ ਦਾ ਇਕ ਇਕ ਟੁਕੜਾ ਹੀ ਦੇਖਣਾ ਤੇ ਭੋਗਣਾ ਹੁੰਦਾ ਹੈ, ਉਹਦੇ ਵਿੱਚ ਹੀ ਪੂਰਾ ਦ੍ਰਿਸ਼ ਦਿੱਸ ਪੈਂਦਾ ਹੈ। ਰੋਟੀ ਦਾ ਸਵਾਦ ਚੱਖਣ ਲਈ ਇਕ ਬੁਰਕੀ ਹੀ ਕਾਫੀ ਹੁੰਦੀ ਹੈ, ਇਹ ਉਸੇ ਤਰ੍ਹਾਂ ਦੀ ਗੱਲ ਹੁੰਦੀ ਹੈ। ਕਲਪਨਾਸ਼ੀਲ ਹੋਣ ਦਾ ਭਾਵ ਦੇਖੇ-ਜਾਣੇ ਯਥਾਰਥ ਦਾ ਵਿਸਥਾਰ ਹੀ ਤਾਂ ਹੁੰਦਾ ਹੈ, ਨਾਂ ਕਿ ਬਿਨਾਂ ਸਿਰ-ਪੈਰ ਕੁਝ ਕਹਿ ਜਾਣਾ। ਜੋ ਕੇਵਲ ਯਥਾਰਥਵਾਦੀ ਜਾਂ ਪਦਾਰਥਵਾਦੀ ਲੇਖਣੀ ਹੈ ਮੈਂ ਉਸ ਨੂੰ ਸਾਹਿਤ ਦੇ ਦਾਇਰੇ ਤੋਂ ਬਾਹਰ ਦੇ ਦਾਇਰੇ ਵਿੱਚ ਸ਼ਾਮਲ ਕਰਾਂਗਾ।'ਮਨੋਹਰ ਕਹਾਣੀਆਂ' ਤੇ 'ਸਤਕਥਾਏਂ' ਨਾਲੋਂ ਜ਼ਿਆਦਾ ਯਥਾਰਥ ਕਿਥੇ ਹੋ ਸਕਦਾ ਹੈ ? ਲੇਖਣੀ ਯਥਾਰਥ ਤੇ ਕਲਪਨਾ ਦੇ ਸੰਯੋਗ ਵਿੱਚੋਂ ਸ਼ਾਇਦ ਬਿਹਤਰ ਨਿਖਰਦਾ ਹੈ। ਇਕ ਸਵੱਛ-ਸਾਫ ਕਲਪਨਾ ਦੇ ਸਹਾਰੇ ਹੀ ਯਥਾਰਥ ਨੂੰ 'ਕਲਾਕ੍ਰਿਤ' ਦੀ ਸ਼ਕਲ ਮਿਲਦੀ ਹੈ।

? ਤੁਹਾਡੀ ਲੇਖਨ ਯਾਤਰਾ ਦਾ ਅਨੁਭਵ ਲਗਭਗ ਦੋ ਦਹਾਕੇ ਪੁਰਾਣਾ ਹੈ। ਉਸ ਦੌਰ ਦੇ ਤੇ ਅੱਜ ਦੇ ਦੌਰ ਦੇ ਸਾਹਿਤਕ ਦ੍ਰਿਸ਼ ਵਿੱਚ ਕੀ ਪਰਿਵਰਤਨ ਦੇਖਦੇ ਹੋ ?

– ਬਹੁਤ ਬਦਲਾਵ ਹੋਏ ਹਨ। ਕੇਵਲ ਤਕਨੀਕੀ ਤੌਰ 'ਤੇ ਹੀ ਸਹਿਤ ਰਚਨਾ ਵਿੱਚ ਤਬਦੀਲੀ ਨਹੀਂ ਹੋਈ, ਲੇਖਕਾਂ ਦਾ ਸਮਾਜਿਕ ਦ੍ਰਿਸ਼ ਜਾਂ ਕਹਿ ਲਈਏ ਕਿ ਹੁਲੀਆ ਵੀ ਬਦਲਿਆ ਹੈ। ਸੰਨ 1995 ਵਿੱਚ ਮੇਰੀ ਪਹਿਲੀ ਕਹਾਣੀ 'ਹੰਸ' ਵਿੱਚ ਛਪੀ ਸੀ। ਉਹਨਾਂ ਦਿਨਾਂ ਵਿੱਚ ਚਿੱਠੀਆਂ ਦਾ ਇਕ ਢੇਰ ਜਿਹਾ ਲੱਗ ਜਾਂਦਾ ਸੀ। ਸ਼ਾਮ ਨੂੰ ਘਰ ਪਰਤਦਾ ਤਾਂ ਚਿੱਠੀਆਂ ਦਾ ਇਕ ਬੰਡਲ ਜਿਹਾ ਹੱਥ ਲੱਗਦਾ। ਪੰਜ-ਸੱਤ ਚਿੱਠੀਆਂ ਰੋਜ਼। ਅਲੱਗ-ਅਲੱਗ, ਦੂਰ-ਦੂਰ ਦੇ ਇਲਾਕਿਆਂ ਤੋਂ। ਅਨਜਾਣੇ ਪਾਠਕਾਂ ਦੇ ਹੁੰਘਾਰੇ। ਇਕ-ਇਕ ਨੂੰ ਖੁਰਦਬੀਨ ਨਾਲ ਪੜ੍ਹਿਆ ਜਾਂਦਾ। ਬੜੇ ਪਿਆਰ ਨਾਲ ਜਵਾਬ ਲਿਖੇ ਜਾਂਦੇ। ਏਦਾਂ ਦੇ ਸੁਨਹਿਰੀ ਦਿਨ ਸਨ ਉਹ। ਪ੍ਰਭੂ ਜੋਸ਼ੀ

ਹਾਲਾਂਕੇ ਦਸਦੇ ਹਨ ਕਿ ਲੰਘੀ ਸਦੀ ਦੇ ਸਤਵਾਂ ਤੇ ਅੱਠਵਾਂ ਦਹਾਕਾ ਤਾਂ ਇਸ ਤੋਂ ਵੀ ਸੁਨਿਹਰੀ ਸੀ। ਹੁਣ ਏਦਾਂ ਦੀਆਂ ਗੱਲਾਂ ਕਾਫੂਰ ਹੋ ਚੁੱਕੀਆਂ ਹਨ। ਹੁਣ ਦੇਖੋ, ਸੰਚਾਰ ਦੇ ਸਾਧਨ ਕਿੰਨੀ ਤਰੱਕੀ ਕਰ ਗਏ ਹਨ। ਕਿਸੇ ਨੂੰ ਤੁਰੰਤ ਐਮ ਐਸ ਐਸ ਕਰ ਸਕਦੇ ਹੋ। ਫੋਨ ਕਰ ਸਕਦੇ ਹੋ ਜੋ ਬਹੁਤ ਸਸਤਾ ਪੈਂਦਾ ਹੈ। ਵਟਸਐਪ ਵੀ ਹੈ ਹੀ ਪਰ ਹਰ ਆਦਮੀ ਰੁਝਿਆ ਹੋਇਆ ਹੈ। ਪਰ ਇਧਰ ਕਹਾਣੀ ਉਪਰ ਵੀ ਕਈ ਵਾਰ ਪੂਰਾ ਸੰਨਾਟਾ ਜਿਹਾ ਬਣਿਆਂ ਰਹਿੰਦਾ ਹੈ। ਕੇਵਲ ਦੋ ਚਾਰ ਉਹ ਵਾਕਫ ਦੋਸਤ ਹੀ ਪ੍ਰਤੀਕਿਰਿਆ ਦਿੰਦੇ ਹਨ। ਪ੍ਰੀਯੇਬੰਦ ਕਹਿੰਦੇ ਹਨ- ਤੁਸੀਂ ਲਿਖ ਕੇ ਮਰੋ ਜਾਂ ਨਾ ਲਿਖ ਕੇ ਮਰੋ, ਸਭ ਬਰਾਬਰ। ਮਤਲਬ ਇਹੀ ਕਿ ਇਕ ਦਮ ਅਣਜਾਣ ਪਾਠਕ ਦੁਰਲੱਭ ਹੋ ਗਏ ਹਨ। ਪਾਠਕਾਂ ਦਾ ਇਕ ਹਜੂਮ ਜੋ ਪਹਿਲਾਂ ਤੁਹਾਡੀਆਂ ਰਚਨਾਵਾਂ ਨੂੰ ਬੜੇ ਨਿਰਛੱਲ ਭਾਵ ਨਾਲ ਪੜ੍ਹਦਾ ਸੀ, ਪਿਛਲੇ ਦਸ-ਪੰਦਰਾਂ ਸਾਲਾਂ ਵਿੱਚ ਇਕ ਕਿਸਮ ਨਾਲ ਗਾਇਬ ਹੋ ਰਿਹਾ ਹੈ। ਕੁਝ ਵਕਤ ਪਹਿਲਾਂ ਅਲੱਗ-ਅਲੱਗ ਪੀੜ੍ਹੀਆਂ ਵਿੱਚ ਸੰਵਾਦ ਰਚਾਉਣ ਦੀ ਸਥਿਤੀ ਬਹੁਤ ਸੌਕਲੀ ਸੀ, ਇਕ ਦੂਜੇ ਨੂੰ ਮਿਲਣ ਦੀ ਸਿੱਕ ਵੀ ਹੁੰਦੀ ਸੀ। ਇਕ ਦੂਜੇ ਦੇ ਕੰਮ ਨੂੰ ਲੈ ਕੇ ਆਪਸ ਵਿੱਚ ਸਤਿਕਾਰ ਵੀ ਬਣਿਆਂ ਰਹਿੰਦਾ ਸੀ। ਅੱਜ ਚਾਰੇ ਪਾਸੇ ਬਦਗੁਮਾਨੀ ਮਿਲਦੀ ਹੈ। ਸਭ ਲੋਕ ਪਹਿਲਾਂ ਤੋਂ ਹੀ ਸਰਵ-ਗਿਆਨੀ ਬਣੇ ਬੈਠੇ ਹਨ। ਕੀ ਕਹੀਏ ਇਸ ਨੂੰ ? ਅਬ ਨਾ ਰਹੇ ਵੋ ਪੀਨੇ ਵਾਲੇ, ਰਹੀ ਨਾ ਅਬ ਵੋ ਮਧੁਸ਼ਾਲਾ !

**(ਪਲ-ਪ੍ਰਤੀਪਲ, ਅੰਕ ਅਕਤੂਬਰ 17- ਮਾਰਚ 18)**

## ਪਾਤਰ ਦੀ ਸ਼ਖ਼ਸੀਅਤ ਨਾਲ ਜਜ਼ਬਾਤੀ ਤੌਰ 'ਤੇ ਜੁੜਦਿਆਂ -ਲਲਿਤਾਂਬਿਕਾ ਅੰਤਰਜਨ (ਮਲਿਆਲਮ)

? ਕਹਾਣੀ ਲਿਖਦੇ ਸਮੇਂ ਉਸ ਦੀ ਪੂਰੀ ਰੂਪਰੇਖਾ ਮਨ ਵਿੱਚ ਬਣਾਉਂਦੇ ਹੋ ?

- ਜੀ ਨਹੀਂ। ਪੂਰੇ ਤੌਰ 'ਤੇ ਨਹੀਂ। ਕਹਾਣੀ ਇਕੋ ਤਰੀਕੇ ਨਾਲ ਰੂਪ ਨਹੀਂ ਲੈਂਦੀ। ਕੁਝ ਕਹਾਣੀਆਂ ਦਾ ਪੂਰਨ ਰੂਪ ਮਨ ਵਿੱਚ ਸੀ ਪਰ ਇਕਦਮ ਸਪੱਸ਼ਟ ਨਹੀਂ ਸੀ। ਪਹਿਲਾਂ ਕੋਈ ਵਿਚਾਰ ਨਾ ਕਰ ਕੇ ਕਹਾਣੀਆਂ ਸ਼ੁਰੂ ਕੀਤੀਆਂ ਸਨ। 'ਪਚਾਰ ਉਮਾ' (ਮਿੱਠੀ ਚੁੰਮੀ) ਇਸ ਦਾ ਨਮੂਨਾ ਹੈ। ਇਕ ਦਿਨ ਮੇਰਾ ਛੋਟਾ ਮੁੰਡਾ ਰਾਜਨ ਬਚਪੱਨ ਵੇਲੇ ਢਿੱਡ ਭਾਰੇ ਪੈ ਕੇ ਖੇਡ ਰਿਹਾ ਸੀ। ਤਦੇ ਮੇਰਾ ਧਿਆਨ ਉਸ 'ਤੇ ਕੇਂਦਰਤ ਹੋ ਗਿਆ। ਉਸ ਦਿਨ ਰਾਤ ਵੇਲੇ ਮੈਂ ਇਹ ਕਹਾਣੀ ਲਿਖੀ ਸੀ। 'ਅਮਰ ਆਖੇਂ' ਦੂਜੇ ਢੰਗ ਦੀ ਕਹਾਣੀ ਹੈ। ਚਾਰ ਪੰਜ ਸਾਲ ਪਹਿਲਾਂ ਇਕ ਨੌਜਵਾਨ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਫਾਂਸੀ ਤੋਂ ਪਹਿਲਾਂ ਉਸ ਨੇ ਆਪਣੀਆਂ ਅੱਖਾਂ ਦਾਨ ਕਰ ਦਿੱਤੀਆਂ ਸਨ। ਇਕ ਕੁੜੀ ਨੂੰ ਉਸ ਦਾ ਫਾਇਦਾ ਮਿਲਿਆ ਸੀ। ਮੈਂ ਇਹ ਘਟਨਾ ਡਾਇਰੀ ਵਿੱਚ ਨੋਟ ਕਰ ਲਈ ਸੀ। 'ਮਨਯੁਗਮ' ਪਤ੍ਰਿਕਾ ਨੇ ਲੇਖਕਾਵਾਂ ਦਾ ਵਿਸ਼ੇਸ਼ ਅੰਕ ਕੱਢਿਆ ਸੀ। ਉਹਨਾਂ ਮੈਨੂੰ ਕਹਾਣੀ ਭੇਜਣ ਦੀ ਬੇਨਤੀ ਕੀਤੀ ਸੀ। ਤਦ ਮੈਂ ਇਹ ਘਟਨਾ 'ਤੇ ਅਧਾਰਿਤ ਕਹਾਣੀ ਲਿਖੀ ਸੀ। ਕਹਾਣੀ ਲਿਖਦੇ ਸਮੇਂ ਕਿਸੇ ਪਾਤਰ ਦੀ ਸਖਸ਼ੀਅਤ ਨਾਲ ਜਜ਼ਬਾਤੀ ਤੌਰ 'ਤੇ ਜੁੜਨ ਦਾ ਅਹਿਸਾਸ ਹੁੰਦਾ ਹੈ। ਇਸ ਬਿੰਦੂ 'ਤੇ ਪੁੱਜਦਿਆਂ ਕਹਾਣੀ ਆਪਣੇ ਆਪ ਅੱਗੇ ਵਧੇਗੀ।

**(ਅਨੁਵਾਦ, ਅਪਰੈਲ-ਜੂਨ 2009)**

## ਕਹਾਣੀ ਪਹਿਲਾਂ ਨਾਲੋਂ ਬੋਲਡ ਨਹੀਂ ਹੋਈ-ਪੰਕਜ ਸੁਬੀਰ



? ਅੱਜ ਦੇ ਦੌਰ ਦੀ ਕਹਾਣੀ ਨੂੰ ਕਿਵੇਂ ਲੈਂਦੇ ਹੋ ?

- ਅੱਜ ਦੇ ਦੌਰ ਵਿੱਚ ਕਹਾਣੀਆਂ ਅਜੋਕੇ ਸਮੇਂ ਨੂੰ ਬਾਖੂਬੀ ਨਾਲ ਪ੍ਰੀਬਿੰਬਤ ਕਰਦੀਆਂ ਹਨ। ਸਮੇਂ ਨਾਲ ਸ਼ਿਲਪ, ਕਹਿਣ ਤੇ ਵਿਸ਼ਿਆਂ ਵਿੱਚ ਪਰਿਵਰਤਨ ਆਇਆ ਹੈ ਤੇ ਇਹ ਪਰਿਵਰਤਨ ਜ਼ਰੂਰੀ ਵੀ ਹੁੰਦਾ ਹੈ ਕਿਉਂਕਿ ਪਾਠਕ ਬਦਲਦੇ ਹਨ, ਪਾਠਕਾਂ ਦੀ ਮਨੋਦਿਸ਼ਾ ਬਦਲਦੀ ਹੈ, ਪਾਠਕਾਂ ਦੀ ਚੋਣ ਵਿੱਚ ਫਰਕ ਪੈਂਦਾ ਹੈ। ਇਸ ਹਿਸਾਬ ਨਾਲ ਪਰਿਵਰਤਨ ਜ਼ਰੂਰੀ ਹੁੰਦਾ ਹੈ। ਕੁਝ ਲੋਕ ਕਹਿੰਦੇ ਹਨ ਕਿ ਇਹਨਾਂ ਦਿਨਾਂ ਵਿੱਚ ਕਹਾਣੀਆਂ ਬਹੁਤ ਬੋਲਡ ਹੁੰਦੀਆਂ ਜਾ ਰਹੀਆਂ ਹਨ ਪਰ ਮੈਨੂੰ ਲਗਦਾ ਹੈ ਕਿ ਅੱਜ ਸੱਠ ਸਾਲ ਬਾਅਦ ਵੀ ਕ੍ਰਿਸ਼ਨਾ ਸੋਬਤੀ ਦਾ 'ਮਿਤਰੋ ਮਰਜਾਣੀ' ਵਰਗਾ ਬੋਲਡ ਪਾਤਰ ਨਹੀਂ ਰਚਿਆ ਜਾ ਸਕਿਆ। ਮੈਨੂੰ ਲਗਦਾ ਹੈ ਕਿ ਕਹਾਣੀ ਦੀ ਸ਼ਿਲਪ ਵਿੱਚ ਜੋ ਵੀ ਤਬਦੀਆਂ ਹੋ ਰਹੀਆਂ ਹਨ ਪਰ ਅੱਜ ਵੀ ਪਾਠਕ ਕਹਾਣੀ ਹੀ ਮੰਗਦਾ ਹੈ।

?- ਤੁਸੀਂ ਕਿਹੋ ਜਿਹੀਆਂ ਕਹਾਣੀਆਂ ਲਿਖਦੇ ਹੋ ? ਆਪਣੀ ਰਚਨ-ਪ੍ਰਕਿਰਿਆ ਬਾਰੇ ਕੁਝ ਦਸੋਂਗੇ ?

= ਮੇਰੇ ਲਈ ਕਹਾਣੀ ਲਿਖਣਾ ਕਿਸੇ ਯਾਤਰਾ ਕਰਨ ਬਰਾਬਰ ਹੈ। ਪਹਿਲਾਂ ਕੋਈ ਵਿਸ਼ਾ ਹੁੰਦਾ ਹੈ ਜੋ ਮੈਨੂੰ ਸਤਾਉਂਦਾ ਹੈ, ਏਨਾ ਕਿ ਮੈਂ ਉਸ ਉਪਰ ਕਹਾਣੀ ਲਿਖਣ ਲਈ ਅੰਦਰੋਂ ਬੇਚੈਨ ਹੋ ਜਾਂਦਾ ਹਾਂ। ਜਦ ਕੋਈ ਵਿਸ਼ਾ ਮੈਨੂੰ ਕਹਾਣੀ ਲਿਖਣ ਲਈ ਉਕਸਾਉਣ ਲਗਦਾ ਹੈ ਤਾਂ ਮੈਂ ਸੋਚਣ ਲਗਦਾ ਹਾਂ ਕਿ ਇਹ ਵਿਸ਼ਾ ਕਿੰਨਾ ਕੁ ਵਿਸਥਾਰ ਮੰਗੇਗਾ। ਇਸ ਬਾਰੇ ਗੱਲ ਤੈਅ ਹੋ ਜਾਂਦੀ ਹੈ, ਫਿਰ ਹੁੰਦਾ ਹੈ ਪਾਤਰਾਂ ਦਾ ਗਠਨ। ਮੈਂ ਕਹਾਣੀ ਨੂੰ ਲੈ ਕੇ ਸਾਰਾ ਕੰਮ ਕਹਾਣੀ ਲਿਖਣ ਤੋਂ ਪਹਿਲਾਂ ਹੀ ਕਰ ਲੈਂਦਾ ਹਾਂ, ਫਿਰ ਕੇਵਲ ਲਿਖਣਾ ਹੀ ਹੁੰਦਾ ਹੈ। ਪਹਿਲਾਂ ਮੈਂ ਕਾਗਜ਼-ਪੈਨ ਨਾਲ ਲਿਖਦਾ ਸੀ ਪਰ ਹੁਣ ਕੰਪਿਊਟਰ 'ਤੇ ਲਿਖਦਾ ਹਾਂ ਤੇ ਮੁਬਾਈਲ ਤੇ ਵੀ ਲਿਖ ਲੈਂਦਾ ਹਾਂ।

## ਸੱਤ ਜਨਮਾਂ ਦੀ ਤਪੱਸਿਆ ਤੋਂ ਬਾਅਦ ਬਣਦਾ ਹੈ ਕੁਮਿਟਿਡ ਲੇਖਕ -ਸ਼ੰਕਰ (ਬੰਗਲਾ)

? ਵਰਤਮਾਨ ਪੀੜ੍ਹੀ ਦੀ ਕਿਤਾਬ ਪੜ੍ਹਨ ਦੀ ਆਦਤ ਬਾਰੇ ਕੀ ਮੱਤ ਹੈ ?

-ਵਰਤਮਾਨ ਪੀੜ੍ਹੀ ਪੜ੍ਹਦੀ ਨਹੀਂ, ਇਹ ਸੱਚ ਹੈ। ਇਥੇ ਡੇਲੀ ਪੇਪਰ ਇਕ-ਇਕ ਕਿਤਾਬ ਵਾਂਗ ਹੈ। ਉਹ ਅਣਗਿਣਤ ਮੈਗਜ਼ੀਨ ਵੀ ਪੜ੍ਹ ਰਹੇ ਹਨ। ਸਥਾਪਤ ਅਖ਼ਬਾਰਾਂ ਦਾ ਰੋਜ਼ਾਨਾ ਸਰਕੂਲੇਸ਼ਨ ਜੇ ਪੱਚੀ ਲੱਖ ਹੈ ਤਾਂ ਉਹ ਆਖਿਰ ਕਿਥੇ ਜਾ ਰਿਹਾ ਹੈ ? ਇਧਰ ਜੇ ਵੱਡੇ ਪ੍ਰਕਾਸ਼ਕਾਂ ਦਾ ਕਾਰੋਬਾਰ ਜਾਅਲੀ ਕਿਤਾਬਾਂ ਨਾਲ ਨਾ ਭਰਿਆ ਹੁੰਦਾ ਤਾਂ ਅੱਜ ਦਾ ਸਥਾਪੱਤ ਲੇਖਕ ਸਿਰ ਉੱਚਾ ਕਰ ਕੇ ਘੁੰਮ ਸਕਦਾ ਸੀ। ਇਹ ਵੱਡੇ-ਵੱਡੇ ਜਾਅਲੀ ਪ੍ਰਕਾਸ਼ਕ ਇਹ ਨਹੀਂ ਜਾਣਦੇ ਕਿ ਉਹ ਸਮਰਪੱਤ ਲੇਖਕਾਂ ਦਾ ਤੇ ਹੋਰ ਸਾਹਿਤ ਦਾ ਕਿੰਨਾ ਨੁਕਸਾਨ ਕਰ ਰਹੇ ਹਨ। ਪਾਠਕਾਂ ਦਾ ਇਕ ਦੱਲ ਹੋਰ ਹੈ ਜਿਹਨਾਂ ਨੂੰ ਅੱਜ ਦਾ ਪ੍ਰਮੁੱਖ ਸਾਹਿਤ ਤ੍ਰਿਪਤੀ ਨਹੀਂ ਦੇ ਰਿਹਾ। ਜਿਸ ਕਿਤਾਬ ਵਿੱਚੋਂ ਉਹਨਾਂ ਨੂੰ ਤ੍ਰਿਪਤੀ ਮਿਲੇ ਉਹ ਉਸ ਨੂੰ ਜ਼ਰੂਰ ਪੜ੍ਹਨਗੇ। ਜ਼ਬਰਦਸਤੀ ਜਾਣੀ ਕਿ ਭੀਖ ਮੰਗ ਕੇ ਸਾਹਿਤ ਜਾਂ ਸਾਹਿਤਕਾਰ ਨੂੰ ਬਚਾਈ ਰੱਖਣਾ ਠੀਕ ਨਹੀਂ। ਯਾਦ ਰੱਖਣਾ, ਯੁੱਗ ਦੇ ਪ੍ਰਯੋਯਨ ਨੂੰ ਸਮਝ ਕੇ ਸਾਹਿਤ ਵਿੱਚ ਯੋਗਦਾਨ ਪਾਉਣ ਵਿੱਚ ਬੰਗਾਲੀ ਲੇਖਕ ਕਦੇ ਵੀ ਅਸਫਲ ਨਹੀਂ ਰਹੇ।

ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 67, Hillside Road, Southall, Middlesex , England. UB1 2PE ਤੋਂ ਜਾਰੀ ਕੀਤਾ।